

Charan Electric Enterprises

*IT Consulting Services
*LAN/WAN Design and Impementation
*Data Center Design and Build Out
*Data/Telephony Cabling
*Security Solutions
*Application Development and Optimization

Job Opportunities Available

Charan Electric Enterprises

25 Years of Experience

*ਆਈ ਟੀ ਕੰਸਲਟਿੰਗ ਸਰਵਿਸਜ਼
*ਲੈਨ/ਵੈਨ ਡਿਜ਼ਾਇਨ ਅਤੇ ਇੰਪਲੀਮੈਂਟੇਸ਼ਨ
*ਡਾਟਾ ਸੈਂਟਰ ਡਿਜ਼ਾਇਨ ਅਤੇ ਬਿਲਡ ਆਊਟ
*ਡਾਟਾ/ਟੈਲੀਫੋਨੀ ਕੇਬਲਿੰਗ, ਸਕਿਉਰਿਟੀ ਸਲਿਊਸ਼ਨਜ਼
*ਐਪਲੀਕੇਸ਼ਨ ਡਿਵੈਲਪਮੈਂਟ ਅਤੇ ਓਪਟੀਮਾਈਜ਼ੇਸ਼ਨ

Our depth of expertise ranges from New Construction Design and Build, to HVAC, Fire Alarm Systems, Power Generation Systems,

ਸ. ਕੁਲਵੰਤ ਸਿੰਘ ਦਿਓਲ

Tel: 718 706 9612, Fax: 718 706 9614
Email: electricdeol@msn.com, website: www.charanelectric.com



Twenty-Sixth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 27, Issue 07; February 14, 2026 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਸਰਕਾਰ ਅਤੇ ਵਿਰੋਧੀ ਧਿਰ ਵਿਚ ਤਣਾ-ਤਣੀ; ਸੰਸਦ ਦਾ ਕੰਮਕਾਜ ਠੱਪ

### ਸਪੀਕਰ ਨੂੰ ਅਹੁਦੇ ਤੋਂ ਹਟਾਉਣ ਲਈ ਬੇਭਰੋਸਗੀ ਦੇ ਮਤੇ ਦਾ ਨੋਟਿਸ

**ਨਵੀਂ ਦਿੱਲੀ:** ਬਜਟ ਸੈਸ਼ਨ ਦੇ 10ਵੇਂ ਦਿਨ ਮੰਗਲਵਾਰ ਨੂੰ ਲੋਕ ਸਭਾ ਵਿੱਚ ਜ਼ਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ, ਜਿਸ ਕਾਰਨ ਕਾਰਵਾਈ ਕਈ ਵਾਰ ਰੁਕੀ। ਸਵੇਰੇ 11 ਵਜੇ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, ਵਿਰੋਧੀ ਧਿਰ ਨੇ ਵੱਖ-ਵੱਖ ਮੁੱਦਿਆਂ ‘ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਚਰਚਾ ਨਾ ਹੋਣ ਕਾਰਨ ਪੀ.ਸੀ. ਮੋਹਨ ਨੇ ਮਹਿਜ਼ ਇੱਕ ਮਿੰਟ ਬਾਅਦ ਹੀ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਜਦੋਂ 12 ਵਜੇ ਕਾਰਵਾਈ ਮੁੜ ਸ਼ੁਰੂ ਹੋਈ ਤਾਂ ਵੀ ਵਿਰੋਧੀ ਸੰਸਦ ਮੈਂਬਰਾਂ ਨੇ ਹੰਗਾਮਾ ਜਾਰੀ ਰੱਖਿਆ। ਸਦਨ ਵਿਚ ਵਿਰੋਧੀ ਧਿਰਾਂ ਨੇ ਮੁੜ ਨਾਅਰੇਬਾਜ਼ੀ ਕੀਤੀ ਜਿਸ ਕਾਰਨ ਲੋਕ ਸਭਾ ਦੀ ਕਾਰਵਾਈ ਦੋ ਵਜੇ ਤਕ ਮੁਲਤਵੀ ਕਰ ਦਿੱਤੀ ਗਈ। ਕਾਂਗਰਸ ਪਾਰਟੀ ਦੀ ਅਗਵਾਈ ਹੇਠ ਵਿਰੋਧੀ ਧਿਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਬੇਭਰੋਸਗੀ ਮਤੇ ਦਾ ਨੋਟਿਸ ਦਿੱਤਾ ਹੈ। ਇਸ ਮਤੇ ‘ਤੇ 118 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ। ਕਾਂਗਰਸ ਦੇ ਸੰਸਦ ਮੈਂਬਰ ਗੌਰਵ ਗੋਗੋਈ ਨੇ ਦੱਸਿਆ ਕਿ ਇਹ ਨੋਟਿਸ ਮੰਗਲਵਾਰ ਨੂੰ ਦੁਪਹਿਰ ਦੇ 1:14 ਵਜੇ ਪੇਸ਼ ਕੀਤਾ ਗਿਆ।


ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਲੋਕ ਸਭਾ ਸਪੀਕਰ ਸੱਤਾਪੱਖੀਆਂ ਦੇ ਦਬਾਅ ਹੇਠ ਕੰਮ ਕਰ ਰਹੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਉਣਾ ਚਾਹੀਦਾ ਹੈ। ਭਾਜਪਾ ਦੇ ਸੰਸਦ ਮੈਂਬਰਾਂ ਨੇ ਕਿਹਾ ਕਿ ਲੋਕ ਸਭਾ ਸਪੀਕਰ ਦੀ ਥਾਂ ਰਾਹੁਲ ਗਾਂਧੀ ਖਿਲਾਫ਼ ਬੇਭਰੋਸਗੀ ਮਤਾ ਲਿਆਉਣਾ ਚਾਹੀਦਾ ਹੈ।

(ਬਾਕੀ ਸਫ਼ਾ 6 ’ਤੇ)




## ਜਨਰਲ ਨਰਵਣੇ ਦੀ ਕਿਤਾਬ ਆਨਲਾਈਨ ਉਪਲੱਬਧ ਹੈ: ਰਾਹੁਲ ਗਾਂਧੀ

**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਾਬਕਾ ਫ਼ੌਜ ਮੁਖੀ ਐਮ.ਐਮ. ਨਰਵਣੇ ਦੀ ਦਸੰਬਰ 2023 ਦੀ ਇੱਕ ਸੋਸ਼ਲ ਮੀਡੀਆ ਪੋਸਟ ਦਾ ਹਵਾਲਾ ਦੇ ਕੇ ਪ੍ਰਕਾਸ਼ਕ ਪੇਂਗੁਇਨ ਰੈਂਡਮ ਹਾਊਸ ਇੰਡੀਆ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਪੇਂਗੁਇਨ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਨਰਵਣੇ ਦੀਆਂ ਯਾਦਾਂ ‘ਤੇ ਆਧਾਰਿਤ ਕਿਤਾਬ ਅਜੇ ਤੱਕ ਪ੍ਰਕਾਸ਼ਿਤ ਨਹੀਂ ਹੋਈ ਹੈ, ਜਦਕਿ ਰਾਹੁਲ ਗਾਂਧੀ ਮੁਤਾਬਕ




ਨਰਵਣੇ ਨੇ ਖੁਦ 2023 ਵਿੱਚ ਇਸ ਦੇ

(ਬਾਕੀ ਸਫ਼ਾ 6 ’ਤੇ)

## ਡੋਨਲਡ ਟਰੰਪ ਅਪ੍ਰੈਲ ’ਚ ਕਰਨਗੇ ਚੀਨ ਦਾ ਦੌਰਾ

**ਨਿਊਯਾਰਕ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਪਰੈਲ ਵਿੱਚ ਪੇਈਚਿੰਗ ਜਾਣ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਉਹ ਆਪਣੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰਨਗੇ।

‘ਪੋਲੀਟਿਕੋ’ ਦੀ ਰਿਪੋਰਟ ਅਨੁਸਾਰ, ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਹ ਉਨ੍ਹਾਂ ਦੀ ਪਹਿਲੀ ਚੀਨ ਯਾਤਰਾ ਹੋਵੇਗੀ।

ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਟਰੰਪ ਨੇ ਖੁਦ ਇਸ ਦੀ ਪੁਸ਼ਟੀ ਕਰਦਿਆਂ ਕਿਹਾ, “ਮੈਂ ਅਪਰੈਲ ਵਿੱਚ ਚੀਨ ਜਾ ਰਿਹਾ ਹਾਂ ਅਤੇ ਸ਼ੀ ਜਿਨਪਿੰਗ ਸਾਲ ਦੇ ਅੰਤ ਤੱਕ ਇੱਥੇ ਆਉਣਗੇ।”



ਦੋਵਾਂ ਆਗੂਆਂ ਵਿਚਾਲੇ 4 ਫਰਵਰੀ ਨੂੰ 90 ਮਿੰਟ ਤੱਕ ਫੋਨ ‘ਤੇ ਗੱਲਬਾਤ ਹੋਈ। ਟਰੰਪ ਮੁਤਾਬਕ ਇਹ ਗੱਲਬਾਤ ਮੁੱਖ ਤੌਰ ‘ਤੇ ਵਪਾਰ ‘ਤੇ ਕੇਂਦਰਿਤ ਸੀ।

ਟਰੰਪ ਨੇ ‘ਟਰੂਥ ਸੋਸ਼ਲ’ ‘ਤੇ ਲਿਖਿਆ ਕਿ ਰਾਸ਼ਟਰਪਤੀ ਸ਼ੀ ਨੇ ਉਨ੍ਹਾਂ ਨੂੰ ਅਤੇ ਫਰਸਟ ਲੇਡੀ ਨੂੰ ਚੀਨ ਆਉਣ ਦਾ ਸੱਦਾ ਦਿੱਤਾ। ਹੈ। ਉਨ੍ਹਾਂ ਕਿਹਾ ਕਿ ਦੁਨੀਆ ਦੇ ਦੋ ਵੱਡੇ ਦੇਸ਼ਾਂ ਦੇ ਆਗੂਆਂ ਵਿਚਾਲੇ ਚੰਗੇ ਸਬੰਧ ਹੋਣਾ ਬਹੁਤ ਜ਼ਰੂਰੀ ਹੈ।ਚੀਨੀ ਮੀਡੀਆ ਮੁਤਾਬਕ ਸ਼ੀ ਜਿਨਪਿੰਗ ਨੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਉਹ ਚੀਨ ਵਿਰੁੱਧ ਲਏ ਗਏ ਨਕਾਰਾਤਮਕ ਫੈਸਲਿਆਂ ਨੂੰ ਵਾਪਸ ਲਵੇ ਅਤੇ ਬਰਾਬਰੀ ਤੇ ਸਤਿਕਾਰ ਦੇ ਨਾਲ ਮਿਲ ਕੇ ਕੰਮ ਕਰੇ। ਭਾਵੇਂ ਦੋਵੇਂ ਆਗੂ ਮਿਲਣ ਦੀ ਤਿਆਰੀ ਕਰ ਰਹੇ ਹਨ, ਪਰ ਦੋਵਾਂ ਦੇਸ਼ਾਂ ਵਿਚਾਲੇ ਕਈ ਮੁੱਦਿਆਂ ‘ਤੇ ਤਣਾ ਬਰਕਰਾਰ ਹੈ।


ਚੀਨ ਨੇ ਅਜੇ ਤੱਕ ਦੁਰਲੱਭ ਖਣਿਜਾਂ ਦੇ ਬਰਾਮਦ ‘ਤੇ ਲਗਾਈਆਂ ਪਾਬੰਦੀਆਂ ਨਹੀਂ ਹਟਾਈਆਂ ਹਨ, ਜਿਸ ਕਾਰਨ ਟਰੰਪ ਪ੍ਰਸ਼ਾਸਨ ਨਾਰਾਜ਼ ਹੈ। ਅਮਰੀਕਾ ਨੇ ਚੀਨੀ ਕੰਪਨੀ ਹਵਾਈ ਦੇ ਏ ਆਈ ਚਿਪਸ ਦੀ ਵਰਤੋਂ ਵਿਰੁੱਧ ਚਿਤਾਵਨੀ ਦਿੱਤੀ ਹੈ ਅਤੇ ਨਾਜ਼ੁਕ ਟੈਕਨਾਲੋਜੀ ਦੀ ਵਿਕਰੀ ‘ਤੇ ਰੋਕ ਲਗਾ ਦਿੱਤੀ ਹੈ।


ਅਮਰੀਕਾ ਨੇ ਉਨ੍ਹਾਂ ਚੀਨੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰਨ ਦਾ ਐਲਾਨ ਕੀਤਾ ਹੈ ਜਿਨ੍ਹਾਂ ਦੇ ਸੰਬੰਧ ਚੀਨੀ ਕਮਿਊਨਿਸਟ ਪਾਰਟੀ ਨਾਲ ਹਨ ਜਾਂ ਜੋ ਸੰਵੇਦਨਸ਼ੀਲ ਖੇਤਰਾਂ ਵਿੱਚ ਪੜ੍ਹਾਈ ਕਰ ਰਹੇ ਹਨ।


GoldenKey LENDING

Grow your business with our Strategic
COMERCIAL LOAN SOLUTIONS

Partner with us for expert guidance and support





Contact Us at
317-620-4100
www.goldenkeylending.com

We speak your Language
English • ਪੰਜਾਬੀ • हिंदी • اردو

325 S. College Avenue, Indianapolis, Indiana 46202

NMLS 147421



Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਜੰਡਿਆਲਾ ਕਾਲਜ ਦਾ ਪਹਿਲਵਾਨ ਕਰਨਵੀਰ ਸੰਘਾ ਖੇਲੋ ਇੰਡੀਆ ਇੰਟਰ ਯੂਨੀਵਰਸਿਟੀ ਮੁਕਾਬਲੇ ਲਈ ਨਾਮਜ਼ਦ



**ਜਲੰਧਰ:**ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ (ਮੰਜਕੀ) ਦਾ ਬੀ.ਏ. ਭਾਗ ਪਹਿਲੇ ਦਾ ਪਹਿਲਵਾਨ ਕਰਨਵੀਰ ਸੰਘਾ ਭਾਰਤੀ ਮੰਤਰਾਲੇ ਦੁਆਰਾ ਖੇਲੋ ਇੰਡੀਆ ਇੰਟਰ ਯੂਨੀਵਰਸਿਟੀ ਦੀਆਂ ਖੇਡ ਮੁਕਾਬਲਿਆਂ ਲਈ ਚੁਣਿਆ ਗਿਆ। ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ। ਇਹ ਪਹਿਲਵਾਨ ਆਲ ਇੰਡੀਅਨ ਚੈਂਪੀਅਨਸ਼ਿਪ ਦੇ ਚੋਟੀ ਦੇ ਅੱਠ ਖਿਡਾਰੀਆਂ ਵਿੱਚੋਂ ਆਇਆ ਹੈ ਅਤੇ ਗਾਜ਼ੀਆਬਾਦ (ਯੂ.ਪੀ.) ਵਿਖੇ ਹੋਣ ਵਾਲੇ ਫੈਡਰੇਸ਼ਨ ਕੱਪ ਵਿੱਚ ਹਿੱਸਾ ਲਵੇਗਾ। ਉਹਨਾਂ ਨੇ ਕਿਹਾ ਕਿ ਕਾਲਜ ਵਿਖੇ ਵਿਦਿਆਰਥੀਆਂ ਦੀ ਸਰਬਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਕਿਹਾ ਕਿ ਕਾਲਜ ਦੇ ਵਿਦਿਆਰਥੀ ਖਿਡਾਰੀਆਂ ਨੇ ਸਮੇਂ-ਸਮੇਂ ਤੇ ਹੋਈਆਂ ਖੇਡਾਂ ਵਿੱਚ ਹਿੱਸਾ ਲਿਆ ਅਤੇ ਅੰਤਰਰਾਸ਼ਟਰੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਵੀ ਨਾਮਣਾ ਖੱਟ ਕੇ ਕਾਲਜ ਦਾ ਨਾਮ ਰੋਸ਼ਨ ਕੀਤਾ ਅਤੇ ਖਿਡਾਰੀ ਕਰਨਵੀਰ ਨੂੰ ਭਵਿੱਖ ਵਿੱਚ ਵਧੀਆ ਖੇਡ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਪੰਜਾਬੀ ਨੂੰ ਖੋਜ ਅਤੇ ਵਿਗਿਆਨ ਦੀ ਭਾਸ਼ਾ ਬਣਾਉਣਾ ਸਮੇਂ ਦੀ ਅਹਿਮ ਲੋੜ: ਡਾ.ਜੌਹਲ

## ਪੰਜਾਬ ਕਲਾ ਪਰਿਸ਼ਦ ਵੱਲੋਂ ਛੇ ਉੱਘੀਆਂ ਸ਼ਖਸੀਅਤਾਂ ਸਨਮਾਨਿਤ

**ਚੰਡੀਗੜ੍ਹ:**ਉੱਘੇ ਅਰਥ ਸ਼ਾਸਤਰੀ ਅਤੇ ਦਾਨਸ਼ਵਰ ਡਾਕਟਰ ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਖੋਜ ਵਿਗਿਆਨ ਅਤੇ ਤਕਨੀਕੀ ਵਿਸ਼ਿਆਂ ਦੀ ਭਾਸ਼ਾ ਬਣਾਉਣਾ ਸਮੇਂ ਦੀ ਅਹਿਮ ਲੋੜ ਹੈ ਅੱਜ ਇੱਥੇ ਪੰਜਾਬ ਕਲਾ ਭਵਨ ਵਿਖੇ ਪੰਜਾਬ ਕਲਾ ਪਰਿਸ਼ਦ ਅਤੇ ਇਸ ਨਾਲ ਸਬੰਧਿਤ ਅਕਾਦਮੀਆਂ ਵੱਲੋਂ ਪੰਜਾਬ ਰਤਨ ਪੰਜਾਬੀ ਮਾਤ ਭਾਸ਼ਾ ਅਤੇ ਪੰਜਾਬ ਗੌਰਵ ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਡਾਕਟਰ ਜੌਹਲ ਨੇ ਕਿਹਾ ਕਿ ਪੰਜਾਬੀ ਭਾਸ਼ਾ ਪ੍ਰਤੀ ਦਵੈਤ ਰੱਖਣਾ ਗੁਲਾਮੀ ਦੀ ਨਿਸ਼ਾਨੀ ਹੈ ਉਹਨਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਖੋਜ ਕਾਰਜਾਂ ਅਤੇ ਸਾਇੰਸ ਦੇ ਟੈਕਨਾਲੋਜੀ ਖੇਤਰਾਂ ਵਿੱਚ ਸਰਲ ਪੰਜਾਬੀ ਦੀ ਵਰਤੋਂ ਕਰਨਾ ਹੋਰ ਵੀ ਵਧੇਰੇ ਜਰੂਰੀ ਹੈ। ਉਹਨਾਂ ਇਸ ਮੌਕੇ ਡਾਕਟਰ ਮਹਿੰਦਰ ਸਿੰਘ ਰੰਧਾਵਾ ਨਾਲ ਆਪਣੀਆਂ ਯਾਦਾਂ ਦੀ ਸਾਂਝੀਆਂ ਕੀਤੀਆਂ।

ਸਮਾਰੋਹ ਦੇ ਸ਼ੁਰੂ ਵਿੱਚ ਆਏ ਹੋਏ ਖਾਸ ਮਹਿਮਾਨਾਂ, ਪੁਰਸਕਾਰ ਜੇਤੂ ਸ਼ਖਸੀਅਤਾਂ ਅਤੇ



ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਦਾ ਸਵਾਗਤ ਕਰਦਿਆਂ ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ ਨੇ ਕਿਹਾ ਕਿ ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਤੇ ਕਲਾ ਉਤਸਵ ਪੰਜਾਬ ਦੀ ਨਵ ਸਿਰਜਣਾ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਖਾਸ ਕਰਕੇ ਪਿੰਡਾਂ ਦੇ ਸੱਭਿਆਚਾਰ, ਦਸਤਕਾਰੀ ਅਤੇ ਸੂਖਮ ਕਲਾਵਾਂ ਨੂੰ ਉਦਮਤਾ ਨਾਲ ਜੋੜਨਾ ਕਲਾ ਪ੍ਰੀਸ਼ਦ ਦਾ ਸੁਪਨਾ ਹੈ ਤਾਂ ਜੋ ਪਿੰਡਾਂ ਨੂੰ ਨਵੀਂ ਆਰਥਿਕ ਦਿਸ਼ਾ ਦਿੱਤੀ ਜਾ ਸਕੇ। ਉਨਾਂ ਪੰਜਾਬ ਗੌਰਵ ਅਤੇ ਦੂਜੇ ਪੁਰਸਕਾਰਾਂ ਬਾਰੇ ਦੱਸਦਿਆਂ ਕਿਹਾ ਕਿ ਕਲਾ ਪ੍ਰੀਸ਼ਦ ਨਾਲ ਸੰਬੰਧਿਤ ਅਕਾਦਮੀਆਂ ਵੱਲੋਂ ਕਾਇਮ ਕੀਤੇ ਗਏ ਨਿਰਣਾਇਕ ਮੰਡਲਾਂ ਨੇ ਇਹਨਾਂ ਪੁਰਸਕਾਰਾਂ ਦੀ ਚੋਣ ਕੀਤੀ ਹੈ।

**ਇਸ ਮੌਕੇ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਪੰਜਾਬ ਰਤਨ ਪੁਰਸਕਾਰ ਤੇ ਪੰਜਾਬੀ ਲੇਖਕਾ ਬਚਿੰਤ ਕੌਰ ਨੂੰ ਪੰਜਾਬੀ ਮਾਤ ਭਾਸ਼ਾ ਪੁਰਸਕਾਰ ਨਾਲ ਸਨਮਾਨਤ ਕੀਤਾ।**

ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਦਾ ਸਭ ਤੋਂ ਵੱਡਾ ਫਿਕਰ ਪਿੰਡਾਂ ,ਖਾਸ ਕਰਕੇ ਪਿੰਡਾਂ ਵਿੱਚ ਵਸਦੀ ਜਵਾਨੀ ਦਾ ਭਵਿੱਖ ਹੈ ਅਤੇ ਪੰਜਾਬ ਕਲਾ ਪ੍ਰੀਸ਼ਦ ਇਸ ਚੁਣੌਤੀ ਨੂੰ ਮੁਖਾਤਿਬ ਹੋ ਕੇ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਹਿਤ ਅਕਾਦਮੀ ਦਿੱਲੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਕਿਹਾ ਕਿ ਪੰਜਾਬ ਸ਼ਾਸਤਰਾਂ ਅਤੇ ਸ਼ਸਤਰਾਂ ਦੀ ਧਰਤੀ ਹੈ ਜਿਸਨੇ ਆਦਿ ਕਾਲ ਤੋਂ ਨਵੀਂ ਚੇਤਨਾ ਅਤੇ ਚਿੰਤਨ ਨੂੰ ਜਨਮ ਦਿੱਤਾ ਹੈ। ਉਹਨਾਂ ਕਿਹਾ ਕਿ ਦੇਸ਼ ਦਾ 90 ਫੀਸਦੀ ਗਿਆਨ ਪੰਜਾਬ ਦੀ ਦੇਣ ਹੈ।

ਪੰਜਾਬ ਕਲਾ ਪ੍ਰੀਸ਼ਦ ਦੇ ਉਪ ਚੇਅਰਮੈਨ ਡਾਕਟਰ ਯੋਗਰਾਜ ਨੇ ਪੁਰਸਕਾਰ ਜੇਤੂ ਹਸਤੀਆਂ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਇਸ ਹਫਤਾ ਭਰ ਚੱਲੇ ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਤੇ ਕਲਾ ਉਤਸਵ ਦਾ ਅੰਤਿਮ ਦਿਨ ਹੈ ਜਿਸ ਦੌਰਾਨ ਸਾਹਿਤ, ਲਲਿਤ ਕਲਾਵਾਂ, ਸਿਨੇਮਾ, ਸੰਗੀਤ ਨਾਟਕ ਅਤੇ ਹੋਰ ਵਿਸ਼ਿਆਂ ਨੂੰ ਲੈ ਕੇ ਸੈਮੀਨਾਰ ਗੋਸ਼ਟੀਆਂ ਤੇ ਆਪਸੀ ਸੰਵਾਦ ਰਚਾਇਆ ਗਿਆ। ਇਸ ਤੋਂ ਇਲਾਵਾ ਇਸ ਦੌਰਾਨ ਫਿਲਮਾਂ ਅਤੇ ਨਾਟਕਾਂ ਦੀ ਪੇਸ਼ਕਾਰੀ ਵੀ ਹੋਈ।

ਇਸ ਮੌਕੇ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਪੰਜਾਬ ਰਤਨ ਪੁਰਸਕਾਰ ਤੇ ਪੰਜਾਬੀ ਲੇਖਕਾ ਬਚਿੰਤ ਕੌਰ ਨੂੰ ਪੰਜਾਬੀ ਮਾਤ ਭਾਸ਼ਾ ਪੁਰਸਕਾਰ ਨਾਲ ਸਨਮਾਨਤ ਕੀਤਾ। ਨੀਨਾ ਟਿਵਾਣਾ ਨੂੰ ਰੰਗ ਮੰਚ, ਡਾ. ਦੇਵ ਇੰਦਰ ਸਿੰਘ ਨੂੰ ਲਲਿਤ ਕਲਾ, ਗੁਰਵਿੰਦਰ ਸਿੰਘ ਨੂੰ ਸਿਨੇਮਾ ਅਤੇ ਪ੍ਰੋ ਗੁਰਭਜਨ ਸਿੰਘ ਗਿੱਲ ਨੂੰ ਸਾਹਿਤ ਦੇ ਖੇਤਰ ਵਿੱਚ ਪੰਜਾਬ ਗੌਰਵ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੇ ਓ.ਐੱਸ.ਡੀ. ਨੇ ਕਾਲਜਾਂ ਦੀ ਹਾਲਤ ਦਾ ਲਿਆ ਜਾਇਜ਼ਾ

**ਜਲੰਧਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ-ਚਾਂਸਲਰ ਦੇ ਵਿਸ਼ੇਸ਼ ਡਿਊਟੀ ਅਧਿਕਾਰੀ (ਓ.ਐਸ.ਡੀ) ਸਰਦਾਰ ਹਰਿ ਇਕਬਾਲ ਸਿੰਘ ਨੇ ਬੀਤੇ ਦਿਨ ਯੂਨੀਵਰਸਿਟੀ ਕਾਲਜ ਜਲੰਧਰ ਅਤੇ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ (ਮੰਜਕੀ) ਦਾ ਦੌਰਾ ਕਰਕੇ ਕਾਲਜਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੋਹਾਂ ਯੂਨੀਵਰਸਿਟੀ ਕਾਲਜਾਂ ਦੇ ਇੰਚਾਰਜਾਂ ਡਾਕਟਰ ਅਸ਼ੀਸ਼ ਅਰੋੜਾ ਅਤੇ ਜਸ਼ਨਜੋਤ ਸਿੰਘ ਜੌਹਲ ਨਾਲ ਕਾਲਜਾਂ ਦੀ ਵਰਤਮਾਨ ਸਥਿਤੀ ਅਤੇ ਭਵਿੱਖ ਦੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਪਹਿਲਾਂ ਉਹਨਾਂ ਨੇ ਯੂਨੀਵਰਸਿਟੀ ਕਾਲਜ ਜਲੰਧਰ ਦਾ ਦੌਰਾ ਕੀਤਾ ਅਤੇ ਬਾਅਦ ਵਿੱਚ ਉਹ ਜੰਡਿਆਲੇ ਪਹੁੰਚੇ।

ਸਰਦਾਰ ਹਰਇਕਬਾਲ ਸਿੰਘ ਨੇ ਜੀ.ਐਨ.ਡੀ.ਯੂ. ਕਾਲਜ, ਜਲੰਧਰ ਦੇ ਫੈਕਲਟੀ ਮੈਂਬਰਾਂ ਅਤੇ ਪ੍ਰਸ਼ਾਸਨਿਕ ਸਟਾਫ਼ ਨਾਲ ਅਕਾਦਮਿਕ ਉੱਤਮਤਾ, ਬੁਨਿਆਦੀ ਢਾਂਚੇ ਦੇ ਵਿਕਾਸ, ਖੋਜ ਪ੍ਰੋਤਸਾਹਨ ਅਤੇ ਵਿਦਿਆਰਥੀ-ਕੇਂਦ੍ਰਿਤ ਮਸਲਿਆਂ ਸੰਬੰਧੀ ਰਣਨੀਤਕ ਪਹਿਲਕਦਮੀਆਂ 'ਤੇ ਚਰਚਾ ਕਰਨ ਕੀਤੀ। ਉਨ੍ਹਾਂ ਅਕਾਦਮਿਕ ਉੱਤਮਤਾ, ਬੁਨਿਆਦੀ ਢਾਂਚੇ ਦਾ ਵਿਕਾਸ, ਖੋਜ ਪ੍ਰੋਤਸਾਹਨ, ਅਤੇ ਵਿਦਿਆਰਥੀ ਲਈ ਹੋਰ ਬਿਹਤਰ ਸਹੂਲਤਾਂ ਨੂੰ ਮਜ਼ਬੂਤ ਕਰਨ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਸੰਸਥਾਗਤ ਵਿਕਾਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਅਨੁਸਾਰ ਕੌਮੀ ਸਿੱਖਿਆ ਨੀਤੀ (ਐਨਈਪੀ) 2020 ਨਾਲ ਜੋੜਨ ਦੀਪ੍ਰਬਲਲੋੜ ਹੈ। ਡਾ. ਅਸ਼ੀਸ਼ ਅਰੋੜਾ ਨੇ ਅਕਾਦਮਿਕ ਪ੍ਰਾਪਤੀਆਂ, ਚੱਲ ਰਹੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਅਤੇ ਸੰਸਥਾਗਤ ਵਿਸਥਾਰ ਲਈ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਜੰਡਿਆਲਾ ਕਾਲਜ ਵਿਖੇ ਕਾਲਜ ਦੇ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨਾਲ ਵਾਰਤਾ ਕਰਦਿਆਂ ਸਰਦਾਰ ਹਰਇਕਬਾਲ ਸਿੰਘ ਨੇ ਕਾਲਜ ਦੀ ਅਕਾਦਮਿਕ ਪ੍ਰਗਤੀ , ਪ੍ਰਸ਼ਾਸਨਿਕ ਸੁਧਾਰਾਂ, ਅਤੇ ਸਿੱਖਿਆ ਦੇ ਮਿਆਰੀਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਤੇਜ਼ ਕਰਨ ਲਈ ਉਤਸ਼ਾਹਿਤ ਕੀਤਾ।



*ਡਾ. ਅਸ਼ੀਸ਼ ਅਰੋੜਾ ਯੂਨੀਵਰਸਿਟੀ ਕਾਲਜ ਜਲੰਧਰ ਵਿਖੇ ਹਰਇਕਬਾਲ ਸਿੰਘ ਦਾ ਸਵਾਗਤ ਕਰਦੇ ਹੋਏ*

# 'ਡਾ. ਬੀ. ਆਰ. ਅੰਬੇਡਕਰ ਆਧੁਨਿਕ ਭਾਰਤ ਦੇ ਨਿਰਮਾਤਾ' ਵਿਸ਼ੇ 'ਤੇ ਸੈਮੀਨਾਰ

**ਅੰਮ੍ਰਿਤਸਰ:**ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਡਾ. ਬੀ. ਆਰ. ਅੰਬੇਦਕਰ ਚੇਅਰ ਵੱਲੋਂ ਵਾਈਸ ਚਾਂਸਲਰ ਪ੍ਰੋ.(ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ ਡਿਪਾਰਟਮੈਂਟ ਆਫ਼ ਲਾਅਜ਼ ਨਾਲ ਮਿਲ ਕੇ "ਡਾ. ਬੀ. ਆਰ. ਅੰਬੇਡਕਰ: ਆਧੁਨਿਕ ਭਾਰਤ ਦੇ ਨਿਰਮਾਤਾ" ਵਿਸ਼ੇ ਤੇ ਇੱਕ ਨੈਸ਼ਨਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸੈਮੀਨਾਰ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ਼ ਲਾਅਜ਼ ਦੇ ਮੂਟ ਕੋਰਟ ਹਾਲ ਵਿੱਚ ਹੋਇਆ।



ਮੁੱਖ ਵਕਤਾ ਵਜੋਂ ਪ੍ਰੋ.(ਡਾ.) ਰਤਨ ਸਿੰਘ, ਵਾਈਸ ਚਾਂਸਲਰ, ਜਗਤ ਗੁਰੂ ਨਾਨਕ ਦੇਵ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਸ਼ਿਰਕਤ ਕੀਤੀ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਆਫ਼ ਸਟੂਡੈਂਟ ਵੈਲਫੇਅਰ ਡਾ. ਸਤਨਾਮ ਸਿੰਘ ਦੇਓਲ ਵੀ ਮੌਜੂਦ ਸਨ। ਉਦਘਾਟਨੀ ਸੈਸ਼ਨ ਵਿੱਚ ਡਾ. ਬੀ. ਆਰ. ਅੰਬੇਡਕਰ ਚੇਅਰ ਦੀ ਜੇਆਰਐਫ਼ ਡਾ. ਪੂਨੀਤ ਕੌਰ ਨੇ ਵਿਸ਼ੇ ਬਾਰੇ ਚੰਗੀ ਤਰ੍ਹਾਂ ਸਮਝਾਇਆ ਕਿ ਡਾ. ਅੰਬੇਡਕਰ ਦੇ ਵਿਚਾਰਾਂ ਤੇ ਉਨ੍ਹਾਂ ਵੱਲੋਂ ਬਣਾਏ ਗਏ ਸੰਵਿਧਾਨ ਨੇ ਅੱਜ ਦੇ ਆਧੁਨਿਕ ਭਾਰਤੀ ਸਮਾਜ ਨੂੰ ਕਿਵੇਂ ਆਕਾਰ ਦਿੱਤਾ ਹੈ। ਚੇਅਰ ਦੇ ਪ੍ਰੋ.(ਡਾ.) ਪਵਨ ਕੁਮਾਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਚੇਅਰ ਦੇ ਉਦੇਸ਼ਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਅੰਬੇਡਕਰ ਜੀ ਬਾਰੇ ਖੋਜ ਕਰਨ ਦੇ ਉਦੇਸ਼ ਅਧੀਨ ਇਹ ਸੈਮੀਨਾਰ ਰੱਖਿਆ ਗਿਆ। ਡਿਪਾਰਟਮੈਂਟ ਆਫ਼ ਲਾਅਜ਼ ਦੀ ਅਸਿਸਟੈਂਟ ਪ੍ਰੋਫੈਸਰ ਡਾ. ਹਰਕਿਰਨਦੀਪ ਕੌਰ ਨੇ ਮੁੱਖ ਵਕਤਾ ਪ੍ਰੋ.(ਡਾ.) ਰਤਨ ਸਿੰਘ ਬਾਰੇ ਜਾਣ ਪਛਾਣ ਕਰਾਉਂਦਿਆਂ ਦੱਸਿਆ ਕਿ ਉਹ ਇਸੇ ਡਿਪਾਰਟਮੈਂਟ ਦੇ ਪੁਰਾਣੇ ਵਿਦਿਆਰਥੀ ਰਹੇ, ਇੱਥੇ ਅਸਿਸਟੈਂਟ ਪ੍ਰੋਫੈਸਰ ਤੋਂ ਸ਼ੁਰੂ ਕਰਕੇ ਹੈੱਡ ਆਫ਼ ਡਿਪਾਰਟਮੈਂਟ ਤੇ ਫਿਰ ਵਾਈਸ ਚਾਂਸਲਰ ਬਣੇ। ਪ੍ਰੋ.(ਡਾ.) ਰਤਨ ਸਿੰਘ ਨੇ ਡਾ. ਅੰਬੇਡਕਰ ਦੀ ਜ਼ਿੰਦਗੀ ਵਿੱਚ ਆਏ ਕਸ਼ਟਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਜਾਤ ਪਾਤ ਕਾਰਨ ਉਨ੍ਹਾਂ ਨੂੰ ਬਹੁਤ ਤੜਪਾਇਆ ਗਿਆ, ਪਰ ਇਸ ਨੇ ਉਨ੍ਹਾਂ ਵਿੱਚ ਇਨਸਾਫ਼ ਲਈ ਲੜਨ ਦਾ ਜਜ਼ਬਾ ਪੈਦਾ ਕੀਤਾ। ਉਹਨਾਂ ਦੇ ਜੀਵਨ ਵਿੱਚੋਂ ਕੁਝ ਮਿਸਾਲਾਂ ਵੀ ਦਿੱਤੀਆਂ। ਉਹਨਾਂ ਦੱਸਿਆ ਕਿ ਡਾ. ਅੰਬੇਡਕਰ ਦਾ ਵਿਸ਼ਵਾਸ ਸੀ ਕਿ ਸਮਾਜਿਕ ਤੇ ਆਰਥਿਕ ਆਜ਼ਾਦੀ ਤੋਂ ਬਿਨਾਂ ਸਿਆਸੀ ਆਜ਼ਾਦੀ ਅਧੂਰੀ ਹੈ। ਉਨ੍ਹਾਂ ਨੇ ਬੁੱਧ ਧਰਮ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋ ਕੇ ਆਪਣਾ ਧਰਮ ਬਦਲ ਕੇ ਬੁੱਧ ਧਰਮ ਅਪਣਾਇਆ। ਡਾ. ਸਤਨਾਮ ਸਿੰਘ ਦਿਓਲ ਨੇ ਡਾ. ਅੰਬੇਡਕਰ ਦੇ ਸਿਆਸੀ ਚੇਹਰੇ ਬਾਰੇ ਗੱਲ ਕੀਤੀ। ਸੈਮੀਨਾਰ ਲਈ ਮੁੱਖ ਵਿਸ਼ੇ ਤੇ ਸਬ-ਥੀਮਾਂ ਉੱਤੇ 60 ਤੋਂ ਵੱਧ ਪੇਪਰ ਵੱਖ-ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਤੋਂ ਪ੍ਰਾਪਤ ਹੋਏ, ਜੋ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਏ ਸਨ। ਦੋ ਪੈਰਲਲ ਤਕਨੀਕੀ ਸੈਸ਼ਨ ਤੇ ਇੱਕ ਔਨਲਾਈਨ ਸੈਸ਼ਨ ਵਿੱਚ ਲਗਭਗ 50 ਪੇਪਰ ਪੇਸ਼ ਕੀਤੇ ਗਏ। ਸੈਸ਼ਨਾਂ ਦੀ ਪ੍ਰਧਾਨਗੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਅਸਿਸਟੈਂਟ ਪ੍ਰੋਫੈਸਰ ਡਾ. ਹਰਪ੍ਰੀਤ ਸਿੰਘ, ਯੂਨੀਵਰਸਿਟੀ ਆਫ਼ ਦਿੱਲੀ ਦੇ ਲਾਅ ਸੈਂਟਰ-1 ਦੇ ਡਾ. ਪਰਵੀਨ ਤੇ ਡਾ. ਗੁਰਪ੍ਰੀਤ ਸਿੰਘ ਸਮੇਤ ਹੋਰ ਅਧਿਆਪਕਾਂ ਨੇ ਕੀਤੀ।

ਅੰਤ ਵਿੱਚ ਡਿਪਾਰਟਮੈਂਟ ਆਫ਼ ਲਾਅਜ਼ ਦੀ ਹੈੱਡ ਡਾ. ਮੀਨੂ ਵਰਮਾ ਨੇ ਸਮਾਪਤੀ ਭਾਸ਼ਣ ਦਿੱਤਾ। ਉਨ੍ਹਾਂ ਨੇ ਸੈਮੀਨਾਰ ਦੇ ਮੁੱਖ ਨੁਕਤਿਆਂ ਨੂੰ ਸੰਖੇਪ ਕਰਦਿਆਂ ਸਪੀਕਰਾਂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਅੰਬੇਡਕਰ ਜੀ ਦੇ ਯੋਗਦਾਨ ਬਾਰੇ ਬਹੁਤ ਪ੍ਰੇਰਨਾਦਾਇਕ ਗੱਲਾਂ ਕਹੀਆਂ, ਜਿਨ੍ਹਾਂ ਨੇ ਆਧੁਨਿਕ ਭਾਰਤ ਦੀ ਨੀਂਹ ਰੱਖੀ। ਡਾ. ਮੀਨੂ ਨੇ ਸਾਰੇ ਹਾਜ਼ਰੀਨ, ਸਪੀਕਰਾਂ ਤੇ ਸਹਿਯੋਗੀਆਂ ਦਾ ਵੀ ਧੰਨਵਾਦ ਕੀਤਾ ਤੇ ਕਿਹਾ ਕਿ ਇਹ ਸੈਮੀਨਾਰ ਲਈ ਸਭ ਤੋਂ ਵੱਡੀ ਖੁਸ਼ੀ ਵਾਲੀ ਗੱਲ ਸੀ ਕਿ ਸਾਰਿਆਂ ਨੇ ਆਪਣਾ ਸਮਾਂ, ਗਿਆਨ ਤੇ ਯੋਗਦਾਨ ਪਾ ਕੇ ਇਸ ਨੂੰ ਸਫਲ ਬਣਾਇਆ।

# ਪੰਜਾਬ ਪ੍ਰੈਸ ਕਲੱਬ ਵੱਲੋਂ ਕੈਂਸਰ ਜਾਗਰੂਕਤਾ ਸੈਮੀਨਾਰ




**ਜਲੰਧਰ:**ਪੰਜਾਬ ਪ੍ਰੈਸ ਕਲੱਬ, ਜਲੰਧਰ ਵੱਲੋਂ ਫੋਰਟਿਸ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਕੈਂਸਰ ਜਾਗਰੂਕਤਾ ਸਿਹਤ ਦਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ 50 ਤੋਂ ਵੱਧ ਮੀਡੀਆ ਪ੍ਰੋਫੈਸ਼ਨਲਾਂ ਨੇ ਭਾਗ ਲਿਆ।

ਪੰਜਾਬ ਪ੍ਰੈਸ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਸਕੱਤਰ ਰਾਜੇਸ਼ ਯੋਗੀ, ਸੰਯੁਕਤ ਸਕੱਤਰ ਸੁਕਰਾਂਤ ਸਫ਼ਰੀ, ਖ਼ਜ਼ਾਨਚੀ ਸ਼ਿਵ ਸ਼ਰਮਾ, ਜਨਰਲ ਮੈਨੇਜਰ ਜਤਿੰਦਰ ਪਾਲ ਸਿੰਘ, ਸੀਨੀਅਰ ਪੱਤਰਕਾਰ ਮਦਨ ਭਾਰਦਵਾਜ ਅਤੇ ਰਾਜੇਸ਼ ਸ਼ਰਮਾ ਵੱਲੋਂ ਫੋਰਟਿਸ ਹਸਪਤਾਲ ਜਲੰਧਰ ਦੀ ਮਾਹਿਰ ਡਾਕਟਰਾਂ ਦੀ ਟੀਮ ਦਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਉਨ੍ਹਾਂ ਨੇ ਕੈਂਸਰ ਵਰਗੀ ਗੰਭੀਰ ਬਿਮਾਰੀ ਖ਼ਿਲਾਫ਼ ਜਾਗਰੂਕਤਾ ਫੈਲਾਉਣ ਲਈ ਫੋਰਟਿਸ ਟੀਮ ਦੀ ਪ੍ਰਸੰਸਾ ਕੀਤੀ।

ਫੋਰਟਿਸ ਹਸਪਤਾਲ ਦੇ ਮਾਹਿਰਾਂ ਨੇ ਦੱਸਿਆ ਕਿ ਸਮੇਂ ਸਿਰ ਸਕ੍ਰੀਨਿੰਗ ਅਤੇ ਜਲਦੀ ਪਛਾਣ ਨਾਲ ਕੈਂਸਰ ਤੋਂ ਬਚਾਅ ਸੰਭਵ ਹੈ। ਪੰਜਾਬ ਵਿੱਚ ਛਾਤੀ, ਸਰਵਾਈਕਲ, ਮੂੰਹ ਅਤੇ ਫੇਫੜਿਆਂ ਦੇ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ, ਜਿਨ੍ਹਾਂ ਦਾ ਮੁੱਖ ਕਾਰਨ ਦੇਰੀ ਨਾਲ ਪਛਾਣ ਅਤੇ ਜਾਗਰੂਕਤਾ ਦੀ ਘਾਟ ਹੈ।ਸੈਸ਼ਨ ਦੌਰਾਨ ਤੰਬਾਕੂ ਤੋਂ ਬਚਾਅ, ਸਿਹਤਮੰਦ ਜੀਵਨ ਸ਼ੈਲੀ, ਨਿਯਮਤ ਜਾਂਚ ਅਤੇ ਮਲਟੀ-ਡਿਸਿਪਲਿਨਰੀ ਇਲਾਜ ਦੀ ਮਹੱਤਤਾ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮਾਹਿਰਾਂ ਨੇ ਦੱਸਿਆ ਕਿ ਆਧੁਨਿਕ ਓਨਕੋਲੋਜੀ, ਟਾਰਗੇਟੇਡ ਥੈਰੇਪੀ, ਇਮਿਊਨੋਥੈਰੇਪੀ, ਅਡਵਾਂਸਡ ਰੇਡੀਏਸ਼ਨ ਅਤੇ ਪੀਈਟੀ-ਸੀਟੀ ਵਰਗੀਆਂ ਤਕਨੀਕਾਂ ਨਾਲ ਕੈਂਸਰ ਇਲਾਜ ਹੁਣ ਹੋਰ ਪ੍ਰਭਾਵਸ਼ਾਲੀ ਬਣ ਚੁੱਕਾ ਹੈ। ਫੋਰਟਿਸ ਹਸਪਤਾਲ ਜਲੰਧਰ ਦੀ ਟੀਮ ਵਿੱਚ ਡਾ.ਅਰੁਣ ਕੁਮਾਰ ਸ਼ਰਮਾ, ਡਾ.ਨਵਦੀਪ ਸਿੰਘ, ਡਾ.ਰਾਹੁਲ ਚੌਧਰੀ, ਡਾ.ਰੇਵੰਤ ਮੁਰਾਹਾਰੀ, ਡਾ.ਬੁਰਹਾਨ ਵਾਨੀ ਅਤੇ ਡਾ.ਮੈਥਿਲੀ ਸ਼ਰਮਾ ਸ਼ਾਮਲ ਸਨ।

# Change of Name

**I Karamjit Kaur Johal, W/O Ranjit Singh Sandhu & D/o Mohan Singh Gill,** residence of VPO Mahesari Sandhuan, Tehsil & Distt. Moga, Punjab, India, and presently residing at 292212 Township Road 262A Rocky View County, Alberta, Canada, T4A 0N2 do hereby **change my name From Karamjit Kaur Johal to Karamjit Kaur Sandhu,** with immediate effect.

All Concerned please note.


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ

* ਜੋੜੇ ਨੂੰ ਪਹਿਲ

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food. * Priority to Couples**

ਸੰਪਰਕ ਕਰੋ: ਗੁਰਇਕਬਾਲ ਸਿੰਘ

**Direct call or What's up call 615-482-5158**

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।

*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ

ਫੋਨ: 515-291-1961



## UMA TRAVELS

2541 W. Devon Ave.,
Chicago, IL 60659

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*

*847-359-0746*

*To Advertise In Punjab Times*

*Call: 847-359-0746*


# Matrimonials

## ਲੜਕੇ ਦੀ ਲੋੜ ਹੈ

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

---

Tonk Kshatri family is looking for a Gursikh, vegetarian match based in the US with comparable qualifications for their H1B visa holder Corporate Attorney daughter, age 29, height 5' 3". She is working as a corporate Attorney in Wilmington, Delaware). Parents retired from Education Department, Punjab, brother is an immigration Attorney in New York. Caste no bar. Please contact us at +91 98763 00624

---

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

Gursikh Family is looking for a vegetarian amritdhari, family oriented GURSIKH singhnee who wears Keski (or is willing to do so) and is open to relocating to San Francisco Bay Area, USA. SINGH is 5'11', Amritdhari, 38 years old, well educated and is WELL SETTLED in the USA since 2009. Currently working as SENIOR software product leader in CALIFORNIA, USA. Singh is an innocent issueless divorcee(short marriage) and is looking for a fresh start. PREFERENCE will be given to North American match, but also open to sponsorship for the right match from other countries. For more details, DIAL us at +1 (510) 558-5650 or what's app at +91 98993 79442 or email at: singhmat001@gmail.com

---

5-8

ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਾ ਰਹਿੰਦੇ 34 ਸਾਲਾ, 5'11" ਪੁੱਤਰ ਲਈ ਯੂ.ਐਸ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਹੈ। ਪਿਤਾ ਭਾਰਤ ਵਿਚ ਸਰਕਾਰੀ ਨੌਕਰੀ ਤੋਂ ਰਿਟਾਇਰਡ ਹੋਏ ਹਨ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-610-7391 (ਫੁੱਫੜ), 510-620-4170 (ਭਰਾ), ਪਿਤਾ +91-98783-42510 (ਭਾਰਤ)।

---

4-11

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

---

Jat/Sikh Family looking for a suitable match for threir U.S. Citizen 1994 born, Height 5' 10" son. He has done Bachelor's Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

---

51-3

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

# ਵਾਸ਼ਿੰਗਟਨ ਪੋਸਟ ਦੇ ਪ੍ਰਕਾਸ਼ਕ ਦਾ ਅਸਤੀਫ਼ਾ



**ਵਾਸ਼ਿੰਗਟਨ:** ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਦੇ ਪ੍ਰਕਾਸ਼ਕ ਵਿਲ ਲੁਈਸ ਨੇ ਸ਼ਨੀਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ। ਲੁਈਸ ਨੇ ਅਸਤੀਫ਼ੇ ਦਾ ਫੈਸਲਾ ਉਸ ਸਮੇਂ ਲਿਆ ਹੈ ਜਦੋਂ ਇਸ ਅਮਰੀਕੀ ਅਖ਼ਬਾਰ ਨੇ ਤਿੰਨ ਦਿਨ ਪਹਿਲਾਂ ਇਕ ਤਿਹਾਈ ਕਰਮਚਾਰੀਆਂ ਦੀ ਛਾਂਟੀ ਕੀਤੀ ਸੀ। ਲੁਈਸ ਨੇ ਕਰਮਚਾਰੀਆਂ ਨੂੰ ਇੱਕ ਈਮੇਲ ਭੇਜੀ, ਜਿਸ 'ਚ ਉਸਨੇ ਕਿਹਾ ਕਿ ਵਾਸ਼ਿੰਗਟਨ ਪੋਸਟ ਦੇ ਭਵਿੱਖ ਨੂੰ ਯਕੀਨੀ ' ਬਣਾਉਣ ਲਈ ਫੈਸਲੇ ਲਏ ਗਏ ਹਨ। ਵਿਲ ਦਾ ਕਰੀਅਰ ਸ਼ੁਰੂ ਤੋਂ ਹੀ ਉਤਾਰ-ਚੜ੍ਹਾਅ ਵਾਲਾ ਰਿਹਾ ਹੈ।

# ਐਪਸਟੀਨ ਨੂੰ ਕਦੇ ਨਹੀਂ ਮਿਲੇ ਦਲਾਈਲਾਮਾ



**ਧਰਮਸ਼ਾਲਾ:** ਤਿੱਬਤੀ ਧਰਮ ਗੁਰੂ ਦਲਾਈ ਲਾਮਾ ਦੇ ਦਫ਼ਤਰ ਨੇ ਇੰਟਰਨੈਟ ਮੀਡੀਆ 'ਤੇ ਫੈਲ ਰਹੀਆਂ ਖ਼ਬਰਾਂ ਨੂੰ ਖਾਰਜ ਕਰ ਦਿੱਤਾ ਹੈ ਕਿ ਧਰਮ ਗੁਰੂ ਨੂੰ ਅਮਰੀਕੀ ਫਾਈਨਾਂਸਰ ਅਤੇ ਜਿਨਸੀ ਸੋਸ਼ਣ ਦੇ ਦੋਸ਼ੀ ਜੈਫਰੀ ਐਪਸਟੀਨ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਦਲਾਈ ਲਾਮਾ ਦੇ ਦਫਤਰ ਨੇ ਐਤਵਾਰ ਨੂੰ ਇਕ ਬਿਆਨ 'ਚ ਕਿਹਾ, 'ਅਸੀਂ ਸਪੱਸ਼ਟ ਤੌਰ 'ਤੇ ਪੁਸ਼ਟੀ ਕਰ ਸਕਦੇ ਹਾਂ ਕਿ ਦਲਾਈ ਲਾਮਾ ਨੇ ਕਦੇ ਵੀ ਐਪਸਟੀਨ ਨਾਲ ਮੁਲਾਕਾਤ ਨਹੀਂ ਕੀਤੀ।

# ਸਿੱਖਾਂ ਦਾ ਮਾਣ – ਡਾ. ਗੁਰਦਾਸ ਸਿੰਘ ਦਾਸ

ਡਾ. ਗੁਰਦਾਸ ਸਿੰਘ ਦਾਸ 1969 ਵਿਚ ਡੀਵੀਐਮ ਦੀ ਡਿਗਰੀ ਹਾਸਲ ਕਰ ਕੇ ਅਤੇ ਪਸ਼ੂ ਪਾਲਣ ਵਿਚ ਮਾਸਟਰਜ਼ ਡਿਗਰੀ ਲੈ ਕੇ ਅਮਰੀਕਾ ਆਏ ਸਨ। ਇੱਥੇ ਆ ਕੇ ਵੀ ਉਨ੍ਹਾਂ ਆਪਣੀ ਸਿੱਖਿਆ ਜਾਰੀ ਰੱਖੀ ਅਤੇ ਡੇਅਰੀ ਵਿਗਿਆਨ ਵਿਚ ਪੀਐਚ.ਡੀ ਕੀਤੀ ਅਤੇ 1975 ਵਿਚ ਮਿਸ਼ੀਗਨ ਸਟੇਟ ਯੂਨੀਵਰਸਿਟੀ, ਈਸਟ ਲੈਂਸਿੰਗ, ਮਿਸ਼ੀਗਨ ਤੋਂ ਗ੍ਰੈਜੂਏਸ਼ਨ ਕੀਤੀ।

ਪ੍ਰੋਫੈਸਰ ਵਜੋਂ ਪੜ੍ਹਾਉਣ ਦੀ ਬਜਾਏ, ਉਨ੍ਹਾਂ ਨੇ ਪਸ਼ੂਆਂ ਦੇ ਡਾਕਟਰ ਵਜੋਂ ਅਭਿਆਸ ਕਰਨ ਦਾ ਫੈਸਲਾ ਲਿਆ ਕਿਉਂਕਿ ਉਨ੍ਹਾਂ ਨੂੰ ਪਾਲਤੂ ਜਾਨਵਰ ਬਹੁਤ ਪਸੰਦ ਸਨ ਅਤੇ ਗਾਹਕਾਂ ਨਾਲ ਗੱਲਬਾਤ ਕਰਨਾ ਉਨ੍ਹਾਂ ਨੂੰ ਚੰਗਾ ਲੱਗਦਾ ਸੀ। ਪਸ਼ੂਆਂ ਦੇ ਡਾਕਟਰ ਨਾਲ ਢਾਈ ਸਾਲ ਕੰਮ ਕਰਨ ਤੋਂ ਬਾਅਦ, ਸੰਨ 1979 ਵਿਚ ਉਨ੍ਹਾਂ ਨੇ ਆਪਣਾ ਵੈਟਰਨਰੀ ਹਸਪਤਾਲ ਖੋਲ੍ਹਿਆ, ਜਿਸਨੂੰ ਦੱਖਣੀ ਯੂਕਲਿਡ, ਓਹਾਇਓ ਸ਼ਹਿਰ ਵਿਚ ਗ੍ਰੀਨਮੌਂਟ ਵੈਟਰਨਰੀ ਹਸਪਤਾਲ ਕਿਹਾ ਜਾਂਦਾ ਹੈ।



2011 ਵਿਚ ਉਹ ਓਹਾਇਓ ਦੇ ਗਵਰਨਰ ਸਟ੍ਰਿਕਲੈਂਡ ਦੀ ਸਿਫ਼ਾਰਸ਼ 'ਤੇ ਓਹਾਇਓ ਵੈਟਰਨਰੀ ਮੈਡੀਕਲ ਬੋਰਡ ਦੇ ਮੈਂਬਰ ਬਣ ਗਏ। ਬੋਰਡ ਦੇ ਹੋਰ ਮੈਂਬਰਾਂ ਨਾਲ ਵਧੀਆ ਤਾਲਮੇਲ ਹੋਣ ਸਦਕਾ 2013 ਵਿਚ ਉਨ੍ਹਾਂ ਨੂੰ ਓਹਾਇਓ ਵੈਟਰਨਰੀ ਮੈਡੀਕਲ ਲਾਇਸੈਂਸਿੰਗ ਬੋਰਡ ਦਾ ਪ੍ਰਧਾਨ ਚੁਣਿਆ ਗਿਆ। ਉਹ ਸੰਯੁਕਤ ਰਾਜ ਅਮਰੀਕਾ ਵਿਚ ਇਹ ਵੱਕਾਰੀ ਅਹੁਦਾ ਹਾਸਲ ਕਰਨ ਵਾਲੇ ਪਹਿਲੇ ਸਿੱਖ ਅਮਰੀਕਨ ਵੈਟਰਨਰੀਅਨ ਹਨ। ਹੁਣ ਤੱਕ ਅਮਰੀਕਾ ਦੇ ਕਿਸੇ ਵੀ ਹੋਰ ਰਾਜ ਵਿਚ ਕਿਸੇ ਵੀ ਸਿੱਖ ਨੇ ਇਸ ਤਰ੍ਹਾਂ ਦਾ ਅਹੁਦਾ ਨਹੀਂ ਸੰਭਾਲਿਆ ਹੈ। ਸਿੱਖ ਅਮਰੀਕਨ ਭਾਈਚਾਰੇ ਲਈ ਡਾ. ਦਾਸ ਵਰਗੇ ਕਿਸੇ ਵਿਅਕਤੀ ਨੂੰ ਅਜਿਹੇ ਅਹੁਦੇ 'ਤੇ ਬਿਰਾਜਮਾਨ ਦੇਖਣਾ ਬਹੁਤ ਮਾਣ, ਅਤੇ ਪ੍ਰੇਰਨਾ ਵਾਲੀ ਗੱਲ ਹੈ। ਦੁਨੀਆ ਭਰ ਦੇ ਸਿੱਖਾਂ ਨੂੰ ਉਨ੍ਹਾਂ ਦੀ ਇਸ ਮਹਾਨ ਪ੍ਰਾਪਤੀ 'ਤੇ ਮਾਣ ਹੋਣਾ ਚਾਹੀਦਾ ਹੈ, ਜਿਸ ਨੇ ਅੱਗੇ ਹੋਰਨਾਂ ਪਗੜੀਧਾਰੀਆਂ ਲਈ ਰੁਕਾਵਟਾਂ ਦੂਰ ਕਰ ਕੇ ਦਰਵਾਜ਼ੇ ਖੋਲ੍ਹੇ ਹਨ।

ਡਾ. ਦਾਸ 81 ਸਾਲ ਦੀ ਉਮਰ ਤੱਕ ਕੰਮ ਕਰਦੇ ਰਹੇ ਅਤੇ ਅੰਤ ਵਿਚ ਪਤਨੀ ਦੇ ਕਹਿਣ 'ਤੇ ਕੰਮ ਦਾ ਤਿਆਗ ਕੀਤਾ ਪਰ ਉਸ ਤੋਂ ਬਾਅਦ ਵੀ ਉਹ ਬੈਠੇ ਨਹੀਂ, ਸਗੋਂ ਕਈ ਖੇਤਰਾਂ ਵਿਚ ਸੇਵਾ ਕਰਨ ਵਿਚ ਸਮਾਂ ਬਿਤਾਉਂਦੇ ਹਨ।

ਡਾ. ਗੁਰਦਾਸ ਸਿੰਘ ਲੰਮੇ ਸਮੇਂ ਤੋਂ ਅਮਰੀਕਨ ਸਿੱਖ ਕੌਂਸਲ ਦੇ ਬੋਰਡ ਮੈਂਬਰ ਰਹੇ ਹਨ ਅਤੇ ਕੁਝ ਸਾਲ ਪ੍ਰਧਾਨ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਉਹ ਜੋਸ਼ ਪੈਦਾ ਕਰਨ ਵਾਲੇ ਵਿਅਕਤੀ ਹਨ ਅਤੇ ਅਸੀਂ ਆਸ ਕਰਦੇ ਹਾਂ ਕਿ ਉਹ ਭਵਿੱਖ ਵਿਚ ਵੀ ਇਸੇ ਜੋਸ਼ ਅਤੇ ਊਰਜਾ ਨਾਲ ਸਿੱਖ ਅਮਰੀਕੀ ਭਾਈਚਾਰੇ ਦੀ ਸੇਵਾ ਕਰਦੇ ਰਹਿਣਗੇ।

ਅਮਰੀਕਨ ਸਿੱਖ ਕੌਂਸਲ ਸੰਯੁਕਤ ਰਾਜ ਅਮਰੀਕਾ ਵਿਚ ਸਿੱਖਾਂ ਦੀ ਪ੍ਰਤੀਨਿਧੀ ਸੰਸਥਾ ਹੈ। ਇਹ ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਦੀ ਚੁਣੀ ਹੋਈ ਸੰਸਥਾ ਹੈ। ਵਰਤਮਾਨ ਸਮੇਂ ਦੇਸ਼ ਭਰ ਵਿਚ 76 ਗੁਰਦੁਆਰੇ ਅਤੇ ਹੋਰ ਸਿੱਖ ਸੰਸਥਾਵਾਂ ਇਸ ਦੀਆਂ ਮੈਂਬਰ ਹਨ। ਸੰਸਥਾ ਦਾ ਮੁੱਖ ਉਦੇਸ਼ ਸੰਯੁਕਤ ਰਾਜ ਅਮਰੀਕਾ ਵਿਚ ਸਿੱਖਾਂ ਦੇ ਸਮੂਹਿਕ ਨਜ਼ਰੀਏ ਨੂੰ ਦਰਸਾਉਣਾ ਹੈ। ਇਹ ਸੰਸਥਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਹਿੱਤਾਂ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਦੀ ਹੈ।

# ਰੂਸ ਦੇ ਜਨਰਲ ਦਾ ਹਮਲਾਵਰ ਦੁਬਈ ਤੋਂ ਗ੍ਰਿਫ਼ਤਾਰ

**ਮਾਸਕੋ:** ਰੂਸ ਦੇ ਸਿਖਰਲੇ ਫ਼ੌਜੀ ਜਨਰਲ 'ਤੇ ਜਾਨਲੇਵਾ ਹਮਲੇ ਦੇ ਮੁਲਜ਼ਮ ਨੂੰ ਦੁਬਈ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਰੂਸ ਦੇ ਸੁਰੱਖਿਆ ਅਧਿਕਾਰੀਆਂ ਅਤੇ ਪੜਤਾਲ ਕਰਨ ਵਾਲਿਆਂ ਨੇ ਐਤਵਾਰ ਨੂੰ ਦੱਸਿਆ ਕਿ ਮੁਲਜ਼ਮ ਲਿਊਬੋਮੀਰ ਕੋਰਬਾ ਰੂਸੀ ਨਾਗਰਿਕ ਹੈ ਅਤੇ ਹਮਲੇ ਤੋਂ ਬਾਅਦ ਦੁਬਈ ਭੱਜ ਗਿਆ ਸੀ।

ਉਨ੍ਹਾਂ ਦੱਸਿਆ ਕਿ ਹਮਲਾਵਰ ਨੇ ਸ਼ੁੱਕਰਵਾਰ ਨੂੰ ਸਾਇਲੈਂਸਰ ਵਾਲੀ 'ਮਕਾਰੋਵ' ਪਿਸਤਲ ਨਾਲ - ਲੈਫਟੀਨੈਂਟ ਜਨਰਲ ਵਲਾਦੀਮੀਰ ਐਲੇਕਸੇਏਵ ਨੂੰ ਉੱਤਰੀ ਮਾਸਕੋ ਦੇ ਵੋਲੋਕੋਲਾਮਸਕ ਹਾਈਵੇ 'ਤੇ ਉਹਨਾਂ ਦੇ ਅਪਾਰਟਮੈਂਟ ਦੇ ਬਾਹਰ ਤਿੰਨ ਗੋਲੇ ਮਾਰੇ ਸਨ। 64 ਸਾਲਾ ਐਲੇਕਸੇਏਵ ਰੂਸੀ ਸੈਨਾ ਇੰਟੈਲੀਜੈਂਸ, ਜੀਆਰਯੂ, ਦੇ ਡਿਪਟੀ ਚੀਫ਼ ਹਨ। ਉਹਨਾਂ ਦਾ ਹਸਪਤਾਲ 'ਚ ਇਲਾਜ ਜਾਰੀ ਹੈ।



ਅਧਿਕਾਰੀਆਂ ਨੇ ਦੱਸਿਆ ਕਿ ਸੋਵੀਅਤ ਦੌਰ ਦੇ ਯੂਕਰੇਨ ਸਥਿਤ ਟੇਰਨੋਪਿਲ ਖੇਤਰ 'ਚ 1960 'ਚ ਜਨਮੇ ਕੋਰਬਾ ਨੂੰ ਯੂਕਰੇਨੀ ਖੁਫੀਆ ਏਜੰਸੀ ਨੇ ਹਮਲੇ ਦਾ ਜ਼ਿੰਮੇਵਾਰ ਬਣਾਇਆ ਸੀ। ਹਾਲਾਂਕਿ, ਯੂਕਰੇਨ ਨੇ ਇਸ ਦੋਸ਼ ਨੂੰ ਨਕਾਰਿਆ ਹੈ। ਰੂਸੀ ਮੀਡੀਆ ਨੇ = ਖੁਫੀਆ ਏਜੰਸੀ ਫੈਡਰਲ ਸਿਕਿਓਰਿਟੀ ਸਰਵਿਸ (ਐੱਫਐੱਸਬੀ) ਦੀ ਗ੍ਰਿਫਤ 'ਚ ਮੌਜੂਦ ਦੋਸ਼ੀ ਦਾ ਵੀਡੀਓ ਜਾਰੀ ਕੀਤਾ ਹੈ। ਦੋਸ਼ੀ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਸੀ। ਹਾਲਾਂਕਿ, ਇਹ ਸਪਸ਼ਟ ਨਹੀਂ ਹੋ ਸਕਿਆ ਹੈ। ਕਿ ਯੂਏਈ 'ਚ ਦੋਸ਼ੀ ਨੂੰ ਕਿਵੇਂ ਗ੍ਰਿਫਤਾਰ ਕੀਤਾ ਗਿਆ। ਐੱਫਐੱਸਬੀ ਨੇ ਦੱਸਿਆ ਕਿ ਇਸ ਘਟਨਾ 'ਚ ਦੋ ਹੋਰ ਰੂਸੀ ਨਾਗਰਿਕਾਂ ਦੇ ਵੀ ਸ਼ਾਮਿਲ ਹੋਣ ਦੀ ਪੁਸ਼ਟੀ ਹੋਈ ਹੈ। ਇਨ੍ਹਾਂ ਦੀ ਪਛਾਣ ਵਿਕਟਰ ਵਾਸਿਨ ਅਤੇ ਜ਼ਿਨੈਡਾ ਸੇਰੇਬਰਿਸਕਾਇਆ ਵਜੋਂ ਕੀਤੀ ਗਈ ਹੈ। ਵਿਕਟਰ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦਕਿ ਜ਼ਿਨੈਡਾ ਯੂਕਰੇਨ ਚਲੀ ਗਈ ਹੈ। ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਇਸ ਹਮਲੇ ਨੂੰ ਯੂਕਰੇਨ ਵੱਲੋਂ ਕੀਤੀ ਗਈ ਅੱਤਵਾਦੀ ਘਟਨਾ ਦੱਸਿਆ ਸੀ, ਜੋ ਸ਼ਾਂਤੀ ਗੱਲਬਾਤ ਨੂੰ ਪੱਟੜੀ ਤੋਂ ਹਟਾ ਸਕਦੀ ਹੈ।

## ਰੂਸ ਨੇ ਯੂਕਰੇਨ 'ਚ ਹਮਲੇ ਵਧਾਏ; ਨਵੇਂ ਕਬਜ਼ੇ ਦਾ ਦਾਅਵਾ

ਅਮਰੀਕਾ ਵੱਲੋਂ ਯੂਕਰੇਨ ਅਤੇ ਰੂਸ ਨੂੰ ਪਿਛਲੇ ਚਾਰ ਸਾਲਾਂ ਤੋਂ ਚੱਲ ਰਹੇ ਯੁੱਧ ਨੂੰ ਖਤਮ ਕਰਨ ਲਈ ਜੂਨ ਤੱਕ ਦਾ ਸਮਾਂ ਦੇਣ ਤੋਂ ਬਾਅਦ ਦੋਹਾਂ ਪੱਖਾਂ ਦੇ ਵਿਚਕਾਰ ਟਕਰਾਅ ਤੇਜ਼ ਹੋ ਗਿਆ ਹੈ। ਏਪੀ ਦੇ ਅਨੁਸਾਰ, ਇਸ ਦੌਰਾਨ ਰੂਸ ਨੇ ਪੂਰਬੀ ਯੂਕਰੇਨ 'ਚ ਭਿਆਨਕ ਹਵਾਈ ਹਮਲੇ ਕੀਤੇ, ਜਿਸ 'ਚ ਇੱਕ ਨਾਗਰਿਕ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋ ਗਏ। ਰੂਸ ਨੇ ਇਹ ਹਮਲੇ ਯੂਕਰੇਨ ਦੇ ਡੋਨੇਤਸਕ ਖੇਤਰ ਦੇ ਕ੍ਰਾਮੇਟੋਰਸਕ 'ਚ ਕੀਤੇ।

# ਵਧਦਾ ਇਸਲਾਮੀਕਰਨ ਅਮਰੀਕਾ ਲਈ ਖ਼ਤਰਾ: ਬੈਂਡਨ

**ਨਿਊਯਾਰਕ:** ਇਕ ਅਮਰੀਕੀ ਕਾਨੂੰਨ ਨਿਰਮਾਤਾ ਨੇ ਟੈਕਸਾਸ ਸੂਬੇ ਦੇ ਕੁਝ ਚੋਣ ਖੇਤਰਾਂ ਦੇ 'ਇਸਲਾਮੀਕਰਨ ਨੂੰ ਲੈਕੇ ਡੂੰਘੀ ਚਿੰਤਾ ਪ੍ਰਗਟਾਈ ਹੈ। ਇਹ ਕਹਿੰਦਿਆ ਅਮਰੀਕਾ ਦੇ ਸਥਾਨਕ ਮਾਲ ਵਿਚ ਜਾਣਾ 'ਪਾਕਿਸਤਾਨ ਵਿਚ ਹੋਣ ਵਰਗਾ ਲੱਗਦਾ ਹੈ, ਡਲਾਸ ਵਿਚ ਨਹੀਂ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਵਿਚ



ਵਧਦਾ ਇਸਲਾਮੀਕਰਨ ਅਮਰੀਕਾ ਦੇ ਮੂਲ ਰੂਪ ਨੂੰ ਜੜ੍ਹੋਂ ਖ਼ਤਮ ਕਰ ਰਿਹਾ ਹੈ। ਅਮਰੀਕੀ ਕਾਂਗਰਸ ਦੇ ਸੰਸਦ ਬੈਂਡਨ ਗਿਲ ਨੇ ਸ਼ੁੱਕਰਵਾਰ ਨੂੰ 'ਰਿਅਲ ਅਮਰੀਕਾਜ਼ ਵਾਈਸ' ਦੇ ਨਾਲ ਇਕ ਇੰਟਰਵਿਊ ਵਿਚ ਕਿਹਾ, 'ਮੈਂ ਆਪਣੇ ਖੋਜ ਖੇਤਰ ਤੋਂ ਲਗਾਤਾਰ ਸੁਣਦਾ ਹਾਂ ਕਿ ਲੋਕ ਡਲਾਸ ਖੇਤਰ ਦੇ ਇਸਲਾਮੀਕਰਨ ਨੂੰ ਲੈ ਕੇ ਡੂੰਘੀ ਤੇ ਨਿਰਾਸ਼ਾਜਨਕ ਚਿੰਤਾ ਪ੍ਰਗਟਾਉਂਦੇ ਹਨ।

ਰਾਸ਼ਟਰਵਾਦੀ ਵਿਚਾਰਧਾਰਾ ਦੇ ਕਾਨੂੰਨ ਨਿਰਮਾਤਾ ਨੇ ਕਿਹਾ ਕਿ ਉਨ੍ਹਾਂ ਦੇ ਚੋਣ ਖੇਤਰ ਦੇ ਲੋਕ 'ਮਸਜਿਦਾਂ ਦੇ ਬਾਰੇ 'ਚ ਸੁਣ ਰਹੇ ਹਨ ਜੋ ਉਸ ਜ਼ਮੀਨ ਦੇ ਕੋਲ ਤੇਜ਼ੀ ਵਧਦੇ ਜਾ ਰਹੇ ਹਨ।


# ਭਾਰਤ ਤੇ ਕੈਨੇਡਾ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ 'ਸਾਂਝੀ ਕਾਰਜ ਯੋਜਨਾ' ਬਣਾਉਣਗੇ

**ਨਵੀਂ ਦਿੱਲੀ:** ਭਾਰਤ ਤੇ ਕੈਨੇਡਾ ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਾਲੇ ਮੁੱਦਿਆਂ 'ਤੇ ਸਹਿਯੋਗ ਨੂੰ ਸੇਧ ਦੇਣ ਲਈ ਇਕ 'ਸਾਂਝਾ ਕਾਰਜ ਯੋਜਨਾ' ਤਿਆਰ ਕਰਨ 'ਤੇ ਸਹਿਮਤ ਹੋਏ ਹਨ। ਇਹ ਫੈਸਲਾ ਓਟਾਵਾ ਵਿਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਨਥਾਲੀ ਡ੍ਰੋਇਨ ਵਿਚਕਾਰ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਕਦਮ ਨੂੰ ਦੋਵਾਂ ਧਿਰਾਂ ਵਲੋਂ ਆਪਣੇ ਸਬੰਧਾਂ ਨੂੰ ਆਮ ਬਣਾਉਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ ਜੋ 2023 ਵਿਚ ਇੱਕ ਖ਼ਾਤਕੂ ਦੀ ਹੱਤਿਆ ਨੂੰ ਲੈ ਕੇ ਹੋਏ ਕੂਟਨੀਤਕ ਵਿਵਾਦ ਤੋਂ ਬਾਅਦ ਗੰਭੀਰ ਤਣਾਅ ਵਿਚ ਆ ਗਏ ਸਨ। ਐਨ.ਐਸ.ਏ. ਡੋਵਾਲ ਦੀ ਓਟਾਵਾ ਫੇਰੀ ਉਦੋਂ ਹੋਈ ਜਦੋਂ ਦੋਵੇਂ ਧਿਰਾਂ ਅਗਲੇ ਮਹੀਨੇ ਦੇ ਸ਼ੁਰੂ ਵਿਚ ਕੈਨੇਡੀਅਨ



ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਦੀ ਸੰਭਾਵਿਤ ਯਾਤਰਾ ਦੀਆਂ ਤਿਆਰੀਆਂ ਕਰ ਰਹੀਆਂ ਹਨ।


# ਡੀ.ਐੱਨ.ਏ. ਨਾਲ 'ਮਨੁੱਖੀ ਨਸਲ' ਦੀ ਤਿਆਰੀ 'ਚ ਸੀ ਐਪਸਟੀਨ



**ਨਵੀਂ ਦਿੱਲੀ:** ਜੈਫਰੀ ਐਪਸਟੀਨ, ਜੋ ਨਾਬਾਲਗ ਕੁੜੀਆਂ ਦੀ ਤਸਕਰੀ ਅਤੇ ਜਿਨਸੀ ਅਪਰਾਧਾਂ 'ਚ ਸ਼ਾਮਲ ਸੀ, ਪੈਸੇ ਅਤੇ ਪ੍ਰਭਾਵ ਦੀ ਵਰਤੋਂ ਕਰਕੇ ਆਪਣੇ ਡੀਐੱਨਏ ਤੋਂ ਇੱਕ ਵਿਸ਼ੇਸ਼ ਮਨੁੱਖੀ ਨਸਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। 2000 ਦੇ ਦਹਾਕੇ ਦੇ ਅਰੰਭ 'ਚ, ਐਪਸਟੀਨ ਨਿ ਨਿਊ ਮੈਕਸੀਕੋ ਦੇ ਸੈਂਟਾ ਫੇ ਦੇ ਨੇੜੇ ਆਪਣੇ 33,000 ਵਰਗ ਫੁੱਟ ਦੇ ਜ਼ੋਰੋ ਰੈਂਚ ਨੂੰ ਇੱਕ ਅਧਾਰ ਵਜੋਂ ਵਰਤਣਾ ਚਾਹੁੰਦਾ ਸੀ ਜਿੱਥੇ ਔਰਤਾਂ ਬੱਚਿਆਂ ਨੂੰ ਜਨਮ ਦੇਣਗੀਆਂ। ਉਹ ਆਪਣੇ ਅਧਾਰ ਨੂੰ ਬੱਚਿਆਂ ਦੇ ਫਾਰਮ 'ਚ ਬਦਲਣਾ ਚਾਹੁੰਦਾ ਸੀ। ਪਰ, ਇਸ ਗੱਲ ਤੋਂ ਦਾ ਕੋਈ ਸਬੂਤ ਨਹੀਂ ਹੈ ਕਿ ਉਸ ਦੇ ਕੋਈ ਬੱਚੇ ਹਨ। ਇਸ ਗੱਲ ਦਾ ਵੀ ਕੋਈ ਸਬੂਤ ਨਹੀਂ ਹੈ ਕਿ ਉਸਦੀ ਯੋਜਨਾ ਕਦੇ ਸਫਲ ਹੋਈ। ਆਲੋਚਕਾਂ ਨੇ ਇਸ ਵਿਚਾਰ ਦੀ ਤੁਲਨਾ 20ਵੀਂ ਸਦੀ ਦੀ : ਯੂਜੈਨਿਕਸ ਵਿਚਾਰਧਾਰਾ ਨਾਲ ਕੀਤੀ ਹੈ, ਜਿਸਨੂੰ ਬਾਅਦ 'ਚ ਨਾਜ਼ੀ ਜਰਮਨੀ ਨੇ ਖਤਰਨਾਕ ਤਰੀਕੇ ਨਾਲ ਅਪਣਾਇਆ 6 ਸੀ। ਐਪਸਟੀਨ ਚਾਹੁੰਦਾ ਸੀ ਕਿ ਉਸਦੇ ਫਾਰਮਹਾਊਸ 'ਚ 20 ਔਰਤਾਂ ਗਰਭਵਤੀ ਹੋਣ।

# ਨੋਬੇਲ ਸ਼ਾਂਤੀ ਪੁਰਸਕਾਰ ਵਿਜੇਤਾ ਨੂੰ ਹੋਈ ਸਜ਼ਾ

**ਦੁਬਈ:** ਈਰਾਨ ਨੇ ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਨਰਗਿਸ ਮੁਹੰਮਦੀ ਨੂੰ ਭੁੱਖ ਹੜਤਾਲ ਸ਼ੁਰੂ ਕਰਨ ਤੋਂ ਬਾਅਦ ਸੱਤ ਸਾਲ ਤੋਂ ਵੱਧ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਮੁਹੰਮਦੀ ਦੇ ਸਮਰਥਕਾਂ ਨੇ ਉਨ੍ਹਾਂ ਦੇ ਵਕੀਲ ਦਾ



ਹਵਾਲਾ ਦਿੱਤਾ, ਜਿਸਨੇ ਮੁਹੰਮਦੀ ਨਾਲ ਗੱਲ ਕੀਤੀ ਸੀ। ਮੁਹੰਮਦੀ ਦੇ ਵਕੀਲ ਮੁਸਤਫਾ ਨੀਲੀ ਨੇ ਸਜ਼ਾ ਦੀ ਪੁਸ਼ਟੀ ਕੀਤੀ।


# 31 ਮਾਰਚ ਤੋਂ ਪਹਿਲਾਂ ਹੋ ਜਾਵੇਗਾ ਮਾਓਵਾਦੀ ਹਿੰਸਾ ਦਾ ਖ਼ਾਤਮਾ: ਸ਼ਾਹ

## ਹਿੰਸਾ ਨਾਲ ਨਜਿੱਠਣ ਦੀ ਨੀਤੀ ਦੇ ਆਏ ਹਾਂ-ਪੱਖੀ ਨਤੀਜੇ ਆਉਣ ਦਾ ਕੀਤਾ ਦਾਅਵਾ

**ਰਾਏਪੁਰ:** ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ 31 ਮਾਰਚ ਤੋਂ ਪਹਿਲਾਂ ਹੀ ਦੇਸ਼ ਤੋਂ ਮਾਓਵਾਦੀ ਹਿੰਸਾ ਦਾ ਸਫਾਇਆ ਕਰ ਦਿੱਤਾ ਜਾਵੇਗਾ। ਉਨ੍ਹਾਂ ਨੇ ਐਕਸ 'ਤੇ ਇਕ ਪੋਸਟ ਵਿਚ ਲਿਖਿਆ ਕਿ ਸੁਰੱਖਿਆ-ਕੇਂਦਰਿਤ ਰਣਨੀਤੀ,

**ਇੱਥੋਂ ਦੇ ਨੌਜਵਾਨ ਖੇਡਾਂ, ਫੋਰੈਂਸਿਕ ਅਤੇ ਤਕਨੀਕੀ ਸਿੱਖਿਆ ਨੂੰ ਰਫ਼ਤਾਰ ਦਿੰਦੇ ਹੋਏ ਆਪਣੀ ਸੰਸਕ੍ਰਿਤੀ ਤੇ ਰਵਾਇਤਾਂ ਨੂੰ ਵੀ ਸੰਭਾਲ ਰਹੇ ਹਨ।**

ਬੁਨਿਆਦੀ ਢਾਂਚੇ ਦਾ ਵਿਕਾਸ, ਮਾਓਵਾਦੀਆਂ ਦੇ ਵਿੱਤੀ ਨੈੱਟਵਰਕ ਨੂੰ ਤੋੜਨਾ ਅਤੇ ਪੁਨਰਵਾਸ ਤੇ ਆਤਮ ਸਮਰਪਣ ਵਰਗੀਆਂ ਨੀਤੀਆਂ ਦੇ ਸਫਲ ਨਤੀਜੇ ਮਿਲੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਬਸਤਰ ਵਿਚ ਸੁਰੱਖਿਆ ਬਲਾਂ ਦੀ ਵਧਦੀ ਸਰਗਰਮੀ ਨੇ ਮਾਓਵਾਦੀਆਂ ਦਾ ਲੱਕ ਤੋੜ ਦਿੱਤੀ ਹੈ। ਗ੍ਰਹਿ ਮੰਤਰੀ ਨੇ ਐਤਵਾਰ ਨੂੰ ਨਵਾ ਰਾਇਪੁਰ ਵਿਚ ਖੱਬੇਪੱਖੀ ਅੱਤਵਾਦ (ਐਲਡਬਲਯੂਈ) ਬਾਰੇ ਬੈਠਕ ਵਿਚ ਸਮੀਖਿਆ ਕੀਤੀ। ਬੈਠਕ ਵਿੱਚ ਮੁੱਖ ਮੰਤਰੀ ਵਿਸ਼ਣੂ ਦੇਵ ਸਾਏ, ਉਪ ਮੁੱਖ ਮੰਤਰੀ ਵਿਜੇ ਸ਼ਰਮਾ, ਮਾਓਵਾਦੀ ਹਿੰਸਾ ਪ੍ਰਭਾਵਿਤ ਸੂਬਿਆ ਦੇ ਡੀਜੀਪੀ ਤੇ ਵੱਖ-ਵੱਖ ਜਾਂਚ : ਏਜੰਸੀਆਂ ਦੇ ਅਧਿਕਾਰੀ ਸ਼ਾਮਲ ਹੋਏ।



ਗ੍ਰਹਿ ਮੰਤਰੀ ਨੇ ਕਿਹਾ ਕਿ ਡਬਲ ਇੰਜਣ ਦੀ ਸਰਕਾਰ ਦੇਸ਼ 'ਚੋਂ ਮਾਓਵਾਦ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ। ਕਈ ਪੀੜ੍ਹੀਆਂ ਨੂੰ ਗਰੀਬੀ ਅਤੇ ਅਨਪੜ੍ਹਤਾ ਦੇ ਹਨੇਰੇ ਵਿਚ ਧੱਕਣ ਵਾਲੇ ਮਾਓਵਾਦ ਤੋਂ ਦੇਸ਼ ਜਲਦੀ ਹੀ ਛੁਟਕਾਰਾ ਪਾਉਣ ਵਾਲਾ ਹੈ।

ਮਾਓਵਾਦੀਆਂ ਖ਼ਿਲਾਫ਼ ਚੱਲ ਰਹੀ ਲੜਾਈ ਬਿਖਰੀ ਹੋਈ ਨਹੀਂ ਹੋਣੀ ਚਾਹੀਦੀ। ਵੱਖ-ਵੱਖ ਸੂਬਿਆਂ ਅਤੇ ਕੇਂਦਰੀ ਏਜੰਸੀਆਂ ਵਿਚਾਲੇ ਸੁਚਾਰੂ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਬਾਕੀ ਰਹੇ ਮਾਓਵਾਦੀਆਂ ਨੂੰ ਹੋਰਨਾਂ ਸੂਬਿਆਂ ਵਿਚ ਭੱਜਣ ਨਹੀਂ ਦਿੱਤਾ ਜਾਣਾ ਚਾਹੀਦਾ। ਜਿਹੜਾ ਛੱਤੀਸਗੜ੍ਹ ਕਦੇ ਮਾਓਵਾਦੀ ਹਿੰਸਾ ਦਾ ਗੜ੍ਹ ਸੀ, ਭਾਜਪਾ ਦੀ ਡਬਲ ਇੰਜਣ ਦੀ ਸਰਕਾਰ ਵਿਚ ਵਿਕਾਸ ਦਾ ਪ੍ਰਤੀਕ ਬਣ ਚੁੱਕਾ ਹੈ। ਇੱਥੋਂ ਦੇ ਨੌਜਵਾਨ ਖੇਡਾਂ, ਫੋਰੈਂਸਿਕ ਅਤੇ ਤਕਨੀਕੀ ਸਿੱਖਿਆ ਨੂੰ ਰਫ਼ਤਾਰ ਦਿੰਦੇ ਹੋਏ ਆਪਣੀ ਸੰਸਕ੍ਰਿਤੀ ਤੇ ਰਵਾਇਤਾਂ ਨੂੰ ਵੀ ਸੰਭਾਲ ਰਹੇ ਹਨ। ਅੰਕੜਿਆਂ ਮੁਤਾਬਕ, ਸੂਬੇ ਵਿਚ ਪਿਛਲੇ ਦੋ ਸਾਲਾਂ ਵਿਚ 500 ਤੋਂ ਵੱਧ ਮਾਓਵਾਦੀ ਮਾਰੇ ਗਏ ਹਨ ਜਿਨ੍ਹਾਂ ਵਿਚ ਬਸਵਰਾਜੂ ਵਰਗੇ ਵੱਡੇ ਹਿੰਸਕ ਸ਼ਾਮਲ ਹਨ।

ਕਈ ਮੁਹਿੰਮਾਂ ਦੌਰਾਨ 1,900 ਮਾਓਵਾਦੀ ਗ੍ਰਿਫ਼ਤਾਰ ਕੀਤੇ ਗਏ। ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ 2,500 ਮਾਓਵਾਦੀਆਂ ਨੇ ਹਥਿਆਰ ਛੱਡੇ।

# ਕਰਨਲ ਸੋਫੀਆ ਮਾਮਲੇ 'ਚ ਮੰਤਰੀ ਵਿਜੇ ਸ਼ਾਹ ਖਿਲਾਫ਼ ਚੱਲਦਾ ਰਹੇਗਾ ਕੇਸ



**ਭੋਪਾਲ:** ਕਰਨਲ ਸੋਫੀਆ ਕੁਰੈਸ਼ੀ ਖ਼ਿਲਾਫ਼ ਭੱਦੀ ਟਿੱਪਣੀ ਕਰਨ ਵਾਲੇ ਮੱਧ ਪ੍ਰਦੇਸ਼ ਸਰਕਾਰ ਦੇ ਜਨਜਾਤੀ ਕਾਰਜ ਵਿਭਾਗ ਦੇ ਮੰਤਰੀ ਵਿਜੇ ਸ਼ਾਹ ਦੇ ਮਾਮਲੇ ਵਿਚ ਸੂਬਾ ਸਰਕਾਰ ਮੁਕੱਦਮੇ ਦੀ ਮਨਜ਼ੂਰੀ ਦੇਵੇ ਜਾਂ ਨਾ ਦੇਵੇ, ਪਰ ਕੇਸ ਚੱਲਦਾ ਰਹੇਗਾ। ਕਦੀ ਨਾ ਕਦੀ ਪੁਲਿਸ ਨੂੰ ਸੰਬੰਧਿਤ ਅਦਾਲਤ ਵਿਚ ਚਲਾਨ ਪੇਸ਼ ਕਰਨਾ ਪਵੇਗਾ।


ਉਸ ਸਮੇਂ ਇਸ 'ਤੇ ਕੋਰਟ ਦੇ ਫੈਸਲੇ ਮੁਤਾਬਕ ਅਗਲੀ ਕਾਰਵਾਈ ਕੀਤੀ ਜਾਵੇਗੀ। ਸੀਨੀਅਰ ਵਕੀਲਾਂ ਦਾ ਕਹਿਣਾ ਹੈ ਕਿ ਜਿਵੇਂ ਕਿ ਐੱਫਆਈਆਰ ਦਰਜ ਹੈ, ਇਸ ਲਈ ਕਾਨੂੰਨੀ ਕਾਰਵਾਈ ਤਾਂ ਹੋਵੇਗੀ ਹੀ। ਜੇਕਰ ਮੁਕੱਦਮੇ ਦੀ ਮਨਜ਼ੂਰੀ ਨਹੀਂ ਮਿਲਦੀ ਤਾਂ ਕੋਈ ਵੀ ਵਿਅਕਤੀ ਹਾਈ। ਕੋਰਟ ਵਿਚ ਪਟੀਸ਼ਨ (ਰਿਟ ਪਟੀਸ਼ਨ) ਲਗਾ ਸਕਦਾ ਹੈ।

# ਲੇਖਕ ਭਾਈਚਾਰਾ ਦੇਸ਼ ਵਿਆਪੀ ਹੜਤਾਲ ਵਿਚ ਹੋਵੇਗਾ ਸ਼ਾਮਿਲ


## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਹੜਤਾਲ ਨੂੰ ਸਫ਼ਲ ਬਣਾਉਣ ਦਾ ਸੱਦਾ

**ਅੰਮ੍ਰਿਤਸਰ:** ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸਮੂਹ ਲੇਖਕਾਂ, ਵਿਦਵਾਨਾਂ ਅਤੇ ਚਿੰਤਕਾਂ ਨੂੰ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫ਼ਲ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ।

ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਇਹ ਹੜਤਾਲ ਕੇਂਦਰ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਖ਼ਿਲਾਫ਼ ਹੈ ਜੋ ਦੇਸ਼ ਦੀ ਅਰਥਵਿਵਸਥਾ, ਕਿਸਾਨੀ, ਮਜ਼ਦੂਰ ਵਰਗ ਅਤੇ ਲੋਕ-ਹਿਤੈਸ਼ੀ ਸਕੀਮਾਂ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੀਆਂ ਹਨ। ਇਸ ਹੜਤਾਲ ਦਾ ਮੁੱਖ ਮਕਸਦ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਸਬੰਧੀ ਮਾਰੂ ਨੀਤੀਆਂ ਦਾ ਸਖ਼ਤ ਵਿਰੋਧ, ਬਿਜਲੀ ਬਿੱਲ 2025, ਬੀਜ ਬਿੱਲ 2025 ਅਤੇ ਨਰੇਗਾ ਸਕੀਮ ਦੇ ਸਰੂਪ ਵਿਚ ਕੀਤੇ ਜਾ ਰਹੇ ਨੁਕਸਾਨਦਾਇਕ ਬਦਲਾਅ ਦੇ ਖ਼ਿਲਾਫ਼ ਸਖ਼ਤ ਆਵਾਜ਼ ਉਠਾਉਣਾ ਹੈ। ਇਸ ਦੇ ਨਾਲ ਹੀ ਚਾਰ ਲੇਬਰ ਕੋਡ ਰੱਦ ਕਰਕੇ ਉਨ੍ਹਾਂ ਦੀ ਥਾਂ ਮਜ਼ਦੂਰ-ਪੱਖੀ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਹੜਤਾਲ ਦੇ ਕੇਂਦਰੀ ਮਸਲਿਆਂ ਵਿਚ ਸ਼ਾਮਲ ਹੈ।







ਪ੍ਰੈੱਸ ਬਿਆਨ ਵਿੱਚ ਆਗੂਆਂ ਨੇ ਭਾਰਤ ਅਤੇ ਅਮਰੀਕਾ ਦਰਮਿਆਨ ਹੋ ਰਹੇ ਅਸਾਵੇਂ ਵਪਾਰ ਸਮਝੌਤੇ 'ਤੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਦੇਸ਼ ਦੀ ਆਰਥਿਕਤਾ ਲਈ ਘਾਤਕ ਸਾਬਤ ਹੋ ਸਕਦਾ ਹੈ ਅਤੇ ਖ਼ਾਸ ਤੌਰ 'ਤੇ ਨਿਮਨ ਕਿਸਾਨੀ, ਛੋਟੇ ਉਤਪਾਦਕਾਂ ਅਤੇ ਦੇਸੀ ਉਦਯੋਗਾਂ ਨੂੰ ਤਬਾਹੀ ਵੱਲ ਧੱਕੇਗਾ। ਇਸ ਲਈ ਇਸ ਸਮਝੌਤੇ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ।

ਸਭਾ ਦੇ ਆਗੂਆਂ ਨੇ ਕਿਹਾ ਕਿ ਉਪਰੋਕਤ ਸਾਰੇ ਮੁੱਦਿਆਂ ਵੱਲ ਸਰਕਾਰ ਦਾ ਧਿਆਨ ਦਿਵਾਉਣ ਲਈ ਜਨਤਕ ਜਥੇਬੰਦੀਆਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਕਲਮਕਾਰਾਂ ਵੱਲੋਂ 12 ਫਰਵਰੀ ਨੂੰ ਇੱਕ ਰੋਜ਼ਾ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ। ਇਸ ਹੜਤਾਲ ਨੂੰ ਸਫ਼ਲ ਬਣਾਉਣਾ ਸਮਾਜਿਕ ਜ਼ਿੰਮੇਵਾਰੀ ਹੈ।

ਕੇਂਦਰੀ ਸਭਾ ਦੇ ਅਹੁਦੇਦਾਰ ਸੈਲਿੰਦਰਜੀਤ ਸਿੰਘ ਰਾਜਨ, ਸੁਰਿੰਦਰਪ੍ਰੀਤ ਘਣੀਆ, ਦਲਜੀਤ ਸਿੰਘ ਸਾਹੀ, ਬਲਵਿੰਦਰ ਸੰਧੂ, ਮਨਜੀਤ ਇੰਦਰਾ, ਭੁਪਿੰਦਰਪ੍ਰੀਤ, ਡਾ. ਸ਼ਿੰਦਰਪਾਲ, ਡਾ. ਕਰਮਜੀਤ ਸਿੰਘ ਆਦਿ ਨੇ ਲੇਖਕਾਂ, ਵਿਦਵਾਨਾਂ ਅਤੇ ਚਿੰਤਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਹੜਤਾਲ ਵਿਚ ਸਰਗਰਮ ਸ਼ਮੂਲੀਅਤ ਕਰ ਕੇ ਲੋਕਤੰਤਰ, ਸਮਾਜਿਕ ਨਿਆਂ ਅਤੇ ਲੋਕ-ਹਿਤੀ ਨੀਤੀਆਂ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਨ।

# ਦੱਖਣੀ ਕਮਾਨ ਦੇ ਮੁਖੀ ਨੇ ਗੁਜਰਾਤ 'ਚ ਕੀਤੀ ਫ਼ੌਜੀ ਤਿਆਰੀ ਸਬੰਧੀ ਸਮੀਖਿਆ



**ਪੁਣੇ:** ਭਾਰਤੀ ਫ਼ੌਜ ਦੇ ਦੱਖਣੀ ਕਮਾਨ ਦੇ ਜਨਰਲ ਆਫਿਸਰ ਇਨ ਕਮਾਂਡਿੰਗ- ਇਨ-ਚੀਫ ਲੈਫਟੀਨੈਂਟ ਜਨਰਲ ਧੀਰਜ ਸੇਠ ਨੇ ਗੁਜਰਾਤ ਵਿਚ ਫ਼ੌਜੀ - ਤਿਆਰੀਆਂ ਦੀ ਵੱਡੇ ਪੱਧਰ 'ਤੇ ਸਮੀਖਿਆ ਕੀਤੀ। ਸਮੀਖਿਆ ਵਿਚ ਕ੍ਰੀਕ ਤੇ ਕੱਛ ਖੇਤਰਾਂ ਵਿਚ ਤਿਆਰੀਆਂ 'ਤੇ ਖ਼ਾਸ ਧਿਆਨ ਕੇਂਦਰਤ ਕੀਤਾ ਗਿਆ। ਇਹ ਜਾਣਕਾਰੀ ਐਤਵਾਰ ਨੂੰ ਇਕ ਬਿਆਨ ਵਿਚ ਦਿੱਤੀ ਗਈ। ਇਸ ਦੌਰੇ ਮੌਕੇ ਉਨ੍ਹਾਂ ਨੇ ਗੁਜਰਾਤ ਰੱਖਿਆ ਅਭਿਆਸ ਦਾ ਜਾਇਜ਼ਾ ਲਿਆ। ਭੁਜ ਫ਼ੌਜੀ ਸਟੇਸ਼ਨ 'ਤੇ ਉਨ੍ਹਾਂ ਨੇ ਨਵੀਂ ਦਿੱਲੀ ' ਦੇ ਫ਼ੌਜ ਹਸਪਤਾਲ ਵਿਚ ਅੱਖਾਂ ਦੀਆਂ ਮਾਹਿਰ ਟੀਮਾਂ ਦੇ ਸਹਿਯੋਗ ਨਾਲ ਕਰਵਾਏ ਮੈਗਾ ਸਰਜੀਕਲ ਆਈ ਕੈਂਪ ਦਾ ਉਦਘਾਟਨ ਕੀਤਾ। ਇਸ ਕੈਂਪ ਵਿਚ 120 ਤੋਂ ਵੱਧ ਪਿੰਡਾਂ ਤੋਂ ਆਏ 2500 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ। ਬਾਅਦ ਵਿਚ ਅਹਿਮਦਾਬਾਦ ਵਿਚ ਫ਼ੌਜ ਕਮਾਂਡਰ ਤੇ ਦੱਖਣੀ ਕਮਾਨ ਫ਼ੌਜ ਇਸਤਰੀ ਕਲਿਆਣ ਸੰਘ ਦੀ ਖੇਤਰੀ ਮੁਖੀ 'ਵੀਰ ਨਾਰੀਆਂ' ਤੇ 'ਵੀਰ ਮਾਵਾਂ' ਦੇ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੀ ਬਹਾਦਰੀ ਤੇ ਬਲੀਦਾਨ ਦੀ ਸ਼ਲਾਘਾ ਕੀਤੀ।

# ਰਾਹੁਲ ਗਾਂਧੀ ਦਾ ਜੈੱਨ ਜ਼ੀ ਨੂੰ ਸੰਦੇਸ਼-ਲਚਕੀਲੇ ਬਣੋ ਤੇ ਸਬਰ ਰੱਖੋ

**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਐਤਵਾਰ ਨੂੰ ਜੈੱਨ ਜ਼ੀ ਨੂੰ ਸਪੱਸ਼ਟ ਸੰਦੇਸ਼ ਦਿੱਤਾ- ਜ਼ਿੰਦਗੀ ਵਿਚ ਕੁਝ ਵੀ ਸਿੱਧਾ ਨਹੀਂ ਹੁੰਦਾ। ਇਸ ਲਈ ਲਚਕੀਲੇ ਬਣੋ ਅਤੇ ਸਬਰ ਰੱਖੋ। ਉਨ੍ਹਾਂ ਨੇ ਯੂਟਿਊਬ'ਤੇ ਯੂਏਈ ਦੇ ਐੱਨਆਰਆਈ ਵਿਦਿਆਰਥੀਆਂ ਨਾਲ ਹੋਈ ਹਾਲੀਆ ਗੱਲਬਾਤ ਦੀ ਵੀਡੀਓ ਸਾਂਝੀ ਕਰਦਿਆਂ ਇਹ ਸੰਦੇਸ਼ ਦਿੱਤਾ। ਰਾਹੁਲ ਗਾਂਧੀ ਨੇ ਲਿਖਿਆ, 'ਸੱਚੇ ਸਵਾਲ। ਇਮਾਨਦਾਰ ਜਵਾਬ। ਬਿਨਾਂ ਕਿਸੇ ਲਾਗ-ਲਪੇਟ ਦੇ।' ਯੂਏਈ ਦੇ ਨੌਜਵਾਨ ਐੱਨਆਰਆਈ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਅਸੀਂ ਪਛਾਣ, ਟੀਚਾ ਅਤੇ ਅੱਜ ਦੇ ਨੌਜਵਾਨਾਂ ਦੇ ਸਾਹਮਣੇ ਆਉਣ ਵਾਲੇ ਦਬਾਆਂ 'ਤੇ ਚਰਚਾ ਕੀਤੀ। ਇਸ ਦੌਰਾਨ ਜੈੱਨ ਜ਼ੀ ਦੇ ਕੁਝ ਸਭ ਤੋਂ ਮਹੱਤਵਪੂਰਨ ਮੁੱਦਿਆਂ 'ਤੇ ਗੱਲ ਕੀਤੀ ਗਈ।



# ਪਾਕਿਸਤਾਨ 'ਚ 10 ਦਿਨ ਰੁਕਣ ਦਾ ਵੇਰਵਾ ਦੇਣ ਗੋਗੋਈ: ਸਰਮਾ

**ਅਸਾਮ:** ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਵਿਰੋਧੀ ਧਿਰ ਦੇ ਡਿਪਟੀ ਲੀਡਰ ਤੇ ਅਸਾਮ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਗੌਰਵ ਗੋਗੋਈ ਦੇ ਪਾਕਿਸਤਾਨ ਕਨੈਕਸ਼ਨ ਨੂੰ ਲੈ ਕੇ ਵੱਡਾ ਦੋਸ਼ ਲਾਉਂਦੇ ਹੋਏ ਇਸ ਨੂੰ ਕੌਮੀ ਸੁਰੱਖਿਆ ਲਈ ਵੱਡਾ ਖ਼ਤਰਾ ਦੱਸਿਆ ਹੈ। ਉਨ੍ਹਾਂ ਨੇ ਗੋਗੋਈ ਤੇ ਉਨ੍ਹਾਂ ਦੀ ਬ੍ਰਿਟਿਸ਼ ਮੂਲ ਦੀ ਪਤਨੀ ਐਲਿਜ਼ਾਬੈਥ ਕੋਲਬਰਨ ਦੇ ਕਥਿਤ ਪਾਕਿਸਤਾਨ ਕਨੈਕਸ਼ਨ 'ਤੇ ਅਸਾਮ ਪੁਲਿਸ ਦੀ ਸੀਆਈਡੀ ਦੀ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਹੈ। ਇਸ ਰਿਪੋਰਟ ਵਿਚ ਭਾਰਤ ਵਿਰੁੱਧ ਵੱਡੀ ਸਾਜ਼ਿਸ਼ ਦੇ ਸ਼ੁਰੂਆਤੀ ਸਬੂਤਾਂ ਦਾ ਦਾਅਵਾ ਕਰਦੇ ਹੋਏ ਸਰਮਾ ਨੇ ਇਸ ਦੀ ਅੱਗੇ ਐੱਨਆਈਏ ਜਾਂ ਸੀਬੀਆਈ ਕੋਲੋਂ ਜਾਂਚ ਕਰਵਾਉਣ ਲਈ ਗ੍ਰਹਿ ਮੰਤਰਾਲਾ ਨੂੰ ਪੱਤਰ ਲਿਖਿਆ ਹੈ।



ਰਿਪੋਰਟ ਜਾਰੀ ਕਰਨ ਲਈ ਕਰਵਾਏ ਪੱਤਰਕਾਰ ਸੰਮੇਲਨ ਨੂੰ ਗੌਰਵ ਗੋਗੋਈ ਵੱਲੋਂ ਫਲਾਪ ਸ਼ੋਅ ਕਰਾਰ ਦਿੱਤੇ ਜਾਣ ਦਾ ਜਵਾਬ ਦਿੰਦੇ ਹੋਏ ਸਰਮਾ ਨੇ ਗੋਗੋਈ ਨੂੰ ਪਾਕਿਸਤਾਨ ਵਿਚ ਬਿਤਾਏ 10 ਦਿਨਾਂ ਦੇ ਪ੍ਰੋਗਰਾਮ ਦਾ ਵਿਸਥਾਰਤ ਵੇਰਵਾ ਜਨਤਕ ਕਰਨ ਦੀ ਚੁਣੌਤੀ ਦਿੱਤੀ। ਨਾਲ ਹੀ ਉਨ੍ਹਾਂ ਨੇ ਨਵੀਂ ਰਿਲੀ ਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਵਿਚ ਇਕ ਵਫ਼ਦ ਦੇ ਨਾਲ ਜਾਣ ਨੂੰ ਲੈ ਕੇ ਗੋਗੋਈ ਦੀ ਘੇਰਾਬੰਦੀ ਕੀਤੀ ਹੈ।

### ਸਰਮਾ 'ਸੀ-ਗ੍ਰੇਡ ਸਿਨੇਮਾ ਵਰਗਾ' : ਗੋਗੋਈ

ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਦੇ ਦੋਸ਼ਾਂ 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਗੌਰਵ ਗੋਗੋਈ ਨੇ 'ਐਕਸ' 'ਤੇ ਪੋਸਟ ਪਾਈ ਹੈ। ਉਨ੍ਹਾਂ ਨੇ ਸਰਮਾ ਦੀ ਪ੍ਰੈੱਸ ਕਾਨਫਰੰਸ ਨੂੰ 'ਸਦੀ ਦੀ ਸਭ ਤੋਂ ਵੱਡੀ ਫਲਾਪ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਤਾਂ ਸੀ-ਗ੍ਰੇਡ ਸਿਨੇਮਾ ਤੋਂ ਵੀ ਬਦਤਰ ਸੀ। ਸਰਮਾ ਨੇ ਬੇਤੁਕੇ ਤੇ ਬੇਬੁਨਿਆਦ ਨੁਕਤੇ ਪੇਸ਼ ਕੀਤੇ ਹਨ।

### 'ਲੀਡ ਪਾਕਿਸਤਾਨ' 'ਚ ਕੰਮ ਕਰਦੇ ਹੋਏ ਖੁਲ੍ਹਵਾਇਆ ਖਾਤਾ

ਸੀ.ਆਈ.ਡੀ ਦੀ ਜਾਂਚ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸਰਮਾ ਨੇ ਦਾਅਵਾ ਕੀਤਾ ਕਿ ਐੱਨ.ਜੀ.ਓ. 'ਲੀਡ ਪਾਕਿਸਤਾਨ' ਵਿਚ ਕੰਮ ਕਰਦੇ ਹੋਏ ਐਲਿਜ਼ਾਬੈੱਥ ਨੇ ਪਾਕਿਸਤਾਨ ਵਿਚ ਖਾਤਾ ਖੁਲ੍ਹਵਾਇਆ ਸੀ। ਸੀਆਈਡੀ ਦੀ ਪੁੱਛਗਿੱਛ ਵਿਚ ਐਲਿਜ਼ਾਬੈੱਥ ਨੇ ਖਾਤੇ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ। ਸਰਮਾ ਨੇ ਕਿਹਾ ਕਿ ਐਲਿਜ਼ਾਬੈੱਥ ਦਾ ਬ੍ਰਿਟੇਨ ਤੋਂ ਇਲਾਵਾ ਪਾਕਿਸਤਾਨ ਵਿਚ ਵੀ ਖਾਤਾ ਹੈ ਤੇ ਇਨ੍ਹਾਂ ਜ਼ਰੀਏ ਵਿੱਤੀ ਲੈਣ-ਦੇਣ ਵੀ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਗੋਗੋਈ ਵਿਰੁੱਧ ਚੋਣ ਲੜਣ ਵਾਲੇ ਉਮੀਦਵਾਰ ਜਲਦੀ ਸੀਆਈਡੀ ਸਾਹਹਣੇ ਐਲਿਜ਼ਾਬੈੱਥ ਦੇ ਬਿਆਨ ਦਾ ਹਵਾਲਾ ਦੇ ਕੇ ਚੋਣ ਕਮਿਸ਼ਨ 'ਚ ਸ਼ਿਕਾਇਤ ਕਰਨਗੇ।

ਸਰਮਾ ਨੇ 14 ਦਸੰਬਰ ਤੋਂ 24 ਦਸੰਬਰ 2013 ਤੱਕ ਗੌਰਵ ਗੋਗੋਈ ਦੀ ਪਾਕਿ ਯਾਤਰਾ ਨੂੰ ਲੈ ਕੇ ਵੱਡਾ ਹਮਲਾ ਕੀਤਾ ਤੇ ਕਿਹਾ ਕਿ ਉਸ ਸਮੇਂ ਉਨ੍ਹਾਂ ਦੇ ਪਿਤਾ ਤਰੁਣ ਗੋਗੋਈ ਅਸਾਮ ਦੇ ਮੁੱਖ ਮੰਤਰੀ ਸਨ। ਸੀਆਈਡੀ ਰਿਪੋਰਟ ਮੁਤਾਬਕ ਗੌਰਵ ਗੋਗੋਈ ਨੂੰ ਲਾਹੌਰ ਲਈ ਵੀਜ਼ਾ ਮਿਲਿਆ ਸੀ ਪਰ ਉਨ੍ਹਾਂ ਦੇ ਲਾਹੌਰ ਪਹੁੰਚਣ 'ਤੇ ਪਾਕਿ ਦੇ ਗ੍ਰਹਿ ਵਿਭਾਗ ਨੇ ਉਨ੍ਹਾਂ ਨੂੰ ਇਸਲਾਮਾਬਾਦ ਤੇ ਕਰਾਚੀ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਸੀ ਜਦਕਿ ਗੋਗੋਈ ਨੂੰ ਯਾਤਰਾ ਵੇਰਵੇ ਦੇਣੇ ਚਾਹੀਦੇ ਹਨ।

# ਅਨਿਲ ਅੰਬਾਨੀ ਅਤੇ ਪਤਨੀ ਟੀਨਾ ਅੰਬਾਨੀ ਨੂੰ ਈ.ਡੀ. ਵੱਲੋਂ ਨਵੇਂ ਸੰਮਨ

**ਮੁੰਬਈ:** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਅਤੇ ਉਨ੍ਹਾਂ ਦੀ ਪਤਨੀ ਟੀਨਾ ਅੰਬਾਨੀ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਨਵੇਂ ਸੰਮਨ ਜਾਰੀ ਕੀਤੇ ਹਨ।

68 ਸਾਲਾ ਟੀਨਾ ਅੰਬਾਨੀ ਸਾਬਕਾ ਅਦਾਕਾਰਾ ਵੀ ਹਨ ਜਿਨ੍ਹਾਂ ਨੂੰ ਫੈਡਰਲ ਏਜੰਸੀ ਨੇ ਸੋਮਵਾਰ ਨੂੰ ਪੇਸ਼ ਹੋਣ ਲਈ ਕਿਹਾ ਸੀ, ਪਰ ਉਹ ਨਹੀਂ ਪਹੁੰਚੇ। ਅਧਿਕਾਰੀਆਂ ਮੁਤਾਬਕ ਹੁਣ ਉਨ੍ਹਾਂ ਨੂੰ 17 ਫਰਵਰੀ ਨੂੰ ਅਤੇ ਅਨਿਲ ਅੰਬਾਨੀ ਨੂੰ 18 ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਦੇ ਬਿਆਨ 'ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ' ਤਹਿਤ ਦਰਜ ਕੀਤੇ ਜਾਣਗੇ।



ਜਾਣਕਾਰੀ ਅਨੁਸਾਰ ਟੀਨਾ ਅੰਬਾਨੀ ਨੂੰ ਨਿਊਯਾਰਕ ਦੇ ਮੈਨਹਟਨ ਵਿੱਚ ਇੱਕ ਲਗਜ਼ਰੀ ਕੰਡੋਮੀਨੀਅਮ ਦੇ ਲੈਣ-ਦੇਣ ਬਾਰੇ ਪੁੱਛਗਿੱਛ ਲਈ ਬੁਲਾਇਆ ਗਿਆ ਹੈ। ਈਡੀ ਨੇ ਹਾਲ ਹੀ ਵਿੱਚ ਰਿਲਾਇੰਸ ਕਮਿਊਨੀਕੇਸ਼ਨ ਦੇ ਸਾਬਕਾ ਪ੍ਰਧਾਨ ਪੁਨੀਤ ਗਰਗ ਨੂੰ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ। ਏਜੰਸੀ ਦਾ ਦਾਅਵਾ ਹੈ ਕਿ ਗਰਗ ਨੇ 2023 ਵਿੱਚ ਰਿਲਾਇੰਗ ਕਮਿਊਨੀਕੇਸ਼ਨ ਦੀ ਇਨਸੋਲਵੈਂਸੀ ਪ੍ਰਕਿਰਿਆ ਦੌਰਾਨ ਨਿਊਯਾਰਕ ਦੀ ਜਾਇਦਾਦ ਨੂੰ "ਧੋਖਾਧੜੀ" ਨਾਲ ਵੇਚਿਆ ਸੀ।

ਜਾਂਚ ਏਜੰਸੀ ਅਨੁਸਾਰ ਵਿਕਰੀ ਤੋਂ ਪ੍ਰਾਪਤ 8.3 ਮਿਲੀਅਨ ਅਮਰੀਕੀ ਡਾਲਰ (ਲਗਪਗ 69.55 ਕਰੋੜ ਰੁਪਏ) ਇੱਕ ਫਰਜ਼ੀ ਨਿਵੇਸ਼ ਪ੍ਰਬੰਧ ਰਾਹੀਂ ਦੁਬਈ ਸਥਿਤ ਇੱਕ ਇਕਾਈ ਨੂੰ ਭੇਜੇ ਗਏ ਸਨ ਜਿਸ ਨੂੰ ਇੱਕ ਪਾਕਿਸਤਾਨੀ ਮੂਲ ਦਾ ਵਿਅਕਤੀ ਚਲਾ ਰਿਹਾ ਸੀ। ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਈਡੀ ਨੇ ਅਨਿਲ ਧੀਰੂਭਾਈ ਅੰਬਾਨੀ ਗਰੁੱਪ ਦੇ ਖ਼ਿਲਾਫ ਬੈਂਕ ਧੋਖਾਧੜੀ ਅਤੇ ਵਿੱਤੀ ਬੇਨਿਯਮੀਆਂ ਦੇ ਕਈ ਮਾਮਲਿਆਂ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਇਸੇ ਜਾਂਚ ਵਜੋਂ ਹੁਣ ਤੱਕ 12,000 ਕਰੋੜ ਰੁਪਏ ਦੀਆਂ ਸੰਪਤੀਆਂ ਜ਼ਬਤ ਕੀਤੀਆਂ ਜਾ ਚੁੱਕੀਆਂ ਹਨ।

# ਸਪੀਕਰ ਨੇ ਸਦਨ 'ਚ ਬੋਲਣ ਦਾ ਦਿੱਤਾ ਸੀ ਭਰੋਸਾ: ਰਾਹੁਲ



ਬਜਟ ਇਜਲਾਸ ਦੇ 9ਵੇਂ ਦਿਨ ਵੀ ਲੋਕ ਸਭਾ ਦੀ ਕਾਰਵਾਈ ਕੇਵਲ 13 ਮਿੰਟ ਹੀ ਚਲ ਸਕੀ ਸੀ। ਵਿਰੋਧੀ ਧਿਰ ਸਦਨ 'ਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਦੇਣ ਦੀ ਮੰਗ ਕਰ ਰਹੀ ਸੀ। ਰਾਹੁਲ ਗਾਂਧੀ ਨੇ ਲੋਕ ਸਭਾ 'ਚ ਕਿਹਾ ਕਿ ਅਸੀਂ ਇਕ ਘੰਟਾ ਪਹਿਲਾਂ ਸਪੀਕਰ ਕੋਲ ਗਏ ਸੀ ਅਤੇ ਉਨ੍ਹਾਂ ਨੇ ਬਜਟ ਚਰਚਾ ਤੋਂ ਪਹਿਲਾਂ ਮੈਨੂੰ ਬੋਲਣ ਦੇਣ ਦਾ ਵਾਅਦਾ ਕੀਤਾ ਸੀ। ਤੁਸੀਂ ਮੈਨੂੰ ਬੋਲਣ ਨਹੀਂ ਦੇ ਰਹੇ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਮੈਨੂੰ ਬੋਲਣ ਦਿਓਗੇ ਜਾਂ ਨਹੀਂ। ਜਦੋਂ ਸਦਨ ਦੀ ਕਾਰਵਾਈ ਦੁਪਹਿਰ 3 ਵਜੇ ਸ਼ੁਰੂ ਹੋਈ ਤਾਂ ਸੰਧਿਆ ਰਾਏ (ਭਾਜਪਾ ਸੰਸਦ ਮੈਂਬਰ) ਸਪੀਕਰ ਦੀ ਕੁਰਸੀ 'ਤੇ ਬੈਠੀ ਸੀ। ਉਨ੍ਹਾਂ ਨੇ ਰਾਹੁਲ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਮੈਂ ਵੀ ਸਪੀਕਰ ਦੇ ਕੈਬਿਨ ਵਿਚ ਮੌਜੂਦ ਸੀ। ਅਜਿਹੀ ਕੋਈ ਵਚਨਬੱਧਤਾ ਨਹੀਂ ਕੀਤੀ ਗਈ ਸੀ। ਸੰਧਿਆ ਨੇ ਰਾਹੁਲ ਨੂੰ ਕਿਹਾ ਕਿ ਤੁਹਾਡੇ ਵਲੋਂ ਕਿਸੇ ਹੋਰ ਮੁੱਦੇ 'ਤੇ ਕੋਈ ਨੋਟਿਸ ਨਹੀਂ ਮਿਲਿਆ ਹੈ।ਜੇਕਰ ਬਜਟ 'ਤੇ ਚਰਚਾ ਕਰਨੀ ਹੈ ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਇਸ ਤੋਂ ਬਾਅਦ ਵਿਰੋਧੀ ਧਿਰ ਨੇ ਹੰਗਾਮਾ ਕੀਤਾ। ਇਸ ਤੋਂ ਬਾਅਦ ਲੋਕ ਸਭਾ ਦੀ ਕਾਰਵਾਈ ਮੰਗਲਵਾਰ ਸਵੇਰੇ 11 ਵਜੇ ਤੱਕ ਲਈ ਮੁਅੱਤਲ ਕਰ ਦਿੱਤੀ ਗਈ ਸੀ। ਵਿਰੋਧੀ ਧਿਰ ਲੋਕ ਸਭਾ ਸਪੀਕਰ ਓਮ ਬਿਰਲਾ ਖ਼ਿਲਾਫ਼ ਤਿੱਖੇ ਤੇਵਰ ਦਿਖਾ ਰਹੀ ਹੈ।

## ਸਰਕਾਰ ਅਤੇ ਵਿਰੋਧੀ...

(ਪਹਿਲੇ ਸਫ਼ੇ ਦਾ ਬਾਕੀ)

ਦੂਜੇ ਪਾਸੇ ਸਪੀਕਰ ਓਮ ਬਿਰਲਾ ਨੇ ਲੋਕ ਸਭਾ ਦੇ ਸਕੱਤਰ ਜਨਰਲ ਉਤਪਲ ਕੁਮਾਰ ਸਿੰਘ ਨੂੰ ਵਿਰੋਧੀ ਧਿਰਾਂ ਵਲੋਂ ਉਨ੍ਹਾਂ ਨੂੰ ਹਟਾਏ ਜਾਣ ਦੇ ਮਾਮਲੇ 'ਤੇ ਲਿਆਂਦੇ ਮਤੇ ਦੀ ਜਾਂਚ ਕਰਨ ਲਈ ਕਿਹਾ ਹੈ।

ਕਾਂਗਰਸ ਵਲੋਂ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਪੇਸ਼ ਕੀਤੇ ਗਏ ਨੋਟਿਸ ਵਿਚ ਕਿਹਾ ਗਿਆ ਹੈ ਕਿ ਕਈ ਮੌਕਿਆਂ 'ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤੇ ਉਨ੍ਹਾਂ ਦਾ ਲੋਕਤੰਤਰੀ ਅਧਿਕਾਰ ਖੋਹਿਆ ਗਿਆ ਹੈ। ਇਹ ਨੋਟਿਸ ਭਾਰਤ ਦੇ ਸੰਵਿਧਾਨ ਦੇ ਅਨੁਛੇਦ 94 (ਸੀ) ਦੇ ਉਪਬੰਧ ਅਨੁਸਾਰ ਦਿੱਤਾ ਗਿਆ ਹੈ ਕਿਉਂਕਿ ਲੋਕ ਸਭਾ ਦੇ ਕੰਮਕਾਜ ਨੂੰ ਚਲਾਉਣ ਲਈ ਪੱਖਪਾਤੀ ਵਿਹਾਰ ਕੀਤਾ ਜਾ ਰਿਹਾ ਹੈ।

ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਦਨ ਵਿੱਚ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ। ਸਦਨ ਦੇ ਬਾਹਰ ਵੀ ਸਿਆਸੀ ਪਾਰਾ ਵਧਿਆ। ਸਾਬਕਾ ਫੌਜ ਮੁਖੀ ਜਨਰਲ ਨਰਵਣੇ ਦੀ ਕਿਤਾਬ ਨਾਲ ਜੁੜੇ ਵਿਵਾਦ 'ਤੇ ਬੋਲਦਿਆਂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਜਾਂ ਤਾਂ ਸਾਬਕਾ ਫੌਜ ਮੁਖੀ ਝੂਠ ਬੋਲ ਰਹੇ ਹਨ ਜਾਂ ਫਿਰ ਸਰਕਾਰ ਪਰ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਜਨਰਲ ਨਰਵਣੇ ਕਦੇ ਝੂਠ ਨਹੀਂ ਬੋਲਣਗੇ। ਇਸ ਬਿਆਨ ਨੇ ਸਰਕਾਰ ਚੱਲ ਰਹੀ ਖਿੱਚੋਤਾਣ ਨੂੰ ਹੋਰ ਤੇਜ਼ ਕਰ ਦਿੱਤਾ ਹੈ।

# ਪਠਾਣਮਾਜਰਾ ਵਿਰੁੱਧ ਦਰਜ ਹੋਈ ਐਫ਼ ਆਈ.ਆਰ. ਰੱਦ

**ਚੰਡੀਗੜ੍ਹ:** ਵਿਧਾਇਕ ਪਠਾਣਮਾਜਰਾ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਖ਼ਿਲਾਫ਼ ਦਰਜ ਐਫ ਆਈ ਆਰ ਅਤੇ ਹੇਠਲੀ ਅਦਾਲਤ ਵੱਲੋਂ ਜਾਰੀ ਸੰਮਨ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਪਠਾਣਮਾਜਰਾ 'ਤੇ ਚੋਣਾਂ ਦੌਰਾਨ ਦਿੱਤੇ ਗਏ ਹਲਫ਼ਨਾਮੇ ਵਿੱਚ ਗਲਤ ਜਾਣਕਾਰੀ ਦੇਣ ਦੇ ਦੋਸ਼ ਲੱਗੇ ਸਨ।

ਜਸਟਿਸ ਤ੍ਰਿਭੁਵਨ ਦਹੀਆ ਨੇ ਪਟੀਸ਼ਨ ਨੂੰ ਮਨਜ਼ੂਰੀ ਦਿੰਦਿਆਂ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿੱਚ ਪੁਲਿਸ ਵੱਲੋਂ ਐਫ ਆਈ ਆਰ ਦਰਜ ਕਰਨਾ ਅਤੇ ਬਾਅਦ ਵਿੱਚ ਮੈਜਿਸਟ੍ਰੇਟ ਵੱਲੋਂ ਸੰਮਨ ਜਾਰੀ ਕਰਨਾ ਕਾਨੂੰਨੀ ਤੌਰ 'ਤੇ ਅਧਿਕਾਰ ਖੇਤਰ ਤੋਂ ਬਾਹਰ ਸੀ।



ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਪਠਾਣਮਾਜਰਾ ਵਿਰੁੱਧ ਲਾਏ ਗਏ ਸਾਰੇ ਦੋਸ਼ 'ਨਾਨ-ਕੋਗਨੀਜ਼ੇਬਲ' (ਗੈਰ-ਦਸਤਅੰਦਾਜ਼ੀ) ਸਨ, ਜਿਨ੍ਹਾਂ ਵਿੱਚ ਪੁਲਿਸ ਮੈਜਿਸਟ੍ਰੇਟ ਦੀ ਇਜਾਜ਼ਤ ਤੋਂ ਬਿਨ ਨਾ ਤਾਂ ਐਫ ਆਈ ਆਰ ਦਰਜ ਕਰ ਸਕਦੀ ਹੈ ਅਤੇ ਨਾ ਹੀ ਜਾਂਚ ਕਰ ਸਕਦੀ ਹੈ। ਹਾਈ ਕੋਰਟ ਨੇ ਪਾਇਆ ਕਿ ਰਿਟਰਨਿੰਗ ਅਫ਼ਸਰ ਵੱਲੋਂ ਪੁਲਿਸ ਨੂੰ ਲਿਖੀ ਗਈ ਚਿੱਠੀ ਦੇ ਆਧਾਰ 'ਤੇ ਸਿੱਧੀ ਐਫ ਆਈ ਆਰ ਦਰਜ ਕਰਨਾਦ ਧਾਰਾ 155 ਦੀ ਉਲੰਘਣਾ ਸੀ। ਇਸ ਦੇ ਨਾਲ ਹੀ ਅਦਾਲਤ ਨੇ ਪਟਿਆਲਾ ਦੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਜਾਰੀ ਸੰਮਨਾਂ ਨੂੰ ਵੀ ਗਲਤ ਦੱਸਿਆ ਕਿਉਂਕਿ ਸ਼ਿਕਾਇਤ ਮੈਜਿਸਟ੍ਰੇਟ ਨੂੰ ਨਹੀਂ ਬਲਕਿ ਡੀ.ਐੱਸ.ਪੀ. ਨੂੰ ਸੰਬੋਧਿਤ ਸੀ।

## ਜਨਰਲ ਨਰਵਣੇ ਦੀ...

(ਪਹਿਲੇ ਸਫ਼ੇ ਦਾ ਬਾਕੀ)

"ਉਪਲੱਬਧ" ਹੋਣ ਬਾਰੇ ਪੋਸਟ ਪਾਈ ਸੀ। ਗਾਂਧੀ ਨੇ ਸਾਫ਼ ਕਿਹਾ ਕਿ ਉਹ ਪੇਂਗੁਇਨ ਦੀ ਬਜਾਏ ਸਾਬਕਾ ਫ਼ੌਜ ਮੁਖੀ ਦੀ ਗੱਲ 'ਤੇ ਜ਼ਿਆਦਾ ਵਿਸ਼ਾ ਕਰਦੇ ਹਨ।

ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਜਨਰਲ ਨਰਵਣੇ ਦੀ ਸੋਸ਼ਲ ਮੀਡੀਆ ਵਾਲੀ ਪੋਸਟ ਪੜ੍ਹ ਕੇ ਸੁਣਾਈ, ਜਿਸ ਵਿੱਚ ਲਿਖਿਆ ਸੀ "ਹੈਲੋ ਦੋਸਤੋ। ਮੇਰੀ ਕਿਤਾਬ ਹੁਣ ਉਪਲੱਬਧ ਹੈ। ਬੱਸ ਲਿੰਕ ਦਾ ਪਾਲਣ ਕਰੋ। ਪੜ੍ਹ ਕੇ ਖ਼ੁਸ਼ੀ ਹੋਵੇਗੀ। ਜੈ ਹਿੰਦ।" ਰਾਹੁਲ ਗਾਂਧੀ ਨੇ ਸਵਾਲ ਚੁੱਕਿਆ ਕਿ ਜਾਂ ਤਾਂ ਜਨਰਲ ਨਰਵਣੇ ਝੂਠ ਬੋਲ ਰਹੇ ਹਨ ਜਾਂ ਫਿਰ ਪੇਂਗੁਇਨ, ਕਿਉਂਕਿ ਦੋਵੇਂ ਗੱਲਾਂ ਇੱਕੋ ਸਮੇਂ ਸੱਚ ਨਹੀਂ ਹੋ ਸਕਦੀਆਂ। ਉਨ੍ਹਾਂ ਕਿਹਾ, "ਮੈਂ ਸਾਬਕਾ ਫ਼ੌਜ ਮੁਖੀ 'ਤੇ ਵਿਸ਼ਵਾਸ ਕਰਦਾ ਹਾਂ, ਮੈਨੂੰ ਨਹੀਂ ਲੱਗਦਾ ਕਿ ਉਹ ਬੋਲਣਗੇ।"

ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਪੇਂਗੁਇਨ ਭਾਵੇਂ ਕਿਤਾਬ ਨਾ ਛਪਣ ਦੀ ਗੱਲ ਕਹਿ ਰਿਹਾ ਹੈ, ਪਰ ਇਹ ਕਿਤਾਬ ਐਮਾਜ਼ਾਨ 'ਤੇ ਉਪਲੱਬਧ ਹੈ ਅਤੇ ਜਨਰਲ ਨਰਵਣੇ ਨੇ ਖ਼ੁਦ 2023 ਵਿੱਚ ਇਸ ਨੂੰ ਖ਼ਰੀਦਣ ਲਈ ਟਵੀਟ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਨਰਵਣੇ ਨੇ ਕਿਤਾਬ ਵਿੱਚ ਅਜਿਹੀਆਂ ਗੱਲਾਂ ਕਹੀਆਂ ਹਨ ਜੋ ਮੋਦੀ ਸਰਕਾਰ ਲਈ "ਅਸੁਵਿਧਾਜਨਕ" ਹਨ, ਜਿਸ ਕਾਰਨ ਇਹ ਸਾਰਾ ਵਿਵਾਦ ਖੜ੍ਹਾ ਹੋ ਰਿਹਾ ਹੈ। ਹੁਣ ਫੈਸਲਾ ਲੋਕਾਂ ਨੇ ਕਰਨਾ ਹੈ ਕਿ ਉਹ ਕਿਸ ਦੀ ਗੱਲ ਨੂੰ ਸੱਚ ਮੰਨਦੇ ਹਨ।

ਗੌਰਤਲਬ ਹੈ ਕਿ ਪੇਂਗੁਇਨ ਰੈਂਡਮ ਹਾਊਸ ਇੰਡੀਆ ਨੇ ਬਿਆਨ ਦਿੱਤਾ ਸੀ ਕਿ ਉਹ ਸਾਬਕਾ ਫ਼ੌਜ ਮੁਖੀ ਜਨਰਲ ਮਨੋਜ ਮੁਕੁੰਦ ਨਰਵਣੇ ਦੀਆਂ ਯਾਦਾਂ "ਫੋਰ ਸਟਾਰਸ ਆਫ ਡੈਸਟੀਨੀ" ਦੇ ਵਿਸ਼ੇਸ਼ ਪ੍ਰਕਾਸ਼ਨ ਅਧਿਕਾਰ ਰੱਖਦਾ ਹੈ ਅਤੇ ਸਪੱਸ਼ਟ ਹੈ ਕਿ ਅਣਅਧਿਕਾਰਤ ਕਾਪੀਆਂ ਦੇ ਪ੍ਰਚਲਿਤ ਹੋਣ। ਦੀਆਂ ਰਿਪੋਰਟਾਂ ਵਿਚਾਲੇ ਕਿਤਾਬ ਅਜੇ ਤੱਕ ਪ੍ਰਕਾਸ਼ਿਤ ਨਹੀਂ। ਹੋਈ ਹੈ।

# ਪੰਜਾਬੀ ਗਾਇਕਾ ਤੇ ਉਸਦਾ ਭਰਾ ਹੈਰੋਇਨ ਸਣੇ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਪੁਲੀਸ ਵੱਲੋਂ ਸੂਬੇ ਵਿੱਚੋਂ ਗੈਂਗਸਟਰਾਂ ਦਾ ਖ਼ਾਤਮਾ ਕਰਨ ਲਈ ਬੀਤੇ ਕੱਲ੍ਹ ਤੋਂ ਹੀ 72 ਘੰਟਿਆਂ ਲਈ ਅਪਰੇਸ਼ਨ ਪ੍ਰਹਾਰ-2 ਚਲਾਇਆ ਜਾ ਰਿਹਾ ਹੈ। ਇਸ ਦੌਰਾਨ ਦੋ ਹਜ਼ਾਰ ਤੋਂ ਵੱਧ ਟੀਮਾਂ ਵੱਲੋਂ ਸੂਬੇ ਭਰ ਵਿੱਚ ਛਾਪੇਮਾਰੀ ਕਰ ਰਹੀਆਂ ਹਨ। ਮੀਡੀਆ ਨਾਲ ਗੱਲਬਾਤ ਦੌਰਾਨ ਇਹ ਜਾਣਕਾਰੀ ਡੀ.ਜੀ.ਪੀ.ਗੌਰਵ ਯਾਦਵ ਨੇ ਦਿੱਤੀ ਸੀ। ਇਸੇ ਤਹਿਤ ਮਾਛੀਵਾੜਾ ਪੁਲਿਸ ਨੇ ਸਵੇਰੇ 4 ਵਜੇ ਸ਼ੱਕੀਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਅਤੇ ਕਈ ਲੋਕਾਂ ਨੂੰ ਹਿਰਾਸਤ ਵਿਚ ਲਿਆ, ਜਿਨ੍ਹਾਂ ਵਿੱਚੋਂ ਚਾਰ ਤੋਂ ਨਸ਼ੀਲੇ ਪਦਾਰਥ ਮਿਲੇ। ਪੁਲਿਸ ਨੇ ਪੰਜਾਬੀ ਗਾਇਕਾ ਪਰਮਜੀਤ ਕੌਰ ਪੰਮੀ ਅਤੇ ਉਸਦੇ ਭਰਾ ਨੂੰ ਨਸ਼ੀਲੇਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਸਟੇਸ਼ਨ ਹਾਊਸ ਅਫਸਰ ਪਵਿੱਤਰ ਸਿੰਘ ਨੇ ਦੱਸਿਆ ਕਿ ਐਸਐਸਪੀ ਦਰਪਨ ਆਹਲੂਵਾਲੀਆ ਦੇ ਨਿਰਦੇਸ਼ਾਂ 'ਤੇ ਇਲਾਕੇ ਦੇ 22 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਪੁਲਿਸ ਨੇ ਇਨ੍ਹਾਂ ਸ਼ੱਕੀ ਥਾਵਾਂ ਤੋਂ 13 ਲੋਕਾਂ ਨੂੰ ਹਿਰਾਸਤ ਵਿਚ ਲਿਆ। ਜਾਣਕਾਰੀ ਅਨੁਸਾਰ ਸਰਵਣ ਸਿੰਘ ਤੇ ਪਰਮਜੀਤ ਕੌਰ ਦੋਵੇਂ ਪਿੰਡ ਰਹੀਮਾਬਾਦ ਖੁਰਦ ਦੇ ਨਿਵਾਸੀ ਹਨ ਜੋ ਆਪਸ ਵਿਚ ਭਰਾ-ਭੈਣ ਹਨ। ਥਾਣਾ ਮੁਖੀ ਨੇ ਦੱਸਿਆ ਕਿ ਨਸ਼ੇ ਖ਼ਿਲਾਫ਼ ਚਲ ਰਹੀ ਮੁਹਿੰਮ ਤਹਿਤ ਪੁਲਿਸ ਲਗਾਤਾਰ ਸਖ਼ਤ ਕਾਰਵਾਈ ਕਰ ਰਹੀ ਹੈ। ਇਸ ਦੌਰਾਨ ਪੁਲਿਸ ਪਾਰਟੀ ਜਦੋਂ ਕੁਹਾੜਾ ਰੋਡ ਅਢਿਆਣਾ ਬੱਸ ਸਟੈਂਡ ਨੇੜੇ ਗਸ਼ਤ ਕਰ ਰਹੀ ਸੀ ਤਾਂ ਇੱਕ ਨੌਜਵਾਨ ਅਤੇ ਇੱਕ ਔਰਤ ਸ਼ੱਕੀ ਹਾਲਤ ਵਿਚ ਖੜੇ ਗੱਲਾਂ ਕਰ ਰਹੇ ਸਨ। ਪੁਲਿਸ ਨੂੰ ਦੇਖ ਕੇ ਦੋਵੇਂ ਘਬਰਾ ਗਏ ਅਤੇ ਬੱਸ ਅੱਡੇ ਅੰਦਰ ਵੜ ਕੇ ਬੈਠ ਗਏ। ਪੁਲਿਸ ਵੱਲੋਂ ਸ਼ੱਕ ਦੇ ਆਧਾਰ 'ਤੇ ਜਦੋਂ ਦੋਹਾਂ ਦੀ ਤਲਾਸ਼ੀ ਲਈ ਗਈ ਤਾਂ ਸੁੱਟੀ ਹੋਈ ਲਿਫਾਫੀ ਵਿੱਚੋਂ 8 ਗ੍ਰਾਮ ਹੈਰੋਇਨ ਬਰਾਮਦ ਹੋਈ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਵਪਾਰ ਸਮਝੌਤੇ ਨਾਲ ਕਿਸਾਨਾਂ ਨੂੰ ਮਿਲਣਗੇ ਮੌਕੇ: ਸ਼ਿਵਰਾਜ ਸਿੰਘ ਚੌਹਾਨ

**ਭੋਪਾਲ:** ਕੇਂਦਰੀ ਖੇਤੀ ਤੇ ਗ੍ਰਾਮੀਣ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਚ ਕੋਈ ਵੀ ਅਜਿਹਾ ਉਤਪਾਦ ਸ਼ਾਮਲ ਨਹੀਂ ਕੀਤਾ ਗਿਆ ਜਿਸ ਨਾਲ ਭਾਰਤੀ ਕਿਸਾਨਾਂ ਨੂੰ ਨੁਕਸਾਨ ਹੋਵੇ। ਇਸ ਸਮਝੌਤੇ ਨਾਲ ਉਨ੍ਹਾਂ ਨੂੰ ਨਵੇਂ ਮੌਕੇ ਮਿਲਣਗੇ। ਭਾਰਤੀ ਕਿਸਾਨਾਂ ਨੂੰ ਤਾਕਤ ਦੇਣ ਵਾਲੇ ਖੇਤੀ ਤੇ ਡੇਅਰੀ ਉਤਪਾਦ ਅਤੇ ਮਸਾਲੇ ਇਸ ਸਮਝੌਤੇ ਤੋਂ ਬਾਹਰ ਰੱਖੇ ਗਏ ਹਨ। ਸ਼ਿਵਰਾਜ ਸਿੰਘ ਨੇ ਕਿਹਾ ਕਿ ਭਾਰਤ ਵਿਚ ਕਿਸੇ ਵੀ ਕਿਸਮ ਦੇ ਜੈਵਿਕ ਤੌਰ 'ਤੇ ਸੋਧੇ ਯਾਨੀ ਜੀਐੱਮ ਉਤਪਾਦਾਂ ਨੂੰ ਦਾਖ਼ਲੇ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਇਹ ਇਕ ਬਹੁਤ ਵੱਡਾ ਫੈਸਲਾ ਹੈ। ਇਸ ਨਾਲ ਭਾਰਤੀ ਖੇਤੀ ਦੀ ਸ਼ੁੱਧਤਾ ਬਣੀ ਰਹੇਗੀ, ਸਾਡੀ ਮਿੱਟੀ ਅਤੇ ਸਾਡੇ ਬੀਜ ਸੁਰੱਖਿਅਤ ਰਹਿਣਗੇ।

ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸ਼ਿਵਰਾਜ ਸਿੰਘ ਨੇ ਦੱਸਿਆ ਕਿ ਸੋਇਆਬੀਨ, ਮੱਕੀ, ਚੌਲ, ਕਣਕ, ਖੰਡ, ਮੋਟੇ ਅਨਾਜ, ਪੋਲਟਰੀ, ਡੇਅਰੀ, ਕੇਲੇ, ਸਟਰਾਬੇਰੀ, ਚੈਰੀ, ਖੱਟੇ ਫਲ, ਹਰੇ ਮਟਰ, ਕਾਬਲੀ ਛੋਲੇ, ਮੂੰਗੀ, ਤਿਲ, ਈਥੇਨਾਲ ਅਤੇ ਤੰਬਾਕੂ ਵਰਗੇ ਉਤਪਾਦਾਂ 'ਤੇ ਟੈਰਿਫ ਵਿਚ ਕੋਈ ਛੋਟ ਨਹੀਂ ਦਿੱਤੀ ਗਈ। ਇਹ ਸਮਝੌਤਾ 'ਕਮਿਟਮੈਂਟ' ਦਾ ਹੈ, 'ਕੰਪ੍ਰੋਮਾਈਜ਼' ਦਾ ਨਹੀਂ। ਇਹ ਡਿਪਲੋਮੈਸੀ, ਡਿਵੈਲਪਮੈਂਟ ਅਤੇ ਡਿਗਨਿਟੀ ਦੀ ਇਕ ਸ਼ਾਨਦਾਰ ਮਿਸਾਲ ਹੈ। ਡਿਪਲੋਮੈਸੀ ਦਾ ਮਤਲਬ ਹੈ ਰਾਸ਼ਟਰ ਪਹਿਲਾਂ, ਡਿਵੈਲਪਮੈਂਟ ਦਾ ਮਤਲਬ ਹੈ ਵਿਕਸਿਤ ਭਾਰਤ ਦੀ ਦਿਸ਼ਾ ਵਿਚ ਵਧਦੇ ਕਦਮ ਅਤੇ ਡਿਗਨਿਟੀ ਦਾ ਮਤਲਬ ਹੈ ਕਿਸਾਨਾਂ ਦੇ ਮਾਣ-ਸਨਮਾਨ ਦਾ ਪੂਰਾ ਧਿਆਨ ਰੱਖਿਆ ਗਿਆ ਹੈ।



## ਵੈਂਟੀਲੇਟਰ 'ਤੇ ਚਲੀ ਗਈ ਹੈ ਵਿਰੋਧੀ ਧਿਰ

ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਵਿਰੋਧੀ ਧਿਰ ਕਿੰਨਾ ਵੀ ਰੌਲਾ ਪਾ ਲਵੇ, ਪਰ ਡੂੰਘਾਈ ਨਾਲ ਦੇਖੀਏ ਤਾਂ ਮਹੱਤਵਪੂਰਨ ਖੇਤੀ ਉਤਪਾਦ ਇਸ ਸਮਝੌਤੇ ਤੋਂ ਬਾਹਰ ਰੱਖੇ ਗਏ ਹਨ। ਵਿਰੋਧੀ ਧਿਰ ਵੈਂਟੀਲੇਟਰ 'ਤੇ ਚਲੀ ਗਈ ਹੈ। ਉਹ ਪੀਐੱਮ ਮੋਦੀ ਦਾ ਵਿਰੋਧ. ਕਰਦੇ-ਕਰਦੇ ਕਈ ਵਾਰ ਦੇਸ਼ ਦਾ ਵਿਰੋਧ ਕਰਨ ਲੱਗਦੇ ਹਨ। ਕੁਝ ਚੀਜ਼ਾਂ ਨੂੰ ਰਾਜਨੀਤੀ ' ਤੋਂ ਉਪਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਵਿਰੋਧੀ ਧਿਰ ਦਾ ਰਵੱਈਆ ਹਰ ਹਾਂ- ਪੱਖੀ ਪਹਿਲ ਦਾ ਵਿਰੋਧ ਕਰਨਾ ਬਣ ਗਿਆ ਹੈ।

## ਭਾਰਤ ਨਹੀਂ ਆਉਣਗੇ ਇਹ ਉਤਪਾਦ

ਪ੍ਰਮੁੱਖ ਅਨਾਜ, ਪ੍ਰਮੁੱਖ ਫਲ, ਸਾਡੇ ਡੇਅਰੀ ਉਤਪਾਦ ਭਾਰਤ ਵਿਚ ਲਿਆਉਣ ਲਈ ਅਮਰੀਕਾ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਛਿਲਕਾ ਰਹਿਤ ਅਨਾਜ, ਆਟਾ, ਕਣਕ, ਮੱਕੀ, ਚੌਲ, ਬਾਜਰਾ, ਆਲੂ, ਪਿਆਜ਼, ਮਟਰ, ਬੀਨ, ਖੀਰਾ, ਮਸ਼ਰੂਮ, ਦਾਲਾਂ ਵਾਲ਼ੇ ਉਤਪਾਦ, ਫਰੋਜ਼ਨ ਸਬਜ਼ੀਆਂ, ਸੰਤਰੇ, ਅੰਗੂਰ, ਨਿੰਬੂ, ਸਟ੍ਰਾਬੇਰੀ ਵਰਗੇ ਅਮਰੀਕੀ ਖੇਤੀ ਉਤਪਾਦ ਭਾਰਤ ਨਹੀਂ ਆਉਣਗੇ। ਇਸ ਤੋਂ ਇਲਾਵਾ ਮਿਕਸਡ ਡੱਬਾਬੰਦ ਸਬਜ਼ੀਆਂ ਵੀ ਭਾਰਤ ਨਹੀਂ ਆਉਣਗੀਆਂ। ਭਾਰਤ ਅਮਰੀਕਾ ਤੋਂ ਕਾਲੀ ਮਿਰਚ, ਲੌਂਗ, ਸੁੱਕੀ ਹਰੀ- ਮਿਰਚ, ਦਾਲਚੀਨੀ, ਧਨੀਆ, ਜ਼ੀਰਾ, ਹਿੰਗ, ਅਦਰਕ, ਹਲਦੀ, ਅਜਵਾਈਨ, ਮੇਥੀ, ਕੇਸੀਆ, ਸਰ੍ਹੋਂ, ਰਾਈ ਅਤੇ ਹੋਰ ਪਾਊਡਰ ਮਸਾਲੇ ਨਹੀਂ ਮੰਗਵਾਏਗਾ, ਜਿਸ ਦਾ ਮਤਲਬ ਹੈ ਕਿ ਸਾਡੇ ਮਸਾਲੇ ਸੁਰੱਖਿਅਤ ਹਨ।

# ਦਲਿਤ ਵਿਰੋਧੀ ਮਾਨਸਿਕਤਾ ਵਾਲੀ ਪਾਰਟੀ ਹੈ ਕਾਂਗਰਸ: 'ਆਪ'

## ਕੈਬਨਿਟ ਮੰਤਰੀ ਖ਼ਿਲਾਫ਼ ਕੀਤੀ ਟਿੱਪਣੀ ਦਾ ਲਿਆ ਸਖ਼ਤ ਨੋਟਿਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਆਗੂਆਂ ਨੇ ਕਾਂਗਰਸ ਆਗੂ ਬਾਜਵਾ ਵੱਲੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਬਾਰੇ ਗਈ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਾਂਗਰਸ ਪਾਰਟੀ ਨੂੰ ਦਲਿਤ ਵਿਰੋਧੀ ਮਾਨਸਿਕਤਾ ਵਾਲੀ ਦੱਸਿਆ ਅਤੇ ਬਾਜਵਾ ਅਤੇ ਕਾਂਗਰਸ ਪਾਰਟੀ ਨੂੰ ਮੁਆਫ਼ੀ ਮੰਗਣ ਜਾਂ ਸਖ਼ਤ ਕਾਨੂੰਨੀ ਅਤੇ ਰਾਜਨੀਤਿਕ ਕਾਰਵਾਈ ਦਾ ਸਾਹਮਣਾ ਕਰਨ ਦੀ ਸਖ਼ਤ ਚਿਤਾਵਨੀ ਦਿੱਤੀ। ਚੀਮਾ ਨੇ ਬਾਜਵਾ ਦੀਆਂ ਟਿੱਪਣੀਆਂ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਜਿਹਾ ਵਿਅਕਤੀ ਹੈ ਜੋ ਗਰੀਬੀ ਤੋਂ ਉੱਠਿਆ, ਸਿਵਲ ਸੇਵਾ ਪ੍ਰੀਖਿਆ ਪਾਸ ਕੀਤੀ ਅਤੇ ਪੰਜਾਬ ਅਲਾਈਡ ਸਰਵਿਸਿਜ਼ ਵਿੱਚ ਈਟੀਓ ਬਣਿਆ। ਸਮਾਜ ਸੇਵਾ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਉਹ ਨੌਕਰੀ ਤੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਿਆ।

ਆਮ ਆਦਮੀ ਪਾਰਟੀ ਨੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਮੰਤਰੀ ਨਿਯੁਕਤ ਕੀਤਾ ਪਰ ਅੱਜ ਬਾਜਵਾ ਨੇ ਉਨ੍ਹਾਂ ਵਿਰੁੱਧ ਬਹੁਤ ਹੀ ਅਪਮਾਨਜਨਕ ਭਾਸ਼ਾ ਵਰਤੀ, ਜੋ ਕਿ ਸਮੁੱਚੇ ਦਲਿਤ ਭਾਈਚਾਰੇ ਦਾ ਅਪਮਾਨ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਵਿੱਚ ਰੈਲੀ ਦੌਰਾਨ ਬਾਜਵਾ ਨੇ ਕਿਹਾ ਸੀ, 'ਹਰਭਜਨ ਸਿੰਘ ਈਟੀਓ, ਜੋ ਪਹਿਲਾਂ ਬੈਂਡ ਵਜਾਉਂਦਾ ਸੀ। ਹੁਣ ਉਸ ਨੇ ਪੰਜਾਬ ਦਾ ਬੈਂਡ ਵਜਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਅਸੀਂ ਉਸ ਦਾ ਬੈਂਡ ਵਜਾਵਾਂਗੇ।' ਚੀਮਾ ਨੇ ਮੰਗ ਕੀਤੀ ਕਿ ਬਾਜਵਾ ਅਤੇ ਸਮੁੱਚੀ ਕਾਂਗਰਸ ਪਾਰਟੀ 24 ਘੰਟਿਆਂ ਦੇ ਅੰਦਰ ਦਲਿਤ ਭਾਈਚਾਰੇ ਤੋਂ ਮੁਆਫ਼ੀ ਮੰਗੇ ਜਾਂ ਸਖ਼ਤ ਕਾਰਵਾਈ ਲਈ ਤਿਆਰ ਰਹੇ।



ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਇਹ ਪੰਜਾਬ ਦੇ ਦਲਿਤ ਭਾਈਚਾਰੇ ਦਾ ਘੋਰ ਅਪਮਾਨ ਹੈ। ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਬਾਜਵਾ ਦੇ ਬਿਆਨ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਇਹ ਬਾਜਵਾ ਦੀ ਕੋਈ ਨਵੀਂ ਟਿੱਪਣੀ ਨਹੀਂ ਹੈ।

ਇਸ ਦੌਰਾਨ ਬਲਤੇਜ ਪੰਨੂ ਨੇ ਕਿਹਾ ਕਿ ਬਾਜਵਾ ਦੀ ਟਿੱਪਣੀ ਦਰਸਾਉਂਦੀ ਹੈ ਕਿ ਪੰਜਾਬ ਦੇ ਕਾਂਗਰਸੀ ਆਗੂਆਂ ਵਿੱਚ ਦਲਿਤ ਭਾਈਚਾਰੇ ਪ੍ਰਤੀ ਕਿੰਨੀ ਨਫ਼ਰਤ ਹੈ। ਉਹ ਮੰਤਰੀ ਈਟੀਓ ਨੂੰ 'ਬੈਂਡ-ਬਾਜੇ ਵਾਲਾ' ਕਹਿ ਰਹੇ ਹਨ। ਕੀ ਇੱਕ ਮਿਹਨਤੀ ਪਰਿਵਾਰ ਸਖ਼ਤ ਮਿਹਨਤ ਕਰ ਕੇ ਇਸ ਅਹੁਦੇ 'ਤੇ ਨਹੀਂ ਪਹੁੰਚ ਸਕਦਾ।

## 'ਆਪ' ਗ਼ੈਰ-ਮੁੱਦੇ ਨੂੰ ਬਣਾ ਰਹੀ ਹੈ ਵਿਵਾਦ: ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਆਮ ਆਦਮੀ ਪਾਰਟੀ 'ਤੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਰਾਜਨੀਤਿਕ ਲਾਭ ਲਈ ਸੰਵੇਦਨਸ਼ੀਲ ਮੁੱਦੇ ਦਾ ਸਿਆਸੀ ਲਾਭ ਲੈਣ ਦਾ ਦੋਸ਼ ਲਗਾਇਆ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਲਗਾਏ ਗਏ ਦੋਸ਼ਾਂ ਨੂੰ ਝੂਠੇ ਤੇ ਬੇਬੁਨਿਆਦ ਦੱਸਿਆ। ਡਿਪਟੀ ਸੀਐੱਲਪੀ ਨੇਤਾ ਅਰੁਣਾ ਚੌਧਰੀ ਨੇ ਵੀ 'ਆਪ' ਵੱਲੋਂ ਗੈਰ-ਮੁੱਦੇ ਨੂੰ ਵਿਵਾਦ ਵਿੱਚ ਬਦਲਣ ਦੀ ਕੋਸ਼ਿਸ਼ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰਾ, ਰਾਜਨੀਤਿਕ ਤੌਰ 'ਤੇ ਜਾਗਰੂਕ ਹੈ ਅਤੇ ਅਸਲ ਜਾਤੀਵਾਦੀ ਟਿੱਪਣੀਆਂ ਨੂੰ ਪਛਾਣਨ ਦੇ ਸਮਰੱਥ ਹਨ, ਇਸ ਲਈ 'ਆਪ' ਨੂੰ ਆਪਣੇ ਸਵੈ-ਘੋਸ਼ਿਤ ਰਖਵਾਲੇ ਵਜੋਂ ਕੰਮ ਕਰਨ ਦੀ ਜ਼ਰੂਰਤ ਨਹੀਂ ਹੈ।

# ਟਿਕਾਊ ਖੇਤੀ, ਭੋਜਨ, ਸਿਹਤ ਅਤੇ ਐਗਰੀ-ਲੋਜਿਸਟਿਕਸ 'ਤੇ ਅੰਤਰਰਾਸ਼ਟਰੀ ਕਾਨਫਰੰਸ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਟਿਕਾਊ ਖੇਤੀ, ਭੋਜਨ, ਸਿਹਤ ਅਤੇ ਐਗਰੀ-ਲੋਜਿਸਟਿਕਸ ਸਬੰਧੀ ਅੰਤਰਰਾਸ਼ਟਰੀ ਕਾਨਫਰੰਸ ਹੋਈ। ਇਸ ਕਾਨਫਰੰਸ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਆਏ ਪ੍ਰਸਿੱਧ ਵਿਗਿਆਨੀ, ਨੀਤੀ ਨਿਰਧਾਰਕ, ਡਾਕਟਰ ਅਤੇ ਅਕਾਦਮਿਕ ਮਾਹਿਰ ਸ਼ਾਮਲ ਹੋਏ, ਜਿਨ੍ਹਾਂ ਨੇ ਖੇਤੀ, ਸਿਹਤ ਅਤੇ ਪੋਸ਼ਣ ਦੇ ਭਵਿੱਖ ਨਾਲ ਜੁੜੇ ਮੁੱਦਿਆਂ 'ਤੇ ਵਿਚਾਰ ਸਾਂਝੇ ਕੀਤੇ।

ਸਮਾਗਮ ਦੀ ਸ਼ੁਰੂਆਤ ਸਵਾਗਤੀ ਸੰਬੋਧਨ ਅਤੇ ਅਰਦਾਸ ਨਾਲ ਹੋਈ। ਇਸ ਤੋਂ ਬਾਅਦ ਸੈਂਟਰ ਫਾਰ ਐਗਰੀਕਲਚਰਲ ਰਿਸਰਚ ਐਂਡ ਇਨੋਵੇਸ਼ਨ ਦੀ ਜਾਣਕਾਰੀ ਅਤੇ ਕਾਨਫਰੰਸ ਦੇ ਉਦੇਸ਼ ਦੱਸੇ ਗਏ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਆਪਣੇ ਉਦਘਾਟਨੀ ਸੰਬੋਧਨ ਵਿੱਚ ਟਿਕਾਊ ਵਿਕਾਸ, ਵੱਖ-ਵੱਖ ਵਿਭਾਗਾਂ ਦੇ ਮਿਲਜੁਲ ਕੇ ਕੰਮ ਕਰਨ ਅਤੇ ਅੰਤਰਰਾਸ਼ਟਰੀ ਸਾਂਝਦਾਰੀਆਂ ਦੀ ਲੋੜ 'ਤੇ ਜ਼ੋਰ ਦਿੱਤਾ। ਇਹ ਸਮਾਗਮ ਡਾ. ਪ੍ਰਤਾਪ ਕੁਮਾਰ ਪਾਤੀ, ਕੋਆਰਡੀਨੇਟਰ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਨ੍ਹਾਂ ਨੇ ਇਸ ਕਾਨਫਰੰਸ ਦੀ ਯੋਜਨਾ ਅਤੇ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਈ।

ਕਾਨਫਰੰਸ ਦੇ ਪਹਿਲੇ ਦਿਨ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਟਿਕਾਊ ਖੇਤੀ, ਪੋਸ਼ਣ ਵਿਗਿਆਨ, ਸਿਹਤ ਸੰਬੰਧੀ ਨਵੀਨਤਾ ਅਤੇ ਪੋਸ਼ਣ ਦੇ ਖੇਤਰਾਂ ਵਿੱਚ ਹੋ ਰਹੀ ਤਰੱਕੀ ਨਾਲ ਸਮਾਜ ਨੂੰ ਸਿੱਧਾ ਲਾਭ ਮਿਲ ਸਕਦਾ ਹੈ। ਇਸ ਨਾਲ ਖਾਦ ਪ੍ਰਣਾਲੀ ਸੁਧਰੇਗੀ, ਬਿਮਾਰੀਆਂ ਤੋਂ ਬਚਾਅ ਹੋਵੇਗਾ ਅਤੇ ਵਾਤਾਵਰਣ ਸੁਰੱਖਿਅਤ ਰਹੇਗਾ। ਕਾਨਫਰੰਸ ਦੌਰਾਨ ਹੋਏ ਐਮਓਯੂ ਅਤੇ ਅੰਤਰਰਾਸ਼ਟਰੀ ਸਾਂਝੇਦਾਰੀਆਂ ਨਾਲ ਭਵਿੱਖ ਵਿੱਚ ਰਿਸਰਚ, ਤਕਨਾਲੋਜੀ ਟ੍ਰਾਂਸਫਰ, ਹੁਨਰ ਵਿਕਾਸ ਅਤੇ ਸਮਾਜਕ ਪੱਧਰ 'ਤੇ ਕੰਮ ਹੋਣ ਦੀ ਉਮੀਦ ਹੈ।

ਉਦਘਾਟਨੀ ਸਮਾਗਮ ਦੌਰਾਨ ''ਪੰਜਾਬ ਵਿੱਚ ਪਾਣੀ ਸਰੋਤ ਪ੍ਰਬੰਧਨ: ਸਾਂਝੀ ਜ਼ਿੰਮੇਵਾਰੀ ਵੱਲ'' ਵਿਸ਼ੇ 'ਤੇ ਵਰਕਸ਼ਾਪ ਪ੍ਰੋਸੀਡਿੰਗਜ਼ ਜਾਰੀ ਕੀਤੀਆਂ ਗਈਆਂ, ਜੋ ਡਾ. ਐਸ. ਐਸ. ਕੁਕਲ, ਐਮਜੀਐਸਆਈਪੀਏ, ਚੰਡੀਗੜ੍ਹ ਵੱਲੋਂ ਤਿਆਰ ਕੀਤੀਆਂ ਗਈਆਂ ਹਨ। ਇਸ ਨਾਲ ਪਾਣੀ ਸੰਭਾਲ ਲਈ ਨੀਤੀਕ ਪੱਧਰ 'ਤੇ ਇਕੱਠੇ ਕੰਮ ਕਰਨ ਦੀ ਮਹੱਤਤਾ ਉਭਰੀ। ਪਹਿਲੇ ਦਿਨ ਦੋ ਅਹੰਮ ਐਮਓਯੂ ਵੀ ਕੀਤੇ ਗਏ।



ਇੱਕ ਐਮਓਯੂ ਜਪਾਨ ਦੀ ਏਆਈਐਸਟੀ ਸੰਸਥਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚਕਾਰ ਹੋਇਆ, ਜਿਸ ਵਿੱਚ ਡਾ. ਸੁਨੀਲ ਕੌਲ, ਜਪਾਨ ਮੌਜੂਦ ਰਹੇ। ਇਸ ਸਾਂਝ ਨਾਲ ਲਾਈਫ ਸਾਇੰਸ, ਬਾਇਓਟੈਕਨਾਲੋਜੀ ਅਤੇ ਨਿਊਟਰਾਸਿਊਟੀਕਲ ਖੇਤਰ ਵਿੱਚ ਭਾਰਤ-ਜਪਾਨ ਸਹਿਯੋਗ ਵਧੇਗਾ। ਦੂਜਾ ਸਮਝੌਤਾ ਆਈਏਪੀ ਈਐਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚਕਾਰ ਹੋਇਆ, ਜਿਸ ਵਿੱਚ ਸ਼੍ਰੀਮਤੀ ਗੁਰਜੀਤ ਕੌਰ, ਫੋਰਟਿਸ ਐਸਕੋਰਟਸ ਹਸਪਤਾਲ ਸ਼ਾਮਲ ਸਨ। ਇਸ ਨਾਲ ਪੋਸ਼ਣ ਅਤੇ ਡਾਇਟੀਟਿਕਸ ਖੇਤਰ ਵਿੱਚ ਅਕਾਦਮਿਕ ਅਤੇ ਕਲੀਨਿਕਲ ਸਾਂਝ ਵਧੇਗੀ। ਭਾਰਤ-ਜਪਾਨ ਵਿਗਿਆਨਕ ਸਹਿਯੋਗ ਲਈ ਵਿਸ਼ੇਸ਼ ਯੋਗਦਾਨ ਦੇਣ 'ਤੇ ਡਾ. ਰੇਨੂ ਵਾਧਵਾ ਅਤੇ ਡਾ. ਸੁਨੀਲ ਕੌਲ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਨੇਮੀ ਬੰਥੀਆ (ਕੈਨੇਡਾ), ਡਾ. ਮੋਤੋਮਿਚੀ ਦੋਈ (ਜਪਾਨ) ਅਤੇ ਡਾ. ਊਸ਼ਾ ਦਿਕਸ਼ਿਤ (ਭਾਰਤ ਸਰਕਾਰ) ਸ਼ਾਮਲ ਸਨ। ਮੁੱਖ ਮਹਿਮਾਨ ਡਾ. ਤ੍ਰਿਲੋਚਨ ਮਹਾਪਾਤ੍ਰਾ, ਸਾਬਕਾ ਡਾਇਰੈਕਟਰ ਜਨਰਲ, ਆਈਸੀਏਆਰ ਨੇ ਕਿਸਾਨ ਕੇਂਦਰਿਤ ਅਤੇ ਵਿਗਿਆਨ ਆਧਾਰਿਤ ਵਿਕਾਸ ਦੀ ਲੋੜ 'ਤੇ ਰੌਸ਼ਨੀ ਪਾਈ। ਉਦਘਾਟਨ ਤੋਂ ਬਾਅਦ ਤਕਨੀਕੀ ਸੈਸ਼ਨਾਂ ਦੀ ਸ਼ੁਰੂਆਤ ਹੋਈ। ਪਹਿਲਾ ਸੈਸ਼ਨ ਟਿਕਾਊ ਅਤੇ ਸਮਾਰਟ ਖੇਤੀ 'ਤੇ ਕੇਂਦਰਿਤ ਸੀ, ਜਿਸ ਵਿੱਚ ਮੌਸਮ ਅਨੁਕੂਲ ਖੇਤੀ, ਪ੍ਰਿਸੀਜ਼ਨ ਫਾਰਮਿੰਗ ਅਤੇ ਬਾਇਓਟੈਕਨਾਲੋਜੀ 'ਤੇ ਚਰਚਾ ਹੋਈ। ਦੂਜਾ ਸੈਸ਼ਨ ਭਵਿੱਖ ਦੀ ਸਿਹਤ ਪ੍ਰਣਾਲੀ 'ਤੇ ਸੀ, ਜਿਸ ਵਿੱਚ ਨਿਊਟਰਾਸਿਊਟੀਕਲਜ਼ ਅਤੇ ਬਾਇਓਇੰਫੋਰਮੈਟਿਕਸ ਰਾਹੀਂ ਬਿਮਾਰੀਆਂ ਤੋਂ ਬਚਾਅ ਬਾਰੇ ਗੱਲ ਕੀਤੀ ਗਈ। ਤੀਜਾ ਸੈਸ਼ਨ ਟਿਕਾਊ ਪੋਸ਼ਣ ਅਤੇ ਵੈਲਨੈੱਸ 'ਤੇ ਕੇਂਦਰਿਤ ਰਿਹਾ। ਦਿਨ ਦਾ ਸਮਾਪਨ ਪੋਸ਼ਣ ਅਤੇ ਡਾਇਟੀਟਿਕਸ 'ਤੇ ਪੈਨਲ ਚਰਚਾ ਨਾਲ ਹੋਇਆ, ਜਿਸ ਵਿੱਚ ਮਾਹਿਰਾਂ ਨੇ ਸਿਹਤਮੰਦ ਖੁਰਾਕ, ਜੀਵਨਸ਼ੈਲੀ ਰੋਗਾਂ ਅਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਤੇ ਜ਼ੋਰ ਦਿੱਤਾ।

# ਹਰਮੀਤ ਸਿੰਘ ਕਾਲਕਾ ਵੱਲੋਂ ਸਰਨਾ ਭਰਾਵਾਂ ਉਤੇ ਕਾਂਗਰਸ ਨਾਲ ਗੁਪਤ ਗਠਜੋੜ ਦੇ ਦੋਸ਼

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਰਨਾ ਭਰਾਵਾਂ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਰਹਿੰਦੇ ਹੋਏ ਜੋ ਭੂਮਿਕਾ ਨਿਭਾਈ ਗਈ, ਉਹ ਸਿੱਖ ਕੌਮ ਦੇ ਹਿਤਾਂ ਨਾਲ ਸਿੱਧੀ ਟੱਕਰ ਵਿੱਚ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਦੌਰਾਨ ਕਾਂਗਰਸ ਨਾਲ ਗੁਪਤ ਗਠਜੋੜ ਕਰਕੇ ਸਿੱਖ ਕੌਮ ਨੂੰ 1984 ਦੇ ਦੰਗਿਆਂ ਨੂੰ ਭੁਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸਰਦਾਰ ਕਾਲਕਾ ਨੇ ਕਿਹਾ ਕਿ ਲਗਭਗ ਚਾਰ ਸਾਲ ਪਹਿਲਾਂ, ਜਦੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਬਣਤਰ ਹੋ ਰਹੀ ਸੀ, ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਦਬਾਅ ਬਣਾਇਆ ਗਿਆ ਕਿ ਸਰਨਾ ਭਰਾਵਾਂ ਨਾਲ ਹੱਥ ਮਿਲਾਇਆ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਨੇ ਪੰਥਕ ਅਸੂਲਾਂ 'ਤੇ ਡਟ ਕੇ ਆਪਣਾ ਵੱਖਰਾ ਅਤੇ ਸਪਸ਼ਟ ਰਾਹ ਚੁਣਿਆ। ਉਨ੍ਹਾਂ ਕਿਹਾ ਕਿ ਅੱਜ ''ਬਿੱਲੀ ਥੈਲੇ ਤੋਂ ਬਾਹਰ ਆ ਗਈ ਹੈ'' ਅਤੇ ਇਹ ਪੂਰੀ ਤਰ੍ਹਾਂ ਸਪਸ਼ਟ ਹੋ ਚੁੱਕਾ ਹੈ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਸਲੀ ਮਨਸ਼ਾ ਕੀ ਸੀ। ਸਰਨਾ ਭਰਾਵਾਂ ਨੂੰ ਆਪਣੇ ਗਰੁੱਪ ਵਿੱਚ ਸ਼ਾਮਲ ਕਰਨ ਪਿੱਛੇ ਦਾ ਮਕਸਦ ਕਾਂਗਰਸ ਨਾਲ ਗੁਪਤ ਗਠਜੋੜ ਬਣਾਉਣਾ ਸੀ। ਸਰਦਾਰ ਕਾਲਕਾ ਨੇ ਦੋਸ਼ ਲਗਾਇਆ ਕਿ ਸਰਦਾਰ ਹਰਵਿੰਦਰ ਸਿੰਘ ਸਰਨਾ ਆਪਣੇ ਪੁੱਤਰ ਸਮੇਤ ਰਾਹੁਲ ਗਾਂਧੀ ਨੂੰ ਮਿਲਣ ਗਏ, ਜਿਸ ਦਾ ਮੁੱਖ ਉਦੇਸ਼ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਟਿਕਟ ਅਤੇ ਰਾਜਨੀਤਕ ਗਠਜੋੜ ਦੀ ਸਮੀਕਰਨ ਬਣਾਉਣਾ ਸੀ। ਬਾਅਦ ਵਿੱਚ ਇਸ ਮੁਲਾਕਾਤ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੋੜ ਕੇ ਗੁਮਰਾਹਕੁੰਨ ਬਿਆਨਬਾਜ਼ੀ ਕੀਤੀ ਗਈ, ਜੋ ਪੂਰੀ ਤਰ੍ਹਾਂ ਬੇਬੁਨਿਆਦ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਆਪਣੇ ਆਪ ਨੂੰ ਵੱਡੇ ਪੰਥਕ ਆਗੂ ਦੱਸਦੇ ਰਹੇ, ਉਹ ਅੱਜ ਪੰਥ ਦੇ ਸਰਬੋਤਮ ਅਸਥਾਨ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਨਜ਼ਰਅੰਦਾਜ਼ ਕਰਕੇ ਰਾਹੁਲ ਗਾਂਧੀ ਦੇ ਦਰਬਾਰ ਵਿੱਚ ਜਾ ਕੇ ਸੌਦੇਬਾਜ਼ੀ ਕਰ ਰਹੇ ਹਨ। ਇਹ ਸਿਰਫ਼ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਨਹੀਂ, ਸਗੋਂ ਪੂਰੀ ਸਿੱਖ ਕੌਮ ਦੀ ਬੇਇਜ਼ਤੀ ਹੈ। ਸਰਦਾਰ ਕਾਲਕਾ ਨੇ ਕਿਹਾ ਕਿ ਜਿਹੜੀ ਪਾਰਟੀ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਵਾਇਆ, ਹਰਿਮੰਦਰ ਸਾਹਿਬ 'ਤੇ ਗੋਲੀਆਂ ਅਤੇ ਤੋਪਾਂ ਚਲਵਾਈਆਂ, ਦਿੱਲੀ ਵਿੱਚ ਸਿੱਖ ਨਸਲਕੁਸ਼ੀ ਕਰਵਾਈ ਅੱਜ ਉਸੇ ਪਾਰਟੀ ਨਾਲ ਅਲਾਇੰਸ ਦੀ ਗੱਲ ਕਰਨਾ ਸਭ ਤੋਂ ਵੱਡਾ ਮੰਦਭਾਗਾ ਕਾਰਜ ਹੈ। ਉਨ੍ਹਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਮੀਡੀਆ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਸਰਦਾਰ ਹਰਵਿੰਦਰ ਸਿੰਘ ਸਰਨਾ ਨੂੰ ਮੁੜ ਤਲਬ ਕਰਕੇ ਪੁੱਛਗਿੱਛ ਕੀਤੀ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਹਰਵਿੰਦਰ ਸਿੰਘ ਸਰਨਾ ਅਤੇ ਪਰਮਜੀਤ ਸਿੰਘ ਸਰਨਾ ਵਿਰੁੱਧ ਸਖ਼ਤ ਪੰਥਕ ਕਾਰਵਾਈ ਲਈ ਲਿਖਤੀ ਮੰਗ ਪੱਤਰ ਵੀ ਜਲਦ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਭੇਜਿਆ ਜਾਵੇਗਾ।



# ਲੱਕੀ ਓਬਰਾਏ ਹੱਤਿਆਕਾਂਡ -ਸ਼ਿੰਗਰੀ ਨੇ ਖ਼ੁਦ ਕੀਤਾ ਸੀ ਜੋਗਾ ਨਾਲ ਸੰਪਰਕ

## *ਕਾਲਜ ਦੀ ਪ੍ਰਧਾਨਗੀ ਤੋਂ ਸ਼ੁਰੂ ਹੋਇਆ ਸੀ ਵਿਵਾਦ *ਸੋਸ਼ਲ ਮੀਡੀਆ ਦੀ ਜੰਗ ਤੇ ਰੰਜਿਸ਼ ਨੇ ਲਈ ਜਾਨ




**ਜਲੰਧਰ:**ਜਲੰਧਰ 'ਚ ਚਰਚਿਤ ਪ੍ਰਾਪਰਟੀ ਡੀਲਰ ਲੱਕੀ ਓਬਰਾਏ ਹੱਤਿਆਕਾਂਡ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਸ਼ਿੰਗਰੀ ਨੇ ਵਿਦੇਸ਼ 'ਚ ਬੈਠੇ ਜੋਗਾ ਨਾਲ ਖ਼ੁਦ ਸੰਪਰਕ ਕਰ ਕੇ ਉਸ ਨੂੰ ਕਿਹਾ ਸੀ ਕਿ ਉਹ ਲੱਕੀ ਤੋਂ ਬਦਲਾ ਲੈਣਾ ਚਾਹੁੰਦਾ ਹੈ।

ਇਸ ਮਾਮਲੇ 'ਚ ਗ੍ਰਿਫ਼ਤਾਰ ਮੁਲਜ਼ਮ ਸ਼ਿੰਗਰੀ ਨੂੰ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਕਰੀਬ 15 ਸਾਲਾਂ ਤੱਕ ਗੂੜੀ ਦੋਸਤੀ ਨਿਭਾਉਣ ਵਾਲੇ ਜੋਗਾ ਤੇ ਲੱਕੀ ਓਬਰਾਏ ਵਿਚਕਾਰ ਖ਼ਾਲਸਾ ਕਾਲਜ ਦੀ ਪ੍ਰਧਾਨਗੀ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਹੌਲੀ-ਹੌਲੀ ਖ਼ੂਨੀਦੁਸ਼ਮਣੀ 'ਚ ਬਦਲ ਗਿਆ। ਜੋਗਾ ਦੇ ਵਿਦੇਸ਼ ਜਾਣ ਤੋਂ ਬਾਅਦ ਲੱਕੀ ਓਬਰਾਏ ਨੇ ਕਾਲਜ ਦੀ ਪ੍ਰਧਾਨਗੀ ਆਪਣੇ ਇਕ ਨਜ਼ਦੀਕੀ ਸਾਥੀ ਨੂੰ ਦਿਵਾ ਦਿੱਤੀ, ਜੋ ਜੋਗਾ ਨੂੰ ਬਿਲਕੁਲ ਪਸੰਦ ਨਹੀਂ ਆਇਆ। ਵਿਦੇਸ਼ 'ਚ ਰਹਿੰਦੇ ਹੋਏ ਵੀ ਜੋਗਾ ਇਸ ਮੁੱਦੇ ਨੂੰ ਲੈ ਕੇ ਸਰਗਰਮ ਰਿਹਾ, ਜਦਕਿ ਲੱਕੀ ਜਨਤਕ ਮੀਟਿੰਗਾਂ ਤੇ ਸਭਾਵਾਂ 'ਚ ਖੁੱਲ੍ਹੇਆਮ ਕਹਿੰਦਾ ਰਿਹਾ ਕਿ ਵਿਦੇਸ਼ 'ਚ ਬੈਠੇ ਕਿਸੇ ਵਿਅਕਤੀ ਦੇ ਸਮਰਥਕ ਨੂੰ ਮੈਦਾਨ 'ਚ ਨਹੀਂ ਉਤਰਨ ਦਿੱਤਾ ਜਾਵੇਗਾ।

ਬਿਆਨਬਾਜ਼ੀ ਨਾਲ ਦੋਹਾਂ ਵਿਚਕਾਰ ਤਣਾਅ ਹੋਰ ਵਧ ਗਿਆ। ਕੁਝ ਦਿਨ ਪਹਿਲਾਂ ਦੋਹਾਂ ਵਿਚਕਾਰ ਫੇਸਬੁੱਕ 'ਤੇ ਵੀ ਤਿੱਖੀ ਬਹਿਸ ਹੋਈ ਸੀ, ਜਿਸ ਨਾਲ ਵਿਵਾਦ ਜਨਤਕ ਹੋ ਗਿਆ। ਜਾਂਚ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਸ਼ਿੰਗਰੀ, ਜੋ ਕਈ ਸਾਲਾਂ ਤੋਂ ਲੱਕੀ ਨਾਲ ਕੰਮ ਕਰ ਰਿਹਾ ਸੀ ਤੇ ਜੋਗਾ ਦਾ ਵੀ ਜਾਣੂ ਸੀ, ਇਸ ਸਾਜ਼ਿਸ਼ ਦੀ ਇਕ ਮਹੱਤਵਪੂਰਨ ਕੜੀ ਬਣਿਆ। ਸ਼ਿੰਗਰੀ ਨਸ਼ੇ ਦੀ ਲਤ ਦਾ ਸ਼ਿਕਾਰ ਸੀ ਤੇ ਕਈ ਵਾਰ ਲੱਕੀ ਵੱਲੋਂ ਉਸ ਨੂੰ ਡਾਂਟ ਤੇ ਮਾਰ ਵੀ ਪੈ ਚੁੱਕੀ ਸੀ। ਦੋਸ਼ ਹੈ ਕਿ ਉਸ ਨੇ ਲੱਕੀ ਲਈ ਆਏ ਕੁਝ ਪੈਸੇ ਨਸ਼ੇ 'ਚ ਉਡਾ ਦਿੱਤੇ ਸਨ, ਜਿਸ ਕਾਰਨ ਲੱਕੀ ਨੇ ਉਸ ਦੀ ਕੁੱਟਮਾਰ ਕੀਤੀ ਤੇ ਇਹ ਗੱਲ ਜਨਤਕ ਵੀ ਹੋ ਗਈ।

ਇਸ ਬੇਇੱਜ਼ਤੀ ਤੇ ਰੰਜਿਸ਼ ਕਾਰਨ ਸ਼ਿੰਗਰੀ ਨੇ ਜੋਗਾ ਨਾਲ ਸੰਪਰਕ ਕਰ ਕੇ ਬਦਲਾ ਲੈਣ ਦੀ ਇੱਛਾ ਜਤਾਈ। ਜੋਗਾ ਪਹਿਲਾਂ ਤੋਂ ਹੀ ਲੱਕੀ ਖ਼ਿਲਾਫ਼ ਕਾਰਵਾਈ ਲਈ ਮਾਨਸਿਕ ਤੌਰ 'ਤੇ ਤਿਆਰ ਸੀ। ਉਸ ਨੇ ਸ਼ਿੰਗਰੀ ਤੋਂ ਲੱਕੀ ਦੇ ਆਉਣ-ਜਾਣ ਦੇ ਰਸਤੇ ਤੇ ਗਤੀਵਿਧੀਆਂ ਬਾਰੇ ਜਾਣਕਾਰੀ ਮੰਗੀ ਤੇ ਨਾਲ ਹੀ ਇਕ ਵਾਹਨ ਦਾ ਇੰਤਜ਼ਾਮ ਕਰਨ ਲਈ ਕਿਹਾ। ਲੱਕੀ ਕੋਲ ਕਿਸੇ ਦੀ ਗਿਰਵੀ ਰੱਖੀ ਗੱਡੀ ਸੀ, ਜੋ ਸ਼ਿੰਗਰੀ ਕੋਲ ਰਹਿੰਦੀ ਸੀ। ਸ਼ਿੰਗਰੀ ਨੇ ਇਹ ਵੀ ਦੱਸਿਆ ਕਿ ਲੱਕੀ ਕਦੋਂ ਤੇ ਕਿੱਥੇ ਇਕੱਲਾ ਤੇ ਬਿਨਾਂ ਹਥਿਆਰ ਦੇ ਹੋਵੇਗਾ। ਇਸ ਤੋਂ ਬਾਅਦ ਜੋਗਾ ਨੇ ਸ਼ੂਟਰਾਂ ਦਾ ਇੰਤਜ਼ਾਮ ਕੀਤਾ ਤੇ ਸਾਜ਼ਿਸ਼ ਨੂੰ ਅਮਲੀਜਾਮਾ ਪਹਿਨਾਇਆ ਗਿਆ।

### ਸ਼ਿੰਗਰੀ ਨੂੰ ਮਿਲਿਆ ਸੀ ਗੋਲੀ ਚਲਾਉਣ ਵਾਲਾ ਸ਼ੂਟਰ

ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਜੋਗਾ ਵੱਲੋਂ ਭੇਜੇ ਗਏ ਸ਼ੂਟਰ ਸਿੱਧੇ ਤੌਰ 'ਤੇ ਸ਼ਿੰਗਰੀ ਦੇ ਸੰਪਰਕ 'ਚ ਸਨ। ਹੱਤਿਆ ਤੋਂ ਦੋ ਦਿਨ ਪਹਿਲਾਂ ਉਹ ਸ਼ਿੰਗਰੀ ਨਾਲ ਵਾਰਦਾਤ ਵਾਲੀ ਥਾਂ 'ਤੇ ਵੀ ਗਏ ਸਨ। ਉੱਥੇ ਉਨ੍ਹਾਂ ਰਸਤੇ ਦੀ ਰੇਕੀ ਕੀਤੀ, ਭੱਜਣ ਦੇ ਸੰਭਾਵੀ ਰਾਹ ਵੇਖੇ ਤੇ ਪੂਰੀ ਯੋਜਨਾ ਤਿਆਰ ਕੀਤੀ। ਪੁਲਿਸ ਦਾ ਮੰਨਣਾ ਹੈ ਕਿ ਇਹ ਪੂਰੀ ਤਰ੍ਹਾਂ ਯੋਜਨਾਬੱਧ ਹੱਤਿਆ ਸੀ, ਜਿਸ 'ਚ ਕਈ ਲੋਕਾਂ ਦੀ ਭੂਮਿਕਾ ਰਹੀ।

### ਫ਼ਰਾਰ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਜਾਰੀ

ਉੱਧਰ, ਪੁਲਿਸ ਫ਼ਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ। ਜਾਂਚ 'ਚ ਅਜਿਹੇ ਕਈ ਲੋਕਾਂ ਦੀ ਪਛਾਣ ਹੋਈ ਹੈ, ਜਿਨ੍ਹਾਂ ਮੁਲਜ਼ਮਾਂ ਨੂੰ ਠਹਿਰਣ ਦੀ ਥਾਂ ਦਿੱਤੀ, ਭੱਜਣ 'ਚ ਮਦਦ ਕੀਤੀ ਜਾਂ ਹਥਿਆਰ ਮੁਹੱਈਆ ਕਰਵਾਏ। ਇਨ੍ਹਾਂ ਸਭ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਲਦੀ ਹੋਰ ਗ੍ਰਿਫ਼ਤਾਰੀਆਂ ਸੰਭਵ ਹਨ।

### ਇਹ ਹੈ ਮਾਮਲਾ

ਕੁਝ ਦਿਨ ਪਹਿਲਾਂ ਮਾਡਲ ਟਾਊਨ ਸਥਿਤ ਗੁਰਦੁਆਰਾ ਸਾਹਿਬ 'ਚ ਮੱਥਾ ਟੇਕਣ ਗਏ ਲੱਕੀ ਓਬਰਾਏ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਵਾਰਦਾਤ ਦੀ ਜ਼ਿੰਮੇਵਾਰੀ ਵਿਦੇਸ਼ 'ਚ ਬੈਠੇ ਜੋਗਾ ਫੋਲੜੀਵਾਲ ਨੇ ਲਈ ਸੀ। ਮਾਮਲੇ 'ਚ ਪੁਲਿਸ ਨੇ ਜੋਗਾ ਤੇ ਦਲਬੀਰਾ ਨਾਮਕ ਗੈਂਗਸਟਰਾਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਸੀ। ਬਾਅਦ 'ਚ ਅੰਮ੍ਰਿਤਸਰ ਪੁਲਿਸ ਨੇ ਇਸ ਹੱਤਿਆਕਾਂਡ ਨਾਲ ਜੁੜੇ ਸ਼ਿੰਦਰੀ ਨਾਮਕ ਦੋਸ਼ੀ ਨੂੰ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ।

### ਗੋ.ਲੀ ਲੱਗਣ ਤੋਂ ਬਾਅਦ ਕਿਹਾ, ਗ਼ਲਤੀ ਹੋ ਗਈ



ਗੋਲੀ ਲੱਗਣ ਤੋਂ ਬਾਅਦ ਗ੍ਰਿਫ਼ਤਾਰ ਹੋਏ ਸ਼ਿੰਗਰੀ ਨੇ ਚੀਕਦੇ ਹੋਏ ਕਿਹਾ ਕਿ ਉਸ ਤੋਂ ਗ਼ਲਤੀ ਹੋ ਗਈ ਹੈ ਤੇ ਉਸ ਨੂੰ ਇਕ ਮੌਕਾ ਦਿੱਤਾ ਜਾਵੇ। ਹਾਲਾਂਕਿ ਪੁਲਿਸ ਹੁਣ ਉਸ ਦੇ ਬਿਆਨਾਂ ਦੀ ਪੁਸ਼ਟੀ ਹੋਰ ਸਬੂਤਾਂ ਨਾਲ ਕਰ ਰਹੀ ਹੈ। ਇਸ ਸਮੇਂ ਉਹ ਨਿਗਰਾਨੀ ਹੇਠ ਰੱਖਿਆ ਗਿਆ ਹੈ।

## 8 ਸਾਲ ਦੇ ਬੱਚੇ ਨੇ 1 ਮਿੰਟ 'ਚ 50 ਸਵਾਲ ਹੱਲ ਕਰ ਕੇ ਬਣਾਇਆ ਨਵਾਂ ਰਿਕਾਰਡ

**ਬਠਿੰਡਾ:**ਕੀ ਰਾਮਪੁਰਾ ਫੂਲ ਦੇ 8 ਸਾਲ ਦੇ ਵਿਦਿਆਰਥੀ ਆਰੇਨ ਸਿੰਘ ਗਰੋਵਰ ਵਲੋਂ 1 ਮਿੰਟ ਵਿਚ ਗੁਣਾ ਦੇ 50 ਸਵਾਲ ਹੱਲ ਕਰਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਗਿਆ। ਜਿਸ ਨੂੰ ਐਸ.ਐਸ.ਪੀ ਡਾ: ਜਯੋਤੀ ਯਾਦਵ ਬੈਂਸ ਅਤੇ ਐਸ.ਪੀ. ਹੈਡਕੁਆਰਟਰ ਜਗਦੀਸ਼ ਬਿਸ਼ਨੋਈ ਵਲੋਂ ਸਨਮਾਨਿਤ ਕੀਤਾ ਗਿਆ। ਸ਼ਾਰਪ ਬੇਨਸ ਐਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਮਾਊਂਟ ਲਿਟਰਾ ਜ਼ੀ ਸਕੂਲ ਵਿਚ ਤੀਜੀ ਕਲਾਸ ਵਿਚ ਪੜ੍ਹਨ ਵਾਲੇ ਆਰੇਨ ਸਿੰਘ ਗਰੋਵਰ ਸਪੁੱਤਰ ਡਾ: ਨਰਿੰਦਰ ਸਿੰਘ ਗਰੋਵਰ ਵਲੋਂ ਅਬੈਕਸ ਵਿਧੀ ਨਾਲ ਇਸ ਰਿਕਾਰਡ ਦੀ ਤਿਆਰੀ ਕੀਤੀ ਗਈ ਹੈ। ਉਸ ਨੇ ਲਿਖਤੀ ਰੂਪ ਵਿਚ 2 ਅੰਕਾਂ ਨੂੰ 1 ਅੰਕ ਨਾਲ ਗੁਣਾ ਕਰਨ ਦੇ 50 ਸਵਾਲ ਸਿਰਫ਼ 1 ਮਿੰਟ ਵਿਚ ਹੱਲ ਕਰਕੇ ਪ੍ਰਾਪਤੀ ਹਾਸਿਲ ਕੀਤੀ ਹੈ। ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡ ਨੇ ਇਸ ਨੂੰ ਨਵਾਂ ਵਿਸ਼ਵ ਰਿਕਾਰਡ ਘੋਸ਼ਿਤ ਕਰਦਿਆਂ ਆਰੇਨ ਨੂੰ ਸਰਟੀਫਿਕੇਟ ਅਤੇ ਮੈਡਲ ਦਿੱਤਾ ਹੈ। ਗਗਨ ਬਾਂਸਲ, ਨਮਿਤਾ ਬਾਂਸਲ, ਪ੍ਰਿੰਸੀਪਲ ਗੀਤਾ ਪਿੱਲੇ, ਪ੍ਰਿੰਸੀਪਲ ਡਾ: ਬਲਜਿੰਦਰ ਸਿੰਘ, ਪ੍ਰਿੰਸੀਪਲ ਕੁਲਜੀਤ ਸਿੰਘ ਸਿੱਧੂ, ਪ੍ਰਿੰਸੀਪਲ ਸੁਨੀਲ ਗੁਪਤਾ ਸਮੇਤ ਧਾਰਮਿਕ, ਸਾਮਾਜਿਕ ਅਤੇ ਵਪਾਰਕ ਸੰਸਥਾਵਾਂ ਦੇ ਆਗੂਆਂ ਵਲੋਂ ਆਰੇਨ ਸਿੰਘ ਗਰੋਵਰ ਅਤੇ ਸ਼ਾਰਪ ਬੇਨਸ ਸੰਸਥਾ ਨੂੰ ਵਧਾਈ ਦਿੱਤੀ ਗਈ।

## 'ਧੁੱਪ ਦੀ ਮਹਿਫ਼ਲ' ਵਿਚ 'ਲੱਜੋ' ਲੋਕ ਅਰਪਣ




**ਨਵੀਂ ਦਿੱਲੀ:**ਭਾਪਾ ਪ੍ਰੀਤਮ ਸਿੰਘ ਦੇ ਨਵਯੁੱਗ ਫਾਰਮ ਵਿਖੇ ਦੇਸ਼ ਵਿਦੇਸ਼ ਤੋਂ ਆਏ ਪੰਜਾਬੀ ਪਿਆਰਿਆਂ ਤੇ ਲੇਖਕਾਂ ਦੀ 'ਧੁੱਪ ਦੀ ਮਹਿਫ਼ਲ 'ਸਜਾਈ ਗਈ ।ਇਸ ਮਹਿਫ਼ਲ ਵਿੱਚ ਕੈਨੇਡਾ ਤੋਂ ਆਏ ਬਰਜਿੰਦਰ ਢਾਹਾਂ, ਉੱਘੇ ਸੂਫ਼ੀ ਗਾਇਕ ਮਦਨ ਗੋਪਾਲ ਸਿੰਘ , ਉੱਘੇ ਅਲੋਚਕ ਸਾਹਿਤਕਾਰ ਧਰਮ ਸਿੰਘ, ਅੰਮੀਆਂ ਕੁੰਵ ਤੇ ਜਪਾਨ ਨਿਵਾਸੀ ਪਰਮਿੰਦਰ ਸੋਢ ਨੂੰ ਸਨਮਾਨਿਤ ਕੀਤਾ ਗਿਆ । ਇਸ ਖੂਬਸੂਰਤ ਮੌਕੇ ਨਵਯੁੱਗ ਪਬਲਿਸ਼ਰਜ਼ ਵੱਲੋਂ ਪ੍ਰਕਾਸ਼ਿਤ ਗੁਰਚਰਨ ਸੱਗੂ ਦਾ ਨਵਾਂ ਨਾਵਲ ' ਲੱਜੋ ' ਲੋਕ ਅਰਪਣ ਕੀਤਾ ਗਿਆ।ਇਸ ਸਾਲਾਨਾ ਮਿਲਣੀ ਵਿੱਚ ਅਜੀਤ ਕੌਰ , ਉਹਨਾਂ ਦੀ ਬੇਟੀ ਅਰਪਣਾ ਕੌਰ,ਗੁਲਜ਼ਾਰ ਸਿੰਘ ਸੰਧੂ , ਕੈਨੇਡਾ ਤੋਂ ਰਘਬੀਰ ਸਿੰਘ ਸਿਰਜਣਾ ਤੇ ਨਿਰਮਲ ਜਸਵਾਲ,ਪਟਿਆਲਾ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ.ਜਸਪਾਲ ਸਿੰਘ , ਉੱਘੇ ਚਿੰਤਕ ਤੇ ਲੇਖਕ ਸੁਕੀਰਤ, ਇੰਗਲੈਂਡ ਤੋਂ ਅਮਰ ਜਿਉਤੀ , ਕਹਾਣੀਕਾਰ ਤੇ ਅਦਾਕਾਰਾ ਕੁਲਦੀਪ ਬਡੇਸਰੋਂ,ਉੱਘੇ ਸਾਹਿਤਕਾਰ ਕਿਰਪਾਲ ਕਜ਼ਾਕ,ਸੱਤਪਾਲ ਭੀਖੀ , ਗੁਰਭੇਜ ਗੁਰਾਇਆ, ਅਤਰਜੀਤ ,ਰਾਜਿੰਦਰ ਸਿੰਘ ਵਿਰਾਸਤ ,ਵਨੀਤਾ,ਸਤੀਸ਼ ਗੁਲਾਟੀ ਤੇ ਹੋਰ ਕਈ ਲੇਖਕ ਹਾਜ਼ਰ ਸਨ । ਇਸ ਸਾਰੇ ਸਮਾਗਮ ਦਾ ਸੰਚਾਲਨ ਉੱਘੇ ਕਹਾਣੀਕਾਰ ਕੇਸਰਾ ਰਾਮ ਨੇ ਕੀਤਾ।

## ਸੁਰੱਖਿਆ ਲਈ ਲਗਵਾਏ ਕੈਮਰਿਆਂ ਤੋਂ ਜੇਕਰ ਗੁਆਂਢੀ ਦੁਖੀ ਤਾਂ ਹੋ ਸਕਦੀ ਹੈ ਜੇਲ੍ਹ



**ਪਟਿਆਲਾ:**ਸੂਬੇ 'ਚ ਵੱਡੀ ਗਿਣਤੀ ਲੋਕਾਂ ਵਲੋਂ ਆਪਣੇ ਘਰ ਦੀ ਸੁਰੱਖਿਆ ਲਈ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ, ਜਿਨ੍ਹਾਂ 'ਚੋਂ ਬਹੁਤੇ ਕੈਮਰੇ ਵਿਅਕਤੀ ਦੇ ਨਿੱਜੀ ਘਰ ਦੇ ਨਾਲ- ਨਾਲ ਗੁਆਂਢੀਆਂ ਤੱਕ ਦੇ ਘਰਾਂ ਦੀ ਵੀ ਰਿਕਾਰਡਿੰਗ ਕਰ ਰਹੇ ਹਨ। ਮੌਜੂਦਾ ਸਥਿਤੀ ਇਹ ਹੈ ਕਿ ਜੇਕਰ ਗਲੀ 'ਚ 10 ਘਰ ਹਨ ਤਾਂ ਉਨ੍ਹਾਂ ਵਿਚੋਂ ਇਕ ਘਰ ਕੈਮਰਿਆਂ ਨਾਲ ਲੈਸ ਹੁੰਦਾ ਹੈ ਅਤੇ ਬਾਕੀ ਘਰ/ਗਲੀ ਉਸੇ ਕੈਮਰੇ ਦੀ ਰਾਖੀ ਨਾਲ ਆਪਣੇ ਘਰਾਂ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ।

ਪਰ ਦੂਜੇ ਪਾਸੇ ਵੱਡੀ ਗਿਣਤੀ ਲੋਕਾਂ ਵਲੋਂ ਆਪਣੇ ਘਰ 'ਚ ਲਗਵਾਏ ਨਿੱਜੀ ਕੈਮਰਿਆਂ ਦੀ ਰਿਕਾਰਡਿੰਗ ਉਨ੍ਹਾਂ ਦੇ ਆਪਣੇ ਘਰ ਦੀ ਹੱਦੂਦ ਤੋਂ ਪਾਰ ਗੁਆਂਢੀਆਂ ਦੇ ਘਰਾਂ ਦੇ ਵੱਡੇ ਹਿੱਸੇ ਦੀ ਰਿਕਾਰਡਿੰਗ ਕਰ ਰਹੀ ਹੁੰਦੀ ਹੈ ਜਿਸ ਨਾਲ ਜਿੱਥੇ ਗੁਆਂਢੀਆਂ ਦੀ ਹਰ ਘਰ ਅੰਦਰ ਬੈਠੇ ਨਜ਼ਰ ਹੁੰਦੀ ਹੈ ਉੱਥੇ ਹੀ ਕਈ ਵਾਰੀ ਗੁਆਂਢੀਆਂ ਦੀ ਨਿੱਜਤਾ ਨਾਲ ਵੀ ਸਮਝੌਤੇ ਹੋਣ ਦੇ ਮਾਮਲੇ ਸਾਹਮਣੇ ਆਉਂਦੇ ਹਨ । ਪਰੰਤੂ ਇਹੋ ਜਿਹੇ ਮਾਮਲਿਆਂ ਬਾਰੇ ਬਣੇ ਕਾਨੂੰਨ ਬਾਰੇ ਵੱਡੀ ਗਿਣਤੀ ਗੁਆਂਢੀਆਂ/ਲੋਕਾਂ ਨੂੰ ਬਹੁਤਾ ਨਾ ਪਤਾ ਹੋਣ ਬਾਰੇ ਉਹ ਕੌੜਾ ਘੁੱਟ ਭਰ ਕੇ ਸਾਰ ਦਿੰਦੇ ਹਨ। ਉਦਾਹਰਨ ਦੇ ਤੌਰ 'ਤੇ ਜੇਕਰ ਇਕ ਘਰ 'ਚ ਦੋ ਭਰਾ ਵੱਖ-ਵੱਖ ਹੋਣ 'ਤੇ ਘਰ ਦੇ ਉੱਪਰ ਤੇ ਹੇਠਲੇ ਹਿੱਸੇ 'ਚ ਰਹਿੰਦੇ ਹਨ ਤਾਂ ਹੇਠਲੇ ਹਿੱਸੇ ਰਹਿਣ ਵਾਲਾ ਭਰਾ ਉੱਪਰਲੇ ਹਿੱਸੇ ਰਹਿਣ ਵਾਲੇ ਭਰਾ ਦੇ ਰਸਤੇ ਤੱਕ ਦੀ ਰਿਕਾਰਡਿੰਗ ਨਹੀਂ ਕਰ ਸਕਦਾ। ਪਰੰਤੂ ਦੂਜੇ ਪਾਸੇ ਸ਼ਹਿਰਾਂ ਦੀਆਂ ਕਾਲੋਨੀਆਂ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਆਂਢੀ-ਗੁਆਂਢੀਆਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਵੀਡੀਉਜ਼ ਦੀਆਂ ਰਿਕਾਰਡਿੰਗਾਂ ਰੋਜ਼ਾਨਾ ਹੁੰਦੀਆਂ ਨਜ਼ਰ ਆ ਰਹੀਆਂ ਹਨ। ਇਸ ਸੰਬੰਧੀ ਗੱਲ ਕਰਦਿਆਂ ਸੀ.ਸੀ.ਟੀ.ਵੀ. ਕੈਮਰੇ ਲਗਵਾਉਣ ਵਾਲੇ ਦੁਕਾਨਦਾਰ ਦੱਸਦੇ ਹਨ ਕਿ ਬਹੁਤੇ ਲੋਕ ਕੇਵਲ ਆਪਣੇ ਘਰ ਦੀ ਚਾਰਦੀਵਾਰੀ/ਗਲੀ ਨੂੰ ਹੀ ਕੈਮਰਿਆਂ ਦੀ ਸੁਰੱਖਿਆ ਹੇਠ ਰੱਖਦੇ

ਹਨ ਪ੍ਰੰਤੂ ਕੁੱਝ ਘਰਾਂ ਦੇ ਮਾਲਕ ਇਹੋ ਜਿਹੇ ਵੀ ਹਨ ਜੋ ਕਿਸੇ ਦੀ ਨਿੱਜਤਾ ਦੀ ਪ੍ਰਵਾਹ ਨਹੀਂ ਕਰਦੇ। ਜੇਕਰ ਸੁਰੱਖਿਆ ਦੇ ਮੱਦੇਨਜ਼ਰ ਕੈਮਰਿਆਂ ਦੀ ਨਿਗਰਾਨੀ ਕੀਤੀ ਜਾਵੇ ਤਾਂ ਗਲੀਆਂ, ਸੜਕਾਂ ਵੱਲ ਕੀਤੇ ਕੈਮਰਿਆਂ ਦੇ ਮੂੰਹ ਜਿੱਥੇ ਪੁਲਿਸ ਪ੍ਰਸ਼ਾਸਨ ਲਈ ਵਾਰਦਾਤ ਕਰਨ ਵਾਲੇ ਨੂੰ ਛੇਤੀ ਫੜਨ 'ਚ ਸਹਾਈ ਹੁੰਦੇ ਹਨ, ਉੱਥੇ ਹੀ ਦੂਜੇ ਪਾਸੇ ਕਿਸੇ ਨਿੱਜੀ ਵਿਅਕਤੀ ਵਲੋਂ ਲੋਕਾਂ ਦੇ ਘਰਾਂ ਨੂੰ ਕੈਮਰਿਆਂ ਦੇ ਕੀਤੇ ਮੂੰਹ ਦੂਜਿਆਂ ਦੀ ਨਿੱਜਤਾ ਨਾਲ ਸਮਝੌਤਾ ਕਰਨ ਦਾ ਕਾਰਨ ਵੀ ਬਣਦੇ ਹਨ। ਇਸ ਸੰਬੰਧੀ ਜਦੋਂ ਪਟਿਆਲਾ ਦੇ ਵਕੀਲ ਮਲਕੀਤ ਸਿੰਘ ਢਿੱਲੋਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਕਿਸੇ ਦੇ ਘਰ ਦੀ ਨਿੱਜਤਾ ਦੀ ਰਿਕਾਰਡਿੰਗ ਨਹੀਂ ਕਰ ਸਕਦਾ ਅਤੇ ਇਸ ਸੰਬੰਧੀ ਵਿਅਕਤੀ ਵਲੋਂ ਆਈ.ਟੀ. ਐਕਟ ਅਧੀਨ ਸ਼ਿਕਾਇਤ ਕੀਤੀ ਜਾ ਸਕਦੀ ਹੈ। ਜਿਸ 'ਤੇ ਪਰਚਾ ਦਰਜ ਹੋਣ ਮਗਰੋਂ ਤਿੰਨ ਸਾਲ ਤੱਕ ਦੀ ਸਜ਼ਾ ਵੀ ਹੋ ਸਕਦੀ ਹੈ।

## ਵੈਸ਼ਨੋ ਦੇਵੀ ਦੇ ਤੀਰਥ ਯਾਤਰੀਆਂ ਨੂੰ ਮਿਲੇਗਾ 10 ਲੱਖ ਦਾ ਬੀਮਾ ਕਵਰ



**ਜੰਮੂ:**ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਆਧਾਰ ਕੈਂਪ ਕਟੜਾ ਨੂੰ ਅਧਿਆਤਮ ਦਾ ਆਲਮੀ ਕੇਂਦਰ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤਹਿਤ ਸ੍ਰੀ ਮਾਤਾ ਵੈਸ਼ਨੋ ਦੇਵੀ ਸ਼ਾਈਨ ਬੋਰਡ ਕਟੜਾ ਵਿਚ ਅਧਿਆਤਮਕ ਸਰਗਰਮੀਆਂ ਦੇ ਨਾਲ- ਨਾਲ ਮੁੱਢਲੇ ਢਾਂਚੇ ਤੇ ਤੀਰਥ ਯਾਤਰੀਆਂ ਲਈ ਸਹੂਲਤਾਂ ਦਾ ਵਿਕਾਸ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਕ ਅਹਿਮ ਫ਼ੈਸਲੇ ਤਹਿਤ ਤੀਰਥ ਯਾਤਰੀਆਂ ਦਾ ਬੀਮਾ ਕਵਰ ਪੰਜ ਲੱਖ ਤੋਂ ਵਧਾ ਕੇ 10 ਲੱਖ ਕੀਤਾ ਗਿਆ ਹੈ।

ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਅਤੇ ਸ਼ਾਈਨ ਬੋਰਡ ਦੇ ਚੇਅਰਮੈਨ ਮਨੋਜ ਸਿੰਘ ਦੀ ਪ੍ਰਧਾਨਗੀ ਵਿਚ ਐਤਵਾਰ ਨੂੰ ਹੋਈ ਬੈਠਕ ਵਿਚ ਕਈ ਫੈਸਲੇ ਲਏ ਗਏ। ਸ਼ਾਈਨ ਬੋਰਡ ਦੀ ਬੈਠਕ ਵਿਚ ਕਟੜਾ ਵਿਚ ਮਾਂ ਸ਼ਕਤੀ ਦੀ ਅਧਿਆਤਮਕ ਵਿਰਾਸਤ ਨੂੰ ਸਮਰਪਿਤ ਅੰਤਰਰਾਸ਼ਟਰੀ ਮਿਊਜ਼ੀਅਮ ਦੀ ਉਸਾਰੀ ਨੂੰ ਮਨਜ਼ੂਰੀ ਦਿੱਤੀ ਗਈ। ਇਸ ਦੇ ਨਾਲ ਹੀ ਦੇਸ਼-ਵਿਦੇਸ਼ ਦੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਨ ਲਈ ਵਿਸ਼ਵ ਤੀਰਥ ਸਥਾਨਾਂ ਦੀ ਤਰਜ਼ 'ਤੇ ਆਧੁਨਿਕ ਲਾਈਟ ਅਤੇ ਸਾਊਂਡ ਸ਼ੋਅ ਦੀ ਸ਼ੁਰੂਆਤ ਕਰਨ ਦੇ ਨਾਲ-ਨਾਲ ਸ੍ਰੀ ਮਾਤਾ ਵੈਸ਼ਨੋ ਦੇਵੀ ਧਾਮ 'ਤੇ ਆਧਾਰਤ ਇਕ ਡਾਕੂਮੈਂਟਰੀ ਬਣਾਉਣ ਦਾ ਫੈਸਲਾ ਵੀ ਕੀਤਾ ਗਿਆ। ਬੈਠਕ ਵਿਚ ਬੋਰਡ ਨੇ ਖ਼ਾਲੀ ਅਹੁਦੇ ਭਰਨ ਲਈ ਜਲਦੀ ਹੀ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਅਤੇ ਆਸਪਾਸ ਦੇ ਖੇਤਰ ਦੇ ਨੌਜਵਾਨਾਂ ਲਈ ਮੁਫ਼ਤ ਨੀਟ ਕੋਚਿੰਗ ਸੈਂਟਰ ਸਥਾਪਿਤ ਕਰਨ ਨੂੰ ਹਰੀ ਝੰਡੀ ਦਿੱਤੀ ਹੈ। ਸ਼ਾਈਨ ਖੇਤਰਵਿਚ ਘੋੜਾ-ਖੱਚਰ ਵਾਲਿਆਂ ਲਈ ਐਨਜੀਟੀ ਦੇ ਨਿਰਦੇਸ਼ਾਂ ਮੁਤਾਬਕ ਪੁਨਰਵਾਸ ਯੋਜਨਾ ਨੂੰ ਪੜਾਅਵਾਰ ਤਰੀਕੇ ਨਾਲ ਲਾਗੂ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਬੋਰਡ ਨੇ ਫ਼ੈਸਲਾ ਕੀਤਾ ਹੈ ਕਿ ਸਵੈ-ਸਹਾਇਤਾ ਸਮੂਹਾਂ, ਔਰਤਾਂ ਤੇ ਸਥਾਨਕ ਨੌਜਵਾਨ ਉੱਦਮੀਆਂ ਤੋਂ ਪਹਿਲ ਦੇ ਆਧਾਰ 'ਤੇ ਖ਼ਰੀਦ ਕੀਤੀ ਜਾਵੇਗੀ ਤਾਂ ਜੋ ਖੇਤਰ -ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲੇ। ਬੋਰਡ ਨੇ ਮਾਤਾ ਦੇ ਪ੍ਰਸ਼ਾਦ ਅਤੇ ਹੋਰ ਸਮੱਗਰੀ ਦੀ ਸਥਾਨਕ ਪੱਧਰ 'ਤੇ ਖ਼ਰੀਦ ਦਾ ਫ਼ੈਸਲਾ ਕੀਤਾ ਹੈ।

# 'ਵਿਜੀਲੈਂਸ ਮੁਲਾਜ਼ਮਾਂ' ਨੇ ਟ੍ਰੈਫਿਕ ਪੁਲਿਸ ਨਾਲ ਕੀਤੀ ਹੱਥੋਪਾਈ

## ਫ਼ਰਾਰ ਨਕਲੀ ਵਿਜੀਲੈਂਸ ਮੁਲਾਜ਼ਮ ਬਾਅਦ 'ਚ ਪੁਲਿਸ ਨੇ ਕੀਤੇ ਗ੍ਰਿਫ਼ਤਾਰ

**ਲੁਧਿਆਣਾ:**ਚੰਡੀਗੜ੍ਹ ਰੋਡ 'ਤੇ ਸਥਿਤ ਪਿੰਡ ਮੁੰਡੀਆਂ ਕਲਾਂ ਚੌਕ ਵਿੱਚ ਟ੍ਰੈਫਿਕ ਡਿਊਟੀ ਕਰ ਰਹੇ ਥਾਣੇਦਾਰ ਅਤੇ ਪੁਲਿਸ ਟੀਮ ਨਾਲ ਗਾਲੀ-ਗਲੋਚ ਅਤੇ ਹੱਥੋਪਾਈ ਕਰ ਕੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਵਾਲੇ ਤਿੰਨ ਮੁਲਜ਼ਮਾਂ ਨੂੰ ਥਾਣਾ ਜਮਾਲਪੁਰ ਪੁਲਿਸ ਵੱਲੋਂ ਪੜਤਾਲ ਦੌਰਾਨ ਗ੍ਰਿਫਤਾਰ ਕਰ ਲਿਆ ਗਿਆ ਹੈ। ਸਹਾਇਕ ਥਾਣੇਦਾਰ ਦਲੀਪ ਕੁਮਾਰ ਦੇ ਬਿਆਨ 'ਤੇ ਥਾਣਾ ਜਮਾਲਪੁਰ ਪੁਲਿਸ ਨੇ ਪਰਚਾ ਦਰਜ ਕਰ ਕੇ ਗੁਰੂ ਅਰਜਨ ਦੇਵ ਨਗਰ ਦੇ ਰਹਿਣ ਵਾਲੇ ਰਾਜ ਕੁਮਾਰ ਖੱਤਰੀ, ਢੋਕਾ ਮਹੱਲਾ ਦੇ ਰਹਿਣ ਵਾਲੇ ਰਵੀ ਕੁਮਾਰ ਅਤੇ ਗੁਰੂ ਅਰਜਨ ਦੇਵ ਨਗਰ ਦੇ ਹੀ ਰਹਿਣ ਵਾਲੇ ਨਿਸ਼ਾਂਤ ਨੂੰ ਹਿਰਾਸਤ ਵਿੱਚ ਲਿਆ ਹੈ।

ਥਾਣੇਦਾਰ ਦਲੀਪ ਕੁਮਾਰ ਮੁਤਾਬਕ ਉਹ ਸਿਟੀ ਟ੍ਰੈਫਿਕ ਪੁਲਿਸ ਦਾ ਮੁਲਾਜ਼ਮ ਹੈ। ਵਾਰਦਾਤ ਵਾਲੇ ਦਿਨ ਉਹ ਸਾਥੀ ਕਰਮਚਾਰੀਆਂ ਸਮੇਤ ਪਿੰਡ ਮੁੰਡੀਆਂ ਕਲਾਂ ਚੌਕ ਚੰਡੀਗੜ੍ਹ ਰੋਡ ਡਿਊਟੀ ਦੇ ਰਿਹਾ ਸੀ। ਟਾਟਾ ਇੰਡੀਗੋ ਕਾਰ ਦੀਆਂ ਨੰਬਰ ਪਲੇਟਾਂ ਨਿਯਮਾਂ ਮੁਤਾਬਕ ਨਾ ਹੋਣ ਕਾਰਨ ਰੋਕੀ ਤਾਂ ਕਾਰ ਰੋਕਦੇ ਹੀ ਉਕਤ ਕਾਰ ਦੇ ਚਾਲਕ ਰਾਜਕੁਮਾਰ ਨੇ ਪਹਿਲਾਂ ਆਪਣੇ ਆਪ ਨੂੰ ਜਾ ਵਿਜੀਲੈਂਸ ਦਾ ਮੁਲਾਜ਼ਮ ਦੱਸ ਕੇ ਉਨਾਂ ਉੱਪਰ ਰੋਹਬ ਪਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਥਾਣੇਦਾਰ ਦਲੀਪ ਕੁਮਾਰ ਨੇ ਉਸ ਨੂੰ ਆਪਣਾ ਸ਼ਨਾਖਤੀ ਕਾਰਡ ਦਿਖਾਉਣ ਲਈ ਕਿਹਾ ਤਾਂ ਰਾਜ ਕੁਮਾਰ ਅਤੇ ਉਸ ਦੇ ਦੋ ਹੋਰ ਸਾਥੀਆਂ ਨੇ ਨਾਕੇ 'ਤੇ ਖੜ੍ਹੀ ਪੁਲਿਸ ਟੀਮ ਨਾਲ ਬਦਤਮੀਜ਼ੀ ਕਰਨੀ ਸ਼ੁਰੂ ਕਰ ਦਿੱਤੀ। ਤਿੰਨਾਂ ਨੇ ਪੁਲਿਸ ਮੁਲਾਜ਼ਮਾਂ ਨਾਲ ਹੱਥੋਪਾਈ ਕੀਤੀ, ਜਿਸ ਦੌਰਾਨ ਉਹਨਾਂ ਦੀ ਵਰਦੀ ਦੇ ਬਟਨ ਟੁੱਟ ਗਏ। ਲੜਾਈ ਝਗੜਾ ਕਰਦੇ - ਹੋਏ ਉਕਤ ਮੁਲਜ਼ਮ ਧਮਕੀਆਂ ਦਿੰਦੇ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਦੀ ਸ਼ਿਕਾਇਤ ਮਿਲਣ ਮਗਰੋਂ ਥਾਣਾ ਜਮਾਲਪੁਰ ਪੁਲਿਸ ਨੇ ਪੜਤਾਲ ਦੌਰਾਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਉਕਤ ਕਾਰ ਵੀ ਬਰਾਮਦ ਕਰ ਲਈ ਹੈ।




# ਡਾ. ਪੁਸ਼ਪਿੰਦਰ ਸਿੰਘ ਗਿੱਲ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਿਯੁਕਤ

**ਪਟਿਆਲਾ:**ਪੰਜਾਬ ਦੇ ਰਾਜਪਾਲ ਅਤੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਟੇਟ ਸਪੋਰਟਸ ਯੂਨੀਵਰਸਿਟੀ ਦੇ ਚਾਂਸਲਰ ਵੱਲੋਂ ਡਾ. ਪੁਸ਼ਪਿੰਦਰ ਸਿੰਘ ਗਿੱਲ ਨੂੰ ਯੂਨੀਵਰਸਿਟੀ ਦਾ ਨਵਾਂ ਵਾਈਸ-ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਅਧਿਕਾਰਤ ਨੋਟੀਫਿਕੇਸ਼ਨ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ ਵੱਲੋਂ ਜਾਰੀ ਕੀਤਾ ਗਿਆ ਹੈ। ਡਾ. ਗਿੱਲ ਕੋਲ ਅਕਾਦਮਿਕ, ਖੋਜ ਅਤੇ ਪ੍ਰਬੰਧਨ ਦੇ ਖੇਤਰ ਵਿੱਚ 36 ਸਾਲਾਂ ਤੋਂ ਵੱਧ ਦਾ ਲੰਬਾ ਤਜਰਬਾ ਹੈ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਕੂਲ ਆਫ ਮੈਨੇਜਮੈਂਟ ਸਟੱਡੀਜ਼ ਵਿੱਚ ਬਤੌਰ ਪ੍ਰੋਫੈਸਰ ਸੇਵਾਮੁਕਤ ਹੋਏ ਹਨ। ਉਨ੍ਹਾਂ ਨੇ ਉੱਥੇ 23 ਸਾਲਾਂ ਤੋਂ ਵੱਧ ਸਮਾਂ ਪ੍ਰੋਫੈਸਰ ਵਜੋਂ ਸੇਵਾ ਨਿਭਾਈ ਹੈ।



ਉਨ੍ਹਾਂ ਕੋਲ ਅੰਤਰਰਾਸ਼ਟਰੀ ਕਾਰਪੋਰੇਟ ਜਗਤ ਦਾ ਵੀ ਵੱਡਾ ਤਜਰਬਾ ਹੈ। ਸਾਲ 1999 ਤੋਂ 2001 ਦਰਮਿਆਨ ਉਨ੍ਹਾਂ ਨੇ ਅਫਰੀਕੀ ਦੇਸ਼ਾਂ (ਯੁਗਾਂਡਾ, ਕੀਨੀਆ, ਇਥੋਪੀਆ ਅਤੇ ਨਾਈਜੀਰੀਆ) ਵਿੱਚ ਕੋਕਾ-ਕੋਲਾ ਕੰਪਨੀ ਦੇ ਚੀਫ ਲੰਬਾ ਤਜਰਬਾ ਹੈ। ਉਹਨਾਂ ਨੇ ਐਗਜ਼ੀਕਿਊਟਿਵ ਅਫਸਰ ਵਜੋਂ ਵੀ ਕੰਮ ਕੀਤਾ ਹੈ। ਡਾ. ਗਿੱਲ ਨੇ ਅਕਾਦਮਿਕ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।ਉਨ੍ਹਾਂ ਦੇ 84 ਖੋਜ ਪੱਤਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਨੇ 10 ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿੱਚ 'ਦ ਪੰਜਾਬ ਦੈਟ ਵਾਜ਼ ਨਾਟ' (ਤਿੰਨ ਭਾਗ) ਅਤੇ ਮੈਨੇਜਮੈਂਟ ਵਿਸ਼ੇ 'ਤੇ ਲਿਖੀਆਂ ਕਿਤਾਬਾਂ ਕਾਫ਼ੀ ਚਰਚਿਤ ਹਨ। ਉਹ ਹੁਣ ਤੱਕ 30 ਪੀਐੱਚ.ਡੀ ਵਿਦਿਆਰਥੀਆਂ ਦੀ ਸਫਲਤਾਪੂਰਵਕ ਅਗਵਾਈ ਕਰ ਚੁੱਕੇ ਹਨ।

ਆਪਣੀ ਨਿਯੁਕਤੀ 'ਤੇ ਡਾ. ਗਿੱਲ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਟੇਟ ਸਪੋਰਟਸ ਯੂਨੀਵਰਸਿਟੀ ਨੂੰ ਦੇਸ਼ ਦੀ ਮੋਹਰੀ ਸੰਸਥਾ ਵਜੋਂ ਸਥਾਪਤ ਕਰਨਾ ਹੈ। ਉਹ ਖੇਡ ਸਿੱਖਿਆ, ਉੱਚ-ਪੱਧਰੀ ਸਿਖਲਾਈ ਅਤੇ ਵਿਗਿਆਨਕ ਖੋਜਾਂ ਰਾਹੀਂ ਅਜਿਹਾ ਮਾਹੌਲ ਸਿਰਜਣਾ ਚਾਹੁੰਦੇ ਹਨ ਜਿੱਥੇ ਖਿਡਾਰੀ ਅਤੇ ਕੋਚ ਮਿਲ ਕੇ ਪੰਜਾਬ ਅਤੇ ਦੇਸ਼ ਦਾ ਨਾਂ ਕੌਮਾਂਤਰੀ ਪੱਧਰ 'ਤੇ ਰੌਸ਼ਨ ਕਰ ਸਕਣ।

# ਏਅਰਪੋਰਟ ਦੇ ਬਾਹਰ ਥਾਣੇਦਾਰ ਦੀ ਵਰਦੀ ਪਾੜੀ

**ਅੰਮ੍ਰਿਤਸਰ:**ਸ੍ਰੀ ਗੁਰੂ ਰਾਮਦਾਸ ਜੀ ਹਵਾਈ ਅੱਡੇ ਦੇ ਬਾਹਰ ਗਲਤ ਪਾਰਕਿੰਗ ਦਾ ਵਿਰੋਧ ਕਰ ਰਹੇ ਏਐੱਸਆਈ ਦੀ ਕਾਰ ਚਾਲਕ ਨੇ ਪਹਿਲਾਂ ਵਰਦੀ ਪਾੜੀ ਅਤੇ ਫਿਰ ਗਾਲੀ-ਗਲੋਚ ਅਤੇ ਹੱਥੋਪਾਈ ਕਰਨ ਲੱਗਾ। ਰਾਹਗੀਰਾਂ ਨੇ ' ਦਖਲ ਦਿੱਤਾ ਤੇ ਬਚਾਅ ਕਰਵਾਇਆ। ਏਅਰਪੋਰਟ ਪੁਲਿਸ ਥਾਣੇ ਨੇ ਕਪੂਰਥਲਾ ਜ਼ਿਲ੍ਹੇ ਦੇ ਢਿੱਲਵਾਂ ਦੇ ਹਮੀਰਾ ਪਿੰਡ ਦੇ ਨਦੀਪ ਸਿੰਘ ਖਿਲਾਫ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਫਰਾਰ ਹੈ। ਏਐੱਸਆਈ ਬੱਬੂ ਮਸੀਹ ਨੇ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਅਜਨਾਲਾ ਦੇ ਵਾਰਡ ਨੰਬਰ 9 ਦੇ ਵਸਨੀਕ ਹਰਦੀਪ ਸਿੰਘ ਨੇ ਏਅਰਪੋਰਟ ਪੁਲਿਸ ਥਾਣੇ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਹੈ ਕਿ ਉਹ ਪੰਜਾਬ ਪੁਲਿਸ ਵਿਚ ਏ.ਐੱਸ.ਆਈ. ਹੈ ਤੇ ਹਵਾਈ ਅੱਡੇ ਦੇ ਬਾਹਰ ਡਿਊਟੀ ਲੱਗੀ ਹੈ। ਉਹ ਸ਼ਨਿਚਰਵਾਰ ਦੁਪਹਿਰ ਹਵਾਈ ਅੱਡੇਦੇ ਬਾਹਰ ਡਿਊਟੀ 'ਤੇ ਸੀ ਜਦੋਂ ਮੁਲਜ਼ਮ ਨੇ ਕਾਰ ਸੜਕ ਕਿਨਾਰੇ ਖੜ੍ਹੀ ਕਰ ਦਿੱਤੀ। ਉਸ ਨੇ ਡਰਾਈਵਰ ਨੂੰ ਕਾਰ ਹਟਾਉਣ ਲਈ ਕਿਹਾ ਪਰ ਮੁਲਜ਼ਮ ਨੇ ਇਨਕਾਰ ਕਰ ਦਿੱਤਾ। ਜਦੋਂ ਉਸ ਨੇ ਕਾਰਵਾਈ ਕਰਨ ਦੀ ਧਮਕੀ ਦਿੱਤੀ, ਤਾਂ ਕਾਰ ਵਿਚ ਬੈਠੇ ਮਨਦੀਪ ਸਿੰਘ ਨੇ ਉਸ ਨਾਲ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਕਾਰ 'ਚੋਂ ਨਿਕਲ ਕੇ ਉਸ 'ਤੇ ਹਮਲਾ ਕਰ ਦਿੱਤਾ ਤੇ ਵਰਦੀ ਪਾੜ ਦਿੱਤੀ।

# ਰੁੱਸੇ ਆਗੂਆਂ ਨੂੰ ਮਨਾਉਣਗੇ ਮਜੀਠੀਆ

## 2027 ਤੋਂ ਪਹਿਲਾਂ ਪਾਰਟੀ 'ਚ ਲਿਆਉਣ ਦਾ ਟੀਚਾ

**ਚੰਡੀਗੜ੍ਹ:**ਬਿਕਰਮ ਸਿੰਘ ਮਜੀਠੀਆ, ਜੋ ਕਿ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਲਗਭਗ ਮਹੀਨਿਆਂ ਤੋਂ ਬਾਅਦ ਨਾਭਾ ਜੇਲ੍ਹ ਤੇ ਜ਼ਮਾਨਤ ਤੇ ਰਿਹਾਅ ਹੋਏ ਸਨ,ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਗਏ ਆਗੂਆਂ ਨੂੰ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਹੈ।

ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਕੋਈ ਜੋਖਿਮ ਨਹੀਂ ਲੈਣਾ ਚਾਹੁੰਦੀ। ਇਸੇ ਕਰ ਕੇ ਪਾਰਟੀ ਚੋਣ ਮੈਦਾਨ ਵਿੱਚ ਉਤਰਨ ਤੋਂ ਪਹਿਲਾਂ ਏਕਤਾ ਦਾ ਸੁਨੇਹਾ ਦੇਣ ਦਾ ਟੀਚਾ ਰੱਖਦੀ ਹੈ। ਇਸ ਦੇ ਨਾਲ ਹੀ ਨਾਰਾਜ਼ ਆਗੂਆਂ ਨੂੰ ਮਨਾਉਣਾ ਮਜੀਠੀਆ ਲਈ ਆਸਾਨ ਨਹੀਂ ਹੋਵੇਗਾ, ਕਿਉਂਕਿ ਪ੍ਰੋ ਪ੍ਰੇਮ ਸਿੰਘ ਚੰਦੂਮਾਰਾ, ਸੁਰਜੀਤ ਸਿੰਘ ਰੱਖੜਾ, ਗੁਰਪ੍ਰਤਾਪ ਵਡਾਲਾ ਅਤੇ ਹੋਰ ਆਗੂਆਂ ਨੇ ਸੁਖਬੀਰ ਬਾਦਲ ਦੀ ਲੀਡਰਸ਼ਿਪ ਬਾਰੇ ਇਤਰਾਜ਼ ਪ੍ਰਗਟ ਕੀਤੇ ਹਨ।

ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਪ੍ਰਦਰਸ਼ਨ ਹੈ। ਰਾਸ਼ਟਰੀ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ, ਖੇਤਰੀ ਪਾਰਟੀਆਂ ਸੱਤਾ ਤੋਂ ਲੰਬੇ ਸਮੇਂ ਤੱਕ ਦੂਰ ਰਹਿਣ ਤੋਂ ਬਾਅਦ ਖਿੰਡ ਜਾਂਦੀਆਂ ਹਨ। ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੇ ਹੁਣ ਆਪਣੇ ਨਿੱਜੀ ਹਿੱਤਾਂ ਅਤੇ ਟਕਰਾਵਾਂ ਨੂੰ ਪਾਸੇ ਰੱਖਣ ਦਾ ਫੈਸਲਾ ਕੀਤਾ ਹੈ। ਬਿਕਰਮ ਸਿੰਘ ਮਜੀਠੀਆ ਨੇ ਖੁਦ ਕਿਹਾ ਹੈ ਕਿ ਉਹ ਨਾਰਾਜ਼ ਆਗੂਆਂ ਨੂੰ ਮਨਾਉਣ ਲਈ ਨੰਗੇ ਪੈਰੀਂ ਜਾਣਗੇ। ਸੁਖਬੀਰ ਬਾਦਲ ਨੇ ਮਜੀਠੀਆ ਨੂੰ ਇਹ ਜ਼ਿੰਮੇਵਾਰੀ ਅਜਿਹੇ ਸਮੇਂ-ਸੌਂਪੀ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਮੁੜ ਗੱਠਜੋੜ ਦੀਆਂ ਚਰਚਾਵਾਂ ਜ਼ੋਰਾਂ 'ਤੇ ਹਨ।



ਇਸ ਦੌਰਾਨ ਭਾਜਪਾ ਪੰਜਾਬ ਵਿੱਚ ਆਪਣੀਆਂ ਗਤੀਵਿਧੀਆਂ ਨੂੰ ਲਗਾਤਾਰ ਵਧਾ ਰਹੀ ਹੈ। ਭਾਜਪਾ ਆਗੂ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਆਪਣੀ ਨੇੜਤਾ ਵਧਾ ਰਹੇ ਹਨ। 1 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਵਿਖੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਵਿੱਚ ਹਿੱਸਾ ਲਿਆ ਸੀ। ਇਹ ਦੋਵੇਂ ਪੰਜਾਬ ਦੇ ਵੱਡੇ ਡੇਰੇ ਹਨ, ਜਿਨ੍ਹਾਂ ਵਿੱਚ ਕਾਫ਼ੀ ਗਿਣਤੀ ਵਿੱਚ ਸ਼ਰਧਾਲੂ ਹਨ। ਜਿੱਥੇ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੀ ਤਾਕਤ ਲਗਾਤਾਰ ਵਧਾ ਰਹੀ ਹੈ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਵੀ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਪਾਰਟੀ ਨਾਰਾਜ਼ ਅਕਾਲੀਆਂ ਨੂੰ ਵਾਪਸ ਲਿਆ ਕੇ ਇੱਕਜੁੱਟ ਹੈ। ਮਜੀਠੀਆ ਇਸ ਕੋਸ਼ਿਸ਼ ਵਿੱਚ ਇੱਕ ਮੁੱਖ ਕੜੀ ਵਜੋਂ ਉਭਰੇ ਹਨ। ਜੇਲ੍ਹ ਤੋਂ ਰਿਹਾਈ ਤੋਂ ਬਾਅਦ ਅਕਾਲੀ ਵਰਕਰਾਂ ਵਿੱਚ ਦਿਖਾਈ ਦੇਣ ਵਾਲੇ ਉਤਸ਼ਾਹ ਨੇ ਪਾਰਟੀ ਦਾ ਮਨੋਬਲ ਵਧਾਇਆ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤੇ 'ਚ ਦੇਸ਼ ਅਤੇ ਕਿਸਾਨਾਂ ਦੇ ਹਿੱਤ ਸੁਰੱਖਿਅਤ: ਜਾਖੜ

**ਚੰਡੀਗੜ੍ਹ:**ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ 'ਤੇ ਹਮਲਾ ਕਰਦਿਆਂ ਪੁੱਛਿਆ ਕਿ ਉਹ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਖਰੜੇ 'ਤੇ ਚੁੱਪ ਕਿਉਂ ਹਨ। ਉਹ ਇੰਨੇ ਲੰਬੇ ਸਮੇਂ ਤੋਂ ਕਿਸਾਨਾਂ ਨੂੰ ਇਹ ਦਾਅਵਾ ਕਰਦੇ ਹੋਏ ਗੁਮਰਾਹ ਕਰ ਰਹੇ ਹਨ ਕਿ ਇਸ ਸਮਝੌਤੇ ਨਾਲ ਉਨ੍ਹਾਂ ਨੂੰ ਨੁਕਸਾਨ ਹੋਵੇਗਾ। ਹੁਣ, ਉਹ ਸਮਝੌਤੇ ਵਿੱਚ ਦੇਸ਼ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਿਉਂ ਨਹੀਂ ਕਰ ਰਹੇ? ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਚੁੱਪੀ ਤੋੜਨੀ ਚਾਹੀਦੀ ਹੈ।



ਪਾਰਟੀ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਖੜ ਨੇ ਕਿਹਾ ਕਿ ਧਿਆਨ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਭਾਰਤ ਸਰਕਾਰ ਦੁਨੀਆ ਦੀ ਸਭ ਤੋਂ ਵੱਡੀ ਅਰਥ ਵਿਵਸਥਾ ਨਾਲ ਸਫਲਤਾਪੂਰਵਕ ਸਮਝੌਤਾ ਕਰ ਚੁੱਕੀ ਹੈ ਜੋ ਦੇਸ਼ ਅਤੇ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ, ਜਦੋਂ ਕਿ ਦੇਸ਼ ਦੇ ਕਿਸਾਨਾਂ, ਖਾਸ ਕਰ ਕੇ ਪੰਜਾਬ ਦੇ ਕਿਸਾਨਾਂ 'ਤੇ ਮਾੜਾ ਪ੍ਰਭਾਵ ਨਹੀਂ ਪਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਫਸਲਾਂ ਨੂੰ ਇਸ ਸਮਝੌਤੇ ਤੋਂ ਬਾਹਰ ਰੱਖਿਆ ਗਿਆ ਹੈ।

ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਣਜ ਮੰਤਰੀ ਪਿਊਸ਼ ਗੋਇਲ ਨੇ ਲੰਬੇ ਵਿਚਾਰ- ਵਟਾਂਦਰੇ ਤੋਂ ਬਾਅਦ ਇਸ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ, ਜਿਸ ਵਿੱਚ ਸਰਕਾਰ ਦੀ ਤਰਜੀਹ ਕਿਸਾਨਾਂ ਦੇ ਹਿੱਤਾਂ ਦੀ ਰੱਖਿਆਕਰਨਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਣਕ, ਚੌਲ, ਮੱਕੀ ਜਾਂ ਪੰਜਾਬ ਵਿੱਚ ਉਗਾਈ ਜਾਣ ਵਾਲੀ ਕੋਈ ਵੀ ਹੋਰ ਫਸਲ ਅਮਰੀਕਾ ਤੋਂ ਆਯਾਤ ਨਹੀਂ ਕੀਤੀ ਜਾਵੇਗੀ। ਇਸੇ ਤਰ੍ਹਾਂ ਇਹ ਸਮਝੌਤਾ ਡੇਅਰੀ ਸੈਕਟਰ ਲਈ ਪੂਰੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ।

ਜਾਖੜ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੇ ਆਗੂਆਂ ਨੂੰ ਪਾਰਟੀ ਰਾਜਨੀਤੀ ਤੋਂ ਉੱਪਰ ਉੱਠ ਕੇ ਰਾਸ਼ਟਰੀ ਹਿੱਤ ਵਿੱਚ ਇਸ ਸ਼ਮਝੌਤੇ 'ਤੇਸਰਕਾਰ ਨੂੰ ਵਧਾਈ ਦੇਣੀ ਚਾਹੀਦੀ ਸੀ ਪਰ ਉਹ ਰਚਨਾਤਮਕ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਵਿੱਚ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀ ਚੁੱਪੀ ਖੁਦ ਇਸ ਗੱਲ ਦਾ ਸਬੂਤ ਹੈ ਕਿ ਇਹ ਸਮਝੌਤਾ ਲਾਭਦਾਇਕ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਦੇਸ਼ ਦੇ ਨਿਰਯਾਤ ਨੂੰ ਵਧਾਏਗਾ- ਅਤੇ ਉਦਯੋਗਿਕ ਵਿਕਾਸ ਨੂੰ ਨਵੀਂ ਦਿਸ਼ਾ ਦੇਵੇਗਾ, ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

# ਆਮਦਨ ਕਰ ਕਾਨੂੰਨ ਸਰਲ ਬਣਾਉਣ ਦੀ ਤਿਆਰੀ

**ਨਵੀਂ ਦਿੱਲੀ:**ਆਮਦਨ ਕਰ ਵਿਭਾਗ ਨੇ ਇਕ ਅਪ੍ਰੈਲ ਤੋਂ ਲਾਗੂ ਹੋਣ ਵਾਲੇ 'ਨਵੇਂ ਇਨਕਮ ਟੈਕਸ ਐਕਟ, 2025' ਦੇ ਡਰਾਫਟ ਨਿਯਮਾਂ ਅਤੇ ਫਾਰਮਾਂ ਬਾਰੇ ਸਾਰੇ ਹਿੱਸੇਦਾਰਾਂ ਤੋਂ ਸੁਝਾਅ ਮੰਗੇ ਹਨ। ਵਿਭਾਗ ਨੇ ਦੱਸਿਆ ਕਿ. ਪ੍ਰਸਤਾਵਿਤ 'ਇਨਕਮ ਟੈਕਸ ਨਿਯਮ, 2026' ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਅਧਿਕਾਰਤ ਵੈੱਬਸਾਈਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਜ਼ ਨੇ ਮੁੱਖ ਤੌਰ 'ਤੇ ਚਾਰ ਸ਼੍ਰੇਣੀਆਂ (ਭਾਸ਼ਾ ਦਾ ਸਰਲੀਕਰਨ, ਮੁਕੱਦਮੇਬਾਜ਼ੀ 'ਚ ਕਮੀ, ਪਾਲਣਾ ਦੇ ਬੋਝ ਨੂੰ ਘਟਾਉਣਾ ਅਤੇ ਬੇਲੋੜੇ ਨਿਯਮਾਂ ਨੂੰ ਹਟਾਉਣ) ਲਈ ਲੋਕਾਂ ਦੀ ਰਾਏ ਮੰਗੀ ਹੈ। ਨਵੇਂ ਕਾਨੂੰਨ ਦੇ ਆਉਣ ਨਾਲ ਛੇ ਦਹਾਕੇ ਪੁਰਾਣਾ 1961 ਦਾ ਐਕਟ ਖ਼ਤਮ ਹੋ ਜਾਵੇਗਾ। ਸੁਝਾਅ ਦੇਣ ਲਈ ਈ-ਫਾਈਲਿੰਗ ਪੋਰਟਲ 'ਤੇ ਇਕ ਵਿਸ਼ੇਸ਼ ਲਿੰਕ ਜਾਰੀ ਕੀਤਾ ਗਿਆ ਹੈ, ਕੋਈ ਵੀ ਵਿਅਕਤੀ ਆਪਣਾ ਨਾਂਅ ਅਤੇ ਮੋਬਾਈਲ ਨੰਬਰ ਦਰਜ ਕਰਕੇ ਓ.ਟੀ.ਪੀ. ਰਾਹੀਂ ਆਪਣੀ ਰਾਏ ਦਰਜ ਕਰਵਾ ਸਕਦਾ ਹੈ।




# ਕੈਲੇਫੋਰਨੀਆ 'ਚ ਦੁਕਾਨ 'ਤੇ ਚੜ੍ਹਾਈ ਕਾਰ, 4 ਜ਼ਖਮੀ

**ਵਕੀ:**ਕੈਲੀਫ਼ੋਰਨੀਆ ਸੂਬੇ ਦੇ ਪਹਾੜੀ ਸ਼ਹਿਰ ਟਕੀ 'ਚ ਇਕ ਵਿਅਕਤੀ ਨੇ ਕਰਿਆਨੇ ਦੀ ਦੁਕਾਨ ਦੇ ਦਰਵਾਜ਼ੇ 'ਤੇ ਪੈਦਲ ਜਾ ਰਹੇ ਲੋਕਾਂ 'ਤੇ ਕਾਰ ਚੜ੍ਹਾ ਦਿੱਤੀ। ਇਸ ਘਟਨਾ 'ਚ ਚਾਰ



ਲੋਕ ਜ਼ਖ਼ਮੀ ਹੋ ਗਏ ਹਨ। ਪੁਲਿਸ ਨੇ ਕਿਹਾ ਕਿ 49 ਸਾਲਾ ਡਰਾਈਵਰ ਨੇ ਟਕੀ ਦੇ ਸੇਫਵੇਅ ਦੇ ਸਾਹਮਣੇ ਲੋਕਾਂ ਉੱਤੇ ਕਾਰ ਚੜ੍ਹਾਈ।

ਪੰਜਾਬ ਟਾਈਮਜ਼

14 ਫਰਵਰੀ, ਸ਼ਨਿਚਰਵਾਰ

# ਡਿਜੀਟਲ ਮੀਡੀਆ ਦਾ ਮੂੰਹ ਮੋੜੋ

ਡਿਜੀਟਲ ਮੀਡੀਆ ਦੀ ਅੰਨ੍ਹੀ ਵਰਤੋਂ ਜੀ ਦਾ ਜੰਜਾਲ ਬਣਦੀ ਜਾ ਰਹੀ ਹੈ। ਡਿਜੀਟਲ ਦੁਨੀਆ ਜਿੰਨੀ ਚਮਕਦਾਰ ਹੈ, ਉਨੀ ਹੀ ਬੇਰਹਿਮ ਵੀ ਹੈ। ਸਾਡੀ ਪਛਾਣ, ਸਮਾਜ ਵਿਚ ਸਾਡਾ ਰਹਿਣ-ਸਹਿਣ, ਰੁਤਬਾ ਅਤੇ ਵੱਕਾਰ ਹੁਣ ਸਾਡੀਆਂ ਡਿਜੀਟਲ ਪੈੜਾਂ ਨਾਲ ਨਿਰਧਾਰਤ ਹੁੰਦੇ ਹਨ। ਸਮੱਸਿਆ ਉਸ ਵੇਲੇ ਬੇਹੱਦ ਗਹਿਰੀ ਹੋ ਜਾਂਦੀ ਹੈ ਜਦੋਂ ਇਹ ਪੈੜਾਂ ਸਾਡੀ ਮੌਜੂਦਾ ਪਛਾਣ ਲਈ ਬੋਝ ਬਣ ਜਾਂਦੀਆਂ ਹਨ। ਅੱਜਕਲ ਇਕ ਅਜਿਹੇ ਨੌਜਵਾਨ ਦੀ ਚਰਚਾ ਹੈ, ਜਿਸ 'ਤੇ ਦਸ ਸਾਲ ਪਹਿਲਾਂ ਇਕ ਛੋਟਾ ਜਿਹਾ ਦੋਸ਼ ਲੱਗਾ ਸੀ। ਅਦਾਲਤ ਨੇ ਉਸ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਪਰ ਜਦੋਂ ਕੋਈ ਕੰਪਨੀ ਉਸ ਨੂੰ ਨੌਕਰੀ ਦੇਣ ਲਈ ਉਸ ਦਾ ਨਾਂ ਗੂਗਲ ਕਰਦੀ ਹੈ ਤਾਂ ਸਭ ਤੋਂ ਉੱਪਰ ਉਹੀ ਪੁਰਾਣੀ ਗ੍ਰਿਫ਼ਤਾਰੀ ਦੀ ਖ਼ਬਰ ਚਮਕਦੀ ਹੈ। ਇਹੀ ਉਹ ਬਿੰਦੂ ਹੈ ਜਿੱਥੇ 'ਰਾਈਟ ਟੂ ਬੀ ਫੋਰਗੈਟਨ' ਯਾਨੀ 'ਭੁਲਾ ਦਿੱਤੇ ਜਾਣ ਦਾ ਅਧਿਕਾਰ' ਇਕ ਵਿਲਾਸਤਾ ਨਹੀਂ, ਸਗੋਂ ਜੀਵਨ ਦੇ ਅਧਿਕਾਰ ਦਾ ਹਿੱਸਾ ਬਣ ਜਾਂਦਾ ਹੈ।

ਡਿਜੀਟਲ ਮੀਡੀਆ ਦੀ ਦੁਰਵਰਤੋਂ ਮਹਾਮਾਰੀ ਵਾਂਗ ਫੈਲ ਚੁੱਕੀ ਹੈ। ਫੇਕ ਨਿਊਜ਼, ਟ੍ਰੋਲਿੰਗ ਅਤੇ ਸਾਈਬਰ ਬੁਲਿੰਗ ਨੇ ਵਰਚੁਅਲ ਸਪੇਸ ਨੂੰ ਯੁੱਧ ਦੇ ਮੈਦਾਨ ਵਿਚ ਬਦਲ ਦਿੱਤਾ ਹੈ। ਸਭ ਤੋਂ ਭਿਆਨਕ ਰੂਪ ਉਸ ਵੇਲੇ ਸਾਹਮਣੇ ਆਉਂਦਾ ਹੈ ਜਦੋਂ ਕਿਸੇ ਦੀ ਨਿੱਜੀ ਜਾਣਕਾਰੀ ਜਾਂ ਤਸਵੀਰਾਂ ਉਸ ਦੀ ਇਜਾਜ਼ਤ ਤੋਂ ਬਿਨਾਂ ਜਨਤਕ ਕਰ ਦਿੱਤੀਆਂ ਜਾਂਦੀਆਂ ਹਨ। ਇਸ ਨੂੰ ਡਾਕਸਿੰਗ ਕਿਹਾ ਜਾਂਦਾ ਹੈ। ਜਦੋਂ ਕੋਈ ਅਪਮਾਨਜਨਕ ਸਮੱਗਰੀ ਇਕ ਵਾਰ ਵਾਇਰਲ ਹੋ ਜਾਂਦੀ ਹੈ ਤਾਂ ਉਸ ਨੂੰ ਪੂਰੀ ਤਰ੍ਹਾਂ ਮਿਟਾਉਣਾ ਲਗਪਗ ਅਸੰਭਵ ਹੋ ਜਾਂਦਾ ਹੈ। ਡਿਜੀਟਲ ਦੁਨੀਆ ਵਿਚ ਕੁਝ ਵੀ ਸਥਾਈ ਤੌਰ 'ਤੇ ਮਰਦਾ ਨਹੀਂ ਹੈ, ਸਿਰਫ਼ ਕਿਤੇ ਦੱਬਿਆ ਰਹਿੰਦਾ ਹੈ ਅਤੇ ਸਮੇਂ-ਸਮੇਂ 'ਤੇ ਬਾਹਰ ਆਉਂਦਾ ਰਹਿੰਦਾ ਹੈ। ਇੱਥੇ ਹੀ 'ਭੁੱਲ ਜਾਣ ਦੇ ਅਧਿਕਾਰ' ਦੀ ਧਾਰਨਾ ਉਮੀਦ ਦੀ ਕਿਰਨ ਹੈ। ਵਿਅਕਤੀ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਪੁਰਾਣੇ, ਗ਼ੈਰ-ਜ਼ਰੂਰੀ ਜਾਂ ਗ਼ਲਤ ਡਿਜੀਟਲ ਰਿਕਾਰਡ ਨੂੰ ਹਟਵਾ ਸਕੇ। ਯੂਰਪੀ ਸੰਘ ਦਾ ਇਕ ਕਾਨੂੰਨ ਇਸ ਮਾਮਲੇ ਵਿਚ ਇਕ ਉਦਾਹਰਣ ਹੈ। ਉੱਥੇ ਦੇ ਇਕ ਪ੍ਰਸਿੱਧ ਮਾਮਲੇ ਵਿਚ ਇਹ ਫ਼ੈਸਲਾ ਲਿਆ ਗਿਆ ਕਿ ਜੇ ਕੋਈ ਜਾਣਕਾਰੀ ਹੁਣ ਜ਼ਰੂਰੀ ਨਹੀਂ ਹੈ ਤਾਂ ਉਸ ਨੂੰ ਹਟਾਉਣਾ ਹੋਵੇਗਾ। ਭਾਰਤ ਵਿਚ ਵੀ ਇਸ ਅਧਿਕਾਰ ਬਾਰੇ ਚਰਚਾ ਤੇਜ਼ ਹੋਈ ਹੈ। ਸੁਪਰੀਮ ਕੋਰਟ ਨੇ ਪੁੱਟਾਸਵਾਮੀ ਕੇਸ ਵਿਚ ਨਿੱਜਤਾ ਨੂੰ ਮੌਲਿਕ ਅਧਿਕਾਰ ਤਾਂ ਮੰਨਿਆ ਪਰ 'ਭੁੱਲ ਜਾਣ ਦਾ ਅਧਿਕਾਰ' ਹਾਲੇ ਵੀ ਕਾਨੂੰਨੀ ਮੱਕੜਜਾਲ ਵਿਚ ਫਸਿਆ ਹੋਇਆ ਹੈ। ਦਿੱਲੀ ਹਾਈ ਕੋਰਟ ਨੇ ਵੀ ਮੰਨਿਆ ਕਿ ਕਿਸੇ ਵੀ ਵਿਅਕਤੀ ਨੂੰ ਆਪਣੀਆਂ ਪੁਰਾਣੀਆਂ ਗ਼ਲਤੀਆਂ ਜਾਂ ਵਿਵਾਦਾਂ ਤੋਂ ਅੱਗੇ ਵਧਣ ਦਾ ਹੱਕ ਹੈ। ਸਾਡੇ ਕੋਲ ਇਸ ਲਈ ਕੋਈ ਠੋਸ ਕਾਨੂੰਨ ਹੈ? ਭਾਰਤ ਦਾ ਡਿਜੀਟਲ ਨਿੱਜੀ ਡਾਟਾ ਸੁਰੱਖਿਆ ਅਧਿਨਿਯਮ, 2023 ਇਸ ਦਿਸ਼ਾ ਵਿਚ ਇਕ ਕਦਮ ਜ਼ਰੂਰ ਹੈ। ਇਹ ਡਾਟਾ ਮਿਟਾਉਣ ਦਾ ਅਧਿਕਾਰ ਦਿੰਦਾ ਹੈ ਪਰ ਇਸ ਵਿਚ ਕਈ ਦਾਅ-ਪੇਚ ਹਨ। ਜਦੋਂ ਕੋਈ ਵਿਅਕਤੀ ਆਪਣਾ ਡਾਟਾ ਹਟਾਉਣ ਦੀ ਮੰਗ ਕਰਦਾ ਹੈ ਤਾਂ ਉਸ ਦੇ ਸਾਹਮਣੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਨਿਆਂਇਕ ਪਾਰਦਰਸ਼ਤਾ ਦੀ ਦੀਵਾਰ ਖੜ੍ਹੀ ਹੋ ਜਾਂਦੀ ਹੈ। ਉਦਾਹਰਣ ਵਜੋਂ, ਕੀ ਇਕ ਭ੍ਰਿਸ਼ਟ ਆਗੂ ਇਹ ਕਹਿ ਸਕਦਾ ਹੈ ਕਿ ਲੋਕ ਉਸ ਦੇ ਪੁਰਾਣੇ ਘੁਟਾਲੇ ਭੁੱਲ ਜਾਣ ਕਿਉਂਕਿ ਹੁਣ ਉਹ ਸੁਧਰ ਗਿਆ ਹੈ? ਨਿਸ਼ਚਿਤ ਤੌਰ 'ਤੇ ਨਹੀਂ। ਇੰਜ ਕਰਨ ਨਾਲ ਸਮਾਜ 'ਤੇ ਬੇਹੱਦ ਮਾੜਾ ਅਸਰ ਪਵੇਗਾ ਅਤੇ ਭ੍ਰਿਸ਼ਟਾਚਾਰੀ ਨੇਤਾਵਾਂ ਦੇ ਹੌਸਲੇ ਵਧ ਜਾਣਗੇ। ਜਨਤਾ ਨੂੰ ਜਾਣਨ ਦਾ ਅਧਿਕਾਰ ਅਤੇ ਜਨਤਕ ਹਿੱਤ ਹਮੇਸ਼ਾ ਆਪਣੀ ਨਿੱਜਤਾ ਤੋਂ ਉੱਪਰ ਰਹਿਣਗੇ ਪਰ ਇਕ ਆਮ ਨਾਗਰਿਕ, ਜੋ ਕਿਸੇ ਝੂਠੇ ਮੁਕੱਦਮੇ ਜਾਂ ਨਿੱਜੀ ਵਿਵਾਦ ਦਾ ਸ਼ਿਕਾਰ ਹੋਇਆ ਹੈ, ਉਸ ਨੂੰ ਅਦਾਲਤਾਂ ਦੇ ਚੱਕਰ ਕਿਉਂ ਲਗਾਉਣੇ ਪੈਣ? ਸਾਡੇ ਮੌਜੂਦਾ ਕਾਨੂੰਨ ਵਿਚ ਇਕ ਅਜਿਹੀ ਸਪਸ਼ਟ ਪ੍ਰਕਿਰਿਆ ਦੀ ਘਾਟ ਹੈ ਜੋ ਟੈਕ ਕੰਪਨੀਆਂ ਨੂੰ ਜਵਾਬਦੇਹ ਠਹਿਰਾ ਸਕੇ। ਇਸ 'ਜਟਿਲ ਸਮੀਕਰਨ ਵਿਚ ਹੁਣ ਏ.ਆਈ. ਦਾਖ਼ਲ ਹੋ ਚੁੱਕੀ ਹੈ। ਏ.ਆਈ. ਦੀ ਦੁਰਵਰਤੋਂ ਦਾ ਸਭ ਤੋਂ ਭੈੜਾ ਰੂਪ ਡੀਪਫੇਕ ਹੈ। ਅੱਜ ਕਿਸੇ ਵੀ ਆਮ ਮਨੁੱਖ ਦਾ ਚਿਹਰਾ ਕਿਸੇ ਅਸ਼ਲੀਲ ਵੀਡੀਓ ਜਾਂ ਭੜਕਾਉਣ ਵਾਲੇ ਭਾਸ਼ਣ ਨਾਲ ਜੋੜਨਾ ਬੱਚਿਆਂ ਦੀ ਖੇਡ ਬਣ ਗਿਆ ਹੈ। ਏ.ਆਈ. ਅਲਗੋਰਿਦਮ ਅੱਜ ਇੰਨੇ ਸ਼ਕਤੀਸ਼ਾਲੀ ਹਨ ਕਿ ਉਹ ਤੁਹਾਡੀ ਪਸੰਦ-ਨਾਪਸੰਦ ਨੂੰ ਭਾਂਪ ਲੈਂਦੇ ਹਨ ਅਤੇ ਤੁਹਾਨੂੰ ਉਸ ਦਿਸ਼ਾ ਵਿਚ ਲੈ ਕੇ ਜਾਂਦੇ ਹਨ, ਜੋ ਉਹ ਚਾਹੁੰਦੇ ਹਨ। ਨਫ਼ਰਤ ਭਰੇ ਕੰਟੈਂਟ 'ਤੇ ਇੰਗੇਜਮੈਂਟ ਜ਼ਿਆਦਾ ਆਉਂਦੀ ਹੈ, ਇਸ ਲਈ ਅਲਗੋਰਿਦਮ ਉਸ ਨੂੰ ਹੁਲਾਰਾ ਦਿੰਦੇ ਹਨ। ਇਹ ਏ.ਆਈ. ਦਾ ਉਹ ਚਿਹਰਾ ਹੈ ਜੋ ਸਮਾਜ ਨੂੰ ਪਾਟੋਧਾੜ ਕਰ ਰਿਹਾ ਹੈ। ਪਰ ਇਸੇ ਏ.ਆਈ. ਵਿਚ ਹੱਲ ਵੀ ਛੁਪਿਆ ਹੋਇਆ ਹੈ। ਜੇ ਅਸੀਂ ਏ.ਆਈ. ਨੂੰ ਸਹੀ ਨੀਅਤ ਨਾਲ ਵਰਤਾਂਗੇ ਤਾਂ ਇਹ ਇਕ ਡਿਜੀਟਲ ਪਹਿਰੇਦਾਰ ਬਣ ਸਕਦੀ ਹੈ। ਤ੍ਰਾਸਦੀ ਇਹ ਹੈ ਕਿ ਫ਼ਿਲਹਾਲ ਅਜਿਹਾ ਨਹੀਂ ਹੋ ਰਿਹਾ ਹੈ। ਏ.ਆਈ. ਦੀ ਦੁਰਵਰਤੋਂ ਦੇ ਬਹੁਤ ਬੁਰੇ ਨਤੀਜੇ ਸਾਹਮਣੇ ਆ ਰਹੇ ਹਨ। ਜਿਸ ਰਫ਼ਤਾਰ ਨਾਲ ਡਿਜੀਟਲ ਮੀਡੀਆ 'ਤੇ ਡਾਟਾ ਅਪਲੋਡ ਹੁੰਦਾ ਹੈ, ਉਸ ਨੂੰ ਮਨੁੱਖ ਕਦੇ ਵੀ ਮੋਨੀਟਰ ਨਹੀਂ ਕਰ ਸਕਦੇ। ਇੱਥੇ ਏਆਈ ਇਕ ਫਿਲਟਰ ਵਾਂਗ ਕੰਮ ਕਰ ਸਕਦੀ ਹੈ। ਇਹ ਇਤਰਾਜ਼ਯੋਗ ਸਮੱਗਰੀ, ਡੀਪਫੇਕ ਅਤੇ ਫੇਕ ਨਿਊਜ਼ ਨੂੰ ਉਸ ਦੇ ਫੈਲਣ ਤੋਂ ਪਹਿਲਾਂ ਹੀ, ਪਛਾਣ ਕੇ ਬਲਾਕ ਕਰ ਸਕਦੀ ਹੈ। 'ਭੁੱਲ ਜਾਣ ਦੇ ਅਧਿਕਾਰ' ਨੂੰ ਲਾਗੂ ਕਰਨ ਵਿਚ ਏਆਈ ਮਦਦਗਾਰ ਸਾਬਿਤ ਹੋ ਸਕਦੀ ਹੈ। ਕਾਨੂੰਨ ਵਿਚ ਇਹ ਸਪਸ਼ਟ ਕਰਨਾ ਹੋਵੇਗਾ ਕਿ ਕਿਹੜੀਆਂ ਸਥਿਤੀਆਂ ਵਿਚ ਡਾਟਾ ਹਟਾਇਆ ਜਾ ਸਕਦਾ ਹੈ ਅਤੇ ਕਿੱਥੇ ਜਨਤਕ ਹਿੱਤ ਸਭ ਤੋਂ ਉੱਪਰ ਹੋਵੇਗਾ? ਇਕ ਹੋਰ ਮਹੱਤਵਪੂਰਨ ਸੁਧਾਰ ਇਹ ਹੋਣਾ ਚਾਹੀਦਾ ਹੈ ਕਿ ਟੈਕ ਕੰਪਨੀਆਂ ਲਈ ਪਾਰਦਰਸ਼ਤਾ ਰਿਪੋਰਟ ਲਾਜ਼ਮੀ ਹੋਵੇ ਤਾਂ ਜੋ ਪਤਾ ਲੱਗੇ ਕਿ ਉਨ੍ਹਾਂ ਨੇ ਕਿੰਨੀਆਂ ਅਰਜ਼ੀਆਂ ਸਵੀਕਾਰ ਕੀਤੀਆਂ ਅਤੇ ਕਿੰਨੀਆਂ ਖ਼ਾਰਜ ਕੀਤੀਆਂ। ਸਾਨੂੰ ਇਕ ਅਜਿਹੇ ਡਿਜੀਟਲ ਸਭਿਆਚਾਰ ਨੂੰ ਵਿਕਸਿਤ ਕਰਨ ਦੀ ਲੋੜ ਹੈ, ਜਿੱਥੇ ਅਸੀਂ ਦੂਜਿਆਂ ਦੀ ਨਿੱਜਤਾ ਦਾ ਆਦਰ ਕਰੀਏ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਵਕੀਲ ਬਨਾਮ ਬਾਬੇ

*ਹੋਵੇ ਨਾ 'ਸਟੈਂਡ' ਚੌਹਾਂ ਪਾਸਿਆਂ ਨੂੰ ਘੁੰਮੀਂ ਜਾਵੇ, ਰਾਜਨੀਤੀ ਵਿਚ ਹੁਣ ਆਉਂਦਾ ਬੰਦਾ ਉਹੀ ਫਿੱਟ।*
*ਸੱਤਾ ਧਾਰੀ ਪਾਰਟੀ ਦਾ ਚੱਲਦਾ 'ਹੁਕਮ' ਜਾਣੋ, ਜਨਤਾ ਵੀ ਹੈਰਾਨ ਹੋ ਕੇ ਦੇਖੀ ਜਾਵੇ ਬਿਟ ਬਿਟ।*
*ਟੰਗੇ ਐ ਕਾਨੂੰਨ ਕਾਇਦੇ ਗੱਦੀ ਉੱਤੇ ਬੈਠਿਆਂ ਨੇ, ਏਹੀ ਮਸ਼ਹੂਰ ਹੋ ਗਏ 'ਸਿੱਟ' ਤੇ ਕਲੀਨ ਚਿੱਟ।*
*ਬਾਹਰ ਵਾਲ਼ੀ ਚਰਚਾ ਤੋਂ ਹੁੰਦੀ ਏ ਅਲੱਗ ਪੂਰੀ, 'ਬੰਦ ਕਮਰੇ' ਦੇ ਵਿਚ ਹੋਵੇ ਜਿਹੜੀ ਗਿੱਟ-ਮਿਟ।*
*ਹਾਕਮ 'ਦਿਆਲ' ਹੋ ਕੇ ਦੇ ਦਿੰਦਾ 'ਪੈਰੋਲ' ਝੱਟ, ਪਰਚਿਆਂ 'ਚ ਲਿਖੇ ਹੋਏ ਨਾਮ ਵੀ ਨੇ ਜਾਂਦੇ ਮਿਟ।*
*ਜੇਲ੍ਹ ਬੈਠਿਆਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ, ਚੋਟੀ ਦੇ ਵਕੀਲਾਂ ਨਾਲੋਂ 'ਬਾਬੇ' ਹੋ ਗਏ ਬੜੇ ਹਿੱਟ।*

# ਅਮਰੀਕੀ ਟੈਰਿਫ਼ ਪ੍ਰਭਾਵ ਹੇਠ- ਦੇਸ਼ ਦਾ ਬੇਉਮੀਦਾ ਸੁਸਤ ਬਜਟ




ਦੇਸ਼ ਦਾ ਆਮ ਬਜਟ 2026-27 ਠੰਢੀ ਵਿਕਾਸ ਦਰ, ਗ਼ਰੀਬੀ ਅਤੇ ਵਧਦੀ ਨਾ-ਬਰਾਬਰੀ, ਨਿਵੇਸ਼ ਵਿਚ ਠਹਿਰਾਅ, ਵਿਆਪਕ ਬੇਰੁਜ਼ਗਾਰੀ ਅਤੇ ਕਲਿਆਣਕਾਰੀ ਯੋਜਨਾਵਾਂ ਨੂੰ ਪਿੱਠ ਵਿਖਾਉਣ ਵਾਲਾ ਹੈ। ਰੁਪਏ ਦਾ ਭਾਅ ਡਾਲਰ ਮੁਕਾਬਲੇ ਘਟਣ, ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸੇਵਾਵਾਂ ਦੀ ਮੰਗ ਤੇ ਪੂਰਤੀ ਦੇ ਵਿਚਕਾਰ ਪੈ ਰਹੇ ਵੱਡੇ ਪਾੜੇ ਪ੍ਰਤੀ ਵਧ ਰਹੀ ਚਿੰਤਾ ਪ੍ਰਤੀ ਇਹ ਬਜਟ ਅਣਭਿੱਜ ਹੈ। ਸਰਕਾਰ ਨੇ ਉਪਰੋਕਤ ਵਿਸ਼ਿਆਂ ਪ੍ਰਤੀ ਵਧ ਰਹੀਆਂ ਚਿੰਤਾਵਾਂ ਬਾਰੇ ਆਪਣੀ ਨੀਤੀ ਬਜਟ ਵਿਚ



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਬਿਲਕੁਲ ਵੀ ਸਪਸ਼ਟ ਨਹੀਂ ਕੀਤੀ।

ਸਾਲ 2025-26 ਦੇ ਬਜਟ ਵਿਚ ਪੇਂਡੂ ਤੇ ਸ਼ਹਿਰੀ ਵਿਕਾਸ, ਸਿੱਖਿਆ, ਸਿਹਤ ਅਤੇ ਕਈ ਹੋਰ ਮਹਿਕਮਿਆਂ ਦੇ ਬਜਟ ਵਿਚ ਕਟੌਤੀ ਕੀਤੀ ਗਈ ਹੈ, ਜਦਕਿ ਰੱਖਿਆ ਬਜਟ 15 ਫ਼ੀਸਦੀ ਵਧਾ ਦਿੱਤਾ ਗਿਆ ਹੈ। ਖੇਤੀ ਅਤੇ ਪੇਂਡੂ ਵਿਕਾਸ ਮਹਿਕਮੇ ਦੇ ਬਜਟ ਵਿਚ 60,052 ਕਰੋੜ ਦੀ ਕਟੌਤੀ ਕੀਤੀ ਗਈ ਹੈ।

ਵਿੱਤ ਮੰਤਰੀ ਨੇ ਲੋਕਾਂ ਲਈ ਯੋਜਨਾਵਾਂ, ਸੰਸਥਾਨਾਂ ਅਤੇ ਸੰਮਤੀਆਂ ਦੀ ਝੜੀ ਲਗਾ ਦਿੱਤੀ। ਇਸ ਕਿਸਮ ਦੀਆਂ ਲਗਭਗ 24 ਘੋਸ਼ਣਾਵਾਂ ਕੀਤੀਆਂ ਗਈਆਂ ਹਨ, ਪਰ ਇਨ੍ਹਾਂ ਘੋਸ਼ਣਾਵਾਂ ਲਈ ਕੋਈ ਵੱਖਰਾ ਬਜਟ ਨਹੀਂ ਰੱਖਿਆ ਗਿਆ। ਕਿਹਾ ਗਿਆ ਹੈ ਕਿ ਏ.ਆਈ. ਦੇ ਖੇਤਰ ਵਿਚ ਭਾਰਤ ਨੂੰ ਵਿਸ਼ਵ ਪੱਧਰ 'ਤੇ ਅੱਗੇ ਵਧਣਾ ਹੋਵੇਗਾ। ਇਸ ਵਾਸਤੇ ਸਰਕਾਰ ਵਿਦੇਸ਼ੀ ਕੰਪਨੀਆਂ ਨੂੰ ਕਲਾਊਡ ਸੇਵਾਵਾਂ ਦੇ ਅਧੀਨ ਸਹੂਲਤਾਂ ਦੇਵੇਗੀ। ਪਰ ਨਵੇਂ ਭਾਰਤੀ ਉਦਮੀ, ਜੋ ਦੇਸ਼ ਛੱਡ ਕੇ ਅਮਰੀਕਾ ਜਾ ਵਸੇ ਹਨ ਅਤੇ ਉੱਥੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਉਨ੍ਹਾਂ ਬਾਰੇ ਚੁੱਪੀ ਸਾਧੀ ਗਈ ਹੈ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਦਾਅਵਿਆਂ ਦੇ ਵਿਚਕਾਰ ਕਿਸਾਨਾਂ ਪ੍ਰਤੀ ਬਜਟ ਆਖ਼ਰ ਚੁੱਪ ਕਿਉਂ ਹੈ? ਸਿਰਫ਼ ਕਾਜੂ ਅਤੇ ਨਾਰੀਅਲ ਦੀ ਖੇਤੀ ਤੋਂ ਬਿਨਾਂ ਕਿਸਾਨਾਂ ਦੀ ਕੋਈ ਗੱਲ ਹੀ ਨਹੀਂ ਕੀਤੀ ਗਈ। ਬਜਟ ਵਿਚ ਕਿਸਾਨਾਂ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਇਕ ਅੱਖਰ ਵੀ ਕਿਤੇ ਨਹੀਂ ਮਿਲਦਾ।

ਢਾਂਚਾਗਤ ਵਿਕਾਸ ਵਿਚ ਸੱਤ ਰੇਲ ਗਲਿਆਰਿਆਂ ਤੋਂ ਬਿਨਾਂ ਕੋਈ ਵੱਡੀ ਘੋਸ਼ਣਾ ਦਿਖਾਈ ਨਹੀਂ ਦਿੰਦੀ। ਦੇਸ਼ ਦੇ ਅਰਥ-ਸ਼ਾਸਤਰੀ ਡਾ. ਸੁਰਜੀਤ ਭੱਲਾ ਕਹਿੰਦੇ ਹਨ, 'ਚੌਥੀ ਸਭ ਤੋਂ ਵੱਡੀ ਅਰਥ-ਵਿਵਸਥਾ ਹੋਣ ਦੀ ਆਤਮ-ਪ੍ਰਸ਼ੰਸਾ ਬਜਟ ਵਿਚ ਬੇਉਮੀਦੀ ਹੈ।' ਡਾ. ਸ੍ਰੀਰੰਗਾ ਰਾਜਨ ਨੇ ਬਜਟ ਦੀ ਸੁਸਤੀ 'ਤੇ ਸਵਾਲ ਉਠਾਏ ਹਨ। ਡਾ. ਅਸ਼ੋਕ ਗੁਲਾਟੀ ਨੇ ਖੇਤੀ ਖੇਤਰ ਦੇ ਵੱਡੇ ਹਿੱਸੇ ਤੋਂ ਮੂੰਖ ਮੋੜਨ 'ਤੇ ਦੁੱਖ ਪ੍ਰਗਟ ਕੀਤਾ ਹੈ, ਜਦਕਿ ਪ੍ਰੋਫੈਸਰ ਰੋਹਿਤ ਲਾਂਬਾ ਨੇ ਬਜਟ ਨੂੰ ਇੱਕ ਐਸੀ ਅਰਥ-ਵਿਵਸਥਾ ਵਾਲਾ ਬਜਟ ਦੱਸਿਆ ਹੈ ਜੋ ਅਜੇ ਵੀ ਯੋਜਨਾ ਦੀ ਭਾਲ ਵਿਚ ਹੈ।

ਦੇਸ਼ ਦੇ ਆਰਥਿਕ ਸਰਵੇਖਣ ਸਬੰਧੀ ਕੁਝ ਤੱਥ ਸਮਝਣਯੋਗ ਹਨ, ਜੋ ਚੁਣੌਤੀਆਂ ਦੇ ਰੂਪ ਵਿਚ ਦੇਸ਼ ਨੂੰ ਦਰਪੇਸ਼ ਹਨ। ਪਹਿਲਾ ਇਹ ਕਿ ਵਿਦੇਸ਼ੀ ਨਿਵੇਸ਼ ਦਾ ਪ੍ਰਵਾਹ ਲਗਾਤਾਰ ਘਟ ਰਿਹਾ ਹੈ। ਵਿਦੇਸ਼ੀ ਨਿਵੇਸ਼ਕ ਆਪਣਾ ਨਿਵੇਸ਼ ਵਾਪਸ ਲੈ ਰਹੇ ਹਨ, ਜਿਸ ਦਾ ਸਿੱਟਾ ਇਹ ਹੈ ਕਿ ਜੀ.ਐਫ.ਸੀ.ਐਫ. ਜੀ.ਡੀ.ਪੀ. ਦੇ ਲਗਭਗ ਤਿੰਨ ਫ਼ੀਸਦੀ 'ਤੇ ਅਟਕਿਆ ਹੋਇਆ ਹੈ।

ਦੂਜਾ ਇਹ ਹੈ ਕਿ ਟਰੰਪ ਵੱਲੋਂ ਸ਼ੁਰੂ ਕੀਤਾ ਗਿਆ ਭਾਰਤੀ ਵਸਤੂਆਂ 'ਤੇ ਟੈਕਸ 50 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰਨ ਦੀ ਘੋਸ਼ਣਾ ਕੀਤੀ ਗਈ ਹੈ। ਪਰ ਇਵੇਂ ਲੱਗਦਾ ਹੈ ਕਿ ਇਹ ਕਟੌਤੀ ਭਾਰਤ ਵੱਲੋਂ ਅਮਰੀਕੀ ਵਸਤੂਆਂ 'ਤੇ ਜ਼ੀਰੋ ਟੈਕਸ ਕਰਨ, ਹੋਰ ਰੁਕਾਵਟਾਂ ਹਟਾਉਣ ਅਤੇ 500 ਅਰਬ ਡਾਲਰ ਦੀ ਅਮਰੀਕੀ ਵਸਤੂਆਂ ਦੀ ਖਰੀਦ ਵਰਗੀਆਂ ਸ਼ਰਤਾਂ 'ਤੇ ਨਿਰਭਰ ਹੈ, ਜਿਨ੍ਹਾਂ ਨੂੰ ਪੂਰਾ ਕਰਨਾ ਭਾਰਤ ਲਈ ਮੁਸ਼ਕਲ ਹੈ।

ਤੀਜਾ ਸੰਕੇਤਕ ਜੀ.ਡੀ.ਪੀ., ਜੋ 2023-24 ਅਤੇ 2024-25 ਵਿਚ 12 ਫ਼ੀਸਦੀ ਅਤੇ 9.8 ਫ਼ੀਸਦੀ ਸੀ, ਹੁਣ 2025-26 ਵਿਚ ਘਟ ਕੇ 8 ਫ਼ੀਸਦੀ ਰਹਿ ਗਈ ਹੈ, ਜੋ ਲਗਾਤਾਰ ਘਟਦੀ ਜਾ ਰਹੀ ਹੈ। ਚੌਥਾ, ਬੇਰੁਜ਼ਗਾਰੀ ਦੀ ਦਰ ਵਧ ਰਹੀ ਹੈ। ਜੂਨ 2024 ਵਿਚ ਨੌਜਵਾਨ ਬੇਰੁਜ਼ਗਾਰੀ ਦਰ 15 ਫ਼ੀਸਦੀ ਸੀ। ਲੱਖਾਂ ਨੌਜਵਾਨ ਬੇਰੁਜ਼ਗਾਰ ਹਨ। ਪਿਛਲੇ 10 ਸਾਲਾਂ ਵਿਚ ਨਿਰਮਾਣ ਖੇਤਰ ਦਾ ਯੋਗਦਾਨ ਜੀਡੀਪੀ ਵਿਚ 15-16 ਫ਼ੀਸਦੀ ਹੀ ਰਿਹਾ ਹੈ। ਇਸ ਤਰ੍ਹਾਂ 'ਮੇਕ ਇਨ ਇੰਡੀਆ', ਜਿਸ ਦੀ ਗੱਲ ਬਜਟ ਵਿਚ ਕੀਤੀ ਗਈ ਹੈ, ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ।

ਅਰਥ-ਵਿਵਸਥਾ ਦੇ ਮੋਰਚੇ 'ਤੇ ਜਿਸ ਤਰ੍ਹਾਂ ਦੀਆਂ ਵਿਸ਼ਵ ਪੱਧਰੀ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ, ਉਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਬਜਟ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਦੇਸ਼ ਹੁਣ ਤੀਜੀ ਅਰਥ-ਵਿਵਸਥਾ ਬਣਨ ਵੱਲ ਅੱਗੇ ਵਧ ਰਿਹਾ ਹੈ, ਇਸੇ ਲਈ 2026-27 ਦਾ ਬਜਟ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ ਬਣਾਇਆ ਗਿਆ ਹੈ। ਪਰ ਕਿਸੇ ਵੀ ਬਜਟ ਦੀ ਉਪਯੋਗਤਾ ਇਸ ਗੱਲ ਤੋਂ ਸਾਬਤ ਹੁੰਦੀ ਹੈ ਕਿ ਉਹ ਦੇਸ਼ ਦੀ ਆਰਥਿਕ ਮਜ਼ਬੂਤੀ ਵਿਚ ਕਿੰਨਾ ਸਹਾਇਕ ਸਾਬਤ ਹੋਇਆ ਹੈ ਅਤੇ ਉਸ ਦਾ ਅਸਰ ਆਮ ਲੋਕਾਂ ਦੇ ਜੀਵਨ 'ਤੇ ਕਿੰਨਾ ਪਿਆ ਹੈ।

ਬਜਟ ਵਿਚ ਨੌਜਵਾਨਾਂ ਨੂੰ ਰੁਜ਼ਗਾਰਤ ਅਤੇ ਸਵੈ-ਰੁਜ਼ਗਾਰਤ ਕਰਨ ਲਈ 1.35 ਲੱਖ ਕਰੋੜ ਰੁਪਏ ਰੱਖੇ ਗਏ ਹਨ। ਇਸ ਦੇ ਤਹਿਤ 50 ਨਵੇਂ ਆਈ.ਆਈ.ਟੀ. ਅਤੇ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ ਹੈ। ਸਕਿਲ ਇੰਡੀਆ ਲਈ ਪੰਜ ਕਰੋੜ ਨੌਜਵਾਨਾਂ ਨੂੰ ਸਕਾਲਰਸ਼ਿਪ ਦੇਣ ਦੀ ਗੱਲ ਵੀ ਕੀਤੀ ਗਈ ਹੈ। ਇਸ ਤਰ੍ਹਾਂ ਬਜਟ ਵਿਚ ਬੇਰੁਜ਼ਗਾਰੀ ਦੀ ਦਰ 8 ਫ਼ੀਸਦੀ ਤੱਕ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ।

ਪਰ ਸਾਰੇ ਨਿਵੇਸ਼ ਅਤੇ ਯੋਜਨਾਵਾਂ ਨੂੰ ਕਾਮਯਾਬੀ ਨਾਲ਼ ਲਾਗੂ ਕਰਨਾ ਤਦ ਹੀ ਸੰਭਵ ਹੋਵੇਗਾ ਜੇਕਰ ਸ਼ਹਿਰਾਂ ਅਤੇ ਨਗਰਾਂ ਦੇ ਨਾਲ਼-ਨਾਲ਼ ਪੇਂਡੂ ਖੇਤਰ ਵਿਚ ਵੀ ਰੁਜ਼ਗਾਰ ਸਿਰਜਿਆ ਜਾਵੇ ਅਤੇ ਉਨ੍ਹਾਂ ਨੂੰ ਬਣਦੀ ਹਿੱਸੇਦਾਰੀ ਮਿਲੇ, ਜਿਸ ਤੋਂ ਆਮ ਤੌਰ 'ਤੇ ਪੇਂਡੂ ਖੇਤਰ ਵਿਰਵਾ ਰਹਿੰਦਾ ਹੈ।

ਦੇਸ਼ ਵਿਚ ਜਿਸ ਢੰਗ ਨਾਲ਼ ਅਮੀਰ ਅਤੇ ਗ਼ਰੀਬ ਆਬਾਦੀ ਵਿਚ ਪਾੜਾ ਵਧ ਰਿਹਾ ਹੈ, ਡਿਜੀਟਲ ਯੁੱਗ ਵਿਚ ਇਹ ਪਾੜਾ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਸੰਬੰਧ ਵਿਚ ਬਜਟ ਵਿਚ ਗੰਭੀਰਤਾ ਨਾਲ਼ ਕੋਈ ਵੀ ਅਜਿਹੀ ਉਮੀਦ ਨਹੀਂ ਦਿਸਦੀ ਜੋ ਇਹ ਪਾੜਾ ਘਟਾ ਸਕੇ। ਇੱਥੋਂ ਤੱਕ ਕਿ ਸਿਹਤ ਖੇਤਰ ਵਿਚ ਵੀ ਪੁੱਟੇ ਗਏ ਬਜਟੀ ਕਦਮ ਨਿੱਜੀ ਖੇਤਰ ਵਿਚ ਬਿਮਾਰੀਆਂ ਦੀ ਜਾਂਚ, ਜ਼ਰੂਰੀ ਦੇਖਭਾਲ ਅਤੇ ਇਲਾਜ ਵੱਲ ਮੋੜੇ ਗਏ ਹਨ, ਜੋ ਉੱਚ ਵਰਗ ਅਤੇ ਵੱਡੀ ਆਮਦਨ ਵਾਲੇ ਲੋਕਾਂ ਨੂੰ ਤਾਂ ਫ਼ਾਇਦਾ ਦੇ ਸਕਦੇ ਹਨ, ਪਰ ਆਮ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪਾਉਂਦੇ।

ਕੈਂਸਰ ਦੀਆਂ 17 ਦਵਾਈਆਂ ਦੇ ਭਾਅ ਘੱਟ ਕਰਨ ਦੀ ਗੱਲ ਬਜਟ ਵਿਚ ਕੀਤੀ ਗਈ ਹੈ। ਪੰਜ ਖੇਤਰੀ ਮੈਡੀਕਲ ਹੱਬ ਬਣਾਉਣਾ ਵੀ ਇਸ ਵਿਚ ਸ਼ਾਮਲ ਹੈ, ਪਰ ਆਮ ਲੋਕਾਂ ਦੀ ਇਨ੍ਹਾਂ ਤੱਕ ਪਹੁੰਚ ਇੱਕ ਵੱਡਾ ਸਵਾਲ ਹੈ।

ਬਜਟ ਵਿਚ ਸੋਨੇ-ਚਾਂਦੀ ਦੇ ਭਾਅ ਵਧਣ ਬਾਰੇ ਚੁੱਪੀ ਨਿਰਾਸ਼ਾਜਨਕ ਹੈ। ਕਿਹਾ ਜਾ ਰਿਹਾ ਹੈ ਕਿ ਸੋਨੇ ਦੇ ਮੁੱਲ ਲਗਾਤਾਰ ਵਧਣ ਦਾ ਕਾਰਨ ਰਿਜ਼ਰਵ ਬੈਂਕ ਵੱਲੋਂ ਕੀਤੀ ਜਾ ਰਹੀ ਖਰੀਦਦਾਰੀ ਹੈ। ਸਰਕਾਰ ਅਨੁਸਾਰ ਇਹ ਖਰੀਦਦਾਰੀ ਇਸ ਲਈ ਜ਼ਰੂਰੀ ਹੈ ਤਾਂ ਜੋ ਭਵਿੱਖ ਵਿਚ ਡਾਲਰ ਦੇ ਮੁੱਲ ਵਿਚ ਹੋ ਰਹੇ ਵਾਧੇ 'ਤੇ ਕਾਬੂ ਰੱਖਿਆ ਜਾ ਸਕੇ, ਪਰ ਇਹ ਗੱਲ ਆਮ ਜਨਤਾ ਦੀ ਸਮਝ ਤੋਂ ਬਾਹਰ ਹੈ।

ਸਰਕਾਰ ਇਸ ਬਜਟ ਨੂੰ 'ਨਿਰਮਲ ਧਾਰਾ' ਕਹਿੰਦੀ ਹੈ। ਅਸਲ ਵਿਚ ਇਹ ਬਜਟ ਅਮਰੀਕੀ ਟੈਕਸ ਦੇ ਤਣਾਅ ਵਿਚ ਪੇਸ਼ ਕੀਤਾ ਗਿਆ ਬਜਟ ਹੈ, ਜਿਸ ਵਿਚ ਕਲਿਆਣਕਾਰੀ ਅਤੇ ਲੋਕ-ਲੁਭਾਊ ਯੋਜਨਾਵਾਂ ਤੋਂ ਕਿਨਾਰਾ ਕੀਤਾ ਗਿਆ ਹੈ। ਨੌਕਰੀਪੇਸ਼ਾ ਅਤੇ ਮੱਧ ਵਰਗੀ ਲੋਕਾਂ ਲਈ ਇਹ ਨਿਰਾਸ਼ਾ ਭਰਿਆ ਬਜਟ ਹੈ। ਇਸ ਬਜਟ ਵਿਚ ਨਾ ਤਾਂ ਟੈਕਸਾਂ ਵਿਚ ਕੋਈ ਰਾਹਤ ਮਿਲੀ ਹੈ ਅਤੇ ਨਾ ਹੀ ਮਹਿੰਗਾਈ ਦੇ ਮੋਰਚੇ ਨੂੰ ਕਾਬੂ ਕਰਨ ਦਾ ਕੋਈ ਸੰਕੇਤ।

ਬਜਟ ਨੇ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ, ਸਮੱਸਿਆਵਾਂ ਅਤੇ ਸੰਕਟਾਂ ਵੱਲੋਂ ਅੱਖਾਂ ਮੀਟ ਲਈਆਂ ਹਨ ਅਤੇ 'ਭਵਿੱਖੀ ਭਾਰਤ' ਦੇ ਨਿਰਮਾਣ ਨੂੰ ਤਰਜੀਹ ਦਿੱਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਇਸ ਬਜਟ ਨੂੰ 'ਅਨੂਠਾ ਬਜਟ' ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਸਾਲ ਭਾਰਤ ਦੀ ਵਿਸ਼ਵ ਵਿਆਪੀ ਭੂਮਿਕਾ ਹੋਰ ਮਜ਼ਬੂਤ ਹੋਏਗੀ। ਪਰ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇਸ ਬਜਟ ਨੂੰ 'ਥੱਕੀ ਹੋਈ ਸਰਕਾਰ ਦਾ ਬਜਟ' ਕਿਹਾ ਹੈ।

ਅਸਲ ਵਿਚ ਆਮ ਜਨਤਾ ਲਈ ਇਹ ਸੁਸਤ ਬਜਟ ਬੇਉਮੀਦਾ ਸਾਬਤ ਹੋਇਆ ਹੈ, ਜੋ ਭਾਰਤੀ ਪੇਂਡੂ ਆਰਥਿਕਤਾ ਨੂੰ ਖੋਰਾ ਲਗਾਉਣ ਵਾਲਾ ਹੈ ਅਤੇ ਜੋ ਅਮਰੀਕੀ ਟੈਰਿਫ਼ ਪ੍ਰਭਾਵ ਹੇਠ ਬਣਾਇਆ ਗਿਆ ਹੈ। ਬਜਟ ਪੇਸ਼ ਕਰਨ ਵੇਲੇ ਅਮਰੀਕੀ ਟੈਰਿਫ਼ ਦਾ ਇੰਨਾ ਪ੍ਰਭਾਵ ਸੀ ਕਿ ਖੇਤੀ, ਇੰਡਸਟਰੀ, ਵਪਾਰ ਦੇ ਖੇਤਰ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਗਿਆ ਅਤੇ ਆਮ ਆਦਮੀ ਦੇ ਸਰੋਕਾਰਾਂ ਪ੍ਰਤੀ ਵੀ ਲਗਭਗ ਚੁੱਪੀ ਵੱਟ ਲਈ ਗਈ।

ਬਜਟ ਵਿਚ ਭਾਰਤੀ ਕਿਸਾਨਾਂ ਦੇ ਹਿੱਤ ਖਾਮੋਸ਼ ਹਨ। ਭਾਰਤ ਦੀ ਕਿਸਾਨੀ, ਜੋ ਪਹਿਲਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹੈ, ਉਸ ਦੇ ਮੁਕਾਬਲੇ ਅਮਰੀਕੀ ਖੇਤੀ ਪੈਦਾਵਾਰ ਲਈ ਵੱਡੀਆਂ, ਸਸਤੀਆਂ ਸਬਸਿਡੀਆਂ ਵਾਲੀ ਖੇਤੀ ਲਈ ਰਾਹ ਖੋਲ੍ਹਣਾ ਅਤੇ ਜ਼ੀਰੋ ਟੈਕਸ 'ਤੇ ਖੇਤੀ ਉਤਪਾਦ ਭਾਰਤ ਵਿਚ ਲਿਆਉਣਾ ਮੰਦਭਾਗਾ ਹੈ। ਇਸ ਨਾਲ਼ ਸਿਰਫ਼ ਕਿਸਾਨ ਹੀ ਨਹੀਂ, ਸਗੋਂ ਆਮ ਵਿਅਕਤੀ ਦਾ ਰੁਜ਼ਗਾਰ ਅਤੇ ਜੀਵਨ-ਨਿਰਬਾਹ ਵੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਵੇਗਾ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਕਿਸਦੇ ਹਿਤ ਵਿਚ?

**ਭਾਰਤ-ਅਮਰੀਕਾ ਅੰਤਰਿਮ ਸਮਝੌਤੇ ਦਾ ਚੌਖਟਾ ਸਿਆਹੀ ਸੁੱਕਣ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰ ਗਿਆ ਹੈ। ਭਾਰਤ ਅਤੇ ਅਮਰੀਕੀ ਸਰਕਾਰਾਂ ਦੇ ਵੱਖੋ-ਵੱਖਰੇ ਦਾਅਵੇ ਬੁਝਾਰਤ ਨੂੰ ਹੋਰ ਰਹੱਸਮਈ ਬਣਾ ਰਹੇ ਹਨ। ਕੀ ਟਰੰਪ ਸਰਕਾਰ ਆਪਣੀ ਮਰਜ਼ੀ ਪੁਗਾਉਣ ਵਿਚ ਸਫ਼ਲ ਹੋ ਗਈ ਹੈ ਜਾਂ ਭਾਰਤ ਦੀ ਮੋਦੀ ਸਰਕਾਰ ਦਾ ਆਪਣੇ ਮੁਲਕ ਦੇ ਆਰਥਿਕ ਹਿਤਾਂ ਨੂੰ ਬਚਾਉਣ ਦੇ ਦਾਅਵੇ 'ਚ ਕੋਈ ਦਮ ਹੈ? ਖੇਤੀ ਖੇਤਰ ਨੂੰ ਲੈ ਕੇ ਕਿਸਾਨਾਂ ਤੇ ਹੋਰ ਖੇਤੀ ਉਤਪਾਦਕਾਂ ਦੇ ਕੀ ਖ਼ਦਸ਼ੇ ਹਨ, ਇਨ੍ਹਾਂ ਸਵਾਲਾਂ ਦੀ ਚਰਚਾ ਇਸ ਟਿੱਪਣੀ ਵਿਚ ਕੀਤੀ ਗਈ ਹੈ।-ਸੰਪਾਦਕ॥**

ਪਿਛਲੇ ਦਿਨੀਂ ਭਾਜਪਾ ਸਰਕਾਰ ਨੇ ਯੂਰਪੀ ਯੂਨੀਅਨ ਨਾਲ 'ਮੁਕਤ ਵਪਾਰ ਸਮਝੌਤਾ' ਕਰਕੇ ਅਤੇ ਫਿਰ ਵਪਾਰ ਚੌਖਟੇ ਦੇ ਨਾਂ ਹੇਠ ਟਰੰਪ ਸਰਕਾਰ ਅੱਗੇ ਗੋਡੇ ਟੇਕ ਕੇ ਨਵਾਂ ਵਿਵਾਦ ਸਹੇੜ ਲਿਆ ਹੈ। ਸਮਝੌਤੇ ਦੇ ਚੌਖਟੇ ਬਾਰੇ ਭਾਰਤ ਸਰਕਾਰ ਦੇ ਨੁਮਾਇੰਦਿਆਂ ਅਤੇ ਟਰੰਪ ਸਮੇਤ ਅਮਰੀਕੀ ਅਧਿਕਾਰੀਆਂ ਵੱਲੋਂ ਜੋ ਬਿਲਕੁਲ ਹੀ ਵੱਖੋ-ਵੱਖਰੇ ਦਾਅਵੇ ਕੀਤੇ ਜਾ ਰਹੇ ਹਨ ਉਨ੍ਹਾਂ ਵਿਚਲੇ ਉਘੜਵੇਂ ਆਪਾ-ਵਿਰੋਧ ਸਰਕਾਰ ਦੇ ਝੂਠ ਦੀ ਪੋਲ ਖੋਲ੍ਹ ਦਿੰਦੇ ਹਨ। ਭਾਰਤ ਦਾ ਵਣਜ ਮੰਤਰੀ ਪਿਯੂਸ਼ ਗੋਇਲ ਸਮਝੌਤੇ ਵਿਚ ਭਾਰਤ ਦੇ ਖੇਤੀ ਹਿਤਾਂ ਨੂੰ ਸੁਰੱਖਿਅਤ ਰੱਖਣ ਅਤੇ ਹੋਰ ਏਸ਼ਿਆਈ

**ਬੂਟਾ ਸਿੰਘ ਮਹਿਮੂਦਪੁਰ**

ਮੁਲਕਾਂ ਨਾਲੋਂ ਬਿਹਤਰ ਸਮਝੌਤਾ ਕਰਨ 'ਚ ਕਾਮਯਾਬ ਹੋਣ ਦੀਆਂ ਯਕੀਨ-ਦਹਾਨੀਆਂ ਦੇ ਰਿਹਾ ਹੈ। ਉਧਰ ਅਮਰੀਕਾ ਦੀ ਖੇਤੀ ਮੰਤਰੀ ਅਮਰੀਕੀ ਫਾਰਮਰਾਂ ਲਈ ਭਾਰਤੀ ਖੇਤੀ ਮੰਡੀ ਖੁਲ੍ਹਵਾਉਣ ਲਈ ਟਰੰਪ ਦਾ ਧੰਨਵਾਦ ਕਰ ਰਹੀ ਹੈ। ਟਰੰਪ ਸਰਕਾਰ ਨੂੰ ਤਾਂ ਇਹ ਵੀ ਪ੍ਰਵਾਹ ਨਹੀਂ ਹੈ ਕਿ ਰਸਮੀ ਐਲਾਨ ਕਰਦੇ ਸਮੇਂ ਭਾਰਤੀ ਹੁਕਮਰਾਨਾਂ ਦੀ ਹੋਣ ਵਾਲੀ ਬੇਪ੍ਰਤੀਤੀ ਦਾ ਹੀ ਲਿਹਾਜ਼ ਕਰ ਲਿਆ ਜਾਵੇ। ਟਰੰਪ ਅਕਸਰ ਹੀ ਆਪਣੀ ਜਿੱਤ ਦਾ ਡੰਕਾ ਵਜਾ ਕੇ 'ਵਿਸ਼ਵ ਗੁਰੂ' ਦੀ ਅਧੀਨ ਹੈਸੀਅਤ ਦੀ ਖਿੱਲੀ ਉਡਾਉਂਦਾ ਦੇਖਿਆ ਜਾ ਸਕਦਾ ਹੈ। ਮੋਦੀ ਵਜ਼ਾਰਤ ਪੂਰਾ ਸਮਝੌਤਾ ਸਪਸ਼ਟ ਕਰਨ ਦੀ ਬਜਾਏ ਇਸ ਉਪਰ ਝੂਠੀਆਂ ਯਕੀਨ-ਦਹਾਨੀਆਂ ਰਾਹੀਂ ਪਰਦਾ ਪਾਉਣ 'ਚ ਜੁਟੀ ਹੋਈ ਹੈ। ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਅੰਤ੍ਰਿਮ ਸਮਝੌਤੇ ਦਾ ਚੌਖਟਾ ਅਮਰੀਕੀ ਖੇਤੀ ਖੇਤਰ ਦੀਆਂ ਅਜਾਰੇਦਾਰ ਕੰਪਨੀਆਂ ਸਾਹਮਣੇ ਪੂਰਨ 'ਆਤਮ-ਸਮਰਪਣ' ਹੈ।

ਇਹ ਹਕੀਕਤ ਕਿਸੇ ਤੋਂ ਲੁਕੀ-ਛਿਪੀ ਨਹੀਂ ਹੈ ਕਿ ਮੋਦੀ ਦੇ 'ਪਿਆਰੇ ਮਿੱਤਰ' ਟਰੰਪ ਨੇ ਪਿਛਲੇ ਸਮੇਂ ਤੋਂ ਸ਼ਰ੍ਹੇਆਮ ਮੋਦੀ ਸਰਕਾਰ ਦੀ ਕਈ ਤਰ੍ਹਾਂ ਦੇ ਦਬਾਵਾਂ ਨਾਲ ਘੇਰਾਬੰਦੀ ਕੀਤੀ ਹੋਈ ਸੀ। ਆਰਐੱਸਐੱਸ-ਭਾਜਪਾ ਜਿਸ ਕਦਰ ਘੋਰ ਸਾਮਰਾਜਪ੍ਰਸਤ ਹੈ ਅਤੇ ਟਰੰਪ ਪ੍ਰਸ਼ਾਸਨ ਮੌਜੂਦਾ ਸੰਸਾਰ ਹਾਲਾਤ ਵਿਚ ਜਿੰਨਾ ਹਮਲਾਵਰ ਹੋ ਕੇ ਚੱਲ ਰਿਹਾ ਹੈ, ਅਜਿਹੀ ਹਾਲਤ 'ਚ ਭਗਵਾ ਹਕੂਮਤ ਦਾ ਆਪਣੀ ਖ਼ਸਲਤ ਅਨੁਸਾਰ ਆਖ਼ਿਰਕਾਰ ਟਰੰਪ ਅੱਗੇ ਗੋਡੇ ਟੇਕ ਕੇ ਹੀ ਖਹਿੜਾ ਛੁੱਟਣਾ ਸੀ। ਸ਼ੁਰੂ ਤੋਂ ਹੀ ਸਪਸ਼ਟ ਆਸਾਰ ਸਨ ਕਿ ਟਰੰਪ ਨੇ ਦਬਾਅ ਪਾ ਕੇ ਆਪਣੀ ਪਸੰਦ ਦਾ 'ਸਮਝੌਤਾ' ਥੋਪ ਕੇ ਹੀ ਰੁਕਣਾ ਹੈ, ਬਸ ਇਹ ਦੇਖਣਾ ਬਾਕੀ ਸੀ ਕਿ ਮੋਦੀ ਵਜ਼ਾਰਤ ਲੇਲੜੀਆਂ ਕੱਢ ਕੇ ਇਸ ਦੌਰਾਨ ਕਿੰਨੀਆਂ ਕੁ ਛੋਟਾਂ ਲੈਣ 'ਚ ਕਾਮਯਾਬ ਹੋ ਜਾਂਦੀ ਹੈ।

ਟਰੰਪ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੇ ਜ਼ੀਰੋ ਟੈਰਿਫ਼ ਤਹਿਤ ਖੇਤੀ ਉਪਜਾਂ ਸਮੇਤ ਅਮਰੀਕੀ ਵਸਤਾਂ ਲਈ ਆਪਣੀ ਮੰਡੀ ਅਮਰੀਕੀ ਕਾਰੋਬਾਰ ਲਈ ਖੋਲ੍ਹ ਦਿੱਤੀ ਹੈ। ਅਮਰੀਕਾ ਦੀ ਖੇਤੀ ਮੰਤਰੀ ਬਰੂਕ ਰੋਲਿਨਜ਼ ਦਾ ਟਰੰਪ ਦਾ ਅਮਰੀਕੀ ਫਾਰਮਰਾਂ ਲਈ ਭਾਰਤੀ ਮੰਡੀ ਖੁਲ੍ਹਵਾਉਣ ਲਈ ਧੰਨਵਾਦ ਕਰਨਾ ਆਪਣੇ ਆਪ ਵਿਚ ਹੀ ਸਮਝੌਤੇ ਬਾਰੇ ਬਹੁਤ ਵੱਡਾ ਖ਼ੁਲਾਸਾ ਹੈ। ਉਸਦਾ ਕਹਿਣਾ ਹੈ ਕਿ ਭਾਰਤ ਵੱਲੋਂ ਆਪਣਾ ਖੇਤੀਬਾੜੀ ਖੇਤਰ ਖੋਲ੍ਹੇ ਜਾਣ ਦੀ ਪੇਸ਼ਕਸ਼ ਕੀਤੇ ਜਾਣ ਨਾਲ ਅਮਰੀਕਾ ਨੂੰ ਖੇਤੀਬਾੜੀ ਖੇਤਰ ਵਿਚ ਆਪਣਾ 1.3 ਅਰਬ ਡਾਲਰ ਦਾ ਵਪਾਰ ਘਾਟਾ ਦੂਰ ਕਰਨ ਵਿਚ ਮੱਦਦ ਮਿਲੇਗੀ। ਅੰਕੜਿਆਂ ਅਨੁਸਾਰ ਇਸ ਸਮੇਂ ਭਾਰਤ ਦਾ ਅਮਰੀਕਾ ਨਾਲ 130 ਕਰੋੜ ਡਾਲਰ ਦੇ ਕਰੀਬ ਦੋਪਾਸੜ ਵਪਾਰ ਚੱਲ ਰਿਹਾ ਹੈ। ਭਾਰਤ ਅਮਰੀਕਾ ਨੂੰ ਲਗਭਗ 85 ਅਰਬ ਡਾਲਰ ਨਿਰਯਾਤ ਕਰਦਾ ਹੈ ਅਤੇ ਅਮਰੀਕਾ ਤੋਂ 40 ਅਰਬ ਡਾਲਰ ਦਾ ਆਯਾਤ ਹੁੰਦਾ ਹੈ। ਭਾਰਤ ਦਾ ਇਹ 45 ਕਰੋੜ ਡਾਲਰ ਵਪਾਰ ਵਾਫ਼ਰ ਟਰੰਪ ਦੇ ਸਿੱਧਾ ਨਿਸ਼ਾਨੇ 'ਤੇ ਸੀ। ਇਸੇ ਕਰਕੇ ਉਸ ਵੱਲੋਂ ਭਾਰਤ ਵੱਲੋਂ ਲਾਗੂ ਟੈਰਿਫ਼ ਅਤੇ ਗ਼ੈਰ-ਟੈਰਿਫ਼ ਦਰਾਂ ਨੂੰ ਨਾਜਾਇਜ਼ ਕਰਾਰ ਦੇ ਕੇ ਵਾਰ-ਵਾਰ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਜੋ ਅਮਰੀਕੀ ਵਪਾਰ ਵਿਚ ਅੜਿੱਕਾ ਬਣਦੇ ਸਨ।

ਪਿਛਲੇ ਇਕ ਸਾਲ ਤੋਂ ਚੱਲ ਰਿਹਾ ਕਥਿਤ ਸਮਝੌਤਾ ਵਾਰਤਾ ਦਾ ਅਮਲ ਨਾ ਤਾਂ ਦਬਾਅ-ਮੁਕਤ ਸੀ, ਨਾ ਕੋਈ ਦੁਵੱਲੀਆਂ ਰਿਆਇਤਾਂ ਦਾ ਆਦਾਨ-ਪ੍ਰਦਾਨ ਹੋਇਆ, ਨਾ ਅਜਿਹਾ ਕੋਈ ਭਰਵਾਂ ਸਮਝੌਤਾ ਸਹੀਬੰਦ ਹੋਇਆ ਜੋ ਦੋਹਾਂ ਮੁਲਕਾਂ ਦੇ ਹਿਤਾਂ ਦੀ ਨੁਮਾਇੰਦਗੀ ਕਰਦਾ ਹੋਵੇ। ਇਸਦੀ ਬਜਾਏ ਬਾਂਹ ਮਰੋੜ ਟੈਰਿਫ਼ਾਂ ਦੇ ਦਬਾਅ ਹੇਠ ਵਾਰਤਾਵਾਂ ਦੇ ਅਮਲ ਵਿਚੋਂ ਜੋ ਚੌਖਟਾ ਨਿਕਲਿਆ ਉਹ ਭਾਰਤ ਦੀ ਪਹਿਲਾਂ ਹੀ ਅਧੀਨ ਆਰਥਕ ਹੈਸੀਅਤ ਦੀ ਹੋਰ ਜ਼ਿਆਦਾ ਘੇਰਾਬੰਦੀ ਕਰਨ ਵਾਲਾ ਅਤੇ ਇਸ ਦੀਆਂ ਮੰਡੀਆਂ, ਖ਼ਰੀਦਦਾਰੀ ਪ੍ਰਬੰਧ ਅਤੇ ਊਰਜਾ ਸਰੋਤਾਂ ਦੀ ਚੋਣ ਨੂੰ ਅਮਰੀਕੀ ਯੁੱਧਨੀਤਕ ਹਿਤਾਂ ਅਨੁਸਾਰ ਢਾਲਣ ਵਾਲਾ ਹੈ। ਇਹ ਆਜ਼ਾਦ ਹੈਸੀਅਤ 'ਚ ਆਪਣੇ ਹਿਤ ਸੁਰੱਖਿਅਤ ਰੱਖਦੇ ਹੋਏ ਆਲਮੀ ਆਰਥਕ ਅਮਲ ਨਾਲ ਜੁੜਨਾ ਨਹੀਂ ਸਗੋਂ ਸਖ਼ਤ ਸਾਮਰਾਜੀ ਦਬਾਅ ਹੇਠ ਭਾਰਤ ਦੇ ਆਰਥਕ ਹਿਤਾਂ ਦੀ ਬਲੀ ਦੇਣਾ ਹੈ। ਲਿਹਾਜ਼ਾ, ਇਹ ਕਿਸੇ ਵੀ ਪੱਖੋਂ ਦੁਵੱਲਾ 'ਮੁਕਤ ਵਪਾਰ ਸਮਝੌਤਾ' ਨਹੀਂ ਹੈ।

ਅਪ੍ਰੈਲ 2025 'ਚ ਟਰੰਪ ਦੀ ਅਗਵਾਈ ਹੇਠ ਅਮਰੀਕਾ ਨੇ ਭਾਰਤੀ ਨਿਰਯਾਤ ਉਪਰ ਕਥਿਤ 'ਪਰਸਪਰ ਟੈਰਿਫ਼ ਪ੍ਰਣਾਲੀ' ਦੇ ਨਾਂ ਹੇਠ ਇਕਤਰਫ਼ਾ ਪ੍ਰਣਾਲੀ ਥੋਪੀ। ਇਹ ਨਾ ਤਾਂ ਡਬਲਯੂਟੀਓ ਦੇ ਤਹਿਤ ਕਿਸੇ ਬਹੁਧਿਰੀ ਪ੍ਰਕਿਰਿਆ ਦਾ ਸਿੱਟਾ ਸੀ ਅਤੇ ਨਾ ਹੀ ਦੁਵੱਲੀਆਂ ਵਾਰਤਾਵਾਂ 'ਚੋਂ ਨਿਕਲਿਆ ਸੀ। ਇਹ ਨਿਰੋਲ ਧੌਂਸਬਾਜ਼ ਕਾਰਵਾਈ ਸੀ। ਭਾਰਤੀ ਉਤਪਾਦਾਂ ਦੀ ਵਸੀਹ ਲੜੀ ਉਪਰ 25-27 ਪ੍ਰਤੀਸ਼ਤ ਟੈਰਿਫ਼ ਲਗਾਏ ਗਏ। ਫਿਰ, ਭਾਰਤ ਵੱਲੋਂ ਰੂਸ ਤੋਂ ਤੇਲ ਖ਼ਰੀਦ ਕੇ ਯੁੱਧ ਦੀ ਮੱਦਦ ਕਰਨ ਦੇ ਬਹਾਨੇ ਹੋਰ ਸਜ਼ਾ-ਦੇਊ ਟੈਰਿਫ਼ ਜੋੜ ਦਿੱਤੇ ਗਏ। ਅਮਰੀਕਾ ਵਿਚ ਭਾਰਤੀ ਨਿਰਯਾਤ ਵਸਤਾਂ ਉਪਰ ਜੋ ਔਸਤ ਟੈਰਿਫ਼ ਦਰਾਂ ਲਗਭਗ 2.5 ਪ੍ਰਤੀਸ਼ਤ ਸਨ, ਉਹ ਟਰੰਪ ਦੀ ਸਰਕਾਰ ਹੇਠ 50 ਪ੍ਰਤੀਸ਼ਤ ਤੱਕ ਜਾ ਪਹੁੰਚੀਆਂ। ਕੱਪੜਾ ਵਸਤਾਂ, ਤਿਆਰ ਕੱਪੜੇ, ਚਮੜਾ, ਰਤਨ ਤੇ ਗਹਿਣੇ, ਇੰਜੀਨੀਅਰਿੰਗ ਦਾ ਸਾਮਾਨ, ਆਟੋ ਪੁਰਜ਼ੇ ਉਤਪਾਦਨ ਦੇ ਖੇਤਰਾਂ ਉਪਰ ਇਸ ਹਮਲੇ ਦੀ ਸਖ਼ਤ ਮਾਰ ਪਈ। ਜੋ ਭਾਰਤ ਦੀ ਨਿਰਯਾਤ ਆਰਥਿਕਤਾ ਦੀ ਰੀੜ੍ਹ ਹਨ ਅਤੇ ਇਨ੍ਹਾਂ ਵਿਚ ਲੱਖਾਂ ਮਜ਼ਦੂਰਾਂ ਨੂੰ ਰੁਜ਼ਗਾਰ ਮਿਲਦਾ ਹੈ। ਮੋਦੀ ਵਜ਼ਾਰਤ ਦਾਅਵਾ ਕਰ ਰਹੀ ਹੈ ਕਿ ਟੈਰਿਫ਼ 50 ਪ੍ਰਤੀਸ਼ਤ ਤੋਂ ਘਟ ਕੇ 18% ਹੋ ਗਿਆ ਹੈ। ਦੂਜੇ ਪਾਸੇ, ਅਮਰੀਕੀ ਖੇਤੀ ਉਤਪਾਦਾਂ ਉਪਰ ਭਾਰਤ ਦਾ ਟੈਰਿਫ਼, ਜੋ 30% ਤੋਂ ਲੈ ਕੇ 150% ਸੀ, ਹੁਣ ਜ਼ੀਰੋ ਹੋ ਗਿਆ ਹੈ। ਅਮਰੀਕਾ ਭਾਰਤੀ ਵਸਤਾਂ ਉਪਰ 18% ਟੈਰਿਫ਼ ਲਗਾਏਗਾ ਪਰ ਭਾਰਤ ਅਮਰੀਕੀ ਵਸਤਾਂ ਉਪਰ 0%, ਫਿਰ ਵੀ, ਮੋਦੀ ਵਜ਼ਾਰਤ ਕਹਿ ਰਹੀ ਹੈ ਕਿ ਇਹ ਟੈਰਿਫ਼ 'ਸੌਦਾ' ਬਹੁਤ ਵੱਡੀ ਪ੍ਰਾਪਤੀ ਹੈ!

ਟਰੰਪ ਵਿਰੁੱਧ ਡਟਣ ਦੀ ਬਜਾਏ ਆਪਣੀ ਸਾਮਰਾਜਪ੍ਰਸਤ ਖ਼ਸਲਤ ਅਨੁਸਾਰ ਭਾਜਪਾ ਸਰਕਾਰ ਨੇ 'ਤਣਾਅ ਘਟਾਉਣ' ਦੇ ਨਾਂ ਹੇਠ ਟਰੰਪ ਨੂੰ ਖ਼ੁਸ਼ ਕਰਦੇ ਹੋਏ ਕੁਝ ਲੈ-ਦੇ ਕਰਨ ਦਾ ਰਾਹ ਫੜਿਆ। ਇਸੇ ਦੀ ਉਪਜ ਉਪਰੋਕਤ ਵਪਾਰ ਚੌਖਟਾ ਹੈ।

ਮੁਲਕ ਦੇ ਹਿਤਾਂ ਨੂੰ ਲੈ ਕੇ ਫ਼ਿਕਰਮੰਦ ਚਿੰਤਕ ਅਤੇ ਕਿਸਾਨ ਜਥੇਬੰਦੀਆਂ ਤਿੰਨ ਖੇਤੀ ਕਾਨੂੰਨ ਲਿਆਂਦੇ ਜਾਣ ਦੇ ਸਮੇਂ ਤੋਂ ਹੀ ਲਗਾਤਾਰ ਕਹਿ ਰਹੇ ਹਨ ਆਰਐੱਸਐੱਸ-ਭਾਜਪਾ ਦੀ ਨੀਤੀ ਵਿਸ਼ਾਲ ਭਾਰਤੀ ਖੇਤੀਬਾੜੀ ਮੰਡੀ ਨੂੰ ਸਾਮਰਾਜੀ ਕਾਰਪੋਰੇਟ ਸਰਮਾਏ ਲਈ ਬੇਹਯਾਈ ਨਾਲ ਖੋਲ੍ਹਣ ਦੀ ਹੈ। ਲਿਹਾਜ਼ਾ, ਇਹ ਦੇਖਣਾ ਖ਼ਾਸ ਤੌਰ 'ਤੇ ਜ਼ਰੂਰੀ ਹੈ ਕਿ ਉਪਰੋਕਤ ਵਪਾਰ ਚੌਖਟੇ ਵਿਚ ਖੇਤੀਬਾੜੀ ਖੇਤਰ ਸੰਬੰਧੀ ਕੀ-ਕੀ ਤੈਅ ਕੀਤਾ ਗਿਆ ਹੈ। ਇਸ ਸਮਝੌਤੇ ਦੇ ਤਹਿਤ ਖੇਤੀਬਾੜੀ ਖੇਤਰ ਨੂੰ ਖੋਲ੍ਹ ਕੇ ਅਮਰੀਕਾ ਨੂੰ ਕੀ ਦਿੱਤਾ ਗਿਆ ਹੈ ਅਤੇ ਭਾਰਤ ਦੇ ਕਿਸਾਨਾਂ ਤੋਂ ਕੀ ਖੋਹ ਲਿਆ ਗਿਆ ਹੈ? ਅਮਰੀਕੀ ਅਧਿਕਾਰੀ ਖੇਤੀਬਾੜੀ ਨੂੰ ਲੈ ਕੇ ਅਮਰੀਕਾ ਦੀ ਜਿੱਤ ਨੂੰ ਲੈ ਕੇ ਐਨੇ ਬਾਗ਼ੋਬਾਗ਼ ਕਿਉਂ ਹਨ ਅਤੇ ਭਾਰਤੀ ਕਿਸਾਨ ਫ਼ਿਕਰਮੰਦ ਕਿਉਂ ਹਨ? ਕੀ ਇਹ ਭਾਰਤ ਦੇ ਹਿਤ ਵਿਚ ਹੈ ਜਾਂ ਅਮਰੀਕੀ ਸਾਮਰਾਜੀਆਂ ਦੇ?

ਭਾਰਤ-ਅਮਰੀਕਾ ਦਰਮਿਆਨ ਅੰਤਰਿਮ ਵਪਾਰ ਸਮਝੌਤੇ ਦੇ ਸਾਂਝੇ ਬਿਆਨ ਅਨੁਸਾਰ ਭਾਰਤ ਨੇ ਅਮਰੀਕਾ ਤੋਂ ਕੁਝ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ਼ ਘਟਾਉਣ ਜਾਂ ਖ਼ਤਮ ਕਰਨ ਦਾ ਫੈਸਲਾ ਕੀਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸੰਵੇਦਨਸ਼ੀਲ ਚੀਜ਼ਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ ਹੈ।

ਦੀ ਇੰਡਿਅਨ ਐਕਸਪ੍ਰੈਸ ਦੀ ਰਿਪੋਰਟ ਦਾਅਵਾ ਕਰਦੀ ਹੈ ਕਿ ਭਾਰਤ ਨੇ ਅਮਰੀਕਾ ਤੋਂ ਸੋਇਆਬੀਨ, ਮੱਕੀ, ਈਂਧਨ ਲਈ ਇਥੈਨੋਲ,




ਕਪਾਹ, ਡੇਅਰੀ ਉਤਪਾਦ ਅਤੇ ਪੋਲਟਰੀ ਉਤਪਾਦਾਂ ਦੇ ਆਯਾਤ ਲਈ ਆਪਣੀ ਮੰਡੀ ਨਹੀਂ ਖੋਲ੍ਹੀ ਹੈ। ਇਹ ਸਾਰੇ ਸੰਵੇਦਨਸ਼ੀਲ ਖੇਤਰ ਹਨ ਅਤੇ ਭਾਰਤੀ ਕਿਸਾਨਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਵਪਾਰ ਮੰਤਰੀ ਪਿਯੂਸ਼ ਗੋਇਲ ਦਾ ਕਹਿਣਾ ਹੈ ਕਿ ਜੀਐੱਮ (ਜੈਨੇਟਿਕਲੀ ਮੋਡੀਫਾਇਡ) ਫ਼ਸਲਾਂ, ਮੀਟ, ਪੋਲਟਰੀ, ਡੇਅਰੀ, ਮੱਕੀ, ਚੌਲ, ਕਣਕ, ਚੀਨੀ, ਬਾਜਰਾ ਆਦਿ 'ਤੇ ਕੋਈ ਛੋਟ ਨਹੀਂ ਦਿੱਤੀ ਗਈ ਹੈ। ਭਾਰਤ ਨੇ ਇਨ੍ਹਾਂ 'ਤੇ ਪੂਰੀ ਸੁਰੱਖਿਆ ਬਰਕਰਾਰ ਰੱਖੀ ਹੈ।

ਰਿਪੋਰਟਾਂ ਅਨੁਸਾਰ ਭਾਰਤ ਨੇ ਅਮਰੀਕਾ ਦੇ ਕੁਝ ਹੋਰ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ਼ ਖ਼ਤਮ ਕਰਨਾ ਜਾਂ ਘਟਾਉਣਾ ਮੰਨ ਲਿਆ ਹੈ। ਇਨ੍ਹਾਂ ਵਿਚ ਡਿਸਟਿਲਰਜ਼ ਡ੍ਰਾਈਡ ਗ੍ਰੇਨਜ਼ ਵਿਦ ਸਾਲਿਊਬਲਜ਼ (ਡੀਡੀਜੀਐੱਸ) ਵੀ ਸ਼ਾਮਲ ਹੈ। ਇਹ ਮੱਕੀ ਜਾਂ ਅਨਾਜ ਤੋਂ ਇਥੈਨੋਲ ਬਣਾਉਣ ਤੋਂ ਬਾਅਦ ਬਚਿਆ ਹੋਇਆ ਪ੍ਰੋਟੀਨ-ਭਰਪੂਰ ਚਾਰਾ ਹੁੰਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸਰੋਂ ਜਾਂ ਸੋਇਆਬੀਨ ਤੋਂ ਤੇਲ ਕੱਢਣ ਤੋਂ ਬਾਅਦ ਬਚੀ ਪ੍ਰੋਟੀਨ ਵਾਲੀ ਖਲ। ਇਸਦਾ ਇਸਤੇਮਾਲ ਪਸ਼ੂਆਂ, ਪੋਲਟਰੀ ਜਾਂ ਮੱਛੀਆਂ ਦੇ ਚਾਰੇ ਵਜੋਂ ਕੀਤਾ ਜਾਂਦਾ ਹੈ।

ਸੋਇਆਬੀਨ ਤੇਲ, ਪਸ਼ੂ ਚਾਰੇ ਲਈ ਰੈਡ ਸੋਰਗਮ (ਲਾਲ ਜਵਾਰ), ਬਦਾਮ, ਅਖਰੋਟ, ਪਿਸਤਾ ਵਰਗੇ ਟ੍ਰੀ ਨਟਸ, ਤਾਜ਼ੇ ਅਤੇ ਪ੍ਰੋਸੈਸਡ ਫਲ, ਵਾਈਨ ਅਤੇ ਸਪਿਰਿਟਸ (ਸ਼ਰਾਬ) 'ਤੇ ਵੀ ਟੈਰਿਫ਼ ਖ਼ਤਮ ਕੀਤਾ ਗਿਆ ਹੈ। ਕੁਝ ਹੋਰ ਉਤਪਾਦ ਵੀ ਇਸ ਵਿਚ ਸ਼ਾਮਲ ਹਨ, ਜਿਨ੍ਹਾਂ ਬਾਰੇ ਹਾਲੇ ਸਪਸ਼ਟ ਜਾਣਕਾਰੀ ਨਹੀਂ ਦਿੱਤੀ ਗਈ।

ਕੁਝ ਮੀਡੀਆ ਰਿਪੋਰਟਾਂ ਨੇ ਮਾਹਿਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਹ ਉਤਪਾਦ ਭਾਰਤੀ ਕਿਸਾਨਾਂ ਲਈ ਵੱਡਾ ਖ਼ਤਰਾ ਨਹੀਂ ਬਣਦੇ, ਕਿਉਂਕਿ ਭਾਰਤ ਵਿਚ ਇਨ੍ਹਾਂ ਦੀ ਵੱਡੇ ਪੈਮਾਨੇ 'ਤੇ ਪੈਦਾਵਾਰ ਨਹੀਂ ਹੁੰਦੀ ਜਾਂ ਲੋੜ ਆਯਾਤ ਰਾਹੀਂ ਪੂਰੀ ਕੀਤੀ ਜਾਂਦੀ ਹੈ।

### ਕੀ ਡੀਡੀਜੀਐੱਸ ਨੁਕਸਾਨਦੇਹ ਹੈ?

ਡੀਡੀਜੀਐੱਸ ਪੋਲਟਰੀ, ਡੇਅਰੀ ਫਾਰਮਾਂ ਅਤੇ ਮੱਛੀ ਪਾਲਣ ਵਿਚ ਵਰਤਿਆ ਜਾਣ ਵਾਲਾ ਸਸਤਾ ਪ੍ਰੋਟੀਨ ਸਰੋਤ ਹੈ। ਕਿਹਾ ਜਾ ਰਿਹਾ ਹੈ ਕਿ ਅਮਰੀਕਾ ਤੋਂ ਆਉਣ ਵਾਲਾ ਡੀਡੀਜੀਐੱਸ ਸਸਤਾ ਅਤੇ ਵਧੀਆ ਗੁਣਵੱਤਾ ਵਾਲਾ ਹੈ ਕਿਉਂਕਿ ਇਸ ਵਿਚ ਜ਼ਹਿਰੀਲਾ ਫੰਗਸ ਐਫਲਾਟੌਕਸਿਨ ਬਹੁਤ ਘੱਟ ਹੁੰਦਾ ਹੈ। ਭਾਰਤ ਵਿਚ ਬਣੇ ਡੀਡੀਜੀਐੱਸ ਵਿਚ ਇਹ 100-200 ਪੀਪੀਬੀ (ਪਾਰਟਸ ਪਰ ਬਿਲੀਅਨ) ਤੱਕ ਹੁੰਦਾ ਹੈ, ਜੋ ਬ੍ਰਾਇਲਰ ਚਿਕਨ ਅਤੇ ਡੇਅਰੀ ਲਈ ਢੁੱਕਵਾਂ ਨਹੀਂ ਹੈ, ਜਦਕਿ ਅਮਰੀਕੀ ਡੀਡੀਜੀਐੱਸ ਵਿਚ ਇਹ 20 ਪੀਪੀਬੀ ਤੋਂ ਘੱਟ ਹੁੰਦਾ ਹੈ, ਜੋ ਮਿਆਰੀ ਮੰਨਿਆ ਜਾਂਦਾ ਹੈ। ਇਸ ਆਧਾਰ 'ਤੇ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਪੋਲਟਰੀ, ਡੇਅਰੀ ਅਤੇ ਮੱਛੀ ਪਾਲਣ ਉਦਯੋਗ ਨੂੰ ਲਾਭ ਹੋਵੇਗਾ। ਸਸਤਾ ਅਤੇ ਚੰਗੀ ਗੁਣਵੱਤਾ ਵਾਲਾ ਚਾਰਾ ਮਿਲੇਗਾ, ਜਿਸ ਨਾਲ ਪੈਦਾਵਾਰ ਵਧਣ ਅਤੇ ਲਾਗਤ ਘਟਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਕਿਹਾ ਜਾ ਰਿਹਾ ਹੈ ਕਿ ਭਾਰਤ ਵਿਚ ਪਸ਼ੂ ਚਾਰੇ ਲਈ ਰੈਡ ਸੋਰਗਮ (ਲਾਲ ਜਵਾਰ) ਦੇ ਆਯਾਤ ਨਾਲ ਸਸਤਾ ਚਾਰਾ ਮੁਹੱਈਆ ਹੋਵੇਗਾ, ਜਿਸ ਨਾਲ ਪਸ਼ੂ ਪਾਲਣ ਨੂੰ ਲਾਭ ਹੋਵੇਗਾ। ਯਾਦ ਰਹੇ ਕਿ ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਸੋਰਗਮ ਉਤਪਾਦਕ ਅਤੇ ਨਿਰਯਾਤ ਕਰਤਾ ਹੈ।

ਵਿਸ਼ਲੇਸ਼ਕਾਰਾਂ ਦਾ ਕਹਿਣਾ ਹੈ ਕਿ ਇਸਦਾ ਨੁਕਸਾਨ ਸੋਇਆਬੀਨ ਕਿਸਾਨਾਂ ਅਤੇ ਪ੍ਰੋਸੈਸਰਾਂ ਨੂੰ ਹੋਵੇਗਾ। ਭਾਰਤ ਵਿਚ ਸੋਇਆਬੀਨ ਡੀਓਸੀ (ਸੋਇਆਬੀਨ ਬੀਜਾਂ ਵਿਚੋਂ ਤੇਲ ਕੱਢਣ ਤੋਂ ਬਾਅਦ ਬਚੀ ਖਲ) ਮਹਿੰਗੀ ਹੈ। ਇਹ 43-44 ਰੁਪਏ ਪ੍ਰਤੀ ਕਿਲੋਗ੍ਰਾਮ ਹੈ, ਜਦਕਿ ਡੀਡੀਜੀਐੱਸ 24-30 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਭਾਅ ਸਸਤਾ ਮਿਲਦਾ ਹੈ। ਜੇ ਡੀਡੀਜੀਐੱਸ ਦੀ ਆਮਦ ਵਧੀ ਤਾਂ ਡੀਓਸੀ ਦੀ ਮੰਗ ਅਤੇ ਭਾਅ ਘਟਣਗੇ। ਸੋਇਆਬੀਨ ਤੇਲ 'ਤੇ ਘੱਟ ਡਿਊਟੀ ਨਾਲ ਆਯਾਤ ਵੀ ਵਧ ਸਕਦਾ ਹੈ। ਸੋਇਆਬੀਨ ਮੁੱਖ ਤੌਰ 'ਤੇ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ ਵਿਚ ਉਗਾਇਆ ਜਾਂਦਾ ਹੈ।

ਇਕ ਫ਼ਾਇਦਾ ਸੁੱਕੇ ਮੇਵਿਆਂ ਅਤੇ ਫਲਾਂ ਦੇ ਖੇਤਰ ਵਿਚ ਗਿਣਾਇਆ ਜਾ ਰਿਹਾ ਹੈ। ਭਾਰਤ ਵਿਚ ਅਖਰੋਟ, ਬਦਾਮ, ਪਿਸਤਾ ਆਦਿ ਉੱਤੇ ਪਹਿਲਾਂ ਉੱਚੀ ਡਿਊਟੀ ਲਾਗੂ ਸੀ। ਮਿਸਾਲ ਲਈ, ਅਖਰੋਟ 'ਤੇ 100% ਡਿਊਟੀ ਸੀ। ਹੁਣ ਇਹ ਘਟਾਉਣ ਜਾਂ ਜ਼ੀਰੋ ਕਰਨ ਨਾਲ ਅਮਰੀਕੀ ਸੁੱਕੇ ਮੇਵੇ ਸਸਤੇ ਆਉਣਗੇ। ਭਾਰਤ ਅਮਰੀਕੀ ਟ੍ਰੀ ਨਟਸ (ਰੁੱਖਾਂ ਨੂੰ ਲੱਗਦੇ ਮੇਵੇ) ਦੀ ਸਭ ਤੋਂ ਵੱਡੀ ਮੰਡੀ ਹੈ। 2025 ਵਿਚ ਭਾਰਤ ਵਿਚ 1.5 ਅਰਬ ਡਾਲਰ ਦਾ ਨਿਰਯਾਤ ਹੋਇਆ। ਕਿਹਾ ਜਾ ਰਿਹਾ ਹੈ ਕਿ ਇਸ ਨਾਲ ਖ਼ਪਤਕਾਰਾਂ ਨੂੰ ਲਾਭ ਹੋਵੇਗਾ, ਪਰ ਭਾਰਤੀ ਉਤਪਾਦਕਾਂ 'ਤੇ ਵੱਡਾ ਅਸਰ ਨਹੀਂ ਪਵੇਗਾ ਕਿਉਂਕਿ ਭਾਰਤ ਇਨ੍ਹਾਂ ਉਤਪਾਦਾਂ ਦਾ ਵੱਡਾ ਉਤਪਾਦਕ ਨਹੀਂ ਹੈ।

ਸਰਕਾਰ ਦਾ ਦਾਅਵਾ ਹੈ ਕਿ ਕਿਸਾਨਾਂ ਦੇ ਹਿੱਤ ਸੁਰੱਖਿਅਤ ਹਨ ਅਤੇ ਇਹ ਸਮਝੌਤਾ ਦੋਹਾਂ ਦੇਸ਼ਾਂ ਲਈ ਫ਼ਾਇਦੇਮੰਦ ਹੈ। ਇਹ ਸਪਸ਼ਟ ਹੈ ਕਿ ਸਮਝੌਤੇ ਵਿਚ ਭਾਰਤ ਨੇ ਅਮਰੀਕੀ ਖੇਤੀਬਾੜੀ ਉਤਪਾਦਾਂ ਲਈ ਲੰਮੇ ਸਮੇਂ ਤੋਂ ਚੱਲ ਰਹੀਆਂ ਨਾਨ-ਟੈਰਿਫ਼ ਰੁਕਾਵਟਾਂ ਦੂਰ ਕਰਨੀਆਂ ਮੰਨ ਲਈਆਂ ਹਨ। ਵਣਜ ਮੰਤਰੀ ਗੋਇਲ ਕਹਿ ਰਿਹਾ ਹੈ ਕਿ ਇਸ ਵਿਚ ਜੀਐੱਮ ਫ਼ਸਲਾਂ ਜਾਂ ਸੰਵੇਦਨਸ਼ੀਲ ਉਤਪਾਦ ਸ਼ਾਮਲ ਨਹੀਂ ਹੋਣਗੇ ਕਿਉਂਕਿ ਭਾਰਤ ਨੇ ਕਣਕ, ਚੌਲ, ਦਾਲਾਂ, ਡੇਅਰੀ ਆਦਿ ਵਰਗੇ ਸੰਵੇਦਨਸ਼ੀਲ ਖੇਤੀਬਾੜੀ ਖੇਤਰਾਂ ਨੂੰ ਬਚਾਇਆ ਹੈ। ਫਿਰ ਵੀ ਇਹ ਤਾਂ ਸਪਸ਼ਟ ਹੀ ਹੈ, ਚਾਹੇ ਪਸ਼ੂ ਪਾਲਣ ਅਤੇ ਕੁਝ ਆਯਾਤ ਵਾਲੀਆਂ ਚੀਜ਼ਾਂ ਵਿਚ ਹੀ ਸਹੀ, ਅਮਰੀਕਾ ਲਈ ਭਾਰਤੀ ਮੰਡੀ ਖੋਲ੍ਹ ਦਿੱਤੀ ਗਈ ਹੈ। ਇਸੇ ਲਈ ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਵਣਜ ਮੰਤਰੀ ਝੂਠ ਬੋਲ ਕੇ ਕਿਸਾਨਾਂ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ ਅਤੇ ਇਸ ਦੇਸ਼ਧ੍ਰੋਹੀ ਤੋਂ ਤੁਰੰਤ ਅਸਤੀਫ਼ਾ ਲਿਆ ਜਾਣਾ ਚਾਹੀਦਾ ਹੈ।

ਕਿਹਾ ਜਾ ਰਿਹਾ ਹੈ ਕਿ ਪੋਲਟਰੀ-ਡੇਅਰੀ ਉਦਯੋਗ ਨੂੰ ਸਸਤਾ ਚਾਰਾ ਮਿਲੇਗਾ, ਪਰ ਸੋਇਆਬੀਨ ਕਿਸਾਨਾਂ ਦਾ ਕੀ ਬਣੇਗਾ? ਜਦੋਂ ਤੱਕ ਸਮਝੌਤੇ ਪੂਰੇ ਚੌਖਟੇ ਦੇ ਵੇਰਵੇ ਸਾਹਮਣੇ ਨਹੀਂ ਆਉਂਦੇ, ਓਦੋਂ ਤੱਕ ਮਹਿਜ਼ ਸਰਕਾਰੀ ਯਕੀਨ-ਦਹਾਨੀਆਂ ਦੇ ਆਧਾਰ 'ਤੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਸਰਕਾਰ ਜੋ ਦਾਅਵਾ ਕਰ ਰਹੀ ਹੈ, ਉਹ ਸੱਚ ਹੈ? ਇਹ ਸਮਾਂ ਲੰਘਾਉਣ ਅਤੇ ਕਿਸਾਨਾਂ ਦਾ ਰੋਹ ਠੰਡਾ ਕਰਨ ਦੀ ਚਾਲ ਵੀ ਹੋ ਸਕਦੀ ਹੈ। ਹੁਕਮਰਾਨਾਂ ਵੱਲੋਂ ਹਰ ਨੀਤੀ ਲੋਕਾਂ ਦੀ ਤਰੱਕੀ ਦੇ ਨਾਂ 'ਤੇ ਹੀ ਥੋਪੀ ਜਾਂਦੀ ਹੈ। ਹਕੀਕਤ ਇਹ ਹੈ ਕਿ ਛੋਟੇ ਅਤੇ ਸੀਮਾਂਤ ਕਿਸਾਨਾਂ ਵਾਲੀ ਖੇਤੀ ਆਰਥਿਕਤਾ ਨੂੰ ਭਾਰੀ ਸਬਸਿਡੀਆਂ ਹਾਸਲ ਕਰਨ ਵਾਲੇ ਬਦੇਸ਼ੀ ਖੇਤੀ ਕਾਰੋਬਾਰਾਂ ਨਾਲ ਖੁੱਲ੍ਹੇ ਮੁਕਾਬਲੇ ਵਿਚ ਖੜ੍ਹਾ ਕੀਤਾ ਜਾ ਰਿਹਾ ਹੈ। ਜਿਸਦੇ ਤੁਰੰਤ ਪ੍ਰਭਾਵ ਤਿੱਖੇ ਰੂਪ 'ਚ ਮਹਿਸੂਸ ਨਹੀਂ ਹੋਣਗੇ ਪਰ ਲੰਮੇ ਸਮੇਂ 'ਚ ਛੋਟੇ ਤੇ ਦਰਮਿਆਨੇ ਕਿਸਾਨ ਤੇ ਉਤਪਾਦਕ ਮੁਕਾਬਲੇ 'ਚ ਟਿਕ ਨਹੀਂ ਸਕਣਗੇ ਅਤੇ ਇਸ ਖੇਤਰ ਵਿਚੋਂ ਬਾਹਰ ਕਰ ਦਿੱਤੇ ਜਾਣਗੇ। ਇਹ ਫ਼ਿਕਰਮੰਦੀ ਜੰਮੂ-ਕਸ਼ਮੀਰ ਅਤੇ ਹਿਮਾਚਲ ਦੇ ਸੇਬ ਉਤਪਾਦਕਾਂ ਦੇ ਡਰ ਵਿਚ ਸਾਫ਼ ਝਲਕਦੀ ਹੈ ਕਿ ਇਹ ਸਮਝੌਤਾ ਉਨ੍ਹਾਂ ਦੀ ਆਰਥਿਕਤਾ ਲਈ ਵਿਨਾਸ਼ਕਾਰੀ ਸਿੱਧ ਹੋਵੇਗਾ।

ਸਰਕਾਰ ਦੀ ਨੀਅਤ ਉਪਰ ਸ਼ੱਕ ਦਾ ਵੱਡਾ ਕਾਰਨ ਐਨੇ ਵੱਡੇ ਮਹੱਤਵਪੂਰਨ ਵਿਸ਼ੇ ਬਾਰੇ ਅਗਾਊਂ ਕੁਝ ਵੀ ਜਨਤਕ ਨਾ ਕਰਨਾ ਹੈ। ਨਾ ਸੰਸਦ ਵਿਚ ਕੋਈ ਚਰਚਾ, ਨਾ ਕੋਈ ਖਰੜਾ ਜਨਤਕ ਕੀਤਾ ਗਿਆ ਅਤੇ ਨਾ ਹੀ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਛੋਟੇ ਉਤਪਾਦਕਾਂ ਨਾਲ ਇਸ ਬਾਰੇ ਕੋਈ ਚਰਚਾ ਕੀਤੀ ਗਈ ਹਾਲਾਂਕਿ ਇਹ ਸਾਰੇ ਹਿੱਸੇ ਲਗਾਤਾਰ ਆਪਣੇ ਹਿੱਤਾਂ ਨੂੰ ਖ਼ਤਰੇ ਦੀ ਦੁਹਾਈ ਦੇ ਰਹੇ ਹਨ। ਪਰ ਤਾਨਾਸ਼ਾਹ ਹਕੂਮਤ ਨੂੰ ਅਵਾਮ ਦੇ ਸਰੋਕਾਰਾਂ ਅਤੇ ਫ਼ਿਕਰਮੰਦੀਆਂ ਦੀ ਕੋਈ ਪ੍ਰਵਾਹ ਨਹੀਂ ਹੈ।

ਸਰਕਾਰ ਨੇ ਸਮਝੌਤਾ ਸਿਰਫ਼ ਆਰਥਕ ਹਿਤਾਂ ਉਪਰ ਹੀ ਨਹੀਂ ਕੀਤਾ ਸਗੋਂ ਮੁਲਕ ਨੂੰ ਅਮਰੀਕੀ ਭੂਗੋਲਿਕ-ਯੁੱਧਨੀਤਕ ਹਿਤਾਂ ਦੇ ਅਧੀਨ ਕਰ ਦਿੱਤਾ ਗਿਆ ਹੈ। ਫ਼ੈਸਲੇ ਮੁਲਕ ਦੇ ਹਿਤਾਂ ਅਤੇ ਘਰੇਲੂ ਆਰਥਕ ਤਰਜੀਹਾਂ ਦੀ ਬਜਾਏ ਟਰੰਪ ਸਰਕਾਰ ਨੂੰ ਖ਼ੁਸ਼ ਕਰਨ ਲਈ ਲਏ ਜਾ ਰਹੇ ਹਨ। ਟਰੰਪ ਵੱਲੋਂ ਟੈਰਿਫ਼ ਘਟਾ ਕੇ 18% ਇਸ ਸ਼ਰਤ ਤਹਿਤ ਕੀਤੇ ਗਏ ਹਨ ਕਿ ਮੋਦੀ ਸਰਕਾਰ ਰੂਸ ਤੋਂ ਸਿੱਧਾ ਅਤੇ ਅਸਿੱਧਾ ਕੱਚਾ ਤੇਲ ਲੈਣਾ ਬੰਦ ਕਰਕੇ ਅਮਰੀਕਾ ਅਤੇ ਵੈਨਜ਼ੁਏਲਾ ਤੋਂ ਤੇਲ ਖ਼ਰੀਦੇਗੀ। ਭਾਰਤ ਆਪਣੀਆਂ ਤੇਲ ਜ਼ਰੂਰਤਾਂ ਦਾ 90% ਬਾਹਰੋਂ ਮੰਗਵਾਉਂਦਾ ਹੈ ਅਤੇ ਆਯਾਤ ਕੀਤੇ ਜਾਣ ਵਾਲੇ ਕੱਚੇ ਤੇਲ ਵਿਚ ਅਮਰੀਕਾ ਦਾ ਹਿੱਸਾ ਪਿਛਲੇ ਸਾਲ ਪਹਿਲਾਂ ਹੀ ਦੁੱਗਣਾ ਹੋ ਗਿਆ ਹੈ। ਖ਼ਦਸ਼ੇ ਮਾਹਰ ਪ੍ਰਗਟਾ ਰਹੇ ਹਨ ਕਿ ਅਮਰੀਕਾ ਤੋਂ ਮਹਿੰਗਾ ਤੇਲ ਖ਼ਰੀਦਣ ਨਾਲ ਪੈਟਰੋਲ-ਡੀਜ਼ਲ ਦੇ ਭਾਅ ਵਧਣਗੇ, ਸਰਕਾਰ ਦੇ ਚਾਲੂ ਖ਼ਾਤੇ ਦਾ ਘਾਟਾ ਵਧੇਗਾ ਅਤੇ ਸਬਸਿਡੀਆਂ ਜਾਂ ਮਹਿੰਗਾਈ ਕੰਟਰੋਲ ਨੂੰ ਲੈ ਕੇ ਸਰਕਾਰ ਉਪਰ ਅਮਰੀਕੀ ਦਬਾਅ ਵਧੇਗਾ। ਇਹ ਮੁਲਕ ਦੇ ਲੋਕਾਂ ਲਈ ਰਾਹਤ ਦੀ ਬਜਾਏ ਨਵੀਂ ਆਫ਼ਤ ਬਣ ਕੇ ਸਾਹਮਣੇ ਆਵੇਗਾ। ਬੇਸ਼ੱਕ, ਤੇਲ ਖ਼ਰੀਦਣ ਦੇ ਸਵਾਲ ਉਪਰ ਟਰੰਪ ਵੱਲੋਂ ਸਜ਼ਾ ਵਜੋਂ ਟੈਰਿਫ਼ ਲਗਾਏ ਹਟਾ ਦਿੱਤੇ ਗਏ ਹਨ ਪਰ ਇਸਦੀ ਨਿਗਰਾਨੀ ਅਮਰੀਕਾ ਦੇ ਵਣਜ, ਬਦੇਸ਼ ਤੇ ਵਿੱਤ ਵਿਭਾਗ ਕਰਨਗੇ ਅਤੇ ਉਲੰਘਣਾ ਦੀ ਸੂਰਤ 'ਚ ਮੁੜ ਟੈਰਿਫ਼ ਲਾਉਣ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਯਾਨੀ ਟੈਰਿਫ਼ਾਂ ਦੀ ਮਾਰ ਤੋਂ ਬਚਣ ਲਈ ਭਾਰਤ ਸਰਕਾਰ ਨੂੰ ਟਰੰਪ ਸਰਕਾਰ ਯਾਨੀ ਅਮਰੀਕੀ ਸਾਮਰਾਜੀ ਸਰਮਾਏਦਾਰੀ ਨੂੰ ਖ਼ੁਸ਼ ਰੱਖਣਾ ਪਵੇਗਾ।

ਭਾਰਤ ਦੇ ਆਰਥਕ ਹਿਤ ਸਾਮਰਾਜੀ ਤਾਕਤਾਂ ਕੋਲ ਗਹਿਣੇ ਪਾਉਣ ਅਤੇ ਮੁਲਕ ਦੀ ਪ੍ਰਭੂਸੱਤਾ ਉਪਰ ਘਿਣਾਉਣੇ ਸਮਝੌਤੇ ਦੇ ਰੂਪ 'ਚ ਇਹ ਹਮਲਾ ਬਹੁਤ ਖ਼ਤਰਨਾਕ ਹੈ। ਇਸ ਨੂੰ ਰੋਕਣਾ ਇਸ ਉਪਰ ਨਿਰਭਰ ਕਰੇਗਾ ਕਿ ਮੁਲਕ ਦੇ ਲੋਕ ਇਸ ਦੇ ਦੂਰਗਾਮੀ ਅਸਰਾਂ ਬਾਰੇ ਕਿੰਨੇ ਕੁ ਜਾਗਰੂਕ ਹੁੰਦੇ ਹਨ ਅਤੇ ਇਸ ਵਿਰੁੱਧ ਲੋਕ ਸੰਘਰਸ਼ ਕਿੰਨੀ ਕੁ ਵਿਆਪਕਤਾ ਤੇ ਤਿੱਖਾ ਰੂਪ ਅਖ਼ਤਿਆਰ ਕਰਦਾ ਹੈ।

# ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਧਰਮ ਨਿਰਪੱਖ, ਜਮਹੂਰੀ ਤੇ ਫੈਡਰਲ ਢਾਂਚੇ ਦੀ ਲੋੜ

ਸਾਡਾ ਦੇਸ਼, ਅੱਜ ਜਿਸ ਤਰ੍ਹਾਂ ਦੀਆਂ ਮੁਸ਼ਕਿਲਾਂ 'ਚ ਘਿਰਿਆ ਹੋਇਆ ਹੈ, ਉਨ੍ਹਾਂ ਦਾ ਹੱਲ ਕਰਨ ਪੱਖੋਂ ਬਹੁਤੀਆਂ ਰਾਜਸੀ ਧਿਰਾਂ ਨਾ ਤਾਂ ਗੰਭੀਰ ਜਾਪਦੀਆਂ ਹਨ ਤੇ ਨਾ ਹੀ ਇਸ ਦਿਸ਼ਾ 'ਚ ਲੋੜੀਂਦੀ ਰਾਜਸੀ ਸਰਗਰਮੀ ਕਰ ਰਹੀਆਂ ਹਨ। ਇਹ ਵਰਤਾਰਾ ਅਗਿਆਨਤਾ ਵੱਸ ਵੀ ਹੋ ਸਕਦਾ ਹੈ ਤੇ ਲੋੜੀਂਦੀ ਵਿਚਾਰਧਾਰਕ ਪ੍ਰਤੀਬੱਧਤਾ 'ਤੇ ਪਹਿਰਾ ਦੇਣ ਨਾਲ ਪੇਸ਼ ਆਉਣ ਵਾਲੇ ਖਤਰਿਆਂ ਦੇ ਭੈਅ ਸਦਕਾ ਵੀ। ਆਰ.ਐਸ.ਐਸ. ਦਾ ਥਾਪੜਾ ਹਾਸਲ ਮੋਦੀ ਸਰਕਾਰ ਤੇ 'ਸੰਘ ਪਰਿਵਾਰ' ਦੇ ਦੂਜੇ ਸੰਗਠਨ ਇਸ ਪੱਖੋਂ ਬਾਗੋ-ਬਾਗ ਹਨ ਕਿ ਉਹ ਆਰ.ਐਸ.ਐਸ. ਵੱਲੋਂ 1925 'ਚ ਆਪਣੀ ਸਥਾਪਨਾ ਸਮੇਂ ਮਿਥੇ ਧਰਮ ਅਧਾਰਤ,

ਮੰਗਤ ਰਾਮ ਪਾਸਲਾ

ਪਿਛਾਖੜੀ 'ਹਿੰਦੂ ਰਾਸ਼ਟਰ' ਕਾਇਮ ਕਰਨ ਦੇ ਨਿਸ਼ਾਨੇ ਦੀ ਪੂਰਤੀ ਵੱਲ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਇਕ ਐਸਾ ਸੰਗਠਨ, ਜਿਸ ਨੇ ਫਿਰਕੂ ਅਧਾਰ 'ਤੇ ਭਾਰਤੀ ਸਮਾਜ ਨੂੰ ਵੰਡਣ ਲਈ ਹਰ ਹਰਬਾ ਵਰਤਿਆ ਤੇ ਆਜ਼ਾਦੀ ਸੰਗਰਾਮ ਦੀ ਵਿਰੋਧਤਾ ਕਰਦਿਆਂ ਬਸਤੀਵਾਦੀ ਅੰਗਰੇਜ਼ ਸਾਮਰਾਜੀਆਂ ਦਾ ਸਮਰਥਨ ਕੀਤਾ, ਆਪਣੇ ਛੋਟੇ ਜਿਹੇ ਆਕਾਰ ਤੋਂ ਵਧਦਾ-ਵਧਦਾ ਅੱਜ ਭਾਰਤ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੋਇਆ ਬੈਠਾ ਹੈ। ਸਿੱਟੇ ਵਜੋਂ ਇਸ ਦੀਆਂ ਸਹਿਯੋਗੀ ਸੰਸਥਾਵਾਂ ਤੇ ਇਸ ਦੇ ਜ਼ਹਿਰੀਲੇ ਵਿਚਾਰਾਂ ਦੀ ਪਾਣ ਚੜ੍ਹੇ ਵਿਅਕਤੀ ਭਾਰਤ ਦੀ ਰਾਜਨੀਤੀ, ਆਰਥਿਕਤਾ, ਸੱਭਿਆਚਾਰ ਤੇ ਸਮਾਜਿਕ ਸਰੋਕਾਰਾਂ ਭਾਵ ਹਰ ਖੇਤਰ 'ਚ ਆਗੂ ਪੁਜ਼ੀਸ਼ਨਾਂ ਹਥਿਆਈ ਬੈਠੇ ਹਨ। ਸੰਘ ਪਰਿਵਾਰ ਦੇ ਮੈਂਬਰਾਂ ਦਾ ਪੂਰੇ ਦੇਸ਼ ਅੰਦਰ ਜਥੇਬੰਦਕ ਢਾਂਚਾ ਕਾਇਮ ਹੋ ਚੁੱਕਾ ਹੈ। ਇਹ ਵਰਤਾਰਾ ਕਿਸੇ 'ਅਲੋਕਾਰ' ਤੋਂ ਘੱਟ ਨਹੀਂ ਹੈ।

ਯਾਦ ਰਹੇ ਭਾਰਤ ਦੇ ਆਜ਼ਾਦੀ ਘੋਲ ਦੀ ਅਗਵਾਈ ਕਰਨ ਵਾਲੀ ਕਾਂਗਰਸ ਪਾਰਟੀ ਨੇ ਆਜ਼ਾਦੀ ਪ੍ਰਾਪਤੀ ਤੋਂ ਪਿੱਛੋਂ 1947 'ਚ ਦੇਸ਼ ਦੀ ਸੱਤਾ ਸੰਭਾਲੀ ਸੀ। ਉਦੋਂ ਆਰ.ਐਸ.ਐਸ. ਦਾ ਪਹਿਲਾ ਸਿਆਸੀ ਵਿੰਗ 'ਜਨਸੰਘ', ਇਕ ਮਾਮੂਲੀ ਜਿਹੀ ਰਾਜਸੀ ਸ਼ਕਤੀ ਹੁੰਦਾ ਸੀ। ਕਾਂਗਰਸ ਨੇ ਆਪਣੇ ਸ਼ਾਸਨ ਕਾਲ 'ਚ ਸਰਮਾਏਦਾਰੀ ਲੀਹਾਂ 'ਤੇ ਆਰਥਿਕ ਢਾਂਚਾ ਵਿਕਸਤ ਕਰਨ ਦਾ ਯਤਨ ਕੀਤਾ। ਦੇਸ਼ ਅੰਦਰ ਆਰਥਿਕ ਪਛੜੇਵੇਂ ਤੇ ਵਿਕਾਸ ਦੀ ਨੀਵੀਂ ਪੱਧਰ ਕਰਕੇ ਕਾਂਗਰਸੀ ਸਰਕਾਰਾਂ ਨੇ ਇਕ ਪਾਸੇ ਦੇਸ਼ ਦੇ ਆਰਥਿਕ ਵਿਕਾਸ ਲਈ ਸਾਮਰਾਜੀ ਜਰਵਾਣਿਆਂ ਦੀ ਸਹਾਇਤਾ 'ਤੇ ਟੇਕ ਰੱਖੀ ਤੇ ਦੂਜੇ ਬੰਨ੍ਹੇ ਸਮਾਜਵਾਦੀ ਸੋਵੀਅਤ ਯੂਨੀਅਨ ਤੋਂ ਪ੍ਰਾਪਤ ਕੀਤੀ ਆਰਥਿਕ ਤੇ ਤਕਨੀਕੀ ਸਹਾਇਤਾ ਸਦਕਾ ਬੁਨਿਆਦੀ ਸਨਅਤਾਂ ਤੇ ਸੇਵਾਵਾਂ ਲਈ ਸਰਕਾਰੀ ਖੇਤਰ ਦਾ ਚੋਖਾ ਵਿਕਾਸ ਵੀ ਕੀਤਾ। ਬਿਨਾਂ ਸ਼ੱਕ ਬਹੁਤ ਸਾਰੇ ਖੇਤਰਾਂ 'ਚ ਭਾਰਤ ਨੇ ਜ਼ਿਕਰਯੋਗ ਤਰੱਕੀ ਕੀਤੀ ਹੈ, ਪ੍ਰੰਤੂ ਇਹ ਵੀ ਸੱਚ ਹੈ ਕਿ ਵਿਕਾਸ ਦਾ ਪੂੰਜੀਵਾਦੀ ਮਾਡਲ ਅਖਤਿਆਰ ਕਰਦਿਆਂ, ਜਗੀਰਦਾਰੀ ਨੂੰ ਰਾਜਸੱਤਾ 'ਚ ਭਾਈਵਾਲ ਬਣਾਇਆ ਗਿਆ ਤੇ ਸਾਮਰਾਜ ਨਾਲ ਸਾਂਝ-ਭਿਆਲੀ ਲਗਾਤਾਰ ਵਧਾਈ ਗਈ। ਇਸੇ ਕਰਕੇ ਦੇਸ਼ ਦੀ ਆਰਥਿਕ ਤਰੱਕੀ ਦਾ ਪ੍ਰਮੁੱਖ ਲਾਹਾ ਇਜ਼ਾਰੇਦਾਰ ਪੂੰਜੀਪਤੀਆਂ ਤੇ ਜਗੀਰਦਾਰ ਜਮਾਤਾਂ ਨੂੰ ਮਿਲਿਆ ਹੈ ਤੇ ਦੇਸ਼ ਦੇ ਬਹੁ-ਗਿਣਤੀ ਮਿਹਨਤਕਸ਼ ਇਸ ਪ੍ਰਗਤੀ ਤੋਂ ਹਾਸਲ ਹੋਣ ਵਾਲੇ ਲਾਭਾਂ ਤੋਂ ਵਿਰਵੇ ਹਨ। ਉਲਟਾ, ਜਨ ਸਧਾਰਣ ਦੀ ਜ਼ਿੰਦਗੀ ਨੂੰ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਤੇ ਗਰੀਬੀ ਵਰਗੀਆਂ ਲਾਹਨਤਾਂ ਲਗਾਤਾਰ ਚਿੰਬੜੀਆਂ ਆ ਰਹੀਆਂ ਹਨ। ਇਸੇ ਆਰਥਿਕ ਵਿਕਾਸ ਦੇ ਨਤੀਜੇ ਵਜੋਂ ਅਮੀਰ-ਗਰੀਬ ਦਾ ਪਾੜਾ ਅੱਜ ਚਰਮ ਸੀਮਾ 'ਤੇ ਜਾ ਪੁੱਜਿਆ ਹੈ। ਕਾਂਗਰਸ ਪਾਰਟੀ ਨੇ ਅਤੀਤ 'ਚ ਆਪਣੇ ਰਾਜਸੀ ਹਿਤਾਂ ਦੀ ਪੂਰਤੀ ਲਈ ਅਨੇਕਾਂ ਵਾਰ ਦੇਸ਼ ਦੇ ਸੰਵਿਧਾਨ 'ਚ ਦਰਜ ਧਰਮ-ਨਿਰਪੱਖ ਤੇ ਜਮਹੂਰੀ ਤਕਾਜ਼ਿਆਂ ਤੇ ਸੰਘਾਤਮਕ (ਫੈਡਰਲ) ਅਧਿਕਾਰਾਂ ਨੂੰ ਖੋਰਾ ਲਾਉਂਦੇ ਬਹੁਤ ਸਾਰੇ ਲੋਕ-ਵਿਰੋਧੀ ਕਦਮ ਵੀ ਚੁੱਕੇ ਹਨ।

ਕਾਂਗਰਸ ਪਾਰਟੀ ਦੇ ਲੰਬੇ ਕਾਰਜ ਕਾਲ ਦੌਰਾਨ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸਰਕਾਰ ਵਿਰੋਧੀ ਰਾਜਸੀ ਦਲਾਂ ਨੇ ਗੈਰ ਪਾਰਲੀਮਾਨੀ ਤੇ ਪਾਰਲੀਮਾਨੀ, ਦੋਨੋਂ ਤਰ੍ਹਾਂ ਦੇ ਸੰਘਰਸ਼ ਲੜੇ ਹਨ। ਇਨ੍ਹਾਂ ਸੰਘਰਸ਼ਾਂ ਦੌਰਾਨ ਲੋਕਾਂ ਨੂੰ ਹਰ ਤਰ੍ਹਾਂ ਦੇ ਜ਼ਬਰ ਦਾ ਸਾਹਮਣਾ ਕਰਨਾ ਪਿਆ ਹੈ। ਐਪਰ, ਇਹ ਗੱਲ ਉਚੇਚੀ ਯਾਦ ਰੱਖਣ ਯੋਗ ਹੈ ਕਿ ਬੀਤੇ ਸਮੇਂ 'ਚ ਕਾਂਗਰਸੀ ਰਾਜ ਦਾ ਵਿਰੋਧ ਸਾਰੇ ਗੈਰ-ਕਾਂਗਰਸੀ ਦਲਾਂ ਨੇ ਬੇਸ਼ੱਕ ਸਾਂਝੇ ਰੂਪ 'ਚ ਕੀਤਾ ਹੈ, ਪ੍ਰੰਤੂ ਇਸ ਵਿਰੋਧ ਅੰਦਰ ਵੀ ਤਿੰਨ ਧਾਰਾਵਾਂ ਸ਼ਾਮਲ ਸਨ। ਪਹਿਲੀ ਵੰਨਗੀ ਕਾਂਗਰਸ ਦੀ ਜਮਾਤੀ ਤਰਜ਼ ਵਾਲੀਆਂ ਉਨ੍ਹਾਂ ਕੌਮੀ ਤੇ ਖੇਤਰੀ ਰਾਜਸੀ ਪਾਰਟੀਆਂ ਦੀ ਸੀ, ਜੋ ਸਰਮਾਏਦਾਰੀ ਚੌਖਟੇ ਅੰਦਰ ਕੰਮ ਕਰਦਿਆਂ ਦੇਸ਼ ਦੇ ਆਰਥਿਕ ਵਿਕਾਸ ਨੂੰ ਅੱਗੇ ਤੋਰਨ ਦੇ ਨਾਲ-ਨਾਲ ਵੱਖੋ-ਵੱਖ ਇਲਾਕਿਆਂ, ਕੌਮੀਅਤਾਂ, ਸਭਿਆਚਾਰਾਂ ਤੇ ਬੋਲੀਆਂ ਬੋਲਣ ਵਾਲੇ ਲੋਕਾਂ ਨਾਲ ਨੇੜਿਓਂ ਹੋ ਕੇ ਜੁੜੀਆਂ ਹੋਈਆਂ ਹਨ। ਕਾਂਗਰਸੀ ਸਰਕਾਰਾਂ ਦੇ ਵਿਰੋਧੀ ਅਜਿਹੇ ਗਠਜੋੜ, ਮੋਟੇ ਰੂਪ 'ਚ ਦੇਸ਼ ਦੇ ਸੰਵਿਧਾਨ 'ਚ ਦਰਜ ਧਰਮ-ਨਿਰਪੱਖ ਤੇ ਜਮਹੂਰੀ ਕਦਰਾਂ-ਕੀਮਤਾਂ ਅਤੇ ਸੰਘਾਤਮਕ ਚੌਖਟੇ ਨਾਲ ਆਮ ਤੌਰ 'ਤੇ ਸਹਿਮਤ ਰਹੇ। ਭਾਵੇਂ ਗੰਭੀਰ ਆਰਥਿਕ ਸੰਕਟ ਕਾਰਨ ਲੋਕਾਂ ਦੀਆਂ ਵਧ ਰਹੀਆਂ ਮੁਸ਼ਕਲਿਾਂ ਦੇ ਹੱਲ ਲਈ ਇਨ੍ਹਾਂ ਗਠਜੋੜਾਂ 'ਚ ਸ਼ਾਮਿਲ ਦਲ ਆਮ ਲੋਕਾਂ ਨੂੰ ਮਾਮੂਲੀ ਜਿਹੀਆਂ ਸਹੂਲਤਾਂ ਵੀ ਦਿੰਦੇ ਰਹੇ, ਪ੍ਰੰਤੂ ਆਰਥਿਕ ਨੀਤੀਆਂ ਤੇ ਸੰਵਿਧਾਨਕ ਮਰਿਆਦਾਵਾਂ ਦੀ ਪਾਲਣਾ ਕਰਨ ਦੇ ਨਜ਼ਰੀਏ ਤੋਂ ਗੈਰ-ਕਾਂਗਰਸੀ ਸਰਕਾਰਾਂ ਵੀ ਜ਼ਿਆਦਾਤਰ ਲੋਕ ਵਿਰੋਧੀ ਪੈਂਤੜੇ ਹੀ ਲੈਂਦੀਆਂ ਰਹੀਆਂ।

ਦੂਜੀ ਵੰਨਗੀ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਹੈ, ਜੋ ਸੰਵਿਧਾਨਕ ਦਾਇਰੇ ਅੰਦਰ ਰਹਿ ਕੇ ਕਾਂਗਰਸੀ ਸਰਕਾਰਾਂ ਵੱਲੋਂ ਅਪਣਾਈਆਂ ਜਾਂਦੀਆਂ ਆਰਥਿਕ-ਸਿਆਸੀ ਨੀਤੀਆਂ ਤੇ ਪ੍ਰਸ਼ਾਸਨਿਕ ਪਹੁੰਚਾਂ ਦਾ ਅਗਾਂਹਵਧੂ ਪੈਂਤੜੇ ਤੋਂ ਵਿਰੋਧ ਕਰਦੀਆਂ ਹਨ। ਇਨ੍ਹਾਂ ਨੇ ਦੇਸ਼ ਦੇ ਤਿੰਨ ਪ੍ਰਾਂਤਾਂ ਪੱਛਮੀ ਬੰਗਾਲ, ਕੇਰਲਾ ਤੇ ਤਰੀਪੁਰਾ ਅੰਦਰ ਆਪਣੇ ਸ਼ਾਸਨ ਕਾਲ ਦੌਰਾਨ ਲੋਕ-ਪੱਖੀ ਰਾਜਸੀ ਮੁਤਬਾਦਲ ਪੇਸ਼ ਕਰਨ ਦੇ ਸੀਮਤ ਯਤਨ ਕੀਤੇ ਹਨ। ਇਨ੍ਹਾਂ ਸੂਬਾਈ ਸਰਕਾਰਾਂ ਦੀਆਂ ਕੁੱਝ ਮੁਤਬਾਦਲ ਨੀਤੀਆਂ ਦਾ ਆਮ ਲੋਕਾਂ ਨੇ ਭਰਵਾਂ ਸਮਰਥਨ ਵੀ ਕੀਤਾ ਹੈ। ਤੀਜੀ ਕਿਸਮ ਦੇ ਕਾਂਗਰਸ ਵਿਰੋਧੀ ਮੋਰਚੇ 'ਚ ਆਰ.ਐਸ.ਐਸ. ਦੇ ਰਾਜਸੀ ਵਿੰਗ (ਪਹਿਲਾਂ ਜਨ ਸੰਘ ਤੇ ਹੁਣ ਭਾਜਪਾ) ਸ਼ਾਮਿਲ ਰਹੇ ਹਨ, ਜੋ ਕਾਂਗਰਸੀ ਸਰਕਾਰਾਂ ਦਾ ਸੱਜੇ ਪੱਖੀ ਪੈਂਤੜੇ ਤੋਂ ਵਿਰੋਧ ਕਰਦੇ ਸਨ। ਇਨ੍ਹਾਂ ਦਲਾਂ ਨੇ ਆਰ.ਐਸ.ਐਸ. ਦਾ ਫਿਰਕੂ-ਫਾਸ਼ੀ ਏਜੰਡਾ ਤੇ ਵੰਡਵਾਦੀ ਨੀਤੀ ਕਦੇ ਵੀ ਨਹੀਂ ਤਿਆਗੀ। ਇਹ ਲੁਕਵਾਂ ਏਜੰਡਾ ਤੇ ਘਾਤਕ 'ਨੀਤੀ ਚੌਖਟਾ' ਸਮੇਂ, ਸਥਾਨ ਤੇ ਹਾਲਾਤ ਅਨੁਸਾਰ ਹਰ ਢੰਗ ਨਾਲ ਲਾਗੂ ਕਰਨ ਦਾ ਯਤਨ ਇਨ੍ਹਾਂ ਸੱਜੇ ਪੱਖੀ ਦਲਾਂ ਨੇ ਲਗਾਤਾਰ ਜਾਰੀ ਰੱਖਿਆ।

ਲੋਕਮਾਰੂ ਨੀਤੀਆਂ ਸਦਕਾ ਕਾਂਗਰਸ ਪਾਰਟੀ ਹਾਕਮ ਧਿਰ ਦੇ ਰੁਤਬੇ ਤੋਂ ਸੁੰਗੜ ਕੇ ਵਿਰੋਧੀ ਧਿਰ 'ਚ ਆ ਸ਼ਾਮਲ ਹੋਈ ਤੇ ਸੱਤਾ ਮੋਦੀ ਸਰਕਾਰ ਦੇ ਰੂਪ 'ਚ ਸੱਜ ਪਿਛਾਖੜੀ ਫਿਰਕੂ-ਫਾਸ਼ੀ ਸੰਗਠਨ, ਆਰ.ਐਸ.ਐਸ. ਦੇ ਪੈਰੋਕਾਰਾਂ ਦੇ ਹੱਥਾਂ 'ਚ ਆ ਗਈ। ਆਪਣੀਆਂ ਨੀਤੀਆਂ, ਰਾਜਸੀ ਕਿਰਦਾਰ, ਭ੍ਰਿਸ਼ਟ ਅਮਲਾਂ ਤੇ ਸੱਤਾ ਦੀ ਲਾਲਸਾ ਕਰਕੇ ਅਤੀਤ ਦੇ ਕਾਂਗਰਸ ਵਿਰੋਧੀ ਗਠਜੋੜ, ਲੋਕਾਂ ਦਾ ਵਿਸ਼ਵਾਸ ਜਿੱਤ ਕੇ ਕਾਂਗਰਸ ਦਾ ਹਕੀਕੀ ਮੁਤਬਾਦਲ ਨਹੀਂ ਬਣ ਸਕੇ। ਪ੍ਰੰਤੂ ਦੇਸ਼ ਅੰਦਰ ਜਗੀਰੂ ਪ੍ਰਬੰਧ ਦੀ ਫਿਰਕੂ ਤੇ ਪਿਛਾਖੜੀ ਵਿਚਾਰਧਾਰਾ ਦੀ ਜ਼ਬਰਦਸਤ ਹੋਂਦ ਮੌਜੂਦ ਹੋਣ ਕਾਰਨ ਤੇ ਫਿਰਕੂ ਤੇ ਸਵਾਰਥੀ ਤੱਤਾਂ ਵੱਲੋਂ ਕੀਤੀ ਹਰ ਤਰ੍ਹਾਂ ਦੀ ਮਦਦ ਸਦਕਾ ਆਰ.ਐਸ.ਐਸ. ਆਪਣਾ ਤੇ ਆਪਣੇ ਦੂਸਰੇ ਪਰਿਵਾਰਕ ਮੈਂਬਰਾਂ ਦਾ ਵਿਸ਼ਾਲ ਜਥੇਬੰਦਕ ਢਾਂਚਾ ਉਸਾਰਨ 'ਚ ਸਫਲ ਰਿਹਾ ਹੈ। ਜਿਸਦੇ ਫਲਸਰੂਪ ਕਾਂਗਰਸ ਦੇ ਰਾਜਸੀ ਮੁਤਬਾਦਲ ਵਜੋਂ ਉਭਰ ਕੇ ਆਰ.ਐਸ.ਐਸ. ਨੇ ਜਿਹੜਾ ਧਰਮ ਅਧਾਰਤ 'ਹਿੰਦੂ ਰਾਸ਼ਟਰ' ਕਾਇਮ ਕਰਨ ਦਾ ਟੀਚਾ 1925 'ਚ ਆਪਣੇ ਜਨਮ ਸਮੇਂ ਮਿਥਿਆ ਸੀ, ਹੁਣ ਸੱਤਾ ਦੀ ਦੁਰਵਰਤੋਂ ਕਰਕੇ ਉਹ ਤੇਜ਼ੀ ਨਾਲ ਉਸ ਨੂੰ ਪੂਰਾ ਕਰਨ ਦੇ ਰਾਹ ਤੁਰਿਆ ਹੋਇਆ ਹੈ। ਗੈਰ ਭਾਜਪਾ ਦਲ, ਜਿਨ੍ਹਾਂ 'ਚ ਕਾਂਗਰਸੀ ਰਾਜ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਦੇ ਨਾਲ-ਨਾਲ ਕਾਂਗਰਸ ਪਾਰਟੀ ਖ਼ੁਦ ਮੁੱਖ ਵਿਰੋਧੀ ਧਿਰ ਵਜੋਂ ਸ਼ਾਮਿਲ ਹੈ, ਅੱਜ ਭਾਜਪਾ ਦੀ ਅਗਵਾਈ ਹੇਠਲੇ ਗਠਜੋੜ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਯਤਨਸ਼ੀਲ ਹਨ। ਇਹ ਕਾਰਜ, ਦੇਸ਼ ਦੇ ਮੌਜੂਦਾ ਸੰਵਿਧਾਨ ਨੂੰ ਕਾਇਮ ਰੱਖਦਿਆਂ ਧਰਮ ਨਿਰਪੱਖ, ਜਮਹੂਰੀ ਤੇ ਫੈਡਰਲ ਢਾਂਚਾ ਸਲਾਮਤ ਰੱਖਣ ਲਈ ਅਤਿਅੰਤ ਜ਼ਰੂਰੀ ਵੀ ਹੈ। ਖੱਬੀਆਂ ਧਿਰਾਂ, ਆਪਣੇ ਕਮਜ਼ੋਰ ਜਨਤਕ ਆਧਾਰ ਦੇ ਬਾਵਜੂਦ ਆਪਣੀ ਸਿਆਸੀ-ਵਿਚਾਰਧਾਰਕ ਪ੍ਰਪੱਕਤਾ ਤੇ ਮਿਹਨਤਕਸ਼ ਅਵਾਮ ਪ੍ਰਤੀ ਪ੍ਰਤੀਬੱਧਤਾ ਕਾਰਨ ਇਸ ਸੰਘਰਸ਼ ਨੂੰ ਸਫਲ ਕਰਨ ਲਈ ਪੂਰੀ ਵਾਹ ਲਾ ਰਹੀਆਂ ਹਨ। ਪ੍ਰੰਤੂ ਭਾਜਪਾ ਵਿਰੋਧੀ ਦੂਜੇ ਦਲ ਸਿਆਸੀ-ਵਿਚਾਰਧਾਰਕ ਪੱਖੋਂ ਫਿਰਕੂ-ਫਾਸ਼ੀ ਰਾਜ ਕਾਇਮ ਕਰਨ ਦੇ ਖਤਰੇ ਦੇ ਮੁੱਖ ਸੂਤਰਧਾਰ, ਆਰ.ਐਸ. ਐਸ. ਦੇ




ਖਤਰਨਾਕ ਇਰਾਦਿਆਂ ਤੋਂ ਜਾਂ ਤਾਂ ਘੱਟ ਜਾਣੂੰ ਹਨ ਤੇ ਜਾਂ ਫਿਰ ਉਨ੍ਹਾਂ ਅੰਦਰ ਇਸ ਨਫਰਤੀ ਵਿਚਾਰਧਾਰਾ ਦਾ ਟਾਕਰਾ ਕਰਨ ਜੋਗੀ ਲੋੜੀਂਦੀ ਇੱਛਾ ਸ਼ਕਤੀ ਹੀ ਨਹੀਂ ਹੈ। ਉਹ ਸੱਤਾ ਪ੍ਰਾਪਤੀ ਦੀ ਦੌੜ 'ਚ ਆਮ ਤੌਰ 'ਤੇ ਇਕ-ਦੂਜੇ ਨੂੰ ਠਿੱਬੀ ਲਾਉਣ ਦਾ ਯਤਨ ਕਰਦੇ ਹਨ, ਭਾਵੇਂ ਉਨ੍ਹਾਂ ਦੇ ਅਜਿਹਾ ਕਰਨ ਨਾਲ ਭਾਜਪਾ ਨੂੰ ਰਾਜਸੀ ਲਾਭ ਹੀ ਕਿਉਂ ਨਾ ਮਿਲਦਾ ਹੋਵੇ! ਸੱਤਾਧਾਰੀ ਹੁੰਦਿਆਂ ਆਰਥਿਕ ਨੀਤੀਆਂ ਤੇ ਪ੍ਰਸ਼ਾਸਕੀ ਢੰਗ-ਤਰੀਕਿਆਂ ਦੇ ਨਜ਼ਰੀਏ ਤੋਂ ਵੀ ਉਹ ਭਾਜਪਾ ਨੇਤਾਵਾਂ ਵਰਗਾ ਹੀ ਵਿਹਾਰ ਕਰਦੇ ਰਹੇ ਹਨ। ਲਿਹਾਜ਼ਾ, ਇਨ੍ਹਾਂ ਰਾਜਨੀਤੀਵਾਨਾਂ ਦਾ ਅਕਸ ਵੀ ਇਮਾਨਦਾਰ ਤੇ ਪਾਰਦਰਸ਼ੀ ਰਾਜਨੀਤਕ ਆਗੂਆਂ ਵਾਲਾ ਨਹੀਂ ਹੈ। ਹਾਲਾਂਕਿ ਖੱਬੇ ਪੱਖੀ ਆਗੂ ਇਸ ਰੋਗ ਤੋਂ ਮੋਟੇ ਰੂਪ 'ਚ ਬਚੇ ਹੋਏ ਹਨ, ਪ੍ਰੰਤੂ ਉਨ੍ਹਾਂ ਦਾ ਜਨ-ਆਧਾਰ ਸੀਮਤ ਹੈ ਤੇ ਵਿੱਤੀ ਸਾਧਨਾਂ ਦੀ ਵੀ ਭਾਰੀ ਕਮੀ ਹੈ। ਉਂਝ ਪਹਿਲਾਂ ਦੇਸ਼ ਦੇ ਆਜ਼ਾਦੀ ਅੰਦੋਲਨ 'ਚ ਭਾਗ ਲੈਂਦਿਆਂ ਅਤੇ 1947 ਤੋਂ ਪਿਛੋਂ ਧਰਮ-ਨਿਰਪੱਖਤਾ ਤੇ ਲੋਕ ਰਾਜੀ ਅਸੂਲਾਂ 'ਤੇ ਪਹਿਰਾ ਦਿੰਦਿਆਂ, ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਤੇ ਲੋਕ ਹਿੱਤਾਂ ਖ਼ਾਤਰ ਜੂਝਦਿਆਂ, ਖੱਬੇ ਪੱਖੀ ਦਲਾਂ ਦੀ ਮਾਣਮੱਤੀ ਤੇ ਸ਼ਾਨਦਾਰ ਭੂਮਿਕਾ ਰਹੀ ਹੈ।

ਜਨਤਕ ਆਧਾਰ ਦੇ ਪੱਖ ਤੋਂ ਭਾਜਪਾ ਨੂੰ ਸੱਤਾ ਤੋਂ ਲਾਹੁਣ ਦੀ ਸਭ ਤੋਂ ਵੱਡੀ ਭੂਮਿਕਾ ਤੇ ਜ਼ਿੰਮੇਵਾਰੀ ਅੱਜ ਕਾਂਗਰਸ ਪਾਰਟੀ ਦੀ ਹੈ, ਜੋ ਪਾਰਲੀਮੈਂਟ 'ਚ ਮੁੱਖ ਵਿਰੋਧੀ ਦਲ ਹੈ। ਕਾਂਗਰਸ ਪਾਰਟੀ ਦੇ ਮੌਜੂਦਾ ਪ੍ਰਧਾਨ ਸ਼੍ਰੀਮਾਨ ਖੜਗੇ ਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਸ਼੍ਰੀ ਰਾਹੁਲ ਗਾਂਧੀ ਆਪਣੇ ਬਿਆਨਾਂ ਅਤੇ ਪ੍ਰਚਾਰ ਰਾਹੀਂ ਆਰ.ਐਸ.ਐਸ. ਦੀ ਫਿਰਕੂ-ਫਾਸ਼ੀ ਵਿਚਾਰਧਾਰਾ ਅਤੇ ਵਰਤਮਾਨ ਭਾਰਤੀ ਸੰਵਿਧਾਨ ਨੂੰ ਲਾਂਭੇ ਕਰ ਕੇ ਗੈਰ-ਜਮਹੂਰੀ, ਮਨੂੰਵਾਦੀ ਸੰਵਿਧਾਨ ਲਾਗੂ ਕਰਨ ਦੀਆਂ 'ਸੰਘੀ' ਕੁਚਾਲਾਂ ਨੂੰ ਬੇਪਰਦ ਕਰ ਰਹੇ ਹਨ। ਨਾਲ ਹੀ ਲੋਕਾਂ ਨਾਲ ਸਬੰਧਤ ਮੁੱਦੇ ਵੀ ਲਗਾਤਾਰ ਉਠਾ ਰਹੇ ਹਨ ਤੇ ਇਕ ਹੱਦ ਤੱਕ ਜ਼ਮੀਨੀ ਸੰਘਰਸ਼ਾਂ ਦਾ ਹੋਕਾ ਵੀ ਦੇ ਰਹੇ ਹਨ। ਪ੍ਰੰਤੂ ਵੱਖੋ-ਵੱਖ ਰਾਜਾਂ ਦੀਆਂ ਕਾਂਗਰਸੀ ਸਰਕਾਰਾਂ ਤੇ ਪਾਰਟੀ ਦੇ ਸੂਬਾਈ ਆਗੂ ਅਜਿਹੇ ਬੁਨਿਆਦੀ ਮੁੱਦਿਆਂ ਤੋਂ ਬਚਦੇ ਹੋਏ ਵਿਰੋਧੀ ਨੇਤਾਵਾਂ ਖ਼ਿਲਾਫ਼ ਸਿਰਫ ਨਿੱਜੀ ਹਮਲੇ ਕਰਨ ਤੱਕ ਹੀ ਸੀਮਤ ਰਹਿੰਦੇ ਹਨ। ਇਸ ਕੰਮ ਲਈ ਅਕਸਰ ਉਹ ਬਹੁਤ ਹੀ ਗੈਰ-ਜ਼ਿੰਮੇਵਾਰੀ ਵਾਲੀ ਭਾਸ਼ਾ ਵਰਤਦੇ ਹਨ। ਇਸੇ ਕਰਕੇ ਜਨ ਸਧਾਰਨ, ਜੋ ਭਾਜਪਾ ਸ਼ਾਸਨ ਤੋਂ ਪੀੜਤ ਹਨ, ਕਾਂਗਰਸੀ ਨੇਤਾਵਾਂ ਦੀ ਗੈਰ ਜ਼ਿੰਮੇਦਾਰਾਨਾ ਬਿਆਨਬਾਜ਼ੀ ਤੇ ਬੇਅਸੂਲੀ ਵਿਚਾਰਧਾਰਕ ਪਹੁੰਚ ਤੋਂ ਵੀ ਬੇਹੱਦ ਦੁਖੀ ਹਨ। ਕਾਂਗਰਸ ਆਗੂਆਂ ਦੀ ਆਪਸੀ ਧੜੇਬੰਦੀ ਵੀ ਲੋਕਾਂ ਅੰਦਰ ਇਸ ਪਾਰਟੀ ਦੀ ਸ਼ਾਖ ਨੂੰ ਭਾਰੀ ਖੋਰਾ ਲਾ ਰਹੀ ਹੈ। ਲੋਕਾਂ ਅੰਦਰ ਪਨਪ ਰਹੀਆਂ ਭਾਜਪਾ ਵਿਰੋਧੀ ਭਾਵਨਾਵਾਂ ਤੇ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਅਗਾਂਹਵਧੂ ਲੋਕਾਂ ਪ੍ਰਤੀ ਮੋਦੀ ਸਰਕਾਰ ਦੀ ਜਾਬਰ ਨੀਤੀ ਦੇ ਕਾਰਨ ਪੈਦਾ ਹੋ ਰਹੇ ਰੋਹ ਦੇ ਬਾਵਜੂਦ ਉਪਰੋਕਤ ਘਾਟਾਂ-ਕਮਜ਼ੋਰੀਆਂ ਕਰਕੇ ਗੈਰ ਭਜਪਾ ਦਲਾਂ ਨੂੰ ਚੁਣਾਵੀ ਜਿੱਤਾਂ ਹਾਸਲ ਨਹੀਂ ਹੁੰਦੀਆਂ। ਬਿਨਾਂ ਸ਼ੱਕ ਮੋਦੀ ਸਰਕਾਰ ਵੱਲੋਂ ਸੱਤਾ ਪ੍ਰਾਪਤੀ ਲਈ ਜਾਂ ਸੱਤਾ 'ਤੇ ਬਣੇ ਰਹਿਣ ਲਈ ਆਪਹੁਦਰੇ ਢੰਗ ਨਾਲ ਚੋਣ ਕਮਿਸ਼ਨ, ਸਰਕਾਰੀ ਏਜੰਸੀਆਂ ਤੇ ਗੋਦੀ ਮੀਡੀਆ ਦੀ ਰੱਜ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਸਾਮ-ਦਾਮ-ਦੰਡ-ਭੇਦ ਦੀ ਨੀਤੀ ਅਪਣਾਈ ਜਾ ਰਹੀ ਹੈ। ਅਜਿਹੀਆਂ ਗੈਰ-ਵਿਧਾਨਕ ਕਾਰਵਾਈਆਂ ਭਾਜਪਾ ਦੀਆਂ ਚੁਣਾਵੀ ਜਿੱਤਾਂ 'ਚ ਵੱਡੀ ਭੂਮਿਕਾ ਅਦਾ ਕਰ ਰਹੀਆਂ ਹਨ। ਪ੍ਰੰਤੂ ਲੋਕ ਹਿਤਾਂ ਨੂੰ ਪ੍ਰਣਾਏ ਰਾਜਨੀਤੀਵਾਨਾਂ (ਜਿਸ ਦਾ ਉਹ ਦਾਅਵਾ ਕਰਦੇ ਹਨ) ਨੂੰ ਆਪਣੀ ਸਮਝਦਾਰੀ ਤੇ ਅਮਲਾਂ ਰਾਹੀਂ ਅਜਿਹੇ ਮੁਸ਼ਕਿਲ ਹਾਲਾਤ 'ਚ ਵੀ ਲੋਕ ਦੋਖੀ ਮੋਦੀ ਸਰਕਾਰ ਦਾ ਮੁਕਾਬਲਾ ਕਰਨ ਦੀ ਕਲਾ ਤੇ ਲੋਕ ਹਿੱਤਾਂ ਲਈ ਦੁੱਖ-ਸੁੱਖ ਸਹਿਣ ਦੀ ਜਾਚ ਸਿੱਖਣੀ ਚਾਹੀਦੀ ਹੈ। ਦੇਸ਼ ਸੇਵਾ ਕੋਈ ਆਸਾਨ ਕਾਰਜ ਨਹੀਂ ਹੈ, ਜਿੱਥੇ ਸਦਾ ਸਿਰਫ ਫੁੱਲ ਮਾਲਾਵਾਂ ਨਾਲ ਹੀ ਸੁਆਗਤ ਹੁੰਦਾ ਹੋਵੇ। ਇਸ ਸ਼ੁਭ ਕਾਰਜ 'ਚ ਤਾਂ ਜਾਨ-ਮਾਲ ਕੁਰਬਾਨ ਕਰਨ ਲਈ ਵੀ ਤਿਆਰ-ਬਰ-ਤਿਆਰ ਰਹਿਣਾ ਪੈਂਦਾ ਹੈ।

ਪੰਜਾਬ ਦੀ ਰਾਜਸੀ ਸਥਿਤੀ ਹੋਰ ਵੀ ਗੁੰਝਲਦਾਰ ਬਣੀ ਹੋਈ ਹੈ। ਸੂਬੇ ਦੀ ਭਗਵੰਤ ਮਾਨ ਸਰਕਾਰ, ਆਪਣੇ-ਆਪ ਨੂੰ ਭਾਜਪਾ ਤੇ ਦੂਜੇ ਰਾਜਸੀ ਦਲਾਂ ਦੇ ਮੁਕਾਬਲੇ 'ਬਿਹਤਰੀਨ ਮੁਤਬਾਦਲ' ਸਿੱਧ ਕਰਨ ਲਈ ਸਿਰ ਪਰਨੇ ਹੋਈ ਪਈ ਹੈ। ਜਦ ਕਿ ਇਸ ਦਾ ਕਿਰਦਾਰ ਕਿਸੇ ਪੱਖੋਂ ਵੀ ਅਤੀਤ ਦੀਆਂ ਸਰਕਾਰਾਂ ਨਾਲੋਂ ਚੰਗਾ ਜਾਂ ਵੱਖਰਾ ਨਹੀਂ। ਬਲਕਿ ਕਈ ਪੱਖਾਂ ਤੋਂ ਤਾਂ ਇਸ ਸਰਕਾਰ ਦਾ ਕਾਰ-ਵਿਹਾਰ ਪਿਛਲੀਆਂ ਸਰਕਾਰਾਂ ਨਾਲੋਂ ਵੀ ਜ਼ਿਆਦਾ ਮਾੜਾ ਕਿਹਾ ਜਾ ਸਕਦਾ ਹੈ। ਭ੍ਰਿਸ਼ਟਾਚਾਰੀਆਂ, ਨਸ਼ਾ ਤਸਕਰਾਂ, ਰੰਗ-ਬਰੰਗੇ ਮਾਫੀਆ ਟੋਲਿਆਂ ਦਾ ਬੋਲਬਾਲਾ ਕਾਇਮ ਹੋ ਚੁੱਕਾ ਹੈ। ਕਾਨੂੰਨ ਪ੍ਰਬੰਧ ਦੀ ਸਥਿਤੀ ਬਦ ਤੋਂ ਬਦਤਰ ਬਣੀ ਹੋਈ ਹੈ। ਕੋਈ ਵੀ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦਾ। 'ਆਪ' ਤੋਂ ਭਿੰਨ ਗੈਰ ਭਾਜਪਾ ਦਲਾਂ, ਜਿਨ੍ਹਾਂ 'ਚ ਕਾਂਗਰਸ ਪਾਰਟੀ, ਅਕਾਲੀਆਂ ਦੇ ਵੱਖੋ-ਵੱਖ ਰਾਜਸੀ ਧੜੇ ਤੇ ਬਸਪਾ ਸ਼ਾਮਿਲ ਹਨ, ਵਲੋਂ ਅਜੇ ਤੱਕ ਫਿਰਕੂ-ਫਾਸ਼ੀ ਸ਼ਕਤੀਆਂ ਦਾ ਖਤਰਾ ਅਨੁਭਵ ਨਹੀਂ ਕੀਤਾ ਜਾ ਰਿਹਾ। ਇਨ੍ਹਾਂ ਦਲਾਂ ਦਾ ਕੋਈ ਵੀ ਭਾਜਪਾ ਵਿਰੋਧੀ ਨੇਤਾ, ਆਪਣੀ ਸੁਵਿਧਾ ਅਨੁਸਾਰ ਕਿਸੇ ਸਮੇਂ ਵੀ ਛੜੱਪਾ ਮਾਰ ਕੇ ਭਾਜਪਾ ਜਾਂ 'ਆਪ' ਵਿਚ ਜਾ ਸਕਦਾ ਹੈ। ਬਹੁਤੇ ਕਾਂਗਰਸੀ ਆਗੂਆਂ 'ਚ ਭਾਜਪਾ ਨੂੰ ਹਰਾਉਣ ਨਾਲੋਂ, ਇਕ-ਦੂਜੇ ਨੂੰ ਨੀਵਾਂ ਦਿਖਾਉਣ ਤੇ ਹਰਾਉਣ ਦੀ ਰੁਚੀ ਭਾਰੂ ਹੈ। ਹਰ ਅਕਾਲੀ ਧੜਾ ਭਾਜਪਾ ਦੀ ਸ਼ਰਨ 'ਚ ਪੁੱਜ ਕੇ ਡੰਡਵਤ ਕਰਨ ਲਈ ਤਿਆਰ ਬੈਠਾ ਹੈ। ਕਿਉਂਕਿ ਅਜੇ ਭਾਜਪਾ ਵਾਲੇ ਆਪਣੇ ਪਰ ਤੋਲ ਰਹੇ ਹਨ, ਇਸ ਕਰਕੇ ਉਹ ਕਿਸੇ ਵੀ ਅਕਾਲੀ ਧੜੇ ਨਾਲ ਸਮਝੌਤਾ ਕਰਨ ਤੋਂ ਇਨਕਾਰੀ ਹਨ। ਅਕਾਲੀ ਆਗੂ ਭਾਜਪਾ ਨਾਲ ਗੱਠਜੋੜ ਪ੍ਰਤੀ ਦੁਬਿਧਾ ਕਾਰਨ ਹੀ ਸੰਘ ਦੀ ਫਿਰਕੂ-ਫਾਸ਼ੀ, ਮਨੂੰਵਾਦੀ, ਸਨਾਤਨੀ ਵਿਚਾਰਧਾਰਾ, ਜੋ ਸਿੱਖ ਗੁਰੂ ਸਾਹਿਬਾਨ ਵਲੋਂ ਰਚੀ ਮਾਨਵੀ ਬਾਣੀ ਤੇ ਭਗਤੀ ਲਹਿਰ ਦੇ ਰਹਿਬਰਾਂ ਦੀਆਂ ਮਹਾਨ ਸਿੱਖਿਆਵਾਂ ਦੀ ਅਸਲੋਂ ਵਿਰੋਧੀ ਹੈ, ਦਾ ਜ਼ਿਕਰ ਤੱਕ ਨਹੀਂ ਕਰਦੇ। ਉਹ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਧਰਮ-ਨਿਰਪੱਖ, ਜਮਹੂਰੀ ਪੈਂਤੜੇ ਤੋਂ ਆਰ.ਐਸ.ਐਸ. ਦੀ ਫਿਰਕੂ-ਫਾਸ਼ੀ ਵਿਚਾਰਧਾਰਾ ਦਾ ਵਿਰੋਧ ਕਰਨ ਤੋਂ ਝਿਜਕਦੇ ਹਨ। ਬਹੁਤ ਸਾਰੇ ਅਕਾਲੀ ਆਗੂ (ਜੋ ਅੰਦਰੋਂ ਭਾਜਪਾ ਨਾਲ ਜੁੜਨਾ ਚਾਹੁੰਦੇ ਹਨ) ਕਾਂਗਰਸ ਪਾਰਟੀ ਦੇ ਸ਼ਾਸ਼ਨ ਕਾਲ ਦੌਰਾਨ ਹੋਈਆਂ ਗੈਰ-ਜਮਹੂਰੀ ਕਾਰਵਾਈਆਂ ਨੂੰ ਅਧਾਰ ਬਣਾ ਕੇ ਕਾਂਗਰਸ ਨਾਲ ਕੋਈ ਗੱਠਜੋੜ ਕਰਨ ਤੋਂ ਸਾਫ ਨਾਂਹ ਕਰ ਦਿੰਦੇ ਹਨ। ਇਨ੍ਹਾਂ 'ਚ 1975 'ਚ ਥੋਪੀ ਗਈ ਅੰਦਰੂਨੀ ਐਮਰਜੈਂਸੀ, 1984 'ਚ ਕੀਤਾ ਗਿਆ ਮੰਦਭਾਗਾ ਓਪ੍ਰੇਸ਼ਨ ਬਲਿਊ ਸਟਾਰ, ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਪਿਛੋਂ ਦਿੱਲੀ ਤੇ ਦੇਸ਼ ਦੇ ਹੋਰ ਭਾਗਾਂ 'ਚ ਕੀਤੇ ਗਏ ਵਿਉਂਤਬੱਧ ਸਿਖ ਵਿਰੋਧੀ ਦੰਗੇ ਆਦਿ ਪ੍ਰਮੁੱਖ ਘਟਨਾਵਾਂ ਹਨ। ਅਜਿਹੇ ਨੇਤਾ ਇਹ ਭੁੱਲ ਜਾਂਦੇ ਹਨ ਕਿ ਅੱਜ ਸੰਨ 1975 ਜਾਂ 1984 ਨਹੀਂ, ਬਲਕਿ 2026 ਹੈ। ਅੱਜ ਭਾਰਤ ਦੀ ਕੇਂਦਰ ਸੱਤਾ 'ਤੇ ਐਸੀ ਫਿਰਕੂ-ਫਾਸ਼ੀ ਤਾਕਤ ਕਾਬਜ਼ ਹੈ, ਜੋ ਜਮਹੂਰੀਅਤ, ਧਰਮ-ਨਿਰਪੱਖਤਾ ਤੇ ਸੰਘਾਤਮਕ ਢਾਂਚੇ ਦੇ ਸੰਕਲਪ ਦਾ ਪੂਰਨ ਖਾਤਮਾ ਕਰਕੇ ਦੇਸ਼ ਅੰਦਰ ਅਜਿਹਾ ਮਨੂੰਵਾਦੀ ਸੰਵਿਧਾਨ ਲਾਗੂ ਕਰਨ ਲਈ ਬਜ਼ਿੱਦ ਹੈ, ਜਿਸ ਤਹਿਤ ਦੇਸ਼ ਦੀਆਂ ਕੁੱਲ ਧਾਰਮਿਕ ਘੱਟ-ਗਿਣਤੀਆਂ, ਦਲਿਤਾਂ ਤੇ ਔਰਤਾਂ ਪ੍ਰਤੀ ਨਾ ਸਹਿਣਯੋਗ ਵਰਤਾਅ ਕੀਤਾ ਜਾਵੇਗਾ ਤੇ ਨਿੱਜੀ ਅਧਿਕਾਰਾਂ ਦਾ ਖਾਤਮਾ ਕਰ ਦਿੱਤਾ ਜਾਵੇਗਾ। ਯਾਨਿ, ਸੰਘ ਦੀ ਸਨਾਤਨੀ ਵਿਚਾਰਧਾਰਾ ਦੀ 'ਧੁੰਦ' ਫੈਲਾ ਕੇ ਭਗਤੀ ਲਹਿਰ, ਗ਼ਦਰ ਪਾਰਟੀ, ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਤੇ ਸਾਥੀਆਂ ਦੀ ਇਨਕਲਾਬੀ ਤੇ ਮਾਨਵੀ ਵਿਚਾਰਧਾਰਾ ਦੀ ਪੂਰਨ ਤਬਾਹੀ ਦੇ ਪਲਾਨ ਬਣਾਏ ਜਾ ਚੁੱਕੇ ਹਨ। ਕਿਸੇ ਸਮੇਂ ਕਾਂਗਰਸ ਪਾਰਟੀ ਸੱਤਾਧਾਰੀ ਸੀ, ਜਿਸ ਦੀ ਇਜ਼ਾਰੇਦਾਰੀ ਖਤਮ ਕਰਨ ਲਈ ਸਾਰੇ ਗੈਰ ਕਾਂਗਰਸੀ ਦਲ ਆਪਸ 'ਚ ਗਠਜੋੜ ਕਾਇਮ ਕਰ ਲੈਂਦੇ ਸਨ। ਅੱਜ ਫਿਰਕੂ-ਫਾਸ਼ੀ ਭਾਜਪਾ ਨੂੰ ਸੱਤਾ ਤੋਂ ਲਾਹੁਣ ਲਈ ਵੀ ਉਸੇ ਤਰ੍ਹਾਂ ਗੈਰ ਭਾਜਪਾ ਦਲਾਂ 'ਚ ਉਹੋ ਜਿਹੀ ਏਕਤਾ ਹੋਣੀ ਜ਼ਰੂਰੀ ਹੈ, ਜਿਹੋ ਜਿਹੀ ਐਮਰਜੈਂਸੀ ਠੋਸਣ ਵਾਲੀ ਕਾਂਗਰਸ ਪਾਰਟੀ ਨੂੰ ਹਾਰ ਦੇਣ ਲਈ 1977 ਦੀਆਂ ਲੋਕ ਸਭਾ ਚੋਣਾਂ ਦੌਰਾਨ ਗੈਰ ਕਾਂਗਰਸੀ ਦਲਾਂ ਵਿਚਕਾਰ ਹੋਈ ਸੀ। ਕੋਈ ਵੀ ਰਾਜਸੀ ਪੈਂਤੜਾ, ਸਮੇਂ ਦੀਆਂ ਠੋਸ ਰਾਜਸੀ ਹਕੀਕਤਾਂ ਤੇ ਲੋੜਾਂ ਦੇ ਅਨੁਕੂਲ ਲਿਆ ਜਾਂਦਾ ਹੈ।

ਕੀ ਪੁਰਾਣੇ ਰਾਜਸੀ ਨਿਰਣਿਆਂ ਅਨੁਸਾਰ ਅੱਜ ਕਾਂਗਰਸ ਦੇ ਵਿਰੋਧ 'ਚ ਭਾਜਪਾ ਨਾਲ ਕੋਈ ਰਾਜਸੀ ਜਾਂ ਵਿਚਾਰਧਾਰਕ ਗੱਠਜੋੜ ਕੀਤਾ ਜਾ ਸਕਦਾ ਹੈ? ਜੇਕਰ ਨਹੀਂ ਤਾਂ ਫਿਰ ਗੈਰ ਭਾਜਪਾ ਪਾਰਟੀਆਂ ਨੂੰ ਦੇਸ਼ ਨੂੰ ਦਰਪੇਸ਼ ਖਤਰਿਆਂ ਦੇ ਸਨਮੁੱਖ ਕਾਂਗਰਸ ਪਾਰਟੀ ਨਾਲ ਪ੍ਰਵਾਨਤ ਮੁੱਦਿਆਂ ਦੁਆਲੇ ਰਾਜਨੀਤਕ ਸਾਂਝਾ ਮੋਰਚਾ ਬਣਾਉਣ 'ਚ ਕਿਹੜੀ ਰਾਜਸੀ ਜਾਂ ਵਿਚਾਰਧਾਰਕ ਕਠਿਨਾਈ ਹੈ? ਕਾਂਗਰਸੀ ਆਗੂਆਂ ਨੂੰ ਵੀ ਸੱਤਾ 'ਚ ਹੋਣ ਵੇਲੇ ਦਾ ਆਪਣਾ ਗੈਰ-ਜਮਹੂਰੀ ਵਿਵਹਾਰ ਤਿਆਗ ਕੇ ਲੋਕ ਹਿਤਾਂ ਨੂੰ ਸਮਰਪਤ ਇਕ ਗੰਭੀਰ ਵਿਚਾਰਧਾਰਾ ਅਪਣਾ ਕੇ ਆਪਣੀ ਬਣਦੀ ਭੂਮਿਕਾ ਅਦਾ ਕਰਨ ਦੇ ਯੋਗ ਬਣਨਾ ਹੋਵੇਗਾ। ਬਿਨਾਂ ਸ਼ੱਕ ਅੱਜ ਦਾ ਮੁੱਖ ਨਾਅਰਾ 'ਸਮਾਜਿਕ ਤਬਦੀਲੀ' ਜਾਂ ਇਕ ਸੰਪੂਰਨ ਲੋਕ ਪੱਖੀ ਰਾਜਸੀ ਮੁਤਬਾਦਲ ਕਾਇਮ ਕਰਨ ਦਾ ਨਹੀਂ, ਬਲਕਿ ਪਲੇਠੀ ਲੋੜ ਸਾਮਰਾਜ ਦਾ ਥਾਪੜਾ ਹਾਸਲ, ਆਰ.ਐਸ.ਐਸ. ਦੀ ਫ਼ਿਰਕੂ-ਫਾਸ਼ੀ ਵਿਚਾਰਧਾਰਾ ਦੀ ਪਿਛਲੱਗ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਕੇ, ਧਰਮ-ਨਿਰਪੱਖ, ਜਮਹੂਰੀ, ਫੈਡਰਲ ਢਾਂਚੇ ਦੀ ਸਮਰਥਕ ਸਰਕਾਰ ਕਾਇਮ ਕਰਨ ਦੀ ਹੈ। ਇਸ ਕਾਰਜ ਦੀ ਪ੍ਰਾਪਤੀ ਨਾਲ ਖੱਬੀਆਂ ਤੇ ਜਮਹੂਰੀ ਤਾਕਤਾਂ ਸਾਮਰਾਜੀ ਤੇ ਦੇਸੀ ਕਾਰਪੋਰੇਟ ਘਰਾਣਿਆਂ ਦੀ ਲੁੱਟ-ਖਸੁੱਟ ਵਿਰੁੱਧ ਸੰਘਰਸ਼ ਜਾਰੀ ਰੱਖ ਕੇ ਆਪਣੀ ਲੋਕ ਪੱਖੀ ਰਾਜਸੀ ਪਹੁੰਚ, ਵਿਚਾਰਧਾਰਕ ਪ੍ਰਪੱਕਤਾ ਤੇ ਲੋਕ ਸੰਘਰਸ਼ਾਂ ਦੇ ਬਲਬੂਤੇ ਮੌਜੂਦਾ ਪੂੰਜੀਵਾਦੀ ਪ੍ਰਬੰਧ ਵਿਰੁੱਧ ਜੂਝਣ ਵਾਲੀ ਇਕ ਸ਼ਕਤੀਸ਼ਾਲੀ ਰਾਜਨੀਤਕ ਧਿਰ ਦੇ ਰੂਪ 'ਚ ਭਾਰਤ ਦੇ ਰਾਜਨੀਤਕ ਨਕਸ਼ੇ 'ਤੇ ਨਜ਼ਰ ਆ ਸਕਦੀਆਂ ਹਨ।

ਅਜਿਹਾ ਕਰਨ 'ਚ ਜੇਕਰ ਅਸੀਂ ਅਸਫਲ ਰਹਿੰਦੇ ਹਾਂ ਤਾਂ ਕਿਤੇ ਅਜਿਹਾ ਨਾ ਹੋਵੇ ਕਿ 'ਪਛਤਾਉਣ ਤੋਂ ਸਿਵਾਏ ਹੱਥ-ਪੱਲੇ ਹੋਰ ਕੁੱਝ ਬਚੇ ਹੀ ਨਾ।'

# ਕੀਕਰ ਸਿੰਘ ਦਾ ਆਖ਼ਰੀ ਨਿਸ਼ਾਨ – 'ਘਣੀਕੇ'

ਮੇਰਾ ਉਦੇਸ਼ ਲਾਹੌਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਘਣੀਕੇ ਵਿਚ ਸਥਿਤ ਪਹਿਲਵਾਨ ਕੀਕਰ ਸਿੰਘ ਦੀ ਸਮਾਧ ਨਾਲ ਜੁੜੀ ਹੋਈ ਉਸ ਇਤਿਹਾਸਕ, ਸਮਾਜਿਕ ਅਤੇ ਫ਼ਿਕਰੀ ਮਹੱਤਤਾ ਨੂੰ ਉਜਾਗਰ ਕਰਨਾ ਹੈ, ਜੋ ਸਮੇਂ ਦੇ ਨਾਲ ਲੋਕਾਂ ਦੀਆਂ ਯਾਦਾਂ ਵਿਚ ਧੁੰਦਲੀ ਹੁੰਦੀ ਜਾ ਰਹੀ ਹੈ। ਪੰਜਾਬ ਦੀ ਧਰਤੀ ਸਦੀਆਂ ਤੋਂ ਤਾਕਤ, ਮਿਹਨਤ ਅਤੇ ਗ਼ੈਰਤ ਦੀ ਨਿਸ਼ਾਨੀ ਰਹੀ ਹੈ ਅਤੇ ਪਹਿਲਵਾਨੀ ਇਨ੍ਹਾਂ ਮੁੱਲਾਂ ਦੀ ਸਭ ਤੋਂ ਉਭਰੀ ਹੋਈ ਸ਼ਕਲ ਸੀ। ਪ੍ਰੇਮ ਸਿੰਘ ਉਰਫ਼ ਕੀਕਰ ਸਿੰਘ ਪਹਿਲਵਾਨ ਉਸ ਦੌਰ ਦੀ ਪ੍ਰਤੀਨਿਧ ਸ਼ਖ਼ਸੀਅਤ ਸਨ, ਜਦੋਂ ਸਰੀਰਕ ਤਾਕਤ ਦੇ ਨਾਲ ਨਾਲ ਕਿਰਦਾਰ, ਸੰਯਮ ਅਤੇ ਦੇਸੀ ਮੁੱਲਾਂ ਨੂੰ ਵੀ ਉਤਨੀ ਹੀ ਅਹਿਮੀਅਤ ਮਿਲਦੀ ਸੀ।

**ਪ੍ਰੋ: ਅਮਾਨਤ ਗਿੱਲ (ਲਾਹੌਰ)**
**ਫੋਨ: +923004969513**

1857 ਦੇ ਉਹ ਹੰਗਾਮੇਖ਼ੇਜ਼ ਹਾਲਾਤ ਇਸ ਕਹਾਣੀ ਨਾਲ ਜੁੜੇ ਹੋਏ ਹਨ, ਜਦੋਂ ਬਰਸਗ਼ੀਰ ਸਿਆਸੀ, ਸਮਾਜਿਕ ਅਤੇ ਫ਼ਿਕਰੀ ਤੌਰ 'ਤੇ ਇੱਕ ਵੱਡੇ ਮੋੜ ਤੋਂ ਲੰਘ ਰਿਹਾ ਸੀ। ਇਹੀ ਦੌਰ ਕੀਕਰ ਸਿੰਘ ਦੀ ਪੈਦਾਇਸ਼ ਦਾ ਵੀ ਸੀ, ਜੋ ਇਸ ਗੱਲ ਨੂੰ ਪ੍ਰਤੀਕਾਤਮਕ ਬਣਾਉਂਦਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਮੁਕਾਬਲੇਬਾਜ਼ੀ, ਅਡਿੱਗਤਾ ਅਤੇ ਖ਼ੁਦਦਾਰੀ ਦੀ ਨਿਸ਼ਾਨੀ ਬਣ ਗਈ। 'ਰੁਸਤਮ-ਏ-ਹਿੰਦ' ਦਾ ਖ਼ਿਤਾਬ ਹਾਸਲ ਕਰਨਾ ਸਿਰਫ਼ ਨਿੱਜੀ ਕਾਮਯਾਬੀ ਨਹੀਂ ਸੀ, ਸਗੋਂ ਪੰਜਾਬ ਦੀ ਸਮੂਹਕ ਪਛਾਣ ਦਾ ਮਾਣ ਵੀ ਸੀ।

ਸਮਾਂ ਬੀਤਣ ਨਾਲ ਜਿੱਥੇ ਆਧੁਨਿਕਤਾ ਨੇ ਨਵੀਆਂ ਸਹੂਲਤਾਂ ਦਿੱਤੀਆਂ, ਓਥੇ ਸਾਡੀ ਲੋਕ ਵਿਰਾਸਤ, ਦੇਸੀ ਖੇਡਾਂ ਅਤੇ ਸਥਾਨਕ ਹੀਰੋ ਨਜ਼ਰਾਂ ਤੋਂ ਓਝਲ ਹੁੰਦੇ ਗਏ। ਮੇਰਾ ਮਕਸਦ ਇਸ ਘਾਟ ਨੂੰ ਮਹਿਸੂਸ ਕਰਦੇ ਹੋਏ ਉਨ੍ਹਾਂ ਦੀ ਬਹਾਦਰੀ ਅਤੇ ਮਹਾਨਤਾ ਨੂੰ ਲਿਖਤ ਵਿਚ ਲਿਆਉਣਾ ਹੈ, ਤਾਂ ਜੋ ਨਵੀਂ ਪੀੜ੍ਹੀ ਨੂੰ ਇਹ ਅਹਿਸਾਸ ਹੋ ਸਕੇ ਕਿ ਇਤਿਹਾਸ ਸਿਰਫ਼ ਕਿਤਾਬਾਂ ਵਿਚ ਕੈਦ ਨਹੀਂ ਹੁੰਦਾ, ਸਗੋਂ ਪਿੰਡਾਂ ਦੀ ਮਿੱਟੀ, ਸਮਾਧਾਂ ਅਤੇ ਲੋਕ ਯਾਦਾਂ ਵਿਚ ਵੀ ਸਾਹ ਲੈਂਦਾ ਹੈ।

ਮੇਰਾ ਉਦੇਸ਼ ਕਿਸੇ ਇੱਕ ਵਿਅਕਤੀ ਦੀ ਸਿਫ਼ਤ ਤੱਕ ਸੀਮਿਤ ਨਹੀਂ, ਸਗੋਂ ਉਸ ਸੋਚ ਨੂੰ ਉਜਾਗਰ ਕਰਨਾ ਹੈ ਜੋ ਸਾਡੇ ਭੂਤਕਾਲ ਨੂੰ ਵਰਤਮਾਨ ਨਾਲ ਜੋੜਦੀ ਹੈ। ਕੀਕਰ ਸਿੰਘ ਦੀ ਸਮਾਧ ਇਸ ਲਗਾਤਾਰਤਾ ਦੀ ਨਿਸ਼ਾਨੀ ਹੈ, ਜੋ ਸਾਨੂੰ ਇਹ ਸਵਾਲ ਵੀ ਛੱਡ ਜਾਂਦੀ ਹੈ ਕਿ ਕੀ ਅਸੀਂ ਆਪਣੀ ਸੱਭਿਆਚਾਰਕ ਪਛਾਣ ਨੂੰ ਸੰਭਾਲ ਰਹੇ ਹਾਂ ਜਾਂ ਸਮੇਂ ਦੀ ਧੂੜ ਵਿਚ ਗੁਆ ਬੈਠੇ ਹਾਂ।

ਇਹ ਸਮਾਧ ਸਿਰਫ਼ ਇੱਟਾਂ, ਗੁੰਬਦ ਅਤੇ ਮਿੱਟੀ ਦਾ ਢਾਂਚਾ ਨਹੀਂ, ਸਗੋਂ ਪੰਜਾਬ ਦੀ ਉਹ ਰੂਹ ਹੈ ਜੋ ਆਪਣੇ ਹੀਰੋਆਂ ਨੂੰ ਖਾਮੋਸ਼ੀ ਨਾਲ ਯਾਦ ਰੱਖਦੀ ਹੈ। ਲਾਹੌਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਘਣੀਕੇ ਦੇ ਪਹਾੜੀ ਪਾਸੇ ਸਥਿਤ ਕੀਕਰ ਸਿੰਘ ਦੀ ਇਹ ਸਮਾਧ ਸਮੇਂ ਦੇ ਵਹਾਅ ਵਿਚ ਖੜ੍ਹੀ ਉਹ ਗਵਾਹੀ ਹੈ, ਜੋ ਦੱਸਦੀ ਹੈ ਕਿ ਅਸਲੀ ਮਹਾਨਤਾ ਸ਼ੋਰ ਨਾਲ ਨਹੀਂ, ਸਗੋਂ ਵਕ਼ਾਰ ਨਾਲ ਜੀਊਂਦੀ ਰਹਿੰਦੀ ਹੈ।

ਕੀਕਰ ਸਿੰਘ, ਜਿਨ੍ਹਾਂ ਦਾ ਅਸਲੀ ਨਾਮ ਪ੍ਰੇਮ ਸਿੰਘ ਸੀ, 1857 ਵਿਚ ਸਰਦਾਰ ਜੋਆਲਾ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੋਖੋਂ ਜੰਮੇ। ਇਹ ਉਹ ਸਾਲ ਸੀ ਜਦੋਂ ਪੂਰਾ ਬਰਸਗ਼ੀਰ ਹਿਲ ਰਿਹਾ ਸੀ। ਸ਼ਾਇਦ ਉਹ ਬਗਾਵਤ, ਉਹ ਮੁਕਾਬਲੇ ਦੀ ਹਵਾ ਉਨ੍ਹਾਂ ਦੇ ਲਹੂ ਵਿਚ ਤਾਕਤ, ਗ਼ੈਰਤ ਅਤੇ ਅਡਿੱਗਤਾ ਘੋਲ ਗਈ। ਪਹਿਲਵਾਨੀ ਦੇ ਮੈਦਾਨ ਵਿਚ ਕੀਕਰ ਸਿੰਘ ਨੇ ਸਿਰਫ਼ ਬਾਂਹਾਂ ਦੀ ਤਾਕਤ ਨਹੀਂ ਵਿਖਾਈ, ਸਗੋਂ ਆਪਣੇ ਕਿਰਦਾਰ ਨਾਲ ਵੀ ਨਾਮ ਕਮਾਇਆ, ਇੱਥੋਂ ਤੱਕ ਕਿ 'ਰੁਸਤਮ-ਏ-ਹਿੰਦ' ਦਾ ਖ਼ਿਤਾਬ ਉਨ੍ਹਾਂ ਦੇ ਹਿੱਸੇ ਆਇਆ।

ਅੱਜ ਵੀ ਸਮਾਧ ਦਾ ਗੁੰਬਦ ਅਸਮਾਨ ਵੱਲ ਇਸ਼ਾਰਾ ਕਰਦਾ ਹੋਇਆ ਮਹਿਸੂਸ ਹੁੰਦਾ ਹੈ, ਜਿਵੇਂ ਇਹ ਐਲਾਨ ਕਰ ਰਿਹਾ ਹੋਵੇ ਕਿ ਅਸਲੀ ਪਹਿਲਵਾਨ ਮਿੱਟੀ ਵਿਚ ਸਮਾ ਕੇ ਵੀ ਅਸਮਾਨ ਨਾਲ ਜੁੜਿਆ ਰਹਿੰਦਾ ਹੈ। ਇੱਟਾਂ ਉੱਤੇ ਸਮੇਂ ਦੇ ਨਿਸ਼ਾਨ ਅਤੇ ਦੀਵਾਰਾਂ ਉੱਤੇ ਮੌਸਮ ਦੀ ਮਾਰ, ਇਹ ਸਭ ਕੁਝ ਦੱਸਦਾ ਹੈ ਕਿ ਸਮਾਂ ਹਰ ਇੱਕ ਨੂੰ ਆਜ਼ਮਾਉਂਦਾ ਹੈ, ਪਰ ਜਿਨ੍ਹਾਂ ਦੇ ਕਰਮ ਸੱਚੇ ਹੋਣ, ਉਹ ਸਮੇਂ ਦੀ ਧੂੜ ਵਿਚ ਵੀ ਚਮਕਦੇ ਰਹਿੰਦੇ ਹਨ।


1914 ਵਿਚ ਕੀਕਰ ਸਿੰਘ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ, ਪਰ ਪਿੰਡ ਘਣੀਕੇ ਵਿਚ ਉਹ ਅੱਜ ਵੀ ਜੀਉਂਦੇ ਹਨ, ਲੋਕਾਂ ਦੀਆਂ ਗੱਲਾਂ ਵਿਚ, ਯਾਦਾਂ ਵਿਚ ਅਤੇ ਇਹ ਸਮਾਧ ਉਨ੍ਹਾਂ ਦੀ ਖਾਮੋਸ਼ ਜ਼ਬਾਨ ਬਣ ਕੇ ਖੜ੍ਹੀ ਹੈ। ਅੱਜ ਜਦੋਂ ਨਵੀਂ ਪੀੜ੍ਹੀ ਸਰੀਰਕ ਤਾਕਤ ਨੂੰ ਸਿਰਫ਼ ਨੁਮਾਇਸ਼ ਸਮਝਦੀ ਹੈ, ਇਹ ਮਜ਼ਾਰ ਸਾਨੂੰ ਦੱਸਦੀ ਹੈ ਕਿ ਤਾਕਤ ਦਾ ਅਸਲੀ ਅਰਥ ਸੰਯਮ, ਮਿਹਨਤ ਅਤੇ ਨੈਤਿਕਤਾ ਹੈ।

ਇਹ ਲਿਖਤ ਸਾਡੇ ਲਈ ਸੋਚ ਦਾ ਦਰਵਾਜ਼ਾ ਖੋਲ੍ਹਦੀ ਹੈ: ਕੀ ਅਸੀਂ ਆਪਣੇ ਹੀਰੋਆਂ ਨੂੰ ਸਿਰਫ਼ ਭੂਤਕਾਲ ਦੀ ਕਹਾਣੀ ਬਣਾ ਦਿੱਤਾ ਹੈ ਜਾਂ ਉਨ੍ਹਾਂ ਦੀ ਜ਼ਿੰਦਗੀ ਤੋਂ ਸਬਕ ਵੀ ਸਿੱਖਣਾ ਹੈ? ਕੀਕਰ ਸਿੰਘ ਦੀ ਸਮਾਧ ਇਹ ਸਵਾਲ ਹਰ ਵੇਖਣ ਵਾਲੇ ਦੇ ਦਿਲ ਵਿਚ ਛੱਡ ਜਾਂਦੀ ਹੈ। ਸ਼ਾਇਦ ਉਨ੍ਹਾਂ ਦੀ ਸਭ ਤੋਂ ਵੱਡੀ ਖ਼ੂਬੀ ਇਹੀ ਹੈ ਕਿ ਉਹ ਮਰ ਕੇ ਵੀ ਸਾਡੇ ਨਾਲ ਸੰਵਾਦ ਕਰ ਰਹੇ ਹਨ। ਖਾਮੋਸ਼, ਪਰ ਬਹੁਤ ਡੂੰਘਾ।

**ਨਤੀਜਾ**

ਕੀਕਰ ਸਿੰਘ ਪਹਿਲਵਾਨ ਵਰਗੇ ਮਹਾਨ ਕਿਰਦਾਰ ਅੱਜ ਸਿਰਫ਼ ਇੱਕ ਸਮਾਧ ਤੱਕ ਸੀਮਿਤ ਰਹਿ ਗਏ ਹਨ, ਜਦੋਂ ਕਿ ਉਨ੍ਹਾਂ ਦੀ ਮਿਹਨਤ, ਗ਼ੈਰਤ ਅਤੇ ਕਿਰਦਾਰ ਸਾਡੀ ਸਮੂਹਕ ਜ਼ਿੰਦਗੀ ਤੋਂ ਹੌਲੇ-ਹੌਲੇ ਮਿਟਦੇ ਜਾ ਰਹੇ ਹਨ। ਸਦੀਆਂ ਨਾਲ ਜੁੜੀ ਪਹਿਲਵਾਨੀ ਦੀ ਰਿਵਾਇਤ, ਜੋ ਨੌਜਵਾਨਾਂ ਨੂੰ ਸੰਯਮ, ਧੀਰਜ ਅਤੇ ਖ਼ੁਦਦਾਰੀ ਸਿਖਾਉਂਦੀ ਸੀ, ਅੱਜ ਦੇ ਆਧੁਨਿਕ ਦੌਰ ਵਿਚ ਗੁੰਮ ਹੋ ਚੁੱਕੀ ਹੈ।

ਸਮਾਧ ਖਾਮੋਸ਼ ਹੈ, ਪਰ ਸਾਡੀ ਬੇਹਿਸੀ ਸ਼ੋਰ ਮਚਾ ਰਹੀ ਹੈ। ਦਰਦ ਇਹ ਨਹੀਂ ਕਿ ਦੀਵਾਰਾਂ ਪੁਰਾਣੀਆਂ ਹੋ ਗਈਆਂ ਹਨ, ਅਸਲੀ ਦਰਦ ਇਹ ਹੈ ਕਿ ਯਾਦਾਂ ਟੁੱਟ ਗਈਆਂ



ਹਨ। ਅਸੀਂ ਉਹ ਵਾਰਿਸ ਹਾਂ ਜਿਨ੍ਹਾਂ ਦੇ ਹੀਰੋ 'ਰੁਸਤਮ-ਏ-ਹਿੰਦ' ਸਨ, ਪਰ ਅਸੀਂ ਉਨ੍ਹਾਂ ਦੀ ਮਹਾਨਤਾ ਨੂੰ ਸੰਭਾਲਣ ਵਿਚ ਨਾਕਾਮ ਰਹੇ ਹਾਂ। ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਨਾਮ ਤੱਕ ਯਾਦ ਨਹੀਂ, ਜਿਨ੍ਹਾਂ ਦੀ ਤਾਕਤ ਕਿਰਦਾਰ ਵਿਚ ਸੀ, ਸਿਰਫ਼ ਬਾਂਹਾਂ ਵਿਚ ਨਹੀਂ।

ਇਹ ਵੀ ਇੱਕ ਅਲਮੀਆ ਹੈ ਕਿ ਜਿਨ੍ਹਾਂ ਚੀਜ਼ਾਂ 'ਤੇ ਮਾਣ ਹੋਣਾ ਚਾਹੀਦਾ ਸੀ, ਉਹ ਸਮੇਂ ਦੀ ਧੂੜ ਹੇਠ ਦੱਬ ਗਈਆਂ ਹਨ ਅਤੇ ਸਾਡੀਆਂ ਤਰਜੀਹਾਂ ਤਸਵੀਰਾਂ ਖਿੱਚਵਾਉਣ ਜਾਂ ਥੋੜ੍ਹੀ ਦੇਰ ਦੀ ਮਸ਼ਹੂਰੀ ਬਣ ਗਈਆਂ ਹਨ। ਭੂਤਕਾਲ ਦੇ ਪਹਿਲਵਾਨ ਮਿੱਟੀ ਵਿਚ ਸੋ ਗਏ ਹਨ, ਪਰ ਸਾਡੀ ਗ਼ਫ਼ਲਤ ਅਜੇ ਵੀ ਜਿਊਂਦੀ ਹੈ।

ਲੰਘਦਾ ਹੋਇਆ ਸਮਾਂ ਇਹ ਸੋਚ ਜਨਮ ਦਿੰਦਾ ਹੈ ਕਿ ਜੇ ਅਸੀਂ ਅੱਜ ਵੀ ਨਾ ਸੰਭਲੇ, ਤਾਂ ਕੱਲ੍ਹ ਸਮਾਧਾਂ ਵੀ ਨਹੀਂ ਰਹਿਣਗੀਆਂ ਅਤੇ ਯਾਦਾਂ ਵੀ ਨਹੀਂ। ਫਿਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਹ ਸਵਾਲ ਕਰਨਗੀਆਂ ਕਿ ਸਾਡੇ ਹੀਰੋ ਕਿੱਥੇ ਗਏ? ਅਤੇ ਸਾਡੇ ਕੋਲ ਉਸਦਾ ਕੋਈ ਜਵਾਬ ਨਹੀਂ ਹੋਵੇਗਾ। ਇਹੀ ਸਭ ਤੋਂ ਵੱਡਾ, ਸਭ ਤੋਂ ਦਰਦਨਾਕ ਅੰਜਾਮ ਹੈ।

**ਸੁਧਾਰ ਦੇ ਉਪਾਅ (ਸਦ-ਏ-ਬਾਬ)**

ਇਸ ਲੇਖ ਵਿਚ ਦਰਸਾਈ ਗਈ ਗ਼ਫ਼ਲਤ, ਭੁਲਾਵੇ ਅਤੇ ਸੱਭਿਆਚਾਰਕ ਪਤਨ ਦਾ ਇਲਾਜ ਸਿਰਫ਼ ਅਫ਼ਸੋਸ ਨਾਲ ਨਹੀਂ, ਸਗੋਂ ਸੁਚੇਤ ਕਾਰਵਾਈ ਨਾਲ ਹੀ ਸੰਭਵ ਹੈ। ਕੀਕਰ ਸਿੰਘ ਪਹਿਲਵਾਨ ਵਰਗੇ ਕਿਰਦਾਰ ਸਾਡੇ ਭੂਤਕਾਲ ਦਾ ਹਿੱਸਾ ਹੀ ਨਹੀਂ, ਸਗੋਂ ਭਵਿੱਖ ਦੀ ਤਾਮੀਰ ਲਈ ਰਹਿਨੁਮਾ ਹਨ।

**1. ਸਥਾਨਕ ਵਿਰਾਸਤ ਦੀ ਨਿਯਮਤ ਸੁਰੱਖਿਆ**

ਸਮਾਧਾਂ, ਅਖਾੜਿਆਂ ਅਤੇ ਇਤਿਹਾਸਕ ਥਾਵਾਂ ਦੀ ਸਰਕਾਰੀ ਅਤੇ ਜਨਤਕ ਪੱਧਰ 'ਤੇ ਦੇਖਭਾਲ ਕੀਤੀ ਜਾਵੇ। ਪਿੰਡਾਂ ਦੀਆਂ ਕਮੇਟੀਆਂ, ਨੌਜਵਾਨ ਗਰੁੱਪ ਅਤੇ ਸਥਾਨਕ ਪ੍ਰਸ਼ਾਸਨ ਮਿਲ ਕੇ ਇਨ੍ਹਾਂ ਨੂੰ ਸੁਰੱਖਿਅਤ ਬਣਾਉਣ।

**2. ਸਿੱਖਿਆ ਵਿਚ ਸਥਾਨਕ ਇਤਿਹਾਸ ਦੀ ਸ਼ਮੂਲੀਅਤ**

ਨਸਾਬ ਵਿਚ ਸਿਰਫ਼ ਰਾਸ਼ਟਰੀ ਹੀਰੋ ਨਹੀਂ, ਸਗੋਂ ਸਥਾਨਕ ਸ਼ਖ਼ਸੀਅਤਾਂ ਨੂੰ ਵੀ ਜਗ੍ਹਾ ਮਿਲਣੀ ਚਾਹੀਦੀ ਹੈ। ਸਕੂਲਾਂ ਵਿਚ ਕੀਕਰ ਸਿੰਘ ਵਰਗੇ ਪਹਿਲਵਾਨਾਂ ਦਾ ਜ਼ਿਕਰ ਨਵੀਂ ਪੀੜ੍ਹੀ ਨੂੰ ਆਪਣੀ ਮਿੱਟੀ ਨਾਲ ਜੋੜੇਗਾ।

**3. ਦੇਸੀ ਖੇਡਾਂ ਅਤੇ ਅਖਾੜਿਆਂ ਦੀ ਪੁਨਰਜੀਵਨ**

ਪਹਿਲਵਾਨੀ, ਕਬੱਡੀ ਅਤੇ ਹੋਰ ਦੇਸੀ ਖੇਡਾਂ ਨੂੰ ਆਧੁਨਿਕ ਸਹੂਲਤਾਂ ਨਾਲ ਦੁਬਾਰਾ ਜ਼ਿੰਦਾ ਕੀਤਾ ਜਾਵੇ। ਅਖਾੜੇ ਸਿਰਫ਼ ਕਸਰਤ ਦੀ ਥਾਂ ਨਹੀਂ, ਸਗੋਂ ਕਿਰਦਾਰ,ਨਿਰਮਾਣ ਦੇ ਕੇਂਦਰ ਬਣਨ।

**4. ਸਾਹਿਤਕ ਅਤੇ ਸੱਭਿਆਚਾਰਕ ਗਤਿਵਿਧੀਆਂ**

ਲੇਖਾਂ, ਕਹਾਣੀਆਂ, ਕਵਿਤਾ, ਸੈਮੀਨਾਰਾਂ ਅਤੇ ਸੱਭਿਆਚਾਰਕ ਮੇਲਿਆਂ ਰਾਹੀਂ ਸਥਾਨਕ ਹੀਰੋਆਂ ਨੂੰ ਉਜਾਗਰ ਕੀਤਾ ਜਾਵੇ, ਤਾਂ ਜੋ ਯਾਦਾਂ ਸਿਰਫ਼ ਪੱਥਰਾਂ ਵਿਚ ਨਹੀਂ, ਮਨਾਂ ਵਿਚ ਵੀ ਜਿਊਂਦੀਆਂ ਰਹਿਣ।

**5. ਨਵੀਂ ਪੀੜ੍ਹੀ ਵਿਚ ਸਚੇਤਨਾ ਪੈਦਾ ਕਰਨੀ**

ਸੋਸ਼ਲ ਮੀਡੀਆ ਅਤੇ ਆਧੁਨਿਕ ਸਾਧਨਾਂ ਨੂੰ ਸਕਾਰਾਤਮਕ ਤਰੀਕੇ ਨਾਲ ਵਰਤ ਕੇ ਨੌਜਵਾਨਾਂ ਨੂੰ ਇਹ ਅਹਿਸਾਸ ਦਿਵਾਇਆ ਜਾਵੇ ਕਿ ਅਸਲੀ ਤਾਕਤ ਨੁਮਾਇਸ਼ ਨਹੀਂ, ਸਗੋਂ ਕਿਰਦਾਰ, ਸੰਯਮ ਅਤੇ ਸੇਵਾ ਹੈ।


**6. ਸਮੂਹਕ ਜ਼ਿੰਮੇਵਾਰੀ ਦਾ ਅਹਿਸਾਸ**

ਇਹ ਕੰਮ ਸਿਰਫ਼ ਸਰਕਾਰ ਦਾ ਨਹੀਂ, ਸਗੋਂ ਹਰ ਉਸ ਵਿਅਕਤੀ ਦਾ ਹੈ ਜੋ ਆਪਣੇ ਆਪ ਨੂੰ ਪੰਜਾਬੀ ਸਭਿਆਚਾਰ ਦਾ ਵਾਰਿਸ ਸਮਝਦਾ ਹੈ। ਜਦ ਤੱਕ ਲੋਕ ਖ਼ੁਦ ਜ਼ਿੰਮੇਵਾਰੀ ਨਹੀਂ ਲੈਣਗੇ, ਵਿਰਾਸਤ ਨਹੀਂ ਬਚੇਗੀ।

ਅੰਤ ਵਿਚ, ਇਹ ਸੁਧਾਰ ਸਾਡੇ ਕੋਲੋਂ ਇਹ ਵਾਅਦਾ ਮੰਗਦਾ ਹੈ ਕਿ ਅਸੀਂ ਭੂਤਕਾਲ ਨੂੰ ਸਿਰਫ਼ ਯਾਦ ਹੀ ਨਹੀਂ ਰੱਖਾਂਗੇ, ਸਗੋਂ ਉਸਦੀ ਰੂਹ ਨੂੰ ਵਰਤਮਾਨ ਅਤੇ ਭਵਿੱਖ ਵਿਚ ਵੀ ਜਿਊਂਦਾ ਰੱਖਾਂਗੇ । ਤਾਂ ਜੋ ਕੀਕਰ ਸਿੰਘ ਵਰਗੇ ਨਾਮ ਸਿਰਫ਼ ਸਮਾਧਾਂ ਤੱਕ ਸੀਮਿਤ ਨਾ ਰਹਿਣ, ਸਗੋਂ ਸਾਡੀ ਸੋਚ ਵਿਚ ਜੀਉਂਦੇ ਕਿਰਦਾਰ ਬਣ ਕੇ ਵੱਸਣ।

# ਵਿਕਸਿਤ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਸਿੰਗਾਪੁਰ ਤੋਂ ਲਈ ਜਾ ਸਕਦੀ ਹੈ ਸੇਧ

ਬਹੁਤ ਸਾਰੇ ਭਾਰਤੀਆਂ ਲਈ ਛੋਟਾ ਜਿਹਾ ਦੇਸ਼ ਸਿੰਗਾਪੁਰ ਸਫ਼ਲਤਾਪੂਰਵਕ ਤਰੱਕੀ ਕਰਨ ਦਾ ਪ੍ਰਤੀਕ ਹੈ। 1965 ਵਿਚ ਇੰਗਲੈਂਡ ਤੋਂ ਆਜ਼ਾਦੀ ਪ੍ਰਾਪਤ ਕਰਨ ਸਮੇਂ ਇਸ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਭਾਰਤ ਨਾਲੋਂ ਚਾਰ ਗੁਣਾ ਵੱਧ ਸੀ ਜੋ ਹੁਣ 30 ਗੁਣਾ ਵੱਧ ਹੋ ਗਈ ਹੈ। ਭਾਰਤ ਵਾਂਗ ਸਿੰਗਾਪੁਰ ਵੀ ਵੱਖ-ਵੱਖ ਨਸਲਾਂ ਅਤੇ ਧਰਮਾਂ ਦਾ ਮਿਲਗੋਭਾ ਹੈ ਪਰ ਇਸ ਨੇ ਜਿਵੇਂ ਆਪਣੇ ਨਾਗਰਿਕਾਂ ਵਿਚ ਸਮਾਜਿਕ, ਆਰਥਿਕ ਅਤੇ ਵਿਦਿਅਕ ਪਾੜਾ ਘਟਾਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸਿੰਗਾਪੁਰ ਇਸ ਕਾਰਨ ਤਰੱਕੀ ਕਰ ਗਿਆ ਕਿਉਂਕਿ ਇਹ



**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)**
**ਫੋਨ: 95011-00062**

ਇੱਕ ਛੋਟਾ ਦੇਸ਼ ਹੈ। ਪਰ ਇਸ ਜਿੱਡੇ ਅਨੇਕਾਂ ਦੇਸ਼ (ਹੈਤੀ, ਬਾਰਬਾਡੋਸ, ਤਰਿਨੀਦਾਦ ਅਤੇ ਟੋਬੈਗੋ ਆਦਿ) ਹਨ ਜੋ ਭੁੱਖ ਅਤੇ ਗੁਰਬਤ ਨਾਲ ਘੁਲ ਰਹੇ ਹਨ।

ਸਿੰਗਾਪੁਰ ਦੀ ਕਹਾਣੀ ਇਸ ਦੇ ਆਕਾਰ ਨਾਲੋਂ ਬਹੁਤ ਜ਼ਿਆਦਾ ਵੱਡੀ ਹੈ। ਭਾਰਤ ਨੂੰ 2047 ਤੱਕ ਵਿਕਸਿਤ ਭਾਰਤ ਬਣਾਉਣ ਲਈ ਇਸ ਦੇ ਤਜਰਬੇ ਤੋਂ ਸੇਧ ਲਈ ਜਾ ਸਕਦੀ ਹੈ। ਉੱਪਰੀ ਨਜ਼ਰੇ ਸਿੰਗਾਪੁਰ ਦੀ ਤਰੱਕੀ ਨੂੰ ਇਸ ਦੇ ਲੋਕ-ਪੱਖੀ ਸਰਮਾਏਦਾਰੀ ਨਿਜ਼ਾਮ, ਲਿਸ਼ਕਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਜ਼ਬਰਦਸਤ ਬੁਨਿਆਦੀ ਢਾਂਚੇ ਤੋਂ ਸਮਝਿਆ ਜਾ ਸਕਦਾ ਹੈ। ਭਾਰਤ ਦੀ ਅਜੋਕੀ ਤਰੱਕੀ ਜਿਵੇਂ ਕਿ ਬੰਦਰਗਾਹਾਂ, ਸੜਕਾਂ ਅਤੇ ਰੇਲਵੇ ਆਦਿ ਦਾ ਵਿਕਾਸ ਅਤੇ ਗੁਜਰਾਤ ਵਿਚਲੀ ਜੀ.ਆਈ.ਐਫ.ਟੀ. ਸਿਟੀ ਵਰਗੇ ਟੈਕਸ ਫਰੀ ਇਲਾਕੇ ਸਿੰਗਾਪੁਰ ਦੇ ਸਿਸਟਮ ਨਾਲ ਰਲਦੇ-ਮਿਲਦੇ ਹਨ।

ਸਿੰਗਾਪੁਰ ਦੀ ਸਰਕਾਰ ਇਹ ਮੰਨਣ ਵਿਚ ਸੰਕੋਚ ਨਹੀਂ ਕਰਦੀ ਕਿ ਉਨ੍ਹਾਂ ਨੇ ਦੇਸ਼ ਦੀ ਤਰੱਕੀ ਦੇ ਢੰਗ ਵੱਖ-ਵੱਖ ਦੇਸ਼ਾਂ ਤੋਂ ਉਧਾਰ ਲਏ ਸਨ ਜੋ ਬਹੁਤ ਹੀ ਸਟੀਕਤਾ ਨਾਲ ਆਪਣੀ ਜਨਤਾ ਦੀ ਤਰੱਕੀ ਅਤੇ ਭਲਾਈ ਲਈ ਪ੍ਰਯੋਗ ਵਿਚ ਲਿਆਂਦੇ ਹਨ। ਪਰ ਸਟੀਲ ਅਤੇ ਕੰਕਰੀਟ ਦੇ ਨਾਲ-ਨਾਲ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਮਿਹਨਤ ਆਪਣੇ ਬਹੁਭਾਂਤੀ ਸਮਾਜ ਨੂੰ ਇਕੱਠਾ ਕਰਨ ਲਈ ਕੀਤੀ ਹੈ। ਆਜ਼ਾਦੀ ਦੇ ਸਮੇਂ ਦੇਸ਼ ਬਹੁਤ ਹੀ ਨਾਜ਼ੁਕ ਸਥਿਤੀ ਵਿਚ ਸੀ, ਕਿਉਂਕਿ ਇਥੇ ਕਈ ਨਸਲਾਂ ਦੇ ਲੋਕ ਵੱਸਦੇ ਸਨ ਜੋ ਸੱਤਾ 'ਤੇ ਕਬਜ਼ਾ ਜਮਾਉਣਾ ਚਾਹੁੰਦੇ ਸਨ। ਸਿੰਗਾਪੁਰ ਦੀ ਅਬਾਦੀ ਵਿਚ ਚੀਨੀ ਲਗਭਗ 75%, ਮਲੇਸ਼ੀਅਨ 14% ਤੇ ਭਾਰਤੀ 11% ਸਨ। ਵਸੋਂ ਦਾ ਇਹ ਅਸੰਤੁਲਨ ਸਿਰਫ ਰਾਜਨੀਤਕ ਹੀ ਨਹੀਂ ਸਗੋਂ ਆਰਥਿਕ ਮੋਰਚੇ 'ਤੇ ਵੀ ਸੀ। ਬ੍ਰਿਟਿਸ਼ ਰਾਜ ਦੇ ਸਮੇਂ ਲੇਬਰ ਅਤੇ ਵਿਦਿਅਕ ਭੇਦ ਭਾਵ ਨੇ ਸਮਾਜ ਦੇ ਵੱਖ-ਵੱਖ ਭਾਗਾਂ ਵਿਚ ਭਾਰੀ ਆਰਥਿਕ ਅਤੇ ਜੀਵਨ ਸ਼ੈਲੀ ਅਸੰਤੁਲਨ ਪੈਦਾ ਕਰ ਦਿੱਤਾ ਸੀ। ਚੀਨੀ ਲੋਕ ਬਾਕੀ ਭਾਈਚਾਰਿਆਂ ਨਾਲੋਂ ਵਧੇਰੇ ਅਮੀਰ, ਪੜ੍ਹੇ-ਲਿਖੇ ਅਤੇ ਕੁਸ਼ਲ ਕਾਮਗਾਰ ਸਨ ਤੇ ਸਿੰਗਾਪੁਰ ਦੀ ਜ਼ਿਆਦਾਤਰ ਆਰਥਿਕਤਾ ਉਨ੍ਹਾਂ ਦੇ ਕਬਜ਼ੇ ਹੇਠ ਸੀ। ਜੇ ਇਸ ਸਬੰਧੀ ਜਲਦੀ ਕੁਝ ਨਾ ਕੀਤਾ ਜਾਂਦਾ ਤਾਂ ਇਹ ਪਾੜਾ ਪੱਕੇ ਤੌਰ 'ਤੇ ਸਿੰਗਾਪੁਰ ਦੇ ਸਮਾਜ ਨੂੰ ਆਪਣੀ ਜਕੜ ਵਿਚ ਲੈ ਸਕਦਾ ਸੀ। ਪਰ ਖੁਸ਼ਕਿਸਮਤੀ ਨਾਲ ਸਿੰਗਾਪੁਰ ਨੂੰ ਲੀ ਕੁਆਨ ਜਿਊ ਵਰਗਾ ਕਾਬਲ ਵਿਅਕਤੀ ਪਹਿਲੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਮਿਲਿਆ। ਉਹ ਭਾਵੇਂ ਖ਼ੁਦ ਚੀਨੀ ਮੂਲ ਦਾ ਸੀ ਪਰ ਉਸ ਨੇ ਇਸ ਸਮਾਜਿਕ ਤੇ ਆਰਥਿਕ ਪਾੜੇ ਨੂੰ ਖਤਮ ਕਰਨ ਲਈ ਬਿਨਾਂ ਕਿਸੇ ਭੇਦ-ਭਾਵ ਦੇ ਠੋਸ ਨੀਤੀਆਂ ਤਿਆਰ ਕੀਤੀਆਂ। ਉਹ ਐਨਾ ਹਰਮਨ-ਪਿਆਰਾ ਸੀ ਕਿ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਹੀ 5 ਜੂਨ 1959 ਨੂੰ ਪ੍ਰਧਾਨ ਮੰਤਰੀ ਬਣ ਗਿਆ ਸੀ ਤੇ 28 ਨਵੰਬਰ 1990 ਤੱਕ ਇਸ ਅਹੁਦੇ 'ਤੇ ਰਿਹਾ। ਉਸ ਨੇ ਜਨਤਾ ਦੇ ਸਖ਼ਤ ਵਿਰੋਧ ਦੇ ਬਾਵਜੂਦ ਮਾੜੀ ਸਿਹਤ ਦਾ ਹਵਾਲਾ ਦੇ ਕੇ ਗੱਦੀ ਛੱਡ ਦਿੱਤੀ ਸੀ।

ਉਸ ਨੇ ਤਿੰਨ ਮੁੱਖ ਨੁਕਤਿਆਂ 'ਤੇ ਕੰਮ ਕੀਤਾ। ਨਸਲੀ ਵਰਗੀਕਰਨ ਨੂੰ ਨਿਰਉਤਸ਼ਾਹਿਤ ਕੀਤਾ, ਆਰਥਿਕ ਪਾੜੇ ਨੂੰ ਖਤਮ ਕੀਤਾ ਤੇ ਇਹ ਨਿਸ਼ਚਿਤ ਕੀਤਾ ਕਿ ਦੇਸ਼ ਦੀ ਤਰੱਕੀ ਵਿਚ ਹਰ ਨਸਲੀ ਸਮੂਹ ਬਰਾਬਰ ਦਾ ਯੋਗਦਾਨ ਪਾਵੇ। ਇਸ ਲਈ ਬਿਨਾਂ ਕਿਸੇ ਭੇਦ-ਭਾਵ ਦੇ ਸਰਕਾਰੀ ਨੌਕਰੀਆਂ ਅਤੇ ਰਾਜਨੀਤਕ ਪਦਵੀਆਂ ਦਿੱਤੀਆਂ ਗਈਆਂ। ਗਿਣਤੀ ਜਾਂ ਨਸਲੀ ਅਧਾਰ 'ਤੇ ਕਿਸੇ ਵੀ ਤਰ੍ਹਾਂ ਦੀ ਕੋਈ ਰਿਜ਼ਰਵੇਸ਼ਨ ਨਾ ਦਿੱਤੀ ਗਈ। ਇਹ ਹੀ ਕਾਰਨ ਹੈ ਕਿ 11% ਅਬਾਦੀ ਹੋਣ ਦੇ ਬਾਵਜੂਦ ਕੁੱਲ 9 ਰਾਸ਼ਟਰਪਤੀਆਂ ਵਿਚੋਂ ਹੁਣ ਤੱਕ ਚਾਰ ਭਾਰਤੀ (ਦੇਵਨ ਨਾਇਰ 23 ਅਕਤੂਬਰ 1981 ਤੋਂ 28 ਮਾਰਚ 1985, ਐਸ ਆਰ ਨਾਥਨ 1 ਸਤੰਬਰ 1999 ਤੋਂ 1 ਸਤੰਬਰ 2011, ਜੇ ਵਾਈ ਪਿੱਲੇ 1 ਸਤੰਬਰ 2011 ਤੋਂ 14 ਸਤੰਬਰ 2017 ਅਤੇ ਮੌਜੂਦਾ ਰਾਸ਼ਟਰਪਤੀ ਥਰਮਨ ਸ਼ਾਨਮੁਗਾਰਤਨਮ 14 ਸਤੰਬਰ 2023 ਤੋਂ ਹੁਣ ਤੱਕ) ਆਪਣੀ ਕਾਬਲੀਅਤ ਕਾਰਨ ਰਾਸ਼ਟਰਪਤੀ ਰਹੇ ਹਨ। ਇਸ ਤੋਂ ਇਲਾਵਾ ਵਰਕਰਜ਼ ਪਾਰਟੀ ਦਾ ਪ੍ਰਧਾਨ ਪ੍ਰੀਤਮ ਸਿੰਘ ਪਾਰਲੀਮੈਂਟ ਵਿਚ ਵਿਰੋਧੀ ਧਿਰ ਦਾ ਨੇਤਾ ਹੈ। ਸਾਰੇ ਫਿਰਕਿਆਂ ਦੀ ਬਰਾਬਰੀ ਲਈ ਰਿਹਾਇਸ਼ੀ ਕੰਪਲੈਕਸ ਅਤੇ ਕਲੋਨੀਆਂ ਨੂੰ ਸਭ ਤੋਂ ਵੱਡੇ ਹਥਿਆਰ ਵਜੋਂ ਵਰਤਿਆ ਗਿਆ। ਇਸ ਤਰ੍ਹਾਂ ਦੇ ਸਖਤ ਕਾਨੂੰਨ ਬਣਾਏ ਗਏ ਕਿ ਕਿਸੇ ਕੰਪਲੈਕਸ ਵਿਚ ਕਿਸੇ ਖਾਸ ਸਮਾਜਿਕ ਜਾਂ ਧਾਰਮਿਕ ਫਿਰਕੇ ਦਾ ਗਲਬਾ ਨਾ ਹੋਵੇ ਤੇ ਸਾਰਾ ਸਮਾਜ ਮਿਲ-ਜੁਲ ਕੇ ਰਹੇ। ਭਾਰਤ ਵਿਚ ਅਜਿਹੀਆਂ ਕਈ ਰਿਹਾਇਸ਼ੀ ਸੁਸਾਇਟੀਆਂ ਹਨ ਜਿੱਥੇ ਦੂਸਰੇ ਧਰਮ ਜਾਂ ਫਿਰਕੇ ਦਾ ਵਿਅਕਤੀ ਮਕਾਨ ਜਾਂ ਫਲੈਟ ਨਹੀਂ ਖਰੀਦ ਸਕਦਾ। ਪਿੱਛੇ ਜਿਹੇ ਯੂ.ਪੀ. ਦੇ ਇੱਕ ਸ਼ਹਿਰ ਵਿਚ ਇੱਕ ਡਾਕਟਰ ਨੇ ਦੂਸਰੇ ਧਰਮ ਦੇ ਵਿਅਕਤੀ ਨੂੰ ਮਕਾਨ ਵੇਚ ਦਿੱਤਾ ਸੀ ਪਰ ਭਾਰੀ ਵਿਰੋਧ ਦੇ ਕਾਰਨ ਉਸ ਨੂੰ ਰਜਿਸਟਰੀ ਕੈਂਸਲ ਕਰਵਾਉਣੀ ਪਈ ਸੀ।

ਸਿੰਗਾਪੁਰ ਵਿਖੇ ਕਿਸੇ ਇੱਕ ਨਸਲੀ ਜਾਂ ਧਾਰਮਿਕ ਫਿਰਕੇ ਦੇ ਲੋਕ ਮਿਲ ਕੇ ਹਾਊਸਿੰਗ ਕਲੋਨੀ, ਕੰਪਲੈਕਸ ਜਾਂ ਸੁਸਾਇਟੀ ਨਹੀਂ ਬਣਾ ਸਕਦੇ। ਹਰ ਕਲੋਨੀ ਵਿਚ ਮਿਲੇ-ਜੁਲੇ ਲੋਕ ਵੱਸਣੇ ਜ਼ਰੂਰੀ ਹਨ, ਜਿਸ ਕਾਰਨ ਉਥੇ ਫਿਰਕਿਆਂ ਵਿਚ ਆਪਸੀ ਮੇਲ-ਜੋਲ ਅਤੇ ਪਿਆਰ ਸਤਿਕਾਰ ਵਿਚ ਵਾਧਾ ਹੋਇਆ ਹੈ। ਪਬਲਿਕ ਹਾਊਸਿੰਗ ਦਾ ਮਤਲਬ ਸਿਰਫ ਲੋਕਾਂ ਨੂੰ ਰਹਿਣ ਲਈ ਛੱਤ ਦੇਣਾ ਹੀ ਨਹੀਂ ਸੀ, ਬਲਕਿ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਇੱਕ ਦੂਸਰੇ ਦੇ ਕਰੀਬ ਲਿਆਉਣਾ ਸੀ। ਇਹ ਹੀ ਕਾਰਨ ਹੈ ਕਿ ਅੱਜ ਤੱਕ ਸਿੰਗਾਪੁਰ ਵਿਚ ਕੋਈ ਧਾਰਮਿਕ ਜਾਂ ਫਿਰਕੂ ਗੜਬੜ ਨਹੀਂ ਹੋਈ। ਸਿੰਗਾਪੁਰ ਨੇ ਅਜਿਹੀਆਂ ਯੋਜਨਾਵਾਂ ਵਿਚ ਭਾਰੀ ਸਰਕਾਰੀ ਨਿਵੇਸ਼ ਕੀਤਾ ਜਿਨ੍ਹਾਂ ਨਾਲ ਲੋਕਾਂ ਨੂੰ ਕੰਮ ਅਤੇ ਨੌਕਰੀਆਂ ਮਿਲਣ ਤਾਂ ਜੋ ਆਜ਼ਾਦੀ ਵੇਲੇ ਦਾ ਆਰਥਿਕ ਪਾੜਾ ਖਤਮ ਹੋ ਜਾਵੇ। ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਮੁਫਤ ਸਿੱਖਿਆ ਅਤੇ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਅਮੀਰ ਗਰੀਬ ਦਾ ਫਰਕ ਖਤਮ ਹੋ ਜਾਵੇ। ਸਿੰਗਾਪੁਰ ਵਿਚ ਕੋਈ ਵੀ ਪ੍ਰਾਈਵੇਟ ਸਕੂਲ ਜਾਂ ਹਸਪਤਾਲ ਨਹੀਂ ਹੈ। ਉਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿਚ ਆਮ ਆਦਮੀ ਦਾ ਬੱਚਾ ਪੜ੍ਹਦਾ ਹੈ ਤੇ ਉਸੇ ਵਿਚ ਪ੍ਰਧਾਨ ਮੰਤਰੀ ਦਾ। ਇਨ੍ਹਾਂ ਸੁਧਾਰਾਂ ਨਾਲ ਰਾਤੋ-ਰਾਤ ਤਾਂ ਫਰਕ ਨਹੀਂ ਪਿਆ ਪਰ ਫਿਰ ਵੀ 1965 ਦੀ ਬਨਿਸਬਤ 2026 ਦੇ ਹਾਲਾਤ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

ਤਿੰਨਾਂ ਮੁੱਖ ਭਾਈਚਾਰਿਆ (ਚੀਨੀ, ਮਲੇਸ਼ੀਅਨ ਅਤੇ ਭਾਰਤੀ) ਦੀ ਆਮਦਨ ਤੇਜ਼ੀ ਨਾਲ ਵਧੀ ਹੈ ਤੇ ਸਿੰਗਾਪੁਰ ਹੁਣ 1965 ਵਰਗਾ ਗਰੀਬ ਤੇ ਵੰਡਿਆ ਹੋਇਆ ਦੇਸ਼ ਨਹੀਂ ਰਿਹਾ। ਐਨੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਅਜੇ ਭਾਈਚਾਰਿਆਂ ਵਿਚ ਥੋੜ੍ਹਾ ਬਹੁਤਾ ਆਰਥਿਕ ਫਰਕ ਦਿਖਾਈ ਦੇਂਦਾ ਹੈ। 2024 ਵਿਚ ਹੋਈ ਮਰਦਮਸ਼ੁਮਾਰੀ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨੀ ਅਤੇ ਭਾਰਤੀ ਭਾਈਚਾਰਿਆਂ ਦੇ ਮੁਕਾਬਲੇ ਮਲੇਸ਼ੀਅਨ ਭਾਈਚਾਰੇ ਦੀ ਆਮਦਨ ਕੁਝ ਘੱਟ ਹੈ, ਭਾਵੇਂ ਕਿ ਸਰਕਾਰੀ ਨੀਤੀਆਂ ਤੋਂ ਸਾਰਿਆਂ ਨੇ ਫਾਇਦਾ ਉਠਾਇਆ ਹੈ। ਸਰਕਾਰ ਖਰਚ ਬਚਾਉਣ ਲਈ ਬਹੁਤ ਉਪਾਓ ਕਰਦੀ ਹੈ। ਇਸ ਕਾਰਨ ਕੈਬਨਿਟ ਵੀ ਛੋਟੀ ਰੱਖੀ ਜਾਂਦੀ ਹੈ। ਨਾਗਰਿਕਾਂ ਨੂੰ ਸਬਸਿਡੀਆਂ ਜਾਂ ਖਾਤਿਆਂ ਵਿਚ ਪੈਸੇ ਪਾਉਣ ਦੀ ਬਜਾਏ ਚੰਗੀਆਂ ਆਰਥਿਕ ਨੀਤੀਆਂ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਐਨੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਕਿ ਇਹ ਏਸ਼ੀਆ ਦਾ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਹੈ। ਭਾਰਤ ਵਰਗਾ ਵੱਡਾ ਦੇਸ਼ ਇਸ ਦੀਆਂ ਸਾਰੀਆਂ ਪਾਲਸੀਆਂ ਦੀ ਨਕਲ ਤਾਂ ਨਹੀਂ ਕਰ ਸਕਦਾ ਪਰ ਉਸ ਤੋਂ ਬਹੁਤ ਕੁਝ ਸਿੱਖ ਜ਼ਰੂਰ ਸਕਦਾ ਹੈ। ਜੇ ਵਿਕਸਿਤ ਭਾਰਤ ਨੂੰ ਸਿਰਫ ਇੱਕ ਨਾਅਰਾ ਹੀ ਨਹੀਂ ਰੱਖਣਾ ਤਾਂ ਆਰਥਿਕ ਦੇ ਨਾਲ ਨਾਲ ਸਿੰਗਾਪੁਰ ਵਾਂਗ ਸਮਾਜਿਕ ਤੇ ਧਾਰਮਿਕ ਤਾਣਾ-ਬਾਣਾ ਵੀ ਠੀਕ ਕਰਨਾ ਪੈਣਾ ਹੈ।

# ਬੱਚੇ ਤਾਂ ਬਾਦਸ਼ਾਹ ਹੁੰਦੇ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਬੱਚੇ ਬਾਦਸ਼ਾਹ। ਉਹ ਆਪਣੀਆਂ ਮਨਮਰਜ਼ੀਆਂ, ਅਣਭੋਲ ਸ਼ਰਾਰਤਾਂ, ਅਤੇ ਬਚਪਨੀ ਕਿਰਿਆਵਾਂ ਨਾਲ ਕੰਧਾਂ ਨੂੰ ਘਰ ਬਣਾਉਂਦੇ ਅਤੇ ਨਿਰਜਿੰਦ ਜਹੇ ਕਮਰਿਆਂ ਅਤੇ ਵਿਹੜੇ ਨੂੰ ਆਪਣੇ ਨਾਲ ਨਚਾਉਂਦੇ।

ਬੱਚਿਆਂ ਲਈ ਹਰ ਪਲ ਸੁਹਣਾ। ਖੁਸ਼ੀਆਂ ਦਾ ਖ਼ਜ਼ਾਨਾ। ਨਾ ਧੁੱਪ ਅਤੇ ਨਾ ਸਰਦੀ ਦੀ ਪ੍ਰਵਾਹ। ਨਾ ਮੀਂਹ ਵਿਚ ਭਿੱਜਣ ਦਾ ਡਰ ਅਤੇ ਨਾ ਹੀ ਭੁੱਖ ਪਿਆਸ ਦਾ ਖ਼ਿਆਲ। ਆਪਣੀ ਮਸਤੀ ਵਿਚ ਰਹਿੰਦੇ ਬੱਚੇ ਲਈ ਸਭ ਆਪਣੇ ਅਤੇ ਚਾਰੇ ਚੱਕ ਉਨ੍ਹਾਂ ਦੀ ਜਗੀਰ।

ਮਾਪਿਆਂ ਬਗੈਰ ਪਲਦੇ ਬੱਚੇ ਅਕਸਰ ਉਮਰ ਤੋਂ ਪਹਿਲਾਂ ਸਿਆਣੇ ਹੋ ਜਾਂਦੇ। ਉਹ ਤੰਗੀਆਂ, ਤੁਰਸ਼ੀਆਂ ਅਤੇ ਤਲਖ਼ੀਆਂ ਵਿਚ ਵੀ ਆਪਣੇ ਹਿੱਸੇ ਦਾ ਅੰਬਰ ਅਤੇ ਪੈਰਾਂ ਹੇਠਲੀ ਜ਼ਮੀਂ ਲੱਭਣ ਲਈ ਤਰਜੀਹਾਂ ਮਿੱਥ ਲੈਂਦੇ। ਉਨ੍ਹਾਂ ਨੂੰ ਪਤਾ ਲੱਗ ਜਾਂਦਾ ਕਿ ਬੈਸਾਖੀਆਂ ਆਸਰੇ ਸਫ਼ਰ ਨਹੀਂ ਤੈਅ ਕੀਤਾ ਜਾ ਸਕਦਾ। ਤੂਫ਼ਾਨਾਂ ਵਿਚ ਜਗਣ ਵਾਲੇ ਚਿਰਾਗ ਹੀ ਹਨੇਰੀਆਂ ਰਾਤਾਂ ਵਿਚ ਚਾਨਣ ਬਖੇਰਦੇ।

ਬੱਚੇ ਵਿਹੜੇ ਦੀ ਰੌਣਕ। ਵੱਸਦੇ ਘਰਾਂ ਦੀ ਨਿਸ਼ਾਨੀ। ਬੱਚਿਆਂ ਨਾਲ ਹੀ ਘਰ ਧੜਕਦਾ, ਹੱਸਦਾ ਅਤੇ ਹਸਾਉਂਦਾ। ਬੱਚਿਆਂ ਦੀਆਂ ਸ਼ਰਾਰਤਾਂ ਘਰ ਨੂੰ ਹੁਲਾਸ ਨਾਲ ਭਰਦੀਆਂ। ਉਨ੍ਹਾਂ ਦੇ ਤੋਤਲੇ ਬੋਲਾਂ ਦੀ ਮਿਠਾਸ ਸਾਹ-ਸਰੁੰਗੀ ਦੀ ਤਾਨ। ਉਨ੍ਹਾਂ ਦੀਆਂ ਪਾਕ ਗੱਲਾਂ ਨਿਰਛਲਤਾ। ਸੱਚ ਬੋਲਣਾ ਘਰ ਨੂੰ ਸੁਖਾਂਦਾ। ਘਰ ਅਤੇ ਬੱਚੇ ਇਕ ਦੂਜੇ ਦੇ ਸਾਹੀਂ ਜਿਉਂਦੇ। ਇਕ ਦੂਜੇ ਦੇ ਰੰਗ ਵਿਚ ਰਾਜ਼ੀ। ਇਕ ਦੂਜੇ ਲਈ ਪਿਆਰ ਅਤੇ ਪ੍ਰਵਾਜ਼। ਇਕ ਦੂਜੇ ਦੇ ਦੀਦਿਆਂ ਵਿਚੋਂ ਖ਼ੁਦ ਨੂੰ ਤਲਾਸ਼ਦੇ ਤੇ ਪਛਾਣਦੇ। ਬੱਚੇ ਮਾਪਿਆਂ ਦੀ ਆਸ ਅਤੇ ਅਰਾਧਨਾ। ਉਨ੍ਹਾਂ ਦੀ ਚਾਹਤ ਅਤੇ ਚਾਹਨਾ। ਉਨ੍ਹਾਂ ਦੇ ਸੁਪਨਿਆਂ ਦਾ ਸੱਚ ਅਤੇ ਤਮੰਨਾਵਾਂ ਦੀ ਤ੍ਰਿਪਤੀ।

ਘਰ-ਪਰਿਵਾਰ ਵਿਚ ਮਰਦ, ਤੀਵੀਂ ਅਤੇ ਉਨ੍ਹਾਂ ਦੀ ਔਲਾਦ। ਔਲਾਦ ਮਾਪਿਆਂ ਨੂੰ ਸੁਪਨੇ ਦਿੰਦੀ। ਆਪਣੇ ਸੁਪਨਿਆਂ ਦਾ ਸੱਚ ਆਪਣੇ ਬੱਚਿਆਂ ਵਿਚੋਂ ਦੇਖਣ ਲਈ ਸਿਰਤੋੜ ਮਿਹਨਤ ਕਰਦੇ। ਸਿਰੜ-ਸਾਧਨਾ ਹੀ ਉਨ੍ਹਾਂ ਦੀ ਸਮਰਪਿੱਤਾ।

ਮਾਪੇ ਬੱਚਿਆਂ ਦੇ ਸਾਹੀਂ ਜਿਉਂਦੇ। ਉਨ੍ਹਾਂ ਦੀਆਂ ਸਰੀਰਕ, ਮਾਨਸਿਕ ਅਤੇ ਭਾਵਨਾਤਮਿਕ ਲੋੜਾਂ ਦੀ ਪੂਰਤੀ ਆਪਣਾ ਧਰਮ-ਕਰਮ ਸਮਝਦੇ। ਬੱਚੇ ਉਨ੍ਹਾਂ ਦੀ ਜੀਵਨ-ਪੂੰਜੀ।

ਬੱਚਿਆਂ ਤੋਂ ਬਗੈਰ ਮਾਪਿਆਂ ਦਾ ਜੀਵਨ ਬਹੁਤ ਅਸਾਵਾਂ। ਉਣੇਪਣ ਦਾ ਅਹਿਸਾਸ, ਕਿਸੇ ਘਾਟ ਦਾ ਰੜਕਨਾ। ਘਰ ਦੀਆਂ ਖ਼ੁਸ਼ੀਆਂ ਨੂੰ ਲੱਗੀ ਨਜ਼ਰ। ਨਿੱਕੇ-ਨਿੱਕੇ ਖਿਡੌਣਿਆਂ ਨਾਲ ਖਿਡੌਣਾ ਬਣੇ ਬਾਲਾਂ ਦੇ ਵਿਕਲੋਤਰੇ ਸੰਸਾਰ ਨੂੰ ਮਾਨਣ ਤੋਂ ਵਿਰਵੇ। ਇਕ ਚਸਕ ਉਨ੍ਹਾਂ ਦੇ ਦਿਲ ਵਿਚ ਉਠਦੀ। ਇਕ ਤੜਪ ਤੜਫਾਉਂਦੀ। ਉਹ ਹਰ ਹੀਲੇ ਆਪਣੇ ਬੱਚਿਆਂ ਰਾਹੀਂ ਆਪਣਾ ਭਵਿੱਖ ਕਿਆਸਦੇ, ਸਮਾਜਿਕ ਪੂਰਨਤਾ ਨੂੰ ਮਾਨਣ ਦੇ ਇੱਛਕ।

ਮਾਪੇ, ਬੱਚਿਆਂ ਨਾਲ ਲਾਡ ਲਡਾਉਂਦੇ। ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਪੂਰਾ ਕਰਦੇ। ਉਨ੍ਹਾਂ ਨਾਲ ਬੱਚਾ ਬਣ ਕੇ ਬਚਕਾਨੇ ਬੋਲਾਂ ਵਿਚੋਂ ਆਪਣੇ ਬਚਪਨ ਦੇ ਨਕਸ਼ ਭਾਲਦੇ ਅਤੇ ਆਪਣੇ ਬੀਤੇ ਨੂੰ ਮੁੜ ਤੋਂ ਜਿਉਂਦੇ।

ਪਲ ਪਲ ਕਰਕੇ, ਪੋਟਾ ਪੋਟਾ ਮਿਣਦੇ, ਮਾਪੇ ਬੱਚਿਆਂ ਨੂੰ ਪਾਲਦੇ। ਉਨ੍ਹਾਂ ਦੀ ਹਰ ਜ਼ਰੂਰਤ ਦਾ ਖਾਸ ਖ਼ਿਆਲ ਰੱਖਦੇ। ਉਨ੍ਹਾਂ ਦੇ ਨੈਣਾਂ ਵਿਚ ਤੈਰਦੇ ਸੁਪਨਿਆਂ ਨੂੰ ਉਨ੍ਹਾਂ ਤੋਂ ਪਹਿਲਾਂ ਹੀ ਪੜ੍ਹਦੇ। ਤਾਂ ਹੀ ਕਹਿੰਦੇ ਮਾਵਾਂ ਨਜੂਮੀ ਹੁੰਦੀਆਂ। ਉਹ ਬੱਚਿਆਂ ਦੇ ਮਨ ਦੀ ਹਰ ਬਾਤ ਨੂੰ ਮੂੰਹ 'ਤੇ ਆਉਣ ਤੋਂ ਪਹਿਲਾਂ ਹੀ ਬੁੱਝ ਲੈਂਦੀਆਂ। ਬਾਪ ਆਪਣੇ ਮੋਢੇ-ਮੋਢੇ ਆਉਂਦੀ ਔਲਾਦ ਨੂੰ ਤੱਕ ਕੇ ਖੁਸ਼ੀ ਵਿਚ ਨਹੀਂ ਮਿਊਂਦਾ। ਆਪਣੇ ਬੱਚਿਆਂ ਨੂੰ ਆਪਣੇ ਹਾਣੀ ਸਮਝਣ ਵਾਲੇ ਮਾਪੇ ਸਭ ਤੋਂ ਜ਼ਿਆਦਾ ਖ਼ੁਸ਼ਹਾਲ। ਸਾਂਝੇ ਕਰਦੇ ਨੇ ਸਭ ਖ਼ਾਬ-ਖਿਆਲ ਤੇ ਅਜੇਹੇ ਬੱਚੇ ਮਾਪਿਆਂ ਦੇ ਬਣ ਜਾਂਦੇ ਸਾਹ-ਸੰਭਾਲ।

ਬੱਚਿਆਂ ਨਾਲ ਜੁੜੀ ਹੁੰਦੀ ਹੈ ਮਾਵਾਂ ਦੀ ਹੋਂਦ। ਜੇ ਬੱਚਾ ਸਕੂਲੋਂ ਲੇਟ ਹੋ ਜਾਵੇ, ਘਰ ਤੋਂ ਬਾਹਰ ਕਿਸੇ ਕੰਮ ਗਿਆ ਦੇਰੀ ਕਰ ਦੇਵੇ ਜਾਂ ਰਾਤ ਨੂੰ ਲੇਟ ਘਰ ਆਵੇ ਤਾਂ ਮਾਵਾਂ ਦੇ ਸੁੱਕੇ ਰਹਿੰਦੇ ਨੇ ਸਾਹ। ਮਨ ਵਿਚ ਹਰਦਮ ਉਠਦਾ ਡਰ ਕਿ ਐ ਖ਼ੁਦਾ! ਸਭ ਖ਼ੈਰ ਸੁਖ ਹੋਵੇ। ਬੱਚੇ ਅੱਖਾਂ ਸਾਹਮਣੇ ਹੋਣ ਤਾਂ ਮਾਵਾਂ ਸੁਖਨ ਅਤੇ ਸਕੂਨ ਭਰੇ ਜੀਵਨ ਦਾ ਸਿਰਨਾਵਾਂ ਹੁੰਦੀਆਂ।

ਮਾਪਿਆਂ ਲਈ ਬੱਚਾ ਉਨ੍ਹਾਂ ਦਾ ਜਹਾਨ, ਉਨ੍ਹਾਂ ਦੀ ਸ਼ਾਨ ਅਤੇ ਸਨਮਾਨ। ਉਨ੍ਹਾਂ ਦਾ ਧਰਤ ਅਤੇ ਅਸਮਾਨ। ਉਨ੍ਹਾਂ ਦਾ ਉਚੇਚ ਅਤੇ ਧਿਆਨ। ਅਚੇਤ ਰੂਪ ਵਿਚ ਮਾਂ ਸਦਾ ਆਪਣੇ ਬੱਚਿਆਂ ਨਾਲ ਸੰਵਾਦ ਰਚਾਉਂਦੀ, ਉਨ੍ਹਾਂ ਦੀਆਂ ਬਲਾਵਾਂ ਉਤਾਰਦੀ ਅਤੇ ਸੁਖਣਾ ਸੁੱਖਦੀ। ਲੰਮੀ ਉਮਰ ਅਤੇ ਸਿਹਤਮੰਦ ਜ਼ਿੰਦਗੀ ਲਈ ਦੁਆਵਾਂ ਮੰਗਦੀ ਕਿਉਂਕਿ ਮਾਂ, ਬੱਚਿਆਂ ਲਈ ਰੱਬ ਤੋਂ ਵੱਡੀ ਅਤੇ ਕੋਲ ਹੁੰਦੀ। ਬੱਚਿਆਂ ਦੀ ਠਰੀਆਂ ਰਾਤਾਂ ਲਈ ਨਿੱਘ। ਬਾਪ ਦਾ ਖਾਲੀ ਬੋਝਾ ਬੱਚਿਆਂ ਲਈ ਧਨ ਦਾ ਖ਼ਜ਼ਾਨਾ। ਮਾਂ ਤਾਂ ਆਪਣੇ ਹਿੱਸੇ ਦਾ ਟੁੱਕ ਆਪਣੇ ਬੱਚਿਆਂ ਦੇ ਮੂੰਹ ਪਾ ਕੇ, ਆਪਣੀ ਭੁੱਖ ਵਿਚੋਂ ਵੀ ਰੱਜ ਮਾਣ ਲੈਂਦੀ।

ਕਦੇ ਆਪਣੇ ਬੱਚਿਆਂ ਦੇ ਬੱਚਿਆਂ ਵਿਚੋਂ ਆਪਣੇ ਬੱਚਿਆਂ ਦੇ ਬਚਪਨੇ ਨੂੰ ਨਿਹਾਰਨਾ। ਉਨ੍ਹਾਂ ਦੀਆਂ ਚੋਚਲੀਆਂ ਗੱਲਾਂ ਵਿਚੋਂ ਰੂਹਾਨੀ ਖ਼ੁਸ਼ੀ ਦੀ ਥਾਹ ਪਾਉਣਾ। ਉਨ੍ਹਾਂ ਨਾਲ ਬਿਤਾਇਆ ਸਮਾਂ ਹਮੇਸ਼ਾ ਯਾਦਗਾਰੀ। ਉਨ੍ਹਾਂ ਨਾਲ ਆਪਣੀ ਉਮਰ ਨੂੰ ਪਿੱਛਲਖੁਰੀ ਗੇੜਾ ਦੇਣ ਦਾ ਵਿਸਮਾਦ ਹੀ ਅਨੋਖਾ। ਅਨਾਦੀ ਅਤੇ ਅਕਹਿ ਆਨੰਦ। ਕਈ ਵਾਰ ਤਾਂ ਇੰਝ ਵੀ ਸੋਚੀਦਾ ਕਿ ਅਸੀਂ ਆਪਣਾ ਬੱਚਿਆਂ ਦਾ ਜਿਹੜਾ ਬਚਪਨਾ ਆਪਣੇ ਰੁਝੇਵਿਆਂ ਕਰਕੇ ਨਹੀਂ ਮਾਣ ਸਕੇ ਅਤੇ ਨਾ ਹੀ ਦੇਖਿਆ, ਉਹ ਆਪਣੇ ਬੱਚਿਆਂ ਦੇ ਬੱਚਿਆਂ ਵਿਚੋਂ ਦੇਖਣ ਦਾ ਸਰੂਰ ਹੀ ਅਲੱਗ। ਇਕ ਅਦਭੁੱਤ ਨਜ਼ਾਰਾ। ਪਤਾ ਹੀ ਨਹੀਂ ਲੱਗਦਾ ਕਿੰਝ ਦਿਨ ਲੰਘ ਜਾਂਦਾ। ਬੱਚੇ ਦੇ ਰੁਝੇਵਿਆਂ ਵਿਚ ਤੁਸੀਂ ਖੁਦ ਨੂੰ ਇੰਨਾ ਮਸਰੂਰ ਕਰ ਲੈਂਦੇ ਕਿ ਲੰਘਦਾ ਸਮਾਂ ਤੁਹਾਡੇ ਲਈ ਵਰਦਾਨ ਬਣ ਜਾਂਦਾ। ਤੁਸੀਂ ਆਪਣੀ ਉਮਰ ਦੀਆਂ ਪ੍ਰੇਸ਼ਾਨੀਆਂ ਤੋਂ ਰਾਹਤ ਪਾਉਂਦੇ। ਖ਼ੁਸ਼ਗਵਾਰ ਜ਼ਿੰਦਗੀ ਇਕ ਨਵਾਂ ਅਧਿਆਏ ਹਰ ਰੋਜ਼ ਲਿਖਦੇ।

ਜਦ ਵੀ ਦੋਹਤਰੀਆਂ ਘਰ ਆਉਂਦੀਆਂ ਤਾਂ ਕਵਿਤਾ ਦੀ ਦਸਤਕ ਬਣ ਜਾਦੀਆਂ;

ਦੋਹਤਰੀਆਂ ਨਾਨਕੇ ਆਉਂਦੀਆਂ
ਘਰ ਬਚਪਨੀ ਰੰਗਤ 'ਚ ਰੰਗਿਆ ਜਾਂਦਾ
ਘਰ ਨੱਚਣ ਅਤੇ ਮਹਿਕਣ ਲੱਗਦਾ
ਰਸੋਈ 'ਚ ਪੱਕਦੇ ਖਾਣਿਆਂ ਦੀ ਮਹਿਕ ਘਰ 'ਚ ਫੈਲਦੀ



ਬਜ਼ੁਰਗੀ ਸੁਸਤੀ 'ਚ ਫੁਰਤੀਲਾਪਣ ਆ ਜਾਂਦਾ
ਮੁਰਝਾਏ ਚਿਹਰਿਆਂ ਤੇ ਹੁਲਾਸ ਪਸਰਦਾ
ਥੱਕੇ ਹੋਏ ਕਦਮਾਂ 'ਚ ਜੋਸ਼ ਭਰਦਾ
ਘਰ ਦੀ ਉਦਾਸੀਨਤਾ ਕਾਫੂਰ ਹੋ ਜਾਂਦੀ
ਕਮਰਿਆਂ ਵਿਚ ਗੂੰਜਦੀ ਉਨ੍ਹਾਂ ਦੀ ਹਾਸੀ
ਘਰ ਦੀ ਫਿਜ਼ਾ ਨੂੰ ਮਟਕਾਉਂਦੀ।

ਦੋਹਤਰੀਆਂ ਦੇ ਤੋਤਲੇ ਬੋਲਾਂ ਵਿਚੋਂ
ਧੀਆਂ ਦੇ ਸਿਆਣਪੀ ਬੋਲ ਯਾਦ ਆਉਂਦੇ
ਉਨ੍ਹਾਂ ਦੀ ਮੁਸਕਰਾਹਟ ਵਿਚੋਂ
ਧੀਆਂ ਦੇ ਹੁਲਾਸੇ ਚਿਹਰੇ ਚੇਤੇ ਆਉਂਦੇ
ਉਨ੍ਹਾਂ ਦੀਆਂ ਫਰਾਕਾਂ ਦੇ ਰੰਗ ਵਰਗੀ ਚੁੰਨੀ
ਧੀਆਂ ਦੇ ਸਿਰਾਂ ਦਾ ਕੱਜਣ ਹੋ ਜਾਂਦੀ
ਉਨ੍ਹਾਂ ਵਲੋਂ ਕੰਧਾਂ ਤੇ ਮਾਰੀਆਂ ਲੀਕਾਂ
ਧੀਆਂ ਦੇ ਪਾਏ ਪੂਰਨੇ ਜਾਪਦੀਆਂ
ਉਨ੍ਹਾਂ ਦੀਆਂ ਹਾਕਾਂ ਵਿਚੋਂ
ਧੀਆਂ ਦੇ ਹੁੰਗਾਰਿਆਂ ਦੀ ਮਹਿਕ ਆਉਂਦੀ
ਬੋਚ ਕੇ ਨਿੱਕੇ ਨਿੱਕੇ ਕਦਮ ਧਰਦੀਆਂ
ਤਾਂ ਜਾਪਦਾ ਧੀਆਂ ਜੀਵਨੀ ਸਫ਼ਰ ਦਾ ਮਾਣ ਹਨ
ਉਨ੍ਹਾਂ ਦਾ ਪੁੱਛਿਆ ਬਚਪਨਿ ਸਵਾਲ
ਧੀਆਂ ਦੇ ਜੀਵਨ-ਉਤਰਾਂ ਦੀ ਪਛਾਣ ਹੁੰਦਾ
ਉਨ੍ਹਾਂ ਦੀਆਂ ਆਲੀਆਂ ਭੋਲੀਆਂ ਗੱਲਾਂ 'ਚੋਂ
ਧੀਆਂ ਦੀ ਅਰਥਮਈ ਜ਼ਿੰਦਗੀ ਨਜ਼ਰ ਆਉਂਦੀ
ਉਨ੍ਹਾਂ ਦੇ ਗੁੱਡੀਆਂ-ਪਟੋਲਿਆਂ ਦੇਖ
ਧੀਆਂ ਦਾ ਬਚਪਨ ਤੇ ਖੇਡਾਂ ਯਾਦ ਆਉਂਦੀਆਂ
ਤੇ ਉਨ੍ਹਾਂ ਦੀਆਂ ਮਾਸੂਮ ਹਰਕਤਾਂ 'ਚੋਂ
ਧੀਆਂ ਦੇ ਸੋਚ-ਅੰਬਰ ਦੇ ਨਕਸ਼ ਉਘੜਦੇ।

ਦੋਹਤਰੀਆਂ ਘਰ ਵਿਚ ਰੌਣਕ ਲਾਉਂਦੀਆਂ
ਘਰ ਨੂੰ ਬੋਲਣਾ ਤੇ ਮੁਸਕਰਾਉਣਾ ਯਾਦ ਕਰਵਾਉਂਦੀਆਂ
ਤੇ ਨਾਨਕਿਆਂ ਦੀ ਝੋਲੀ 'ਚ ਸਾਹਾਂ ਦੀਆਂ ਖ਼ੈਰਾਂ ਪਾਉਂਦੀਆਂ।

ਦੋਹਤਰੀਆਂ ਆਉਂਦੀਆਂ ਤਾਂ
ਜ਼ਿੰਦਗੀ ਦਾ ਨਾਦ
ਵਿਹੜੇ ਵਿਚ ਬਚਪਨੀ ਅਲਫਾਜ਼
ਤੇ ਨਿੱਕੀਆਂ ਸੋਚਾਂ ਦੀ ਵਡੇਰੀ ਪ੍ਰਵਾਜ਼
ਰੁਆਂਸੀ ਫਿਜ਼ਾ ਦੇ ਨਾਮ ਹੋ ਜਾਂਦੀ
ਤੇ ਨਾਨਕਾ ਘਰ ਜਿਉਂਦਾ ਹੋ ਜਾਂਦਾ।

ਦੋਹਤਰੀਆਂ ਕੁਝ ਸਮਾਂ ਬਿਤਾਅ
ਆਪਣੇ ਘਰਾਂ ਨੂੰ ਪਰਤ ਜਾਂਦੀਆਂ
ਤੇ ਉਨ੍ਹਾਂ ਦੇ ਫਿਰ ਆਉਣ ਦੀ ਆਸ 'ਚ
ਉਦਰਿਆ ਹੋਇਆ ਨਾਨਕਾ ਘਰ
ਦਰਾਂ ਤੇ ਚਿੱਪਕੀ ਉਡੀਕ ਜਾਂਦਾ।

ਦੋਹਤਰੀਆਂ
ਨਾਨਕੇ ਘਰ ਆਉਂਦੀਆਂ
ਤੇ ਕੰਧਾਂ ਨੂੰ ਘਰ ਬਣਾਉਂਦੀਆਂ।

ਦਰਅਸਲ ਨਿੱਕੇ-ਨਿੱਕੇ ਬੱਚੇ ਬਹੁਤ ਹੀ ਸੰਵੇਦਨਸ਼ੀਲ। ਛੋਟੇ ਹੁੰਦਿਆਂ ਵੀ ਵੱਡੀਆਂ ਦਿਲੀ ਭਾਵਨਾਵਾਂ ਨਾਲ ਲਬਰੇਜ਼। ਜੇ ਮਾਪੇ ਬੱਚਿਆਂ ਦੇ ਸਾਹੀਂ ਜਿਉਂਦੇ ਨੇ ਤਾਂ ਇਹ ਨਿੱਕੇ ਹੱਥਾਂ, ਨਿਰਛਲ ਅਤੇ ਮੋਹਵੰਤੀ ਸੋਚ ਵਾਲੇ ਬੱਚੇ ਵੀ ਆਪਣੀ ਮਾਂ ਦੀ ਹੁੰਗਰ ਸੁਣ ਕੇ ਕਿਵੇਂ ਪਸੀਜਦੇ, ਇਹ ਨਜ਼ਾਰਾ ਜਦ ਮੈਂ ਅੱਖੀਂ ਦੇਖਿਆ ਤਾਂ ਮੇਰੀ ਕਲਮ 'ਚ ਕਵਿਤਾ ਦੀ ਕਿਣਮਿਣ ਹੋਣ ਲੱਗੀ;

ਮਾਂ ਦੀ 'ਹਾਏ ਹਾਏ' ਸੁਣ
ਤਿੰਨ ਕੁ ਸਾਲ ਦੀ ਬੱਚੀ ਨੂੰ
ਭੁੱਲ ਗਿਆ ਖੇਡਣਾ
ਭੱਜ ਕੇ ਮਾਂ ਕੋਲ ਆਈ
ਕੌਲੀ 'ਚੋਂ ਖਿਚੜੀ ਦਾ ਚਮਚਾ
ਮਾਂ ਦੇ ਮੂੰਹ 'ਚ ਪਾਇਆ
ਦਰਾਜ ਚੋਂ ਚੂਸਣ ਵਾਲੀ ਗੋਲੀ ਲੱਭ
ਮਾਂ ਦੇ ਮੂੰਹ 'ਚ ਪਾਈ
ਕਦੇ ਪਾਣੀ ਪਿਲਾਉਂਦੀ
ਤੇ ਕਦੇ ਸਿਰ ਦਬਾਉਂਦੀ
ਫਿਰ
ਬੱਚੀ ਨੇ ਯੱਕਦਮ
ਖਿਡੌਣਾ ਸਟੈਥੋਸਕੋਪ ਲਿਆ
ਮਾਂ ਨੂੰ ਚੈਕ ਕੀਤਾ
ਤੇ ਕਹਿਣ ਲੱਗੀ,
'ਸਭ ਠੀਕ ਹੈ'।

ਪਲ 'ਚ ਹੀ
ਬੱਚੀ
ਡਾਕਟਰ-ਮਾਂ ਬਣ ਗਈ
ਤੇ ਮਾਂ
ਨਿੱਕੀ ਜਹੀ ਬੱਚੀ।

ਮੇਰੀ ਸਾਢੇ ਤਿੰਨ ਕੁ ਸਾਲ ਦੀ ਦੋਹਤਰੀ ਅਕਸਰ ਹੀ ਹਫ਼ਤੇ ਵਿਚ ਤਿੰਨ ਕੁ ਦਿਨ ਸਾਡੇ ਕੋਲ ਹੁੰਦੀ ਜਦ ਬੇਟੀ ਕੰਮ 'ਤੇ ਜਾਂਦੀ। ਉਹ ਬਹੁਤ ਸਾਰੇ ਰੁਝੇਵੇਂ ਪੈਦਾ ਕਰਦੀ। ਦਰਅਸਲ ਉਸਦੀ ਆਮਦ ਸਾਡੇ ਘਰ ਦੀਆਂ ਕੰਧਾਂ ਨੂੰ ਘਰ ਬਣਾਉਂਦੀ। ਹਰ ਕੰਧ 'ਤੇ ਉਸਦੀਆਂ ਕਲਾ-ਕਿਰਤੀਆਂ। ਹਰ ਕਮਰਾ ਉਸਦੇ ਨਕਸ਼ਾਂ ਦੀ ਪਛਾਣ। ਹਰ ਕਾਰਜ ਵਿਚ ਉਸਦੀ ਸ਼ਮੂਲੀਅਤ ਅਤੇ ਹਰ ਗੱਲ ਵਿਚ ਉਸਦਾ ਦਖ਼ਲ। ਪ੍ਰਸ਼ਨਾਂ ਦੀ ਲੜੀ ਉਹ ਕਦੇ ਵੀ ਟੁੱਟਣ ਨਾ ਦਿੰਦੀ। ਉਸਦੇ ਦਿਨ ਭਰ ਦੇ ਰੁਝੇਵਿਆਂ ਵਿਚੋਂ ਨਾਜ਼ਲ ਹੋਈ ਕਵਿਤਾ ਹੈ;

ਨਿੱਕੀ ਬੱਚੀ ਘਰ ਆਉਂਦੀ
ਗਮਲਿਆਂ ਦੇ ਬੂਟਿਆਂ ਨੂੰ ਪਾਣੀ ਪਾਉਂਦੀ
ਪੱਤਿਆਂ ਨੂੰ ਪਲੋਸਦੀ
ਤੇ ਦੇਰ ਤੀਕ ਬੂਟਿਆਂ ਨਾਲ ਗੱਲਾਂ ਕਰਦੀ।

ਚਾਹ ਬਣਾਉਣ ਲੱਗਾਂ
ਤਾਂ ਉਸ ਨੂੰ ਚਾਅ ਹੁੰਦਾ ਇਲੈਚੀ ਕੁੱਟਣ ਦਾ
ਬੋਤਲ ਦਾ ਬੱਚਿਆ ਦੁੱਧ ਚਾਹ 'ਚ ਪਾਉਣ ਲਈ ਦਿੰਦੀ
ਤੇ ਫਿਰ ਪੋਲੇ ਜਹੇ ਮੂੰਹ ਨਾਲ ਕਹਿੰਦੀ,
"ਦੁੱਧ 'ਚ ਥੋੜ੍ਹੀ ਜਹੀ ਚਾਹ ਪਾ ਕੇ ਮੈਨੂੰ ਦੇਣਾ
ਮੈਂ ਡੋਬ ਕੇ ਕੁੱਕੀ ਖਾਣੀ ਆ"।

ਉਸ ਦੇ ਹੁੰਦਿਆਂ
ਘਰ 'ਚ ਆਉਣ ਵਾਲੇ ਵਾਸਤੇ
ਜੁੱਤੀ ਤੇ ਜੈਕੇਟ ਲਾਹ ਕੇ ਬੈਠਣ ਦਾ ਹੁਕਮ ਹੁੰਦਾ।

ਕਦੇ ਚਿੱਟੇ ਕਾਗਜ਼ ਤੇ ਲੀਕਾਂ ਨਾਲ
ਖ਼ਿਆਲੀ ਤਸਵੀਰਾਂ ਵਾਹੁੰਦਿਆਂ
ਆਪਣੇ ਆਪ ਵਿਚ ਗਵਾਚ ਜਾਂਦੀ।

ਕਦੇ ਖਿਡੌਣੇ ਨੂੰ ਫ਼ੋਨ ਬਣਾ
ਸੈਲਫ਼ੀ ਖਿੱਚਦੀ
ਤੇ ਆਪਣੀ ਮੰਮੀ ਨੂੰ ਭੇਜ ਦਿੰਦੀ
ਫ਼ੋਨ ਤੇ ਉਸ ਦੀਆਂ ਆਲੀਆਂ ਭੋਲ਼ੀਆਂ ਗੱਲਾਂ 'ਚੋਂ
ਬਚਪਨੀ ਬਾਦਸ਼ਾਹਤ ਝਲਕਦੀ।

ਬੱਚੀ ਹੀ ਦੱਸਦੀ ਕਿ
ਮੈਂ ਕਿਹੜੇ ਰੰਗ ਦੀ ਪੱਗ ਬੰਨ੍ਹਣੀ ਏ?
ਤੇ ਉਸ ਦੇ ਨਿੱਕੇ ਨਿੱਕੇ ਹੱਥਾਂ ਨਾਲ ਕੀਤੀ ਪੂਣੀ ਨਾਲ
ਪੱਗ ਮੇਰੇ ਸਿਰ ਦਾ ਤਾਜ ਬਣ ਜਾਂਦੀ।

ਟੀਵੀ ਤੇ ਕੀਰਤਨ ਸੁਣਦਿਆਂ
ਸਾਨੂੰ ਮੱਥਾ ਟੇਕਣ ਲਈ ਆਖਦੀ
ਕਦੇ ਮੂਲ-ਮੰਤਰ ਸੁਣਾਉਣ ਲੱਗਦੀ
ਤੇ 'ਕਦੇ ਵਾਹਿਗੁਰੂ' ਦਾ ਜਾਪ ਸ਼ੁਰੂ ਕਰ ਦਿੰਦੀ।

ਸੱਚੀਂ!
ਬੱਚੀ ਦੀ ਹਾਜ਼ਰੀ ਵਿਚ
ਘਰ,
ਬੱਚੀ ਬਣ ਜਾਂਦਾ
ਅਤੇ ਬੱਚੀ,
ਘਰ ਬਣ ਜਾਂਦੀ।

ਸਭ ਤੋਂ ਖ਼ੂਬਸੂਰਤ ਅਤੇ ਮੋਹਭਿੱਜਾ ਅਹਿਸਾਸ, ਉਸਦੀ ਨਿੱਕੇ-ਨਿੱਕੇ ਹੱਥਾਂ ਨਾਲ ਪਾਈ ਗਲਵਕੜੀ ਹੁੰਦਾ ਜਦ ਉਹ ਮੇਰੇ ਗਲ ਲੱਗ ਕੇ ਮੇਰੇ ਉਪਰ ਹੀ ਘੰਟਾ ਦੋ ਘੰਟੇ ਸੌਂ ਜਾਂਦੀ। ਅਜੇਹੀ ਇਕ ਅਸੀਮ ਅਨੰਦਿਤ ਅਵਸਥਾ ਵਿਚ ਮਨ ਦੀ ਉਡਾਣ ਨੇ ਕਾਵਿਕ ਬੋਲਾਂ ਨੂੰ ਜਨਮ ਦਿਤਾ ਜਿਸਨੇ ਮੇਰੀ ਕਾਵਿਕਾਰੀ ਨੂੰ ਅਲੋਕਾਰੀ ਅਨੁਭਵ ਦਿੱਤਾ ਤੇ ਮੈਂ ਖ਼ੁਦ ਹੀ ਕਵਿਤਾ ਬਣ ਗਿਆ।

ਮੈਂ ਸੋਫ਼ੇ 'ਤੇ ਅੱਧ-ਲੇਟਿਆਂ ਹਾਂ
ਬੱਚੀ ਮੇਰੇ ਉਪਰ ਘੂਕ ਸੁੱਤੀ ਪਈ ਹੈ
ਮੇਰੀ ਛਾਤੀ ਉਸਦਾ ਮਖ਼ਮਲੀ ਵਿਛੌਣਾ
ਤੇ ਮੋਢਾ ਸਿਰ ਦਾ ਸਿਰਹਾਣਾ
ਉਸਦੀ ਮਲੂਕ ਬਾਹਾਂ ਦੀ ਕੁਰੰਗੜੀ
ਮੇਰੇ ਗਲ਼ ਦੁਆਲੇ ਫੁੱਲਾਂ ਦਾ ਹਾਰ
ਉਸਦਾ ਹਰ ਸਾਹ ਬਣ ਰਿਹਾ ਮੇਰੀ ਧੜਕਣ
ਉਸਦੇ ਚਿਹਰੇ ਦੀ ਮਾਸੂਮੀਅਤ
ਮੇਰੀ ਕੁਰੱਖ਼ਤਾ ਲਈ ਸਬਕ
ਉਸਦੀ ਗੂੜੀ ਨੀਂਦ ਦਾ ਪ੍ਰਤਾਪ
ਮੇਰੀ ਭਟਕਣ ਨੂੰ ਵਿਰਾਮ
ਉਸਦੀ ਬਚਪਨੀ ਅਲੋਕਾਰਤਾ
ਮੇਰਾ ਮਖੌਟਾ ਉਤਾਰਦੀ
ਤੇ ਉਸਦੀ ਕੋਮਲਤਾ ਦਾ ਜਲੌਅ
ਮੇਰੇ ਅੰਤਰੀਵ ਦੀ ਰੌਸ਼ਨੀ।

ਬੱਚੀ ਨੂੰ ਸੁੱਤਿਆਂ ਦੇਖ
ਮੇਰਾ ਬਚਪਨਾ ਪਰਤਿਆ
ਜਾਪਿਆ ਮੈਂ ਬਾਪ ਦੀ ਗੋਦ 'ਚ
ਨੀਂਦ ਦੇ ਹਿਲੋਰੇ ਮਾਣ ਰਿਹਾ ਹੋਵਾਂ।


ਬੱਚੀ ਜਾਗ ਪੈਂਦੀ ਹੈ
ਮੇਰਾ ਬਚਪਨੀ ਤਲਿੱਸਮ ਟੁੱਟ ਜਾਂਦਾ ਹੈ
ਤੇ
ਮੈਂ ਫਿਰ ਬਜ਼ੁਰਗ ਬਣ ਜਾਂਦਾ ਹਾਂ।

ਬਜ਼ੁਰਗੀ ਤੋਂ ਬਚਪਨਾ ਅਤੇ ਬਚਪਨਾ ਤੋਂ ਬਜ਼ੁਰਗੀ ਦਾ ਦਾਨ-ਪ੍ਰਦਾਨ ਦਰਅਸਲ ਕੁਦਰਤ ਦੀ ਸਭ ਤੋਂ ਵੱਡੀ ਨਿਆਮਤ। ਖ਼ੁਦਾ ਦਾ ਸ਼ੁਕਰ ਕਿ ਉਸਨੇ ਸਾਨੂੰ ਇਸ ਰੂਹੀ ਨਿਆਮਤ ਨਾਲ ਨਿਵਾਜ਼ਿਆ ਹੈ। ਅਸੀਂ ਆਪਣੇ ਬੱਚਿਆਂ ਦੇ ਬੱਚਿਆਂ ਦੇ ਦੀਦਿਆਂ ਵਿਚ ਤੈਰਦੀ ਖੁਸ਼ੀ, ਨੈਣਾਂ ਵਿਚ ਪਨਪਦੇ ਸੁਪਨੇ ਅਤੇ ਇਕ ਮੋਹਵੰਤੇ ਰਿਸ਼ਤੇ ਦਾ ਸੁਖਨ ਹਾਂ। ਇਹੀ ਸੁਖਨ ਸਾਡੇ ਖੁਸ਼ਹਾਲ ਅਤੇ ਤ੍ਰਿਪਤ ਜੀਵਨ ਦਾ ਮੂਲ-ਅਧਾਰ।

ਕਦੇ ਆਪਣੇ ਬੱਚਿਆਂ ਜਾਂ ਆਪਣੇ ਬੱਚਿਆਂ ਦੇ ਬੱਚਿਆਂ ਦੇ ਨੈਣਾਂ ਵਿਚਲੇ ਖੇੜਿਆਂ ਭਰੇ ਸੰਸਾਰ ਨੂੰ ਦੇਖਣਾ ਤੇ ਮਾਨਣਾ, ਤੁਹਾਡਾ ਜੀਵਨ ਸਫ਼ਲਾ ਹੋ ਜਾਵੇਗਾ।

# ਪੰਥਕ ਹਿੱਤ: ਗੁਰ ਸ਼ਬਦ ਦੇ ਸੰਦਰਭ

ਪੰਥ ਦੇ ਹਿੱਤ ਦੀ ਗੱਲ ਕਰਨ ਵਾਲੇ ਬਹੁਤ ਹਨ। ਧਰਮ ਦਾ ਪ੍ਰਚਾਰ ਹੋਵੇ, ਧਾਰਮਿਕ, ਸਮਾਜਿਕ ਸੰਸਥਾਵਾਂ ਆਪਣੇ ਫਰਜ਼ ਪੂਰੀ ਸ਼ਿੱਦਤ ਨਾਲ ਨਿਭਾਉਣ, ਕੌਮ ਵਿਚ ਏਕਾ ਹੋਵੇ, ਪੰਥ ਪ੍ਰਫੁਲਿਤ ਹੋਵੇ, ਇਹ ਕੌਣ ਨਹੀਂ ਚਾਹੁੰਦਾ। ਇਨ੍ਹਾਂ ਸਵਾਲਾਂ 'ਤੇ ਨਿਤ ਨਵੀਂ ਬਹਿਸ ਛਿੜਦੀ ਰਹਿੰਦੀ ਹੈ। ਇਹ ਵੇਖਦਿਆਂ ਖਾਸਾ ਸਮਾਂ ਗੁਜ਼ਰ ਗਿਆ ਹੈ ਪਰ ਹਾਲਾਤ ਬਦਲੇ ਨਹੀਂ ਜਾਪਦੇ। ਚਿੰਤਾ ਕੀਤੀ ਜਾ ਰਹੀ ਹੈ ਪਰ ਗੱਲ ਚਿੰਤਾ ਤੱਕ ਹੀ ਸੀਮਤ ਹੋ ਗਈ ਹੈ। ਇਸ ਕਾਰਨ ਪਿੱਛੇ ਮੁੜ ਕੇ ਵੇਖਣਾ ਤਾਂ ਬਣਦਾ ਹੈ ਕਿ ਘਾਟ ਕਿੱਥੇ ਹੈ। ਅੱਜ ਕਿਉਂ ਧਰਮ ਪ੍ਰਚਾਰ ਦੀ ਲੋੜ ਮਹਿਸੂਸ ਹੋ ਰਹੀ ਹੈ, ਸੰਸਥਾਵਾਂ ਦੀ ਜ਼ਿੰਮੇਵਾਰੀ 'ਤੇ ਸਵਾਲ ਚੁੱਕੇ ਜਾ ਰਹੇ ਹਨ, ਸਾਰੇ ਹੀ ਏਕਤਾ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਦੇ ਹਨ, ਕੌਮ ਦੀ ਚੜ੍ਹਦੀਕਲਾ ਲਈ ਚਿੰਤਤ ਹਨ ਪਰ ਇਹ ਹਾਲਤ ਕਿਉਂ। ਸਦਾ ਆਸ ਬੰਨ੍ਹਣ ਵਾਲੇ ਗੁਰੂ ਦੇ ਪੰਥ ਵਿਚ ਉਦਾਸੀ ਕਿਉਂ। ਜਿਸ ਦਾ ਮੁਖ ਗੁਰੂ ਵੱਲ ਹੈ ਉਸ 'ਤੇ



ਡਾ. ਸਤਿੰਦਰ ਪਾਲ ਸਿੰਘ, ਸਿਡਨੀ
akaalpurkh.7@gmail.com

ਤਾਂ ਗੁਰੂ ਦੀ ਮਿਹਰ ਨਿਰੰਤਰ ਵਰ੍ਹਦੀ ਹੈ, ਸਦਾ ਸੁੱਖ ਵਰਤਦਾ ਹੈ। ਜਿਸ ਨੇ ਗੁਰੂ ਦੀ ਮੰਨ ਲਈ ਗੁਰੂ ਨੇ ਉਸ ਨੂੰ ਪਾਤਸ਼ਾਹੀ ਸੌਂਪ ਦਿੱਤੀ 'ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ'। ਅੱਜ ਖੁਸ਼ੀ ਨਹੀਂ ਹੈ, ਪਾਤਿਸ਼ਾਹੀ ਨਹੀਂ ਹੈ ਤਾਂ ਵਿਚਾਰ ਕਰਨਾ ਬਣਦਾ ਹੈ ਕਿ ਸਿੱਖ ਗੁਰੂ ਦੀ ਨਦਰਿ ਤੋਂ ਵਾਂਝਾ ਤਾਂ ਨਹੀਂ ਹੋ ਰਿਹਾ ਹੈ।

ਗੁਰੂ ਦਾ ਹੁਕਮ ਸੀ ਕਿ ਸਿੱਖ ਆਪਣੀ ਦੇਹ ਨੂੰ ਘੋੜੀ ਸਮਝੇ ਜਿਸ 'ਤੇ ਬੈਠ ਕੇ ਉਸ ਨੇ ਨਿਰਬਾਨ ਪਦ ਪ੍ਰਾਪਤ ਕਰਨਾ ਹੈ। ਪਰ ਇਹ ਮਨੋਰਥ ਭੁੱਲ ਕੇ ਦੇਹ ਨੂੰ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਲਈ ਵਰਤਿਆ ਜਾ ਰਿਹਾ ਹੈ। ਗੁਰੂ ਨੇ ਕਿਹਾ ਸੀ ਕਿ ਮੁਖ ਵਿਚ ਗੁਰੂ ਦੇ ਗਿਆਨ ਦੀ ਲਗਾਮ ਹੋਵੇ ਪਰ ਲਗਾਮ ਬਦਲ ਕੇ ਲੋਭ ਦੀ ਹੋ ਗਈ ਹੈ। ਗੁਰੂ ਦੀ ਸੇਧ ਸੀ ਕਿ ਪ੍ਰੇਮ ਦਾ ਚਾਬੁਕ ਹੋਵੇ ਪਰ ਹੱਥ ਵਿਚ ਨਫਰਤ ਦਾ ਖੜਗ ਫੜ ਲਿਆ ਗਿਆ ਹੈ। ਲੋਭ ਨਾਮ ਜਪਣ ਦਾ ਨਹੀਂ ਕਿ ਨਾਮ ਜਪ ਜਪ ਕੇ ਅੰਤਰ ਦਾ ਸੰਤਾਪ ਸ਼ਾਂਤ ਹੋ ਜਾਏ, ਲੋਭ ਹੈ ਕਿ ਲੋਕ ਪ੍ਰਸ਼ੰਸਾ ਪ੍ਰਾਪਤ ਹੋ ਜਾਏ। ਗੁਰੂ ਦਾ ਸ਼ਬਦ ਯਾਦ ਨਹੀਂ ਹੈ ਕਿ 'ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥' ਮੁੱਖ ਵਿਵਾਦ ਅੱਜ ਪ੍ਰਬੰਧਕ ਵਰਗ ਦਾ ਹੈ। ਕਿਤਨੇ ਪ੍ਰਬੰਧਕ ਆਏ, ਚਲੇ ਗਏ, ਕੋਈ ਯਾਦ ਨਹੀਂ ਕਰਦਾ ਪਰ ਗੁਰਦੁਆਰੇ ਦਾ ਪ੍ਰਬੰਧਕ ਬਣਨ ਲਈ ਸੰਸਾਰ ਦੇ ਜਿਸ ਵੀ ਕੋਨੇ ਵਿਚ ਸਿੱਖ ਹਨ ਆਪਸ ਵਿਚ ਜੂਝ ਰਹੇ ਹਨ, ਵੈਰ ਵਿਰੋਧ ਪਾਲ ਕੇ ਬੈਠੇ ਹੋਏ ਹਨ। ਜਿਸ ਗੁਰਸਿੱਖ ਨੂੰ ਨਾਮ ਜਪਣ, ਨਿਤਨੇਮ ਕਰਨ ਵਿਚ ਸੁੱਖ ਖੋਜਣਾ ਚਾਹੀਦੈ ਜੇ ਉਹ ਕੁਰਸੀ, ਔਹਦੇ ਵਿਚ ਆਪਣਾ ਹਿੱਤ ਵੇਖ ਰਿਹਾ ਹੈ ਤਾਂ ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਸਿੱਖ ਕੌਮ ਵਿਚ ਤਰੇੜਾਂ ਦਾ ਕਾਰਨ ਹੀ ਕੁਰਸੀ ਹੈ। ਸਿੱਖ ਸਮਝ ਰਿਹਾ ਹੈ ਕਿ ਔਹਦੇ, ਕੁਰਸੀ ਦਾ ਮਿਲਣਾ ਹੀ ਪ੍ਰਾਪਤੀ ਹੈ ਕਿਉਂਕਿ ਉਸ ਨੇ ਗੁਰੂ ਦੀ ਸਿਖਿਆ 'ਤੇ ਭਰੋਸਾ ਹੀ ਨਹੀਂ ਕੀਤਾ ਕਿ 'ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥' ਜੇ ਇਹ ਸਮਝ ਨਹੀਂ ਆ ਰਿਹਾ ਕਿ ਜੀਵਨ ਗੁਰ ਸ਼ਬਦ ਦੇ ਲੜ ਲੱਗਿਆਂ ਹੀ ਸਫਲ ਹੋਣਾ ਹੈ ਤੇ ਉਹ ਸਫਲਤਾ ਪ੍ਰਧਾਨਗੀਆਂ ਵਿਚ ਲੱਭ ਰਿਹਾ ਹੈ ਤਾਂ ਉਸ ਦਾ ਮੁਖ ਗੁਰੂ ਵੱਲ ਹੋਇਆ ਕਿਵੇਂ ਮੰਨਿਆ ਜਾ ਸਕਦਾ ਹੈ।

ਗੁਰੂ ਨੇ ਸਿਖਾਇਆ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥' ਪਰ ਇਹ ਵਿਚਾਰ ਵੀ ਗੁਰੂ ਦਾ ਸਿੱਖ ਧਾਰਨ ਨਹੀਂ ਕਰ ਸਕਿਆ ਹੈ। ਸਿੱਖ ਨੇ ਨਾ ਤਾਂ ਗੁਰੂ ਪਰਮਾਤਮਾ ਨੂੰ ਆਪਣਾ ਪਿਤਾ ਮੰਨਿਆ ਹੈ ਨਾ ਹੀ ਇੱਕ ਦੂਜੇ ਨਾਲ ਭ੍ਰਾਤਾ ਦਾ ਸਬੰਧ ਕਾਇਮ ਕੀਤਾ ਹੈ। ਭ੍ਰਾਤਾ ਦਾ ਸਬੰਧ ਹੁੰਦਾ ਤਾਂ ਮਸਲੇ ਰਲ-ਮਿਲ ਕੇ ਹੱਲ ਕਰਨਾ ਸਿਖ ਲਿਆ ਗਿਆ ਹੁੰਦਾ। ਮਿਲ ਕੇ ਬੈਠਣਾ ਆਇਆ ਹੀ ਨਹੀਂ। ਭ੍ਰਾਤਾ ਮੰਨਿਆ ਹੁੰਦਾ ਤਾਂ ਪਰਿਵਾਰ ਦੀ ਲਾਜ ਰੱਖਣਾ ਸਿਖਿਆ ਹੁੰਦਾ। ਪਰਿਵਾਰ ਦਾ ਪਹਿਲਾ ਅਸੂਲ ਹੁੰਦਾ ਹੈ ਕਿ ਘਰ ਦੀ ਗੱਲ ਬਾਹਰ ਨਹੀਂ ਜਾਣੀ ਚਾਹੀਦੀ। ਮਸਲੇ ਘਰ ਦੀ ਚਾਰ-ਦੀਵਾਰੀ ਅੰਦਰ ਨਿਬੇੜ ਲਓ, ਘਰ ਤੋਂ ਬਾਹਰ ਨਿਕਲੋ ਤਾਂ ਇੱਕ-ਮੁੱਠ ਇੱਕ-ਜੁੱਟ ਨਜ਼ਰ ਆਓ। ਨਜ਼ਰ ਹੀ ਨਾ ਆਓ ਇੱਕ ਦੂਜੇ ਨਾਲ ਖੜ੍ਹੇ ਵੀ ਰਹੋ। ਪਰ ਇਹ ਮਰਿਆਦਾ ਕਿਤਾਬੀ ਸ਼ਬਦਾਵਲੀ ਵਿਚ ਹੀ ਕੈਦ ਹੋ ਕੇ ਰਹਿ ਗਈ ਹੈ। ਇੱਕ ਦੂਜੇ ਨੂੰ ਪਰਾਇਆ ਮੰਨ ਕੇ ਬੇ-ਵਿਸਾਹੀ ਦਾ ਵਿਵਹਾਰ ਕੀਤਾ ਜਾ ਰਿਹਾ ਹੈ। ਦੂਜਿਆਂ 'ਤੇ ਦੋਸ਼ ਲਾਏ ਜਾ ਰਹੇ ਹਨ ਤੇ ਆਪਣੇ ਆਪ ਨੂੰ ਪੰਥ ਦਾ ਸਭ ਤੋਂ ਵੱਡਾ ਹਿਤੈਸ਼ੀ ਸਾਬਿਤ ਕੀਤਾ ਜਾ ਰਿਹਾ ਹੈ। ਪੰਥ ਦਾ ਹਿਤੈਸ਼ੀ ਤਾਂ ਉਹ ਕਿਹਾ ਜਾ ਸਕਦਾ ਹੈ ਜੋ ਗੁਰੂ ਦੀ ਗੱਲ ਮੰਨੇ ਤੇ ਹਰ ਸਿੱਖ ਨੂੰ ਆਪਣਾ ਭ੍ਰਾਤਾ ਜਾਣ ਕੇ ਉਸ ਦੇ ਹਿੱਤ ਦੀ ਸੋਚ ਰੱਖਦਾ ਹੋਵੇ। ਪੰਥਕ ਏਕਤਾ ਦੇ ਨਾਮ 'ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਹੁਕਮਨਾਮੇ ਜਾਰੀ ਹੁੰਦੇ ਹਨ। ਲੱਗਦਾ ਹੈ ਕਿ ਏਕਤਾ ਇੱਕ ਨਾਅਰਾ ਬਣ ਕੇ ਰਹਿ ਗਈ ਹੈ। ਏਕਤਾ ਫਲੀਭੂਤ ਨਹੀਂ ਹੋ ਰਹੀ ਕਿਉਂਕਿ 'ਗੁਰ ਹਾਈ' ਦੀ ਭਾਵਨਾ ਧਾਰਨ ਨਹੀਂ ਕੀਤੀ ਜਾ ਰਹੀ। ਮਨੁੱਖੀ ਬਿਰਤੀ ਹੈ ਤਾਂ ਮਸਲੇ ਹੋਣਾ ਸੁਭਾਵਕ ਹੈ, ਮਤਭੇਦ ਹੋਣਾ ਵੱਡੀ ਗੱਲ ਨਹੀਂ। ਪਰ ਜਿਵੇਂ ਮਸਲੇ ਨਜਿੱਠੇ ਜਾ ਰਹੇ ਹਨ ਇਹ ਗੁਰਸਿੱਖ ਦਾ ਢੰਗ ਨਹੀਂ ਕਿਹਾ ਜਾ ਸਕਦਾ। ਮਸਲੇ ਗੁਰੂ ਕਾਲ ਵਿਚ ਵੀ ਸਨ ਪਰ ਜਿਵੇਂ ਸਹਿਜ ਤੇ ਸਬਰ ਨਾਲ ਰਾਹ ਕੱਢੀ ਗਈ, ਉਹ ਮਸਲੇ ਰਹੇ ਹੀ ਨਹੀਂ ਤੇ ਗੁਰੂ ਪੰਥ ਅਗਾਂਹ ਤੁਰਦਾ ਚਲਾ ਗਿਆ। ਇਹ ਠੀਕ ਹੈ ਕਿ ਗੁਰੂਆਂ ਦੀ ਵਡਿਆਈ ਦੇ ਨੇੜੇ ਵੀ ਪੁੱਜਣਾ ਕਿਸੇ ਦੇ ਵੱਸ ਦਾ ਨਹੀਂ ਪਰ ਪ੍ਰੇਰਨਾ ਤੇ ਸਬਕ ਤਾਂ ਲਿਆ ਹੀ ਜਾ ਸਕਦਾ ਹੈ। ਅੱਜ ਹਰ ਕਿਸੇ ਨੂੰ ਔਹਦਾ ਚਾਹੀਦੈ, ਨਾਮ ਚਾਹੀਦੈ। ਸਭ ਤੋਂ ਮੰਦਭਾਗੀ ਗੱਲ ਤਾਂ ਇਹ ਹੋਈ ਹੈ ਕਿ ਜਿਨ੍ਹਾਂ ਦੇ ਮੋਢਿਆਂ 'ਤੇ ਕੌਮ ਨੂੰ ਇਕੱਠਾ ਕਰਨ ਦੀ ਜ਼ਿੰਮੇਵਾਰੀ ਹੈ ਉਹ ਆਪ ਹੀ ਵੰਡੀਆਂ ਤੇ ਭੰਡੀਆਂ ਦੇ ਕਾਰਨ ਬਣ ਗਏ ਹਨ। ਜੇ ਗੁਰਸਿੱਖ ਨੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀ ਕੇਵਲ ਇੱਕ ਪੰਕਤੀ 'ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ' ਦਾ ਭਾਵ ਹੀ ਮਨ ਵਿਚ ਵਸਾ ਲਿਆ ਹੁੰਦਾ ਤਾਂ ਬਹੁਤ ਸਾਰੇ ਬਜਰ ਕਪਾਟ ਆਪ ਹੀ ਢਹਿ ਜਾਣੇ ਸਨ। ਇਸ ਪੰਕਤੀ ਦਾ ਸਬੰਧ ਕੇਵਲ ਧਾਰਮਕ ਸੰਦਰਭਾਂ ਨਾਲ ਨਹੀਂ ਹੈ। ਇਸ ਤੋਂ ਪਹਿਲਾਂ ਦੀ ਪੰਕਤੀ 'ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ' ਦੀ ਸੇਧ ਪੂਰਨ ਤੌਰ 'ਤੇ ਆਤਮ-ਸਮਰਪਣ ਦੀ ਹੈ ਗੁਰੂ ਅੱਗੇ। ਇਹ ਨਹੀਂ ਹੋ ਸਕਦਾ ਕਿ ਭਗਤੀ, ਬੰਦਗੀ ਲਈ ਤਾਂ ਜੀਉ ਤੇ ਪਿੰਡ ਗੁਰੂ ਅੱਗੇ ਸਮਰਪਤ ਹੋਵੇ ਤੇ ਬਾਕੀ ਵਿਵਹਾਰ ਦਾ ਜੀਉ ਤੇ ਪਿੰਡ ਹੰਕਾਰ, ਵਿਕਾਰਾਂ ਦੇ ਕੈਦੀ ਬਣ ਜਾਣੇ। ਗੁਰਬਾਣੀ ਦੀ ਸੇਧ ਜੀਵਨ ਸ਼ੈਲੀ ਬਦਲਣ ਦੀ ਹੈ, ਨਿਰੋਲ ਤੇ ਨਿਰਮਲ ਅਵਸਥਾ ਸਿਰਜਣ ਦੀ ਹੈ ਕਿਉਂਕਿ ਗੁਰਬਾਣੀ ਜੀਵਨ ਦੇ ਮਨੋਰਥ ਤੇ ਸਫਲਤਾ ਨੂੰ ਹੀ ਗੁਣਾਂ ਦੀ ਪ੍ਰਾਪਤੀ ਨਾਲ ਜੋੜ ਕੇ ਵੇਖਦੀ ਹੈ। ਗੁਰਸਿੱਖ ਲਈ ਪੰਥ ਲੋਕਾਂ ਦਾ ਸਮੂਹ ਨਹੀਂ ਇੱਕ ਖਾਸ ਜੀਵਨ ਮਾਰਗ ਹੈ ਜੋ ਗੁਰੂ ਨਾਨਕ ਜੀ ਨੇ ਉਲੀਕਿਆ ਸੀ। ਪੰਥ ਕੀ ਹੈ, ਪੰਥਕ ਹੋਣਾ ਕੀ ਹੈ ਇਸ ਨੂੰ ਸਮਝੇ ਬਿਨਾ ਹੀ ਪੰਥ-ਪੰਥ ਦੀ ਰਟਨ ਦੇ ਕੋਈ ਮਾਇਨੇ ਨਹੀਂ ਹਨ।

ਇਹ ਵੀ ਸਮਝਣਾ ਪਵੇਗਾ ਕਿ ਪੰਥਕ ਸੰਸਥਾ ਜਾਂ ਦਲ ਕਿਸ ਨੂੰ ਕਿਹਾ ਜਾਵੇ। ਭਾਰਤ ਵਿਚ ਕੋਈ ਸਿਆਸੀ ਦਲ ਜਿਸ ਦਾ ਗਠਨ ਲੋਕਤੰਤਰ ਦੀ ਬਣਤਰ ਅਨੁਸਾਰ ਹੋਇਆ ਹੈ ਅਤੇ ਜਿਸ ਨੂੰ ਚੋਣ ਕਮਿਸ਼ਨ ਦੀ ਮਾਨਤਾ ਪ੍ਰਾਪਤ ਹੈ ਉਸ ਦਾ ਉਦੇਸ਼ ਸਪਸ਼ਟ ਹੋ ਜਾਂਦਾ ਹੈ ਕਿ ਸੱਤਾ ਵਿਚ ਆਉਣਾ, ਸਰਕਾਰ ਬਣਾਉਣਾ ਅਜਿਹੇ ਦਲ ਦਾ ਮੁੱਖ ਮਨੋਰਥ ਹੈ। ਲੋਕਤੰਤਰ ਵਿਚ ਸੱਤਾ ਦੀ ਸਿਆਸਤ ਕਰਨ ਵਾਲਿਆਂ ਕੋਲੋਂ ਪੰਥਕ ਹਿੱਤਾਂ ਦੇ ਪਹਿਰੇਦਾਰ ਬਣਨ ਦੀ ਆਸ ਕਰਨਾ ਵਿਅਰਥ ਹੈ। ਸੱਤਾ ਲਈ ਕਈ ਸਮਝੌਤੇ ਕਰਨੇ ਪੈਂਦੇ ਹਨ, ਕਈ ਦੰਦ ਫੰਦ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਸਿਆਸਤ ਵਿਚ ਜਾਇਜ਼ ਮੰਨਿਆ ਜਾਂਦਾ ਹੈ। ਸੱਤਾ ਦੀ ਸਿਆਸਤ ਲਈ ਧਨ ਵੀ ਜੁਟਾਉਣਾ ਪੈਂਦਾ ਹੈ ਜੋ ਇਮਾਨਦਾਰ ਤਰੀਕਿਆਂ ਨਾਲ ਸੰਭਵ ਨਹੀਂ ਹੈ। ਸਿੱਖ ਕੌਮ ਨੇ ਅੱਜ ਤੱਕ ਸਿਆਸੀ ਤੇ ਪੰਥਕ ਸੰਸਥਾ ਦਾ ਫਰਕ ਨਹੀਂ ਸਮਝਿਆ। ਅਕਾਲੀ ਦਲ ਪੰਜਾਬ ਦਾ ਖੇਤਰੀ ਸਿਆਸੀ ਦਲ ਤਾਂ ਹੋ ਸਕਦਾ ਹੈ, ਚਾਹ ਕੇ ਵੀ ਪੰਥਕ ਦਲ ਨਹੀਂ ਬਣ ਸਕਦਾ ਕਿਉਂਕਿ ਸੱਤਾ ਹਾਸਲ ਕਰਨ ਲਈ ਸਿਰਫ ਸਿੱਖਾਂ ਦੇ ਵੋਟ ਕਾਫੀ ਨਹੀਂ ਹਨ। ਬਾਕੀ ਅਕਾਲੀ ਗੁਟ ਕਾਮਯਾਬ ਨਹੀਂ ਹੋਏ ਕਿਉਂਕਿ ਪੰਥਕ ਹਿੱਤਾਂ ਤੇ ਸੱਤਾ ਦੇ ਵਿਚਕਾਰ ਡੋਲਦੇ ਰਹੇ ਹਨ। ਸਿੱਖ ਕੌਮ ਦੀ ਤ੍ਰਾਸਦੀ ਹੈ ਕਿ ਕੋਈ ਅਜਿਹੀ ਸੰਸਥਾ ਬਣਾਈ ਹੀ ਨਹੀਂ ਜਾ ਸਕੀ, ਜਿਸ ਨੂੰ ਸੱਚੇ ਅਰਥਾਂ ਵਿਚ ਪੰਥਕ ਕਿਹਾ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਪ੍ਰਬੰਧਕੀ ਜ਼ਿਆਦਾ ਹੋ ਜਾਂਦੀ ਹੈ। ਇਹ ਗੱਲ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਛੇਤੀ ਹੀ ਸਮਝ ਆ ਗਈ ਸੀ ਤਾਂ ਹੀ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ ਸੀ। ਪਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਅਕਾਲੀ ਦਲ ਦੀ ਭੂਮਿਕਾ ਦਾ ਪੁਨਰ-ਮੁਲਾਂਕਣ ਹੋਣਾ ਚਾਹੀਦਾ ਸੀ, ਪੰਥ ਅਵੇਸਲਾ ਹੋ ਗਿਆ। ਅੱਜ ਕੌਮ ਦੀ ਲੋੜ ਤਿੰਨ ਪੱਧਰੀ ਸੰਸਥਾਵਾਂ ਹਨ। ਇੱਕ ਤਾਂ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਸੰਸਥਾਵਾਂ, ਦੂਜੀਆਂ ਨਿਰੋਲ ਸਿਆਸੀ ਸੰਸਥਾਵਾਂ ਜਾਂ ਦਲ ਜੋ ਕੌਮ ਦੇ ਹਿੱਤਾਂ ਦੀ ਰਾਜਸੀ ਤਲ ਤੇ ਰਾਖੀ ਕਰ ਸਕਣ, ਤੀਜੀਆਂ ਪੰਥਕ ਸੰਸਥਾਵਾਂ ਜੋ ਧਰਮ ਪ੍ਰਚਾਰ, ਕੌਮੀ ਮਸਲਿਆਂ ਦੇ ਨਿਦਾਨ, ਕੌਮ ਦੀ ਆਪਣੀ ਪਛਾਣ ਬਣਾਈ ਰੱਖਣ ਤੇ ਇੱਕਜੁੱਟ ਰੱਖਣ ਲਈ ਸਮਰਪਿਤ ਹੋਣ। ਜੇ ਪੰਥਕ ਹਿੱਤਾਂ ਲਈ ਕੌਮ ਗੰਭੀਰ ਹੈ ਤਾਂ ਅਜਿਹੇ ਤਿੰਨ ਪੱਧਰੀ ਸੰਗਠਨਾਤਮਕ ਢਾਂਚੇ ਲਈ ਕਮਰ ਕੱਸਣੀ ਪਵੇਗੀ। ਉਪਰਾਲੇ ਤਿੰਨਾਂ ਪੱਧਰਾਂ 'ਤੇ ਕਰਨੇ ਪੈਣਗੇ।

ਸਿੱਖ ਕੌਮ ਅੱਜ ਇੱਕ ਵੈਸ਼ਵਿਕ ਕੌਮ ਬਣ ਚੁਕੀ ਹੈ। ਪੰਥਕ ਹਿੱਤ ਕੇਵਲ ਪੰਜਾਬ ਨੂੰ ਕੇਂਦਰ ਵਿਚ ਰੱਖ ਕੇ ਨਹੀਂ ਸੋਚੇ ਜਾ ਸਕਦੇ। ਕੌਮ ਨੇ ਬਹੁਤ ਗੁਰਦੁਆਰੇ ਉਸਾਰ ਲਏ, ਹੁਣ ਗੁਰਸਿੱਖ ਉਸਾਰਨ ਦੀ ਲੋੜ ਹੈ। ਗੁਰਸਿੱਖ ਨਹੀਂ ਹੋਣਗੇ ਤਾਂ ਗੁਰਦੁਆਰੇ ਆਪਣਾ 'ਗੁਰੂ ਦੁਆਰੈ ਹੋਇ ਸੋਝੀ ਪਾਇਸੀ' ਦਾ ਪਾਵਨ ਮਨੋਰਥ ਗੁਆ ਦੇਣਗੇ। ਗੁਰਦੁਆਰੇ ਸਿਆਸਤ ਤੋਂ ਦੂਰ ਰੱਖੇ ਜਾਣ ਤੇ ਮਾਤਰ 'ਸੋਝੀ ਪਾਇਸੀ' ਦਾ ਮਨੋਰਥ ਪੂਰਾ ਕਰਨ ਲਈ ਸਮਰਪਿਤ ਹੋਣ ਇਸ ਲਈ ਗੁਰਦੁਆਰਿਆਂ ਨੂੰ ਸਿਆਸਤ ਤੋਂ ਮੁਕਤ ਕਰਨਾ ਇੱਕ ਫੌਰੀ ਲੋੜ ਹੈ। ਗੁਰਦੁਆਰਿਆਂ ਵਿਚ ਸਿਰੋਪਾ ਦੇਣ, ਕਿਰਪਾਨ ਭੇਟ ਕਰਨ, ਗੁਰਦੁਆਰੇ ਦੀ ਸਟੇਜ 'ਤੇ ਸਿਆਸੀ ਲੋਗਾਂ ਦੇ ਬੋਲਣ 'ਤੇ ਫੌਰਨ ਰੋਕ ਲਗਾਈ ਜਾਣੀ ਚਾਹੀਦੀ ਹੈ। ਸਿਰੋਪੇ, ਕਿਰਪਾਨਾਂ ਅੱਜ ਸਿਆਸੀ ਖੁਸ਼ਾਮਦ ਦੇ ਹਥਿਆਰ ਬਣ ਗਏ ਹਨ। ਸਿੱਖੀ ਦੇ ਪ੍ਰਤੀਕਾਂ ਦੀ ਇਸ ਤੋਂ ਭਾਰੀ ਬੇਅਦਬੀ ਹੋਰ ਨਹੀਂ ਹੋ ਸਕਦੀ। ਕਿਧਰੇ ਕਕਾਰ ਪਾ ਕੇ ਜਾਣ ਦੀ ਇਜਾਜ਼ਤ ਨਾ ਮਿਲੇ ਤਾਂ ਰੌਲਾ ਪਾ ਦਿੱਤਾ ਜਾਂਦਾ ਹੈ ਪਰ ਆਪ ਅਸੀਂ ਗੁਰਦੁਆਰਿਆਂ ਵਿਚ ਕੀ ਕਰ ਰਹੇ ਹਾਂ ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਇਸ ਬਾਰੇ ਕੀ ਕਦੇ ਸੋਚਿਆ ਗਿਆ ਹੈ। ਗੁਰਦੁਆਰਾ ਗੁਰੂ ਦਾ ਦਰਬਾਰ ਹੈ। ਸ਼ੋਭਾ ਬਸ ਉਸ ਦੀ ਹੈ, ਬਾਕੀ ਕੋਈ ਵੀ ਆਵੇ, ਉਸ ਦਾ ਦਾਸ, ਸੇਵਕ ਹੈ। ਗੁਰੂ ਦੇ ਦਰਬਾਰ ਵਿਚ ਦੋ ਹੀ ਥਾਂ ਹਨ, ਗੁਰੂ ਜਾਂ ਉਸ ਦੇ ਦਾਸ। ਕੋਈ ਵਿਤਕਰਾ ਗੁਰੂ ਦੇ ਦਰਬਾਰ ਦੀ ਮਰਿਆਦਾ ਦੀ ਉਲੰਘਣਾ ਹੈ। ਜਿਸ ਦਿਨ ਇਹ ਮਰਿਆਦਾ ਲਾਗੂ ਹੋ ਗਈ, ਗੁਰਦੁਆਰਿਆਂ ਦੇ ਨੱਬੇ ਫ਼ੀਸਦੀ ਪ੍ਰਬੰਧਕੀ ਵਿਵਾਦ ਆਪ ਹੀ ਦੂਰ ਹੋ ਜਾਣਗੇ। ਗੁਰਦੁਆਰੇ 'ਏਤੁ ਦੁਆਰੈ ਧੋਇ ਹਛਾ ਹੋਇਸੀ' ਦੀ ਪਛਾਣ ਬਣਨ। ਇਹ ਗੁਰਦੁਆਰੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਨਾ ਕਿ ਬਿਲਡਿੰਗਾਂ ਦੀ ਉਸਾਰੀ, ਲੰਗਰ, ਸਿਰੋਪੇ ਤੇ ਖਰਚੀਲੇ ਸਮਾਗਮ।

ਗੁਰੂ ਦਾ ਬਣਨ ਲਈ ਇੱਕੋ ਸੰਵਿਧਾਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ। ਸੰਵਿਧਾਨ ਨਾਲ ਕਿਸੇ ਦੇਸ਼ ਦਾ ਰਾਜ ਚੱਲਦਾ ਹੈ, ਗੁਰਬਾਣੀ ਨਾਲ ਗੁਰਸਿੱਖ ਦਾ ਜੀਵਨ ਚੱਲਦਾ ਹੈ, ਪੰਥ ਚੱਲਦਾ ਹੈ। ਗੁਰਸਿੱਖੀ ਦਾ ਅਰਥ ਹੈ ਗੁਰਸਿੱਖ ਦਾ ਚਿੰਤਨ ਤੇ ਆਚਰਣ ਗੁਰੂ ਦੇ ਹੁਕਮ ਅਨੁਸਾਰ ਹੋਣਾ। ਪੰਥ ਦੀ ਗੱਲ ਕਰਨ ਦਾ ਨੈਤਿਕ ਹੱਕ ਉਸ ਨੂੰ ਹੈ ਜੋ ਗੁਰੂ ਦਾ ਬਣ ਗਿਆ ਹੈ।

# ਸਿਫਰਾਂ ਦੀ ਗੁਲਾਮੀ...

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਚੜ੍ਹਦੀ ਜੁਆਨੀ ਦੇ ਪਹਿਲੇ ਵੀਹ ਸਾਲ ਅੱਖ ਦੇ ਫੋਰ ਵਿਚ ਹਵਾ ਹੋ ਗਏ!

ਫੇਰ ਸ਼ੁਰੂ ਹੋਇਆ ਨੌਕਰੀ ਲੱਭਣ ਦਾ ਸੰਘਰਸ਼....ਚੰਗੀ-ਮਾੜੀ, ਕੱਚੀ-ਪੱਕੀ, ਸਰਕਾਰੀ-ਪ੍ਰਾਈਵੇਟ....ਇਸ ਗਧੀ-ਗੇੜ 'ਚੋਂ ਲੰਘਦੇ ਹੋਏ ਫੇਰ ਮਿਲਿਆ ਤਨਖਾਹ ਦਾ ਪਹਿਲਾ ਚੈਕ ਓਸੇ ਵੇਲੇ ਬੈਂਕ ਵਿਚ ਜਮ੍ਹਾਂ ਹੋ ਗਿਆ...!

ਫੇਰ ਸ਼ੁਰੂ ਹੋਈ ਬੈਂਕ ਅਕਾਊਂਟ ਵਿਚੋਂ ਹੋਰ ਸਿਫਰਾਂ ਜੋੜਨ ਦੀ ਨਾ-ਮੁੱਕਣ ਵਾਲੀ ਲੜੀ!

ਰੋਜ਼ ਸੁਵੇਰੇ ਉੱਠ ਕੇ ਸੋਚਦਾ ਕੇ ਅੱਜ ਕੋਈ ਜੁਗਾੜ ਲੱਗੇ ਕੇ ਬੈਂਕ ਜਮਾਂ ਪੂੰਜੀ ਵਿਚ ਇੱਕ ਸਿਫ਼ਰ ਹੋਰ ਵਧ ਜਾਵੇ!

ਇਸੇ ਦੌਰਾਨ ਦੋਸਤਾਂ 27 ਸਾਲਾਂ ਦਾ ਕੇਕ ਵੀ ਕੱਟ ਦਿੱਤਾ!

ਫੇਰ ਵੇਹੜੇ ਵਿਆਹ ਦਾ ਗਾਉਣ ਧਰਿਆ ਗਿਆ....ਨੌਕਰੀ ਕਰਦੀ ਚੰਨ ਵਰਗੀ ਵਹੁਟੀ ਨੇ ਆਣ ਰੌਣਕ ਲਾਈ....ਖੁਸ਼ੀ ਅਤੇ ਸਿਫਰਾਂ ਦੋਗੁਣੀ ਰਫਤਾਰ ਨਾਲ ਵਧਣ ਲੱਗੀਆਂ!

ਪਹਿਲੇ ਚਾਰ-ਪੰਜ ਸਾਲ ਖੁਸ਼ੀਆਂ ਦੇ ਹੁਸੀਨ ਪਰੀ ਲੋਕ ਵਿਚ ਘੁੰਮਦਿਆਂ ਫਿਰਦਿਆਂ ਨਿੱਕਲ ਗਏ!

ਫੇਰ ਇੱਕ ਦਿਨ ਵੇਹੜੇ ਵਿਚ ਬੱਚੇ ਦੀ ਕਿਲਕਾਰੀ ਗੂੰਜੀ....ਦੋਹਾਂ ਦਾ ਸਾਰਾ ਕੁਝ ਬੱਚੇ ਦੇ ਪੰਘੂੜੇ 'ਤੇ ਕੇਂਦਰਿਤ ਹੋ ਗਿਆ...ਕੱਠੇ ਖਾਣਾ ਪੀਣਾ...ਬੋਲਣਾ...ਗੱਲਾਂ ਕਰਨੀਆਂ ਸਾਰਾ ਕੁਝ ਸੁਪਨਾ ਜਿਹਾ ਹੋ ਗਿਆ!

ਗੱਡੀ ਫਰਨੀਚਰ ਘਰ ਅਤੇ ਐੱਲ ਸੀ ਦੀਆਂ ਕਿਸ਼ਤਾਂ...ਸਕੂਲ ਦੀਆਂ ਫੀਸਾਂ...ਪਾਰਟੀਆਂ ਦੇ ਖਰਚੇ...ਤੇ ਉੱਤੋਂ ਬੈਂਕ ਅਕਾਊਂਟ ਦੀਆਂ ਸਿਫਰਾਂ ਵਧਾਉਣ ਵਾਲੀ ਦੌੜ ਦੀ ਕਦੀ ਨਾ ਮੁੱਕਣ ਵਾਲੀ ਚਿੰਤਾ!

ਕੰਮ ਦੀ ਭੱਠੀ ਵਿਚ ਉਸਦਾ ਜੋਬਨ ਧੁਆਂਖਿਆ ਗਿਆ ਤੇ ਮੈਂ ਕੋਹਲੂ ਦਾ ਬੌਲਦ ਸਵੇਰੇ ਨਿੱਕਲਦਾ ਤੇ ਹਨੇਰੇ ਹੋਏ ਲਾਸ਼ ਬਣ ਘਰ ਮੁੜਦਾ...!

ਫੇਰ ਪਤਾ ਹੀ ਨਾ ਲੱਗਾ ਕਦੋਂ ਜ਼ਿੰਦਗੀ ਦੇ 37 ਸਾਲ ਇਤਿਹਾਸ ਬਣ ਗਏ...!

ਹੁਣ ਘਰ ਵਿਚ ਹਰ ਸੁਖ-ਸਹੂਲਤ ਮੌਜੂਦ ਸੀ ਪਰ ਫੇਰ ਵੀ ਰੋਜ਼ ਸਵੇਰੇ ਫਿਕਰਾਂ ਦੀ ਪੰਡ ਲੈ ਉੱਠਦਾ...ਤੇ ਰਾਤ ਡੂੰਘੀਆਂ ਸੋਚਾਂ ਦੇ ਕਾਲੇ ਬੱਦਲ ਕਿੰਨੀ ਦੇਰ ਨੀਂਦਰ ਨਾ ਪੈਣ ਦਿੰਦੇ!

ਕਈ ਵਾਰ ਬਿਨਾ ਗੱਲ ਤੋਂ ਸ਼ੁਰੂ ਹੋਈ ਬਹਿਸ ਝਗੜੇ ਵਿਚ ਬਦਲ ਜਾਂਦੀ...ਅੰਦਰ ਦਾ ਖਾਲੀਪਣ ਵਧਦਾ ਗਿਆ...ਉਹ ਗੱਲ-ਗੱਲ 'ਤੇ ਚਿੜ ਜਾਂਦੀ ਤੇ ਮੈਂ ਜ਼ਬਰਦਸਤੀ ਹੀ ਚੁੱਪ ਰਹਿਣ ਦੀ ਆਦਤ ਪਾ ਲਈ!

ਫੇਰ ਵਿਆਹ ਦੀ ਦਸਵੀਂ ਵਰ੍ਹੇਗੰਢ ਵੀ ਚੁੱਪ-ਚੁਪੀਤੇ ਲੰਘ ਗਈ...!

ਨਿੱਕਾ ਬਾਲ ਹੁਣ ਸਿਆਣਾ ਹੋ ਗਿਆ ਤੇ ਉਸ ਨੇ ਵੀ



ਆਪਣੇ ਆਪ ਵਿਚ ਰਹਿਣਾ ਸਿੱਖ ਲਿਆ...ਪਰ ਮਿੱਠੀ ਤਸੱਲੀ ਇਹ ਸੀ ਕੇ ਬੈਂਕ ਦੀਆਂ ਸਿਫਰਾਂ ਪੂਰੀ ਰਫਤਾਰ ਨਾਲ ਦਿਨ-ਰਾਤ ਵਧ ਰਹੀਆਂ ਸਨ!

ਇਕ ਦਿਨ 'ਕੱਲੇ ਬੈਠ ਪੁਰਾਣੇ ਦਿਨ ਯਾਦ ਕਰਦੇ ਹੋਏ ਨੇ ਕੋਲੋਂ ਲੰਘਦੀ ਦਾ ਹੱਥ ਫੜ ਲਿਆ...ਆਖਿਆ ਕੋਲ ਬੈਠ...ਆਜਾ ਗੱਲਾਂ ਕਰੀਏ...ਨਾਲੇ ਬਾਹਰ ਚੱਲਦੇ ਹਾਂ...ਕਿਤੇ ਇਕਾਂਤ ਵਿਚ...ਕੁਦਰਤ ਦਾ ਆਨੰਦ ਮਾਣਦੇ ਹਾਂ!

ਖਿਝੀ ਹੋਈ ਮੁੜਕਾ ਪੂੰਝਦੀ ਆਖਣ ਲੱਗੀ, ਸਕੂਲ ਦੇ ਪੇਪਰਾਂ ਦਾ ਢੇਰ ਲੱਗਾ...ਉਹ ਕੌਣ ਚੈਕ ਕਰੂ...ਸਾਰਾ ਕਿਚਨ ਠੀਕ ਹੋਣ ਵਾਲਾ ਪਿਆ ਤੇ ਤੁਹਾਨੂੰ ਰੋਮਾਂਸ ਸੁਝ ਰਿਹਾ...ਗੁੱਸੇ ਨਾਲ ਹੱਥ ਛੁੜਾ ਤੁਰਦੀ ਬਣੀ!

ਤੇ ਫੇਰ ਅਚਾਨਕ ਇੱਕ ਦਿਨ ਜ਼ਿੰਦਗੀ ਦੇ ਪੰਜਤਾਲੀਵੇਂ ਸਾਲ ਨੇ ਆ ਦਸਤਕ ਦਿੱਤੀ...ਐਨਕ ਲੱਗ ਗਈ...ਵਾਲ ਕਾਲੇ ਕਰਨ ਵਾਲੀਆਂ ਡਾਈਆਂ ਦੇ ਢੇਰ ਲੱਗ ਗਏ... ਨਾਲ ਹੀ ਸ਼ੁਰੂ ਹੋ ਗਏ ਡਾਕਟਰਾਂ ਦੇ ਨਾ ਮੁੱਕਣ ਵਾਲੇ ਚੱਕਰ...ਬੱਲਡ ਪ੍ਰੈਸ਼ਰ... ਸ਼ੂਗਰ ਤੇ ਡਾਈਟਿੰਗ ਦੇ ਝਮੇਲਿਆਂ ਨੇ ਆਣ ਘੇਰਾ ਪਾਇਆ!

ਫੇਰ ਇੱਕ ਦਿਨ ਬੇਟੇ ਦਾ ਕਾਲਜ ਮੁੱਕਿਆ ਹੀ ਸੀ ਕਿ ਬੂਹਾ ਖੜਕਿਆ...ਡਾਕੀਆ ਸੀ...ਆਖਦਾ ਮੂੰਹ ਮਿੱਠਾ ਕਰਾਓ...ਪੁੱਤ ਦਾ ਵੀਜ਼ਾ ਲੱਗ ਗਿਆ...ਫੇਰ ਇੱਕ ਦਿਨ ਉਹ ਖੰਭ ਖਿਲਾਰ ਵਿਦੇਸ਼ ਉਡਾਰੀ ਮਾਰ ਗਿਆ!

ਵੇਹੜਾ ਸੁੰਨਾ ਹੋ ਗਿਆ...ਇਸੇ ਵੇਹੜੇ ਵਿਚ ਵੱਜੀ ਉਸਦੀ ਪਹਿਲੀ ਕਿਲਕਾਰੀ ਚੇਤੇ ਆਉਂਦੀ ਤਾਂ ਦਿਲ ਨੂੰ ਧੂ ਜਿਹੀ ਪੈ ਜਾਂਦੀ!

ਫੇਰ ਦੋਵੇਂ 50-55 ਦੇ ਗੇੜ ਵਿਚ ਪੈ ਗਏ...ਬੈਂਕਾਂ ਵਿਚ ਕਿੰਨੀਆਂ ਸਿਫਰਾਂ ਸਨ...ਇਹ ਜਾਨਣ ਦੀ ਜਿਗਿਆਸਾ ਵੀ ਖੋਤੀ-ਖੋਤੀ ਜਾਂਦੀ ਰਹੀ!

ਡਾਕਟਰਾਂ ਬਹੁਤ ਘੁੰਮਣ ਫਿਰਨ ਅਤੇ ਬਾਹਰ ਦੇ ਖਾਣੇ ਦੀ ਮਨਾਹੀ ਕਰ ਦਿੱਤੀ...ਬਾਰੀ ਕੋਲ ਬੈਠੇ ਦੋਨੋਂ ਸਾਰਾ-ਸਾਰਾ ਦਿਨ ਗਲੀ ਵਿਚ ਖੇਡਦੇ ਨਿਆਣੇ ਦੇਖਦੇ ਰਹਿੰਦੇ...ਫੇਰ ਪਤਾ ਹੀ ਨਾ ਲੱਗਦਾ ਕਦੋਂ ਸ਼ਾਮ ਪੈ ਜਾਂਦੀ!

ਇੱਕ ਦਿਨ ਫੋਨ ਦੀ ਘੰਟੀ ਵੱਜੀ...ਦੌੜ ਕੇ ਫੋਨ ਚੁੱਕਿਆ...ਦੂਜੇ ਪਾਸੇ ਬੇਟਾ ਸੀ...ਅਜੇ ਹਾਲ-ਚਾਲ ਹੀ ਪੁੱਛ ਰਿਹਾ ਸਾਂ ਕੇ ਗੱਲ ਵਿਚਾਲਿਓਂ ਕੱਟ ਆਖਣ ਲੱਗਾ, ਡੈਡ ਮੈਂ ਵਿਆਹ ਕਰਾ ਲਿਆ ਹੈ ਇੱਕ ਗੋਰੀ ਨਾਲ, ਤੇ ਬਾਕੀ ਜ਼ਿੰਦਗੀ ਹੁਣ ਇਥੇ ਹੀ ਰਹੂੰ...ਬੈਂਕਾਂ ਵਾਲੀਆਂ ਸਿਫਰਾਂ ਕਿਸੇ ਅਨਾਥ ਘਰ ਨੂੰ ਦਾਨ ਕਰ ਦੇਣਾ...ਮੈਨੂੰ ਹੁਣ ਓਹਨਾਂ ਸਿਫਰਾਂ ਦੀ ਲੋੜ ਨਹੀਂ...ਤੇ ਜੇ ਤੁਹਾਨੂੰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਤੁਸੀਂ ਵੀ ਓਥੇ ਹੀ ਭਰਤੀ ਹੋ ਜਾਇਓ!

ਫੋਨ ਹੱਥੋਂ ਛੁੱਟ ਗਿਆ...ਇੰਝ ਲੱਗਿਆ ਕੋਈ ਆਪਣਾ ਭਰੇ ਬਾਜ਼ਾਰ ਲੁੱਟ-ਪੁੱਟ ਨੰਗਾ ਕਰ ਚਲਾ ਗਿਆ...ਨਾਲਦੀ ਨੂੰ ਵਾਜ ਮਾਰੀ...ਉਹ ਪਾਠ ਕਰਦੀ ਨੱਸੀ ਆਈ...ਕਹਿੰਦੀ ਕੀ ਹੋਇਆ...ਕਿਸਦਾ ਫੋਨ ਸੀ?

ਮੈਂ ਆਖਿਆ ਕਿਸੇ ਦਾ ਨਹੀਂ...ਇੱਕ ਵੇਰ ਫੇਰ ਤਰਲਾ ਕੀਤਾ ਕਿ ਚੱਲ ਅੱਜ ਬਾਹਰ ਚੱਲੀਏ ਕਿੱਤੇ...ਇਸ ਰੌਲੇ ਰੱਪੇ ਅਤੇ ਖੁਦਗਰਜ਼ੀ ਦੇ ਰੇਗਿਸਤਾਨ ਤੋਂ ਕਿਤੇ ਦੂਰ...ਅਜੇ ਗੱਲ ਕਰ ਹੀ ਰਿਹਾ ਸੀ ਕਿ ਮੈਨੂੰ ਆਪਣਾ ਸਰੀਰ ਠੰਡਾ ਹੁੰਦਾ ਜਾਪਿਆ!

ਮੇਰਾ ਠੰਡਾ ਸੀਤ ਸਿਰ ਆਪਣੇ ਮੋਢਿਆਂ 'ਤੇ ਰੱਖ ਅੱਥਰੂ ਵਗਾਉਂਦੀ ਆਖਣ ਲੱਗੀ...ਹਾਂ ਹਾਂ ਚਲੋ ਚਲੀਏ ਕਿਥੇ ਚੱਲਣਾ...ਕਿਥੇ ਗੱਲਾਂ ਕਰਨੀਆਂ...ਚਲੋ ਵੀ...ਹੁਣ ਤੁਰਦੇ ਨਹੀਂ...ਬੋਲਦੇ ਨਹੀਂ!

ਉਸਨੇ ਮੈਨੂੰ ਝੰਜੋੜਿਆ...ਪਰ ਮੈਂ ਤਾਂ ਕਦੋ ਦਾ ਸ਼ਾਂਤ ਹੋ ਚੁੱਕਾ ਸੀ...ਸਦਾ ਵਾਸਤੇ...ਸਭ ਕੁਝ ਵਿਚੇ ਛੱਡ ਛਡਾ!


ਦੋਸਤੋ ਇਹੋ ਹੈ ਮੇਰੀ ਸਿਫਰਾਂ ਦੀ ਗੁਲਾਮੀ ਕਰਦਿਆਂ ਲੰਘੀ ਪੂਰੀ ਜ਼ਿੰਦਗੀ ਦਾ ਸਾਰ ਅੰਸ਼...ਜ਼ਿੰਦਗੀ ਤੁਹਾਡੀ ਹੈ, ਤੇ ਇਸ ਦੇ ਮਾਪ ਦੰਡ ਵੀ ਤੁਸੀਂ ਖੁਦ ਨੇ ਹੀ ਤੈਅ ਕਰਨੇ ਨੇ!

ਜ਼ਿੰਦਗੀ ਜੀਉਣ ਆਏ ਹੋ ਤਾਂ ਆਪਣੇ ਵਾਸਤੇ ਵੀ ਜੀਣਾ ਸਿੱਖੋ...ਇਹ ਸ਼ੁਰੂਆਤ ਅੱਜ ਤੋਂ ਨਹੀਂ ਬਲਕਿ ਹੁਣ ਤੋਂ ਹੀ ਕਰੋ...ਕਿਉਂਕਿ ਕੱਲ੍ਹ ਕਦੀ ਨਹੀਂ ਆਵੇਗਾ...ਵਰਤਮਾਨ ਹੀ ਜ਼ਿੰਦਗੀ ਹੈ ਬਾਕੀ ਤੇ ਸਿਰਫ ਕੰਧ 'ਤੇ ਟੰਗੇ ਹੋਏ ਕਲੰਡਰ ਦੀਆਂ ਤਰੀਕਾਂ...ਕੁਝ ਲੰਘ ਗਈਆਂ ਤੇ ਕੁਝ ਆਉਣ ਵਾਲੀਆਂ!

# ਗੁਰੂ ਨੇ ਸਿੱਖ ਨੂੰ ਕਿਸ ਵਾਸਤੇ ਦਿੱਤੀ ਸੀ ਕਿਰਪਾਨ?

***ਡਾ. ਹਰਜਿੰਦਰ ਸਿੰਘ ਦਿਲਗੀਰ ਦਾ ਇਹ ਲੇਖ ਪੁਰਾਣਾ ਲਿਖਿਆ ਹੋਇਆ ਹੈ, ਜਦੋਂ ਇੰਗਲੈਂਡ ਅਤੇ ਕੈਨੇਡਾ ਵਿਚ ਕੁਝ ਲੋਕਾਂ ਵਲੋਂ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਲੇਖ ਵਿਚ ਉਨ੍ਹਾਂ ਨੇ ਸਿੱਖਾਂ ਦੇ ਜੀਵਨ ਵਿਚ ਕਿਰਪਾਨ ਦੀ ਅਸਲ ਭੂਮਿਕਾ ਬਾਰੇ ਜ਼ਿਕਰ ਕੀਤਾ ਹੈ ਕਿ ਸਿੱਖ ਦੇ ਜੀਵਨ ਵਿਚ ਇਸ ਦੇ ਕੀ ਮਾਅਨੇ ਹਨ। ਲੇਖਕ ਦੇ ਵਿਚਾਰ ਉਨ੍ਹਾਂ ਦੇ ਆਪਣੇ ਹਨ ਅਤੇ ਅਦਾਰਾ 'ਪੰਜਾਬ ਟਾਈਮਜ਼' ਦਾ ਇਸ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਦੇ ਪੱਖ ਜਾਂ ਵਿਰੋਧ ਵਿਚ ਆਏ ਵਿਚਾਰਾਂ ਦਾ ਸਵਾਗਤ ਕੀਤਾ ਜਾਵੇਗਾ।***

ਕਿਰਪਾਨ ਦੋ ਲਫ਼ਜ਼ਾਂ ਦੇ ਮੇਲ ਤੋਂ ਬਣਿਆ ਹੈ: ਕਿਰਪਾ (ਦਇਆ) ਅਤੇ ਆਨ (ਸ਼ਾਨ, ਇੱਜ਼ਤ, ਗ਼ੈਰਤ); ਇਸ ਤਰ੍ਹਾਂ ਸਿੱਖ ਦੀ ਕਿਰਪਾਨ ਦਾ ਮਾਅਨਾ ਹੈ: 'ਬੰਦੇ ਦੇ ਸਨਮਾਨ/ ਇੱਜ਼ਤ ਦੀ ਰੱਖਿਆ ਕਰਨ ਵਾਲੀ।' ਸਿੱਖ ਧਰਮ ਕਿਰਪਾਨ ਨੂੰ ਬਹੁਤ ਉਚਾ ਰੁਤਬਾ ਦਿੰਦਾ ਹੈ। ਪਰ ਕਿਰਪਾਨ ਹਮੇਸ਼ਾ ਕਿਰਪਾ (ਦਇਆ, ਤਰਸ) ਵਿਚ ਲਬਰੇਜ਼ ਰਹਿਣੀ ਚਾਹੀਦੀ ਹੈ ਤੇ ਆਪਣੀ ਤੇ ਦੂਜਿਆਂ ਦੀ ਆਨ, ਇੱਜ਼ਤ ਨੂੰ ਬਚਾਉਣ ਵਾਸਤੇ ਵਰਤੀ ਜਾਣੀ ਚਾਹੀਦੀ ਹੈ ਨਾ ਕਿ ਕਿਸੇ ਜ਼ੁਰਮ ਕਰਨ ਦੇ ਹਥਿਆਰ ਵਜੋਂ। ਕਿਰਪਾਨ ਸਿੱਖ ਵੱਲੋਂ ਗਰੀਬ ਦੀ ਰਾਖੀ ਅਤੇ ਜ਼ੁਲਮ ਨੂੰ ਖ਼ਤਮ ਕਰਨ ਵਿਚ ਰੋਲ ਅਦਾ ਕਰਨ ਦੇ ਫ਼ਰਜ਼ ਨੂੰ ਦਰਸਾਉਂਦੀ ਹੈ। ਇਕ ਪਾਹੁਲੀਏ (ਅੰਮ੍ਰਿਤਧਾਰੀ) ਸਿੱਖ ਵਾਸਤੇ ਕਿਰਪਾਨ ਹਰ ਵੇਲੇ ਉਸ ਕੋਲ ਹੋਣੀ ਲਾਜ਼ਮੀ ਹੈ। ਗੁਰੂ ਸਾਹਿਬ ਦਾ ਹੁਕਮ ਸੀ ਕਿ ਹਰ ਸਿੱਖ ਸ਼ਸਤਰਧਾਰੀ ਹੋਵੇ, ਪਰ 'ਸ਼ਸਤਰ ਗਰੀਬ ਦੀ ਰੱਖਿਆ ਜਰਵਾਣੇ ਦੀ ਭੱਖਿਆ' ਵਾਸਤੇ ਹਨ।



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

ਗੁਰੂ ਨੇ ਕਿਰਪਾਨ ਹਿਫ਼ਾਜ਼ਤ ਦੇ ਹਥਿਆਰ ਵਜੋਂ ਦਿੱਤੀ ਸੀ। ਗਾਤਰੇ ਵਾਲੀ ਕਿਰਪਾਨ ਤਾਂ ਨਿਰਮਲੇ ਪੁਜਾਰੀਆਂ ਦੀ ਅੰਗ੍ਰੇਜ਼ਾਂ ਨੂੰ ਖ਼ੁਸ਼ ਕਰਨ ਵਾਸਤੇ ਕੱਢੀ ਕਾਢ ਸੀ। ਜਦੋਂ ਸਾਰੇ ਹੀਲੇ ਖ਼ਤਮ ਹੋ ਜਾਣ ਤਾਂ ਇਸ ਨੂੰ ਵਰਤਣਾ ਹੈ ਅਤੇ ਉਹ ਵੀ ਕਿਰਪਾ ਨਾਲ ਵਰਤਣਾ ਹੈ। ਜੇ ਕੋਈ ਤੁਹਾਡੀ ਜਾਨ, ਆਨ, ਸ਼ਾਨ 'ਤੇ ਹਮਲਾ ਕਰਨ ਵਾਸਤੇ ਆਉਂਦਾ ਹੈ ਤਾਂ ਤੁਸੀ ਬਚਾਅ ਕਰਨਾ ਹੈ। ਪਰ ਇਸ ਨੂੰ ਕਿਸੇ 'ਤੇ ਹਮਲਾ ਕਰਨ ਵਾਸਤੇ, ਕਿਸੇ ਦੇ ਘਰ, ਡੇਰੇ, ਗੁਰਦੁਆਰੇ, ਸਮਾਗਮ 'ਤੇ ਹਮਲਾ ਕਰਨ ਵਾਸਤੇ ਜਾਂ ਆਪਣੇ ਧੜੇ ਦੇ ਵਿਰੋਧੀ ਵਾਸਤੇ ਨਹੀਂ ਵਰਤਿਆ ਜਾ ਸਕਦਾ॥

ਕਿਸੇ ਦਾ ਵੀ ਪ੍ਰੋ. ਦਰਸ਼ਨ ਸਿੰਘ ਜਾਂ ਡਾ. ਹਰਜਿੰਦਰ ਸਿੰਘ ਦਿਲਗੀਰ ਨਾਲ ਸੋਚ ਵਿਚ ਫ਼ਰਕ ਹੋ ਸਕਦਾ ਹੈ ਪਰ ਉਸ ਨੂੰ ਕਿਰਪਾਨ ਨਾਲ ਖ਼ਤਮ ਕਰਨਾ ਔਰੰਗਜ਼ੇਬ ਦੀ ਸੋਚ ਤਾਂ ਹੋ ਸਕਦੀ ਹੈ, ਗੁਰੂ ਦੀ ਸਿੱਖਿਆ ਇਸ ਦੀ ਇਜਾਜ਼ਤ ਨਹੀਂ ਦੇਂਦੀ। ਆਪਸੀ ਫ਼ਰਕਾਂ ਕਾਰਨ ਦੂਜਿਆਂ 'ਤੇ ਜ਼ਾਤੀ ਹਮਲੇ ਜਾਂ ਜਿਸਮਾਨੀ ਹਮਲੇ ਦੀ ਸਿੱਖੀ ਇਜਾਜ਼ਤ ਨਹੀਂ ਦੇਂਦੀ।

'ਰੋਸ ਨਾ ਕੀਚੈ ਉਤਰ ਦੀਜੈ', ਯਾਨਿ ਜੇ ਕਿਸੇ ਨੇ ਕੋਈ ਗੱਲ ਕਹੀ ਹੈ ਤਾਂ ਉਸ ਦਾ ਦਲੀਲ ਨਾਲ ਜਵਾਬ ਦਿੱਤਾ ਜਾਵੇ। ਉਸ ਦੇ ਮੁਕਾਬਲੇ ਵਿਚ ਤਰਕ ਦੇ ਕੇ ਉਸ ਨੂੰ ਰੱਦ ਕੀਤਾ ਜਾਵੇ। ਡਾਂਗਾਂ ਦਿਖਾ ਕੇ ਗੁੰਡਾਗਰਦੀ ਕਰਨ ਵਾਲਿਆਂ ਨੂੰ ਗੁਰੂ ਨਾਨਕ ਬਾਣੀ ਵਿਚੋਂ 'ਸਿੱਧ ਗੋਸ਼ਟਿ' ਅਤੇ ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਪਤਾ ਲੱਗੇ ਕਿ ਕੀ ਉਹ ਗੁਰੂ ਦੀ ਮੱਤ 'ਤੇ ਚਲ ਰਹੇ ਹਨ ਕਿ ਸਿੱਧ ਜੋਗੀਆਂ, ਸਾਧਾਂ, (1920 ਵਿਚ ਗੁਰਦੁਆਰਿਆਂ 'ਤੇ ਕਾਬਜ਼) ਮਹੰਤਾਂ ਦੇ ਰਾਹ 'ਤੇ ਚਲ ਰਹੇ ਹਨ?

ਤਵਾਰੀਖ਼ ਦਸਦੀ ਹੈ ਕਿ ਜਦ ਲੋਕਾਂ ਨੇ ਪ੍ਰਿਥੀ ਚੰਦ ਨੂੰ ਕਬੂਲ ਨਾ ਕੀਤਾ ਤਾਂ ਉਸ ਨੇ ਗੁਰੂ ਅਰਜਨ ਸਾਹਿਬ 'ਤੇ ਹਮਲਾ ਕਰਨ ਲਈ ਉਦੋਂ ਦੀ ਸਰਕਾਰ ਦੇ ਜਰਨੈਲਾਂ ਦੀ ਮਦਦ ਲਈ ਸੀ। ਅੱਜ ਫੇਰ ਤਵਾਰੀਖ਼ ਆਪਣੇ ਆਪ ਨੂੰ ਦੁਹਰਾਉਂਦੀ ਨਜ਼ਰ ਆ ਰਹੀ ਹੈ। ਅੱਜ ਵੀ ਦਸਮ ਗ੍ਰੰਥੀਏ ਤੇ ਮਹਿਤਾ ਚੌਕ ਵਾਲੇ ਸਰਕਾਰੀ, ਮਾਫ਼ੀਆ ਗੈਂਗਾਂ ਦੀ ਮਦਦ ਨਾਲ ਸਿੱਖ ਵਿਦਵਾਨਾਂ ਦੇ ਖ਼ਿਲਾਫ਼ ਮੋਰਚਾ ਲਾਈ ਬੈਠੇ ਹਨ ਅਤੇ ਸਰਕਾਰ ਵੀ ਮੁਗ਼ਲ ਸਰਕਾਰ ਦੇ ਰਸਤੇ 'ਤੇ ਚਲ ਕੇ ਉਨ੍ਹਾਂ ਦੀ ਮਦਦ ਕਰ ਰਹੀ ਹੈ। ਕੀ ਅਜ ਹਰਨਾਮ ਸਿੰਘ ਧੁੰਮਾ ਧੜਾ ਪ੍ਰਿਥੀਏ ਵਰਗਾ ਰੋਲ ਅਦਾ ਨਹੀਂ ਕਰ ਰਹੇ?

ਇੰਗਲੈਂਡ ਅਤੇ ਕਨੇਡਾ ਵਿਚ ਧੱਕੜ ਟੋਲਿਆਂ ਨੇ ਪ੍ਰੋ. ਦਰਸ਼ਨ ਸਿੰਘ ਦਾ ਕੀਰਤਨ ਰੋਕਣ ਵਾਸਤੇ ਜਾਂ ਦਿਲਗੀਰ ਦੇ ਖ਼ਿਲਾਫ਼ ਧਾਵੇ ਬੋਲੇ, ਕਿਉਂਕਿ ਉਥੇ ਇਨ੍ਹਾਂ ਗੈਂਗਾਂ ਕੋਲ ਡਾਂਗ-ਸੋਚ, ਗੰਡਾਸਾ-ਸੋਚ ਵਾਲੇ ਕਾਫ਼ੀ ਬੰਦੇ ਸਨ; ਪਰ ਨਾਰਵੇ, ਫ਼ਿਨਲੈਂਡ, ਜਰਮਨ, ਬੀ.ਸੀ. (ਕਨੇਡਾ) ਵਿਚ ਇਹ ਕਿਉਂ ਨਹੀਂ ਅੱਗੇ ਵਧੇ? ਕਿਉਂਕਿ ਉਥੇ ਡਾਂਗ ਵਾਲੀ ਜਾਂ ਗੁੰਡਾ-ਸੋਚ ਵਾਲੇ ਨਹੀਂ ਹਨ। ਉਥੇ ਸੰਗਤਾਂ ਨੇ ਹਜੂਮ ਦੇ ਰੂਪ ਵਿਚ ਪਹੁੰਚ ਕੇ ਇਨ੍ਹਾਂ ਡਾਂਗਾਂ ਤੇ ਗੰਡਾਸੇ ਵਾਲਿਆਂ ਨੂੰ ਰੱਦ ਕੀਤਾ। ਇਹ ਗੱਲ ਇਨ੍ਹਾਂ ਡਾਂਗਾਂ ਤੇ ਗੰਡਾਸਿਆਂ ਵਾਲਿਆਂ ਨੂੰ ਵੀ ਪਤਾ ਹੈ ਕਿ ਲੋਕ ਇਨ੍ਹਾਂ ਦੇ ਨਾਲ ਨਹੀਂ ਹਨ ਤੇ ਇਸੇ ਡਰ ਕਾਰਨ ਹੀ ਇਹ ਦਰਸ਼ਨ ਸਿੰਘ ਜਾਂ ਦਿਲਗੀਰ ਦੇ ਖ਼ਿਲਾਫ਼ ਗੰਡਾਸੇ, ਤਲਵਾਰਾਂ ਤੇ ਡਾਂਗਾਂ ਚੁਕਦੇ ਹਨ, ਕੂੜ ਪਰਚਾਰ ਵੀ ਕਰਦੇ ਹਨ ਤੇ ਹੋਰ ਤਰੀਕੇ ਵਰਤਣ ਵਾਸਤੇ ਵੀ ਤਿਆਰ ਰਹਿੰਦੇ ਹਨ।

ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਵਾਰੀਖ਼ ਵਿਚੋਂ ਕੋਈ ਮਿਸਾਲ ਦੇਣ ਕਿ:

ਕੀ ਗੁਰੂ ਨਾਨਕ ਸਾਹਿਬ ਨੇ ਜਾਂ ਗੁਰੂ ਅੰਗਦ ਸਾਹਿਬ ਨੇ ਸ੍ਰੀਚੰਦ ਵੱਲੋਂ ਗੁਰੂ ਨਾਨਕ ਸਾਹਿਬ ਦੇ ਹੁਕਮ ਦੇ ਉਲਟ ਸਮਾਧ ਬਣਾਉਣ ਜਾਂ ਆਪਣਾ ਉਦਾਸੀ ਮਤ ਚਲਾਉਣ ਕਾਰਨ ਉਸ 'ਤੇ ਹਮਲਾ ਕੀਤਾ ਜਾਂ ਕਰਵਾਇਆ ਸੀ?

ਕੀ ਗੁਰੂ ਅਰਜਨ ਸਾਹਿਬ ਨੇ ਕਦੇ ਪ੍ਰਿਥੀ ਚੰਦ ਦੇ ਡੇਰੇ 'ਤੇ ਜਾਂ ਉਸ ਨੂੰ ਸੱਦਣ ਵਾਲੇ ਦੇ ਘਰ ਜਾਂ ਸਮਾਗਮ ਜਾਂ ਇਕੱਠ 'ਤੇ ਹਮਲਾ ਕਰਵਾਇਆ ਸੀ?

ਜਦ ਮਿਹਰਬਾਨ ਵੱਲੋਂ ਆਪਣੀ ਕਵਿਤਾ ਰਚ ਕੇ ਉਸ ਨੂੰ ਗੁਰਬਾਣੀ ਵਜੋਂ ਪ੍ਰਚਾਰਨ ਦੇ ਖ਼ਿਲਾਫ਼ ਕੀ ਗੁਰੂ ਅਰਜਨ ਸਾਹਿਬ ਨੇ ਜਾਂ ਛੇਵੇਂ ਪਾਤਸ਼ਾਹ ਨੇ ਕਦੇ ਮਿਹਰਬਾਨ 'ਤੇ ਕੋਈ ਹਮਲਾ ਕਰਵਾਇਆ ਸੀ?



ਕੀ ਗੁਰੂ ਹਰਿ ਰਾਇ ਸਾਹਿਬ ਨੇ ਰਾਮ ਰਾਇ ਵਲੋਂ ਡੇਰਾ ਬਣਾ ਕੇ ਆਪਣਾ ਫਿਰਕਾ ਬਣਾਉਣ ਦੇ ਖ਼ਿਲਾਫ਼ ਕੋਈ ਫ਼ੌਜੀ ਐਕਸ਼ਨ ਲਿਆ ਸੀ?

ਧੀਰ ਮੱਲ ਵੱਲੋਂ ਆਪਣੇ ਆਪ ਨੂੰ ਗੁਰੂ ਅਖਵਾਉਣ ਦੀ ਹਰਕਤ ਕਰਨ ਦੇ ਖ਼ਿਲਾਫ਼ ਕੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਕਦੇ ਉਸ 'ਤੇ ਕਦੇ ਹਮਲਾ ਕੀਤਾ/ਕਰਵਾਇਆ ਸੀ? ਕੀ ਸੰਗਤਾਂ ਨੇ ਉਸ ਦੇ ਖ਼ਿਲਾਫ਼ ਕਦੇ ਕੋਈ ਐਕਸ਼ਨ ਲਿਆ ਸੀ?

ਇਨ੍ਹਾਂ ਸਾਰਿਆਂ ਦਾ ਜਵਾਬ ਨਹੀਂ ਹੈ। ਗੁਰੂ ਸਾਹਿਬ ਨੇ ਜਾਂ ਸਿੱਖਾਂ ਨੇ ਆਪਣੀ ਗੱਲ ਦਾ ਅਤੇ ਸੱਚ ਦਾ ਪਰਚਾਰ ਕੀਤਾ ਸੀ ਨਾ ਕਿ ਸ੍ਰੀਚੰਦ, ਪ੍ਰਿਥੀ ਚੰਦ, ਮਿਹਰਬਾਨ, ਧੀਰਮੱਲ, ਰਾਮ ਰਾਇ ਜਾਂ ਵਿਰੋਧੀਆਂ ਦੀ ਜ਼ਬਾਨ ਨੂੰ ਡਾਂਗਾਂ, ਬੰਦੂਕਾਂ ਜਾਂ ਸਰਕਾਰ ਦੀ ਮਦਦ ਨਾਲ ਐਫ਼.ਆਈ.ਆਰ ਦਰਜ ਕਰਵਾ ਕੇ ਕੇਸ ਬਣਾ ਕੇ ਬੰਦ ਕਰਨ ਦੀ ਕੋਸ਼ਿਸ਼ ਕੀਤੀ ਸੀ।

ਤੁਹਾਨੂੰ ਹੱਕ ਹੈ ਕਿ ਤੁਸੀ ਵੀ ਦਰਸ਼ਨ ਸਿੰਘ, ਸਪੋਕਸਮੈਨ ਜਾਂ ਦਿਲਗੀਰ ਦੇ ਖ਼ਿਲਾਫ਼ ਪ੍ਰਚਾਰ ਕਰੋ। ਤੁਹਾਡੇ ਕੋਲ ਤਾਂ ਅਖ਼ਬਾਰਾਂ ਹਨ; ਤੁਹਾਡੇ ਕੋਲ ਪੰਜਾਬ ਦਾ (ਦਰਅਸਲ ਸੁਖਬੀਰ ਬਾਦਲ ਦਾ) ਸਾਰਾ ਟੀ.ਵੀ. ਮੀਡੀਆ ਹੈ, ਤੁਹਾਡੇ ਕੋਲ ਹਜ਼ਾਰਾਂ ਗੁਰਦੁਆਰੇ ਹਨ; ਤੁਹਾਡੇ ਕੋਲ ਸ਼੍ਰੋਮਣੀ ਕਮੇਟੀ ਦਾ ਅਰਬਾਂ ਰੁਪਿਆਂ ਦਾ ਫ਼ੰਡ ਹੈ। ਫਿਰ ਤੁਸੀਂ ਕਰੋ ਪ੍ਰਚਾਰ, ਰੱਜ ਕੇ ਬੋਲੋ, ਲਿਖੋ, ਆਪਣੀ ਦਲੀਲ ਦਿਓ। ਜੇ ਤੁਸੀਂ ਸਹੀ ਹੋ, ਅਤੇ, ਜੇ ਤੁਹਾਡਾ ਪੱਖ ਸੱਚਾ ਹੈ, ਤਾਂ ਲੋਕ ਤੁਹਾਡੇ ਨਾਲ ਹੋਣਗੇ, ਅਤੇ ਪ੍ਰੋ. ਦਰਸ਼ਨ ਸਿੰਘ, ਸ. ਜੋਗਿੰਦਰ ਸਿੰਘ ਸਪੋਕਸਮੈਨ, ਡਾਕਟਰ ਦਿਲਗੀਰ ਨੂੰ ਰੱਦ ਕਰ ਦੇਣਗੇ ਤੇ ਉਨ੍ਹਾਂ ਨੂੰ ਪੜ੍ਹਨਾ-ਸੁਣਨਾ ਛੱਡ ਦੇਣਗੇ।

ਪਰ ਲਗਦਾ ਹੈ ਕਿ ਤੁਹਾਨੂੰ ਆਪਣੇ ਆਪ 'ਤੇ ਯਕੀਨ ਨਹੀਂ, ਤੁਸੀਂ ਅੰਦਰੋਂ, ਦਿਲੋਂ, ਰੂਹ ਤੋਂ ਆਪਣੇ ਆਪ ਨੂੰ ਝੂਠੇ ਸਮਝਦੇ ਤੇ ਮੰਨਦੇ ਹੋ; ਤੁਹਾਨੂੰ ਪਤਾ ਹੈ ਕਿ ਲੋਕ ਵੀ ਤੁਹਾਨੂੰ ਗ਼ਲਤ ਸਮਝਦੇ ਹਨ; ਲੋਕ ਤੁਹਾਡੇ ਨਾਲ ਨਹੀਂ ਹਨ। ਤੁਸੀਂ ਇਹ ਜਾਣਦੇ ਹੋ ਕਿ ਲੋਕ ਮੰਨਦੇ ਹਨ ਕਿ ਤੁਸੀਂ ਗ਼ਲਤ ਰਸਤੇ 'ਤੇ ਚਲ ਰਹੇ ਹੋ। ਇਸੇ ਕਰ ਕੇ ਤੁਸੀਂ ਦਲੀਲ ਦੀ ਜਗ੍ਹਾ ਡਾਂਗ, ਧੱਕਾ, ਝੂਠੇ ਮੁਕੱਦਮੇ, ਗੁੰਡਾਗਰਦੀ, ਔਰੰਗਜ਼ੇਬੀ ਰਸਤਾ ਚੁਣਨਾ ਚਾਹੁੰਦੇ ਹੋ।

ਜੇ ਇਨ੍ਹਾਂ ਨੇ ਸਿੱਖ ਤਵਾਰੀਖ਼ ਪੜ੍ਹੀ ਹੈ ਤਾਂ ਇਹ ਏਨਾ ਤਾਂ ਜਾਣਦੇ ਹੋਣਗੇ ਕਿ ਗੁਰੂ ਨਾਨਕ ਸਾਹਿਬ ਨੇ ਤਾਂ ਜਨੇਊ ਪਾਣ ਤੋਂ ਨਾਂਹ ਕਰ ਕੇ ਪਾਂਡਿਆਂ ਦੇ 'ਜਨੇਊ' ਨੂੰ ਰੱਦ ਕੀਤਾ ਸੀ। ਉਨ੍ਹਾਂ ਨੇ ਸੈਦਪੁਰ (ਏਮਨਾਬਾਦ) ਵਿਚ ਮਲਕ ਭਾਗੋ ਦੀ ਰੋਟੀ ਨੂੰ ਖ਼ੂਨ ਨਾਲ ਨਿੱਚੜਦੀ ਹਰਾਮ ਦੀ ਰੋਟੀ ਕਿਹਾ ਸੀ। ਉਨ੍ਹਾਂ ਨੇ ਕੁਰੁਕਸ਼ੇਤਰ ਵਿਚ ਸੂਰਜ ਗ੍ਰਹਿਣ ਦੇ ਮੌਕੇ 'ਤੇ ਹਿਰਨ ਦਾ ਮਾਸ ਰਿੰਨ੍ਹਿਆ ਸੀ। ਉਨ੍ਹਾਂ ਨੇ ਹਰਿਦੁਆਰ ਵਿਚ ਪਿੱਤਰਾਂ ਦੀ ਥਾਂ ਪੁੱਠੇ ਪਾਸੇ ਪਾਣੀ ਦਿੱਤਾ ਸੀ, ਜੈਨੀਆਂ ਨੂੰ ਗੰਦ ਮਲ ਖਾਣ ਵਾਲੇ ਕਹਿ ਕੇ ਰੱਦ ਕੀਤਾ ਸੀ। ਉਨ੍ਹਾਂ ਨੇ ਮੱਕੇ ਵਿਚ ਕਾਅਬੇ ਵੱਲ ਪੈਰ ਕਰ ਕੇ ਰੱਬ ਇਕ ਪਾਸੇ ਵੱਲ ਨਹੀਂ ਬਲਕਿ ਹਰ ਥਾਂ ਹਾਜ਼ਰ ਕਿਹਾ ਸੀ। ਉਨ੍ਹਾਂ ਨੇ ਬਗ਼ਦਾਦ ਵਿਚ ਕੀਰਤਨ ਕਰ ਕੇ ਇਸਲਾਮ ਦੇ ਸੱਤ ਆਸਮਾਨ 'ਤੇ ਸੱਤ ਪਾਤਾਲ ਵਾਲੇ ਫ਼ਲਸਫ਼ੇ ਦੇ ਖ਼ਿਲਾਫ਼ ਬੋਲਿਆ ਸੀ।

ਡਾਂਗਾਂ ਵਾਲਿਓ, ਸੋਚੋ! ਜੇ ਉਥੇ ਪੁਜਾਰੀਆਂ, ਮੌਲਵੀਆਂ, ਜੈਨੀਆਂ, ਜੋਗੀਆਂ ਵਗ਼ੈਰਾ ਨੇ ਤੁਹਾਡਾ ਰਸਤਾ ਫੜਿਆ ਹੁੰਦਾ ਤਾਂ ਉਹ ਗੁਰੂ ਨਾਨਕ ਸਾਹਿਬ ਨੂੰ ਜੇ ਕਤਲ ਨਾ ਵੀ ਕਰਦੇ, ਤਾਂ ਉਨ੍ਹਾਂ ਦੀਆਂ ਹੱਡੀਆਂ ਤੋੜ ਕੇ ਉਨ੍ਹਾਂ ਨੂੰ ਨਕਾਰਾ ਜ਼ਰੂਰ ਕਰ ਦੇਂਦੇ। ਪਰ ਭੈੜਿਓ ਉਹ ਲੋਕ ਤਾਂ ਗੁਰਮਤਿ ਨਹੀਂ ਸਨ ਜਾਣਦੇ ਤੇ ਉਨ੍ਹਾਂ ਨੇ ਫਿਰ ਵੀ ਗੁਰੂ ਨਾਨਕ ਸਾਹਿਬ 'ਤੇ ਹਮਲੇ ਨਹੀਂ ਕੀਤੇ ਬਲਕਿ ਉਨ੍ਹਾਂ ਨਾਲ ਵਿਚਾਰ ਚਰਚਾ ਕੀਤੀ। ਦੂਜੇ ਪਾਸੇ, ਤੁਸੀਂ ਤਾਂ ਗੁਰਮਤਿ ਦੇ ਠੇਕੇਦਾਰ ਅਖਵਾਉਂਦੇ ਹੋ, ਪਰ ਤੁਹਾਡਾ ਰਸਤਾ ਤਾਂ ਸਾਰਾ ਹੀ ਗੁਰੂ ਦੀ ਸਿਖਿਆ ਦੇ ਉਲਟ ਹੈ। ਗੁਰੂ ਸਾਹਿਬ ਨੇ ਨਿਮਰਤਾ ਸਿਖਾਈ ਸੀ; ਗੁਰਮਤਿ ਵਿਚਾਰ ਚਰਚਾ ਸਿਖਾਉਂਦੀ ਹੈ; ਗੁਰੂ ਦੀ ਸਿਖਿਆ ਹੈ ਕਿ ਜਿੱਥੇ ਕੋਈ ਬੰਦਾ ਸਹੀ ਗੱਲ ਨਹੀਂ ਕਰਦਾ ਉਥੋਂ ਉਠ ਕੇ ਚਲੇ ਜਾਓ। ਤੁਸੀਂ ਆਪ ਹੀ ਦੱਸੋ ਕਿ ਤੁਹਾਡਾ ਰਸਤਾ ਗੁਰੂ ਵਾਲਾ ਹੈ ਕਿ ਔਰੰਗਜ਼ੇਬ ਵਾਲਾ। ਖ਼ਿਆਲ ਰੱਖਿਓ ਕਿ ਜੁਝਾਰੂ ਅਤੇ ਗੁੰਡੇ ਵਿਚ ਫ਼ਰਕ ਹੁੰਦਾ ਹੈ!

ਤੁਸੀਂ ਜਾਅਲੀ ਤਖ਼ਤ (ਅਖੌਤੀ ਅਕਾਲ ਤਖ਼ਤ) ਨੂੰ ਤੁਸੀਂ ਵਿਰੋਧੀ ਸੋਚ ਰੱਖਣ ਵਾਲਿਆਂ ਦੇ ਖ਼ਿਲਾਫ਼ ਵਰਤ ਕੇ ਇਸ ਦੀ ਬੇਅਦਬੀ ਕੀਤੀ ਹੈ, ਗੁਰੂਆਂ ਦੀ ਬੇਅਦਬੀ ਕੀਤੀ ਹੈ, ਅਕਾਲ ਪੁਰਖ ਦੀ ਬੇਅਬਦੀ ਕੀਤੀ ਹੈ। ਅਖੌਤੀ ਜਥੇਦਾਰ ਦਾ ਅਹੁਦਾ ਬਣਾ ਕੇ ਸਿੱਖੀ ਸਿਧਾਂਤਾਂ ਦਾ ਘਾਣ ਕੀਤਾ ਹੈ। ਤੁਸੀਂ ਵਿਰੋਧੀ ਨੂੰ ਗ਼ਦਾਰ ਦਾ ਖ਼ਿਤਾਬ ਦੇਂਦੇ ਹੋ। ਪਰ ਗ਼ਦਾਰ ਉਹ ਨਹੀਂ ਹਨ, ਤੁਹਾਡੀਆਂ ਇਹ ਹਰਕਤਾਂ ਸਿੱਖੀ ਸਿਧਾਂਤਾਂ ਨਾਲ ਗ਼ਦਾਰੀ ਹਨ।

ਤੁਸੀਂ ਕਿਰਪਾਨ ਨੂੰ ਆਪਣੇ ਤੋਂ ਵਖਰੀ ਸੋਚ ਰੱਖਣ ਵਾਲੇ ਸਿੱਖਾਂ 'ਤੇ ਚਲਾ ਕੇ ਇਸ ਦੀ ਬੇਅਦਬੀ ਤਾਂ ਕੀਤੀ ਹੀ ਹੈ, ਨਾਲ ਹੀ ਇਸ ਨੂੰ ਦਹਿਸ਼ਤ ਦਾ ਹਥਿਆਰ ਬਣਾਉਣ ਦੀ ਹਰਕਤ ਵੀ ਕੀਤੀ ਹੈ। ਤੁਹਾਡੀ ਹਰਕਤ ਕਿਰਪਾਨ 'ਤੇ ਪਾਬੰਦੀ ਲੁਆਉਣ ਵਲ ਇਕ ਵੱਡਾ ਕਦਮ ਹੈ। ਕਲ੍ਹ ਨੂੰ ਜੇ ਇਹ ਪਾਬੰਦੀ ਲਗਦੀ ਹੈ ਤਾਂ ਤੁਸੀਂ ਸਿੱਖੀ ਦੇ ਵੱਡੇ ਮੁਜ਼ਰਮ ਗਿਣੇ ਜਾਓਗੇ।

ਇਕ ਗੱਲ ਮੈਂ ਬਾਦਲ ਵਿਰੋਧੀਆਂ ਨੂੰ ਵੀ ਪੁੱਛਣੀ ਚਾਹੁੰਦਾ ਹਾਂ ਕਿ ਤੁਹਾਡੇ ਵਿਚੋਂ ਕਈਆਂ ਨੇ ਰਾਗੀ ਦਰਸ਼ਨ ਸਿੰਘ ਤੇ ਹਰਜਿੰਦਰ ਸਿੰਘ ਦਿਲਗੀਰ ਦਾ ਵਿਰੋਧ ਕੀਤਾ ਹੈ। ਪਰ ਇਕ ਗੱਲ ਦੱਸਿਓ ਕਦੇ ਕਿਸੇ ਹੋਰ ਦਾ ਵੀ ਏਨਾ ਤੇ ਏਦਾਂ ਵਿਰੋਧ ਕੀਤਾ ਜੇ? ਕਦੇ ਤੁਹਾਨੂੰ ਮਕਲਾਉਡ ਤੇ ਉਸ ਦੇ ਚੇਲੇ ਨਜ਼ਰ ਨਹੀਂ ਆਏ? ਕੀ ਤੁਹਾਨੂੰ ਕੂਕੇ ਦੇਹਧਾਰੀ ਗੁਰੂ ਦਾ ਪਰਚਾਰ ਕਰਦੇ ਨਹੀਂ ਦਿਸਦੇ? ਉਹ ਤਾਂ ਰਾਧਾਸੁਆਮੀਆਂ, ਸਰਸਾ ਸਾਧ ਤੇ ਹੋਰ ਦੇਹਧਾਰੀਆਂ ਤੋਂ ਵਧ ਸਿੱਖੀ 'ਤੇ ਹਮਲਾ ਕਰਦੇ ਹਨ, ਕਿਉਂਕਿ ਉਹ ਤਾਂ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਅੱਜ ਵੀ 'ਗੁਰਗੱਦੀ' ਚਲਾ ਕੇ ਤੇਰ੍ਹਵਾਂ-ਚੌਧਵਾਂ ਗੁਰੂ ਅਖਵਾ ਰਹੇ ਹਨ। ਤੁਸੀਂ ਉਨ੍ਹਾਂ ਦੇ ਖ਼ਿਲਾਫ਼ ਕੀ ਕਦਮ ਚੁਕਦੇ ਹੋ?

ਗੁਰੂ ਕਦੇ ਪਾਪ ਨੂੰ ਕਬੂਲ ਨਹੀਂ ਕਰਦਾ; ਦੰਭ ਸਿੱਖੀ ਨਹੀਂ; ਝੂਠ ਸਦੀਵੀ ਨਹੀਂ; ਜ਼ੁਲਮ ਦਾ ਨਾਸ ਹੁੰਦਾ ਹੀ ਹੈ; ਅੰਤ ਤੇ ਰੱਬ ਦਾ ਵੈਰ ਹੁੰਦਾ ਹੈ। ਔਰੰਗਜ਼ੇਬ ਦੀ ਮਿਆਦ ਥੋੜ੍ਹਾ ਚਿਰ ਹੈ ਗੁਰਮਤਿ ਸਦੀਵੀ ਹੈ।

# ਕਰਜ਼ੇ ਨਾਲ ਤਰੱਕੀ-ਵਿਸ਼ਵ ਅਰਥਵਿਵਸਥਾ ਲਈ ਖ਼ਤਰਾ

ਮੌਜੂਦਾ ਸਮੇਂ ਵਿਸ਼ਵ ਅਰਥ-ਵਿਵਸਥਾ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਅਮੀਰ ਦੇਸ਼ਾਂ ਵਿਚ ਵਧਦਾ ਕਰਜ਼ਾ ਨਾ ਸਿਰਫ਼ ਉਨ੍ਹਾਂ ਦੀ ਆਪਣੀ ਆਰਥਿਕ ਸਥਿਰਤਾ ਨੂੰ ਚੁਣੌਤੀ ਦੇ ਰਿਹਾ ਹੈ ਸਗੋਂ ਪੂਰੀ ਵਿਸ਼ਵ ਅਰਥ ਵਿਵਸਥਾ ਲਈ ਵੱਡਾ ਖ਼ਤਰਾ ਬਣ ਰਿਹਾ ਹੈ। ਜਾਪਾਨ, ਅਮਰੀਕਾ, ਇਟਲੀ, ਫਰਾਂਸ ਅਤੇ ਬ੍ਰਿਟੇਨ ਵਰਗੇ ਅਮੀਰ ਦੇਸ਼ਾਂ ਵਿਚ ਸਰਕਾਰੀ ਕਰਜ਼ਾ ਆਪਣੇ ਜੀ.ਡੀ.ਪੀ. ਦੇ 100 ਤੋਂ 230 ਫੀਸਦੀ ਤੱਕ ਪਹੁੰਚ ਚੁੱਕਾ ਹੈ। ਇਹ ਅੰਕੜੇ ਨਾ ਸਿਰਫ਼ ਚਿੰਤਾਜਨਕ ਹਨ ਸਗੋਂ ਇਹ ਦਰਸਾਉਂਦੇ ਹਨ ਕਿ ਕਰਜ਼ੇ ਨਾਲ ਤਰੱਕੀ ਦਾ ਮਾਡਲ ਹੁਣ ਆਪਣੀਆਂ ਹੱਦਾਂ ਛੂਹ ਰਿਹਾ ਹੈ ਅਤੇ ਇਸ ਨਾਲ ਵਿਸ਼ਵ ਪੱਧਰ 'ਤੇ ਵਿੱਤੀ ਅਸਥਿਰਤਾ ਦਾ ਖ਼ਦਸ਼ਾ ਵਧ ਰਿਹਾ ਹੈ।



**ਸੰਦੀਪ ਕੁਮਾਰ**
**ਫੋਨ: 70098-07121**

ਅਮੀਰ ਦੇਸ਼ਾਂ ਵਿਚ ਕਰਜ਼ੇ ਦਾ ਵਾਧਾ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਸਾਲ 2008 ਦੀ ਵਿਸ਼ਵ ਵਿੱਤੀ ਸੰਕਟ ਅਤੇ 2020 ਦੀ ਕੋਵਿਡ ਮਹਾਮਾਰੀ ਨੇ ਇਸ ਨੂੰ ਹੋਰ ਤੇਜ਼ ਕਰ ਦਿੱਤਾ। ਇਨ੍ਹਾਂ ਸੰਕਟਾਂ ਵਿਚ ਸਰਕਾਰਾਂ ਨੇ ਅਰਬਾਂ ਡਾਲਰਾਂ ਦੀ ਰਾਹਤ ਪੈਕੇਜਾਂ, ਸਬਸਿਡੀਆਂ ਅਤੇ ਬੇਰੁਜ਼ਗਾਰੀ ਭੱਤੇ ਵਰਗੇ ਖਰਚੇ ਕੀਤੇ ਜਿਸ ਨਾਲ ਕਰਜ਼ਾ ਵਧਿਆ ਪਰ ਆਰਥਿਕ ਵਾਧਾ ਉਸ ਅਨੁਪਾਤ ਵਿਚ ਨਹੀਂ ਵਧ ਸਕਿਆ। ਜਾਪਾਨ ਵਿਚ ਤਾਂ ਕਰਜ਼ਾ ਜੀ.ਡੀ.ਪੀ. ਦੇ ਲਗਭਗ 230-236 ਫੀਸਦੀ ਤੱਕ ਪਹੁੰਚ ਚੁੱਕਾ ਹੈ, ਜੋ ਵਿਸ਼ਵ ਵਿਚ ਸਭ ਤੋਂ ਵੱਧ ਹੈ। ਇਸ ਦੇ ਬਾਵਜੂਦ ਜਾਪਾਨ ਨੇ ਆਪਣੀ ਮੁਦਰਾ ਅਤੇ ਘਰੇਲੂ ਬਚਤਾਂ ਦੇ ਬਲ 'ਤੇ ਇਸ ਨੂੰ ਸੰਭਾਲ ਰੱਖਿਆ ਹੈ, ਪਰ ਇਹ ਸਥਿਤੀ ਲੰਬੇ ਸਮੇਂ ਲਈ ਟਿਕਾਊ ਨਹੀਂ ਹੈ। ਅਮਰੀਕਾ ਵਿਚ ਵੀ ਕਰਜ਼ਾ 125 ਫੀਸਦੀ ਤੋਂ ਵੱਧ ਹੈ ਅਤੇ ਇਹ ਵਧਦਾ ਜਾ ਰਿਹਾ ਹੈ। ਇਟਲੀ ਅਤੇ ਫਰਾਂਸ ਵਿਚ ਵੀ ਇਹ ਅੰਕੜਾ 130-140 ਫੀਸਦੀ ਦੇ ਆਸ-ਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਅਮੀਰ ਦੇਸ਼ਾਂ ਨੇ ਕਰਜ਼ੇ ਨੂੰ ਆਰਥਿਕ ਵਾਧੇ ਦਾ ਸਾਧਨ ਬਣਾ ਲਿਆ ਹੈ ਪਰ ਹੁਣ ਇਹ ਸਾਧਨ ਖ਼ੁਦ ਖ਼ਤਰੇ ਵਿਚ ਬਦਲ ਰਿਹਾ ਹੈ।

ਕਰਜ਼ੇ ਦਾ ਵਧਣਾ ਸਿਰਫ਼ ਅੰਕੜੇ ਨਹੀਂ ਸਗੋਂ ਇਸ ਦੇ ਨਾਲ ਜੁੜੇ ਖ਼ਰਚੇ ਵੀ ਵਧਾਉਂਦਾ ਹੈ। ਵਿਆਜ ਦੇ ਭੁਗਤਾਨ ਹੁਣ ਬਹੁਤ ਵੱਡੇ ਹੋ ਗਏ ਹਨ। ਅਮਰੀਕਾ ਵਿਚ ਵਿਆਜ ਦੇ ਭੁਗਤਾਨ ਸਾਲਾਨਾ ਇੱਕ ਟ੍ਰਿਲੀਅਨ ਡਾਲਰ ਤੋਂ ਵੱਧ ਹੋ ਸਕਦੇ ਹਨ, ਜੋ ਸਿੱਖਿਆ ਜਾਂ ਸਿਹਤ ਸੰਭਾਲ ਵਰਗੇ ਖੇਤਰਾਂ ਨਾਲੋਂ ਵੱਧ ਹੈ। ਜਾਪਾਨ ਵਿਚ ਵੀ ਵਿਆਜ ਦੇ ਭੁਗਤਾਨ ਸਿੱਖਿਆ ਬਜਟ ਨਾਲੋਂ ਕਈ ਗੁਣਾ ਵੱਧ ਹੋ ਸਕਦੇ ਹਨ। ਇਹ ਪੈਸਾ ਜੇਕਰ ਵਿਕਾਸ 'ਤੇ ਖ਼ਰਚ ਹੁੰਦਾ ਤਾਂ ਆਰਥਿਕ ਵਾਧਾ ਵਧ ਸਕਦਾ ਸੀ ਪਰ ਹੁਣ ਇਹ ਸਿਰਫ਼ ਪੁਰਾਣੇ ਕਰਜ਼ੇ ਦੇ ਵਿਆਜ ਭਰਨ ਵਿਚ ਖ਼ਰਚ ਹੋ ਰਿਹਾ ਹੈ। ਇਸ ਨਾਲ ਸਰਕਾਰਾਂ ਨੂੰ ਨਵੇਂ ਖ਼ਰਚੇ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ ਜਿਸ ਨਾਲ ਇੱਕ ਚੱਕਰ ਬਣ ਜਾਂਦਾ ਹੈ ਜਿਸ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਹੈ।

ਇਹ ਸਥਿਤੀ ਵਿਸ਼ਵ ਅਰਥ-ਵਿਵਸਥਾ ਲਈ ਖ਼ਤਰਨਾਕ ਹੈ ਕਿਉਂਕਿ ਅਮੀਰ ਦੇਸ਼ ਵਿਸ਼ਵ ਦੀ ਅਰਥ ਵਿਵਸਥਾ ਦੇ ਮੁੱਖ ਥੰਮੇ ਹਨ। ਜੇ ਅਮਰੀਕਾ ਜਾਂ ਜਾਪਾਨ ਵਿਚ ਵਿੱਤੀ ਸੰਕਟ ਆਇਆ ਤਾਂ ਇਸ ਦਾ ਅਸਰ ਪੂਰੇ ਵਿਸ਼ਵ 'ਤੇ ਪਵੇਗਾ। ਅਮਰੀਕੀ ਡਾਲਰ ਵਿਸ਼ਵ ਦੀ ਰਿਜ਼ਰਵ ਮੁਦਰਾ ਹੈ ਅਤੇ ਯੂ.ਐਸ. ਟਰੈਜ਼ਰੀ ਬਾਂਡਸ ਸਭ ਤੋਂ ਸੁਰੱਖਿਅਤ ਸੰਪਤੀ ਮੰਨੇ ਜਾਂਦੇ ਹਨ। ਜੇ ਇਨ੍ਹਾਂ 'ਤੇ ਭਰੋਸਾ ਘਟਿਆ ਤਾਂ ਵਿਸ਼ਵ ਭਰ ਵਿਚ ਵਿੱਤੀ ਬਾਜ਼ਾਰਾਂ ਵਿਚ ਹਲਚਲ ਮਚ ਸਕਦੀ ਹੈ। ਵਿਆਜ ਦਰਾਂ ਵਧਣਗੀਆਂ, ਸਟਾਕ ਮਾਰਕੀਟਾਂ ਡਿੱਗ ਸਕਦੀਆਂ ਹਨ ਅਤੇ ਵਪਾਰ ਘਟ ਸਕਦਾ ਹੈ। ਯੂਰਪ ਵਿਚ ਇਟਲੀ ਵਰਗੇ ਦੇਸ਼ਾਂ ਦਾ ਵੱਡਾ ਕਰਜ਼ਾ ਯੂਰੋਜ਼ੋਨ ਏਰੀਆ ਭਾਵ ਯੂਰਪੀਅਨ ਯੂਨੀਅਨ ਖੇਤਰ ਲਈ ਖ਼ਤਰਾ ਬਣ ਸਕਦਾ ਹੈ, ਜਿਵੇਂ 2010 ਦੇ ਸੰਕਟ ਵਿਚ ਗ੍ਰੀਸ ਨੇ ਬਣਾਇਆ ਸੀ। ਇਸ ਤਰ੍ਹਾਂ ਦਾ ਸੰਕਟ ਅਮੀਰ ਦੇਸ਼ਾਂ ਤੱਕ ਸੀਮਤ ਨਹੀਂ ਰਹੇਗਾ ਸਗੋਂ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਪ੍ਰਭਾਵਿਤ ਕਰੇਗਾ, ਜਿੱਥੇ ਵਿਆਜ ਦਰਾਂ ਵਧਣ ਨਾਲ ਕਰਜ਼ਾ ਚੁਕਾਉਣਾ ਮੁਸ਼ਕਲ ਹੋ ਜਾਵੇਗਾ।

ਇਸ ਤੋਂ ਇਲਾਵਾ ਵੱਡੇ ਕਰਜ਼ੇ ਨਾਲ ਸਰਕਾਰਾਂ ਦੀ ਨੀਤੀਆਂ ਵਿਚ ਲਚਕ ਘਟ ਜਾਂਦੀ ਹੈ। ਜਦੋਂ ਕੋਈ ਨਵਾਂ ਸੰਕਟ ਆਵੇ, ਜਿਵੇਂ ਮਹਾਮਾਰੀ ਜਾਂ ਭੂ-ਰਾਜਨੀਤਕ ਤਣਾਅ ਤਾਂ ਸਰਕਾਰਾਂ ਕੋਲ ਖ਼ਰਚ ਕਰਨ ਲਈ ਥਾਂ ਘੱਟ ਰਹਿ ਜਾਂਦੀ ਹੈ। ਇਹ ਆਰਥਿਕ ਵਾਧੇ ਨੂੰ ਰੋਕਦਾ ਹੈ ਅਤੇ ਬੇਰੁਜ਼ਗਾਰੀ ਵਧਾਉਂਦਾ ਹੈ। ਅਮੀਰ ਦੇਸ਼ਾਂ ਵਿਚ ਵਧ ਰਹੇ ਵਿਆਜ ਦੇ ਭੁਗਤਾਨ ਨਾਲ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਵਿਚ ਨਿਵੇਸ਼ ਘੱਟ ਹੋ ਰਿਹਾ ਹੈ, ਜੋ ਲੰਬੇ ਸਮੇਂ ਵਿਚ ਉਤਪਾਦਕਤਾ ਅਤੇ ਵਾਧੇ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਅਰਥ ਵਿਵਸਥਾ ਦੀ ਬੁਨਿਆਦ ਕਮਜ਼ੋਰ ਹੁੰਦੀ ਜਾਂਦੀ ਹੈ ਅਤੇ ਇੱਕ ਛੋਟਾ ਜਿਹਾ ਸੰਕਟ ਵੀ ਵੱਡੇ ਸੰਕਟ ਵਿਚ ਬਦਲ ਸਕਦਾ ਹੈ। ਵਿਸ਼ਵ ਪੱਧਰ 'ਤੇ ਵੀ ਇਹ ਖ਼ਤਰਾ ਵਧ ਰਿਹਾ ਹੈ ਕਿਉਂਕਿ ਅਮੀਰ ਦੇਸ਼ਾਂ ਦਾ ਕਰਜ਼ਾ ਵਿਸ਼ਵ ਦੀ ਕੁੱਲ ਜੀ.ਡੀ.ਪੀ. ਦੇ 93-100 ਫੀਸਦੀ ਤੱਕ ਪਹੁੰਚ ਚੁੱਕਾ ਹੈ ਅਤੇ ਇਹ ਵਧਦਾ ਜਾ ਰਿਹਾ ਹੈ। ਇੰਟਰਨੈਸ਼ਨਲ ਮਾਨੀਟਰੀ ਫੰਡ ਅਤੇ ਹੋਰ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਸਥਿਤੀ ਵਿੱਤੀ ਸਥਿਰਤਾ ਲਈ ਖ਼ਤਰਨਾਕ ਹੈ। ਜੇ ਵਿਆਜ ਦਰਾਂ ਵਧੀਆਂ ਜਾਂ ਵਿਸ਼ਵ ਵਿਚ ਮੰਦੀ ਆਈ ਤਾਂ ਬਹੁਤ ਸਾਰੇ ਦੇਸ਼ਾਂ ਨੂੰ ਕਰਜ਼ਾ ਰੋਲਓਵਰ ਕਰਨ ਵਿਚ ਮੁਸ਼ਕਲ ਆ ਸਕਦੀ ਹੈ ਅਤੇ ਇਹ ਵਿੱਤੀ ਸੰਕਟ ਦਾ ਕਾਰਨ ਬਣ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਮੀਰ ਦੇਸ਼ ਆਪਣੇ ਖ਼ਰਚੇ ਘਟਾਉਣ, ਟੈਕਸ ਵਧਾਉਣ ਅਤੇ ਫਿਸਕਲ ਸੰਤੁਲਨ ਵੱਲ ਵਧਣ। ਭਾਵ ਆਮਦਨ ਅਤੇ ਖ਼ਰਚੇ ਵਿਚਕਾਰ ਸੰਤੁਲਨ ਬਣਾਇਆ ਜਾਵੇ। ਪਰ ਰਾਜਨੀਤਕ ਕਾਰਨਾਂ ਕਰਕੇ ਇਹ ਕਦਮ ਚੁੱਕਣਾ ਮੁਸ਼ਕਲ ਹੈ, ਕਿਉਂਕਿ ਲੋਕ ਖ਼ਰਚੇ ਘਟਾਉਣ ਜਾਂ ਟੈਕਸ ਵਧਾਉਣ ਨੂੰ ਪਸੰਦ ਨਹੀਂ ਕਰਦੇ।

ਸਿੱਟੇ ਵਜੋਂ ਕਰਜ਼ੇ ਨਾਲ ਤਰੱਕੀ ਦਾ ਮਾਡਲ ਹੁਣ ਆਪਣੀਆਂ ਸੀਮਾਵਾਂ ਨੂੰ ਪਾਰ ਕਰ ਚੁੱਕਾ ਹੈ। ਅਮੀਰ ਦੇਸ਼ਾਂ ਵਿਚ ਵੱਡਾ ਕਰਜ਼ਾ ਨਾ ਸਿਰਫ਼ ਉਨ੍ਹਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਰਿਹਾ ਹੈ ਸਗੋਂ ਵਿਸ਼ਵ ਅਰਥ ਵਿਵਸਥਾ ਲਈ ਵੀ ਵੱਡਾ ਖ਼ਤਰਾ ਬਣ ਰਿਹਾ ਹੈ। ਜੇ ਸਮੇਂ ਸਿਰ ਇਸ ਨੂੰ ਨਿਯੰਤਰਿਤ ਨਾ ਕੀਤਾ ਗਿਆ ਤਾਂ ਇੱਕ ਵੱਡਾ ਵਿੱਤੀ ਸੰਕਟ ਆ ਸਕਦਾ ਹੈ ਜਿਸ ਦਾ ਅਸਰ ਪੂਰੇ ਵਿਸ਼ਵ 'ਤੇ ਪਵੇਗਾ। ਇਸ ਲਈ ਵਿਸ਼ਵ ਨੂੰ ਨਵੇਂ ਤਰੀਕੇ ਲੱਭਣੇ ਪੈਣਗੇ ਜਿਵੇਂ ਵਧੇਰੇ ਟਿਕਾਊ ਵਿਕਾਸ, ਉਤਪਾਦਕਤਾ ਵਧਾਉਣ ਅਤੇ ਫਿਸਕਲ ਜ਼ਿੰਮੇਵਾਰੀ ਭਾਵ ਆਮਦਨ ਅਤੇ ਖ਼ਰਚੇ ਵਿਚਕਾਰ ਸੰਤੁਲਨ ਨੂੰ ਅਪਣਾਉਣਾ ਤਾਂ ਜੋ ਕਰਜ਼ੇ ਦਾ ਇਹ ਪਹਾੜ ਵਿਸ਼ਵ ਅਰਥ ਵਿਵਸਥਾ ਨੂੰ ਢਾਹ ਨਾ ਲਾਵੇ।

# ਅਣ-ਦੇਖੀ ਕਿਤਾਬ ਦਾ ਵੱਡਾ ਵਿਵਾਦ: ਗਲਵਾਨ ਤੋਂ ਲੈ ਕੇ ਪਾਰਲੀਮੈਂਟ ਤੱਕ, ਕੀ ਛੁਪਾ ਰਹੀ ਐ ਸਰਕਾਰ?

ਭਾਰਤੀ ਰਾਜਨੀਤੀ ਦੇ ਇੱਕ ਨਵੇਂ ਤੂਫ਼ਾਨ ਨੇ ਜਾਗਰੂਕ ਜਨ ਮਾਣਸ ਨੂੰ ਹਿਲਾ ਦਿੱਤਾ ਹੈ, ਜਿੱਥੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਾਬਕਾ ਭਾਰਤੀ ਥਲ ਸੈਨਾ ਪ੍ਰਮੁਖ ਜਨਰਲ ਐਮ.ਐਮ. ਨਰਵਾਣੇ ਦੀ ਅਣ-ਪ੍ਰਕਾਸ਼ਿਤ ਆਤਮਕਥਾ 'ਫੋਰ ਸਟਾਰਜ਼ ਆਫ਼ ਡੈਸਟੀਨੀ' ਨੂੰ ਲੈ ਕੇ ਤਿੱਖੀ ਚੁਣੌਤੀ ਵਰ੍ਹਾਈ ਹੈ। ਫਰਵਰੀ 2026 ਦੇ ਬਜਟ ਸੈਸ਼ਨ ਦੌਰਾਨ ਇਹ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਰਾਹੁਲ ਗਾਂਧੀ ਨੇ ਪਾਰਲੀਮੈਂਟ ਵਿਚ ਇੱਕ ਪ੍ਰਿੰਟ ਕੀਤੀ ਕਾਪੀ ਚੁੱਕ ਕੇ ਵਿਖਾਈ ਅਤੇ ਵਿਚੋਂ ਕੁਝ ਅੰਸ਼ ਪੜ੍ਹਨ ਦੀ ਕੋਸ਼ਿਸ਼ ਕੀਤੀ। ਇਹ ਕਿਤਾਬ, ਜੋ ਅਜੇ




ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066

ਅਧਿਕਾਰਕ ਤੌਰ 'ਤੇ ਰਿਲੀਜ਼ ਨਹੀਂ ਹੋਈ ਹੈ, ਪੈਂਗੁਇਨ ਰੈਂਡਮ ਹਾਊਸ ਇੰਡੀਆ ਵੱਲੋਂ ਪ੍ਰਕਾਸ਼ਿਤ ਹੋਣ ਵਾਲੀ ਹੈ, ਪਰ ਡਿਫੈਂਸ ਮਿਨਿਸਟਰੀ ਦੀ ਜ਼ਰੂਰੀ ਕਲੀਅਰੈਂਸ ਅਜੇ ਬਾਕੀ ਹੈ। ਇਸ ਵਿਵਾਦ ਨੇ ਨਾ ਸਿਰਫ਼ ਰਾਜਨੀਤਿਕ ਧਿਰਾਂ ਵਿਚਕਾਰ ਤਣਾਅ ਵਧਾ ਦਿੱਤਾ ਹੈ, ਸਗੋਂ ਨੈਸ਼ਨਲ ਸੈਕਿਉਰਿਟੀ, ਕਾਪੀਰਾਈਟ ਅਧਿਕਾਰਾਂ ਅਤੇ ਮੀਡੀਆ ਲੀਕਸ ਵਰਗੇ ਮੁੱਦਿਆਂ ਨੂੰ ਵੀ ਉਜਾਗਰ ਕਰ ਦਿੱਤਾ ਹੈ, ਜਿੱਥੇ ਇੱਕ ਪਾਸੇ ਸਰਕਾਰ ਇਸ ਨੂੰ ਰਾਸ਼ਟਰੀ ਅਹੁਦੇ ਨੂੰ ਖ਼ਤਰੇ ਵਿਚ ਪਾਉਣ ਵਾਲੀ ਕਾਰਵਾਈ ਵਜੋਂ ਵੇਖ ਰਹੀ ਹੈ, ਜਦਕਿ ਵਿਰੋਧੀ ਧਿਰ ਇਸ ਨੂੰ ਸੱਚਾਈ ਨੂੰ ਛੁਪਾਉਣ ਦੀ ਕੋਸ਼ਿਸ਼ ਕਹਿ ਰਹੀ ਹੈ।

ਵਿਵਾਦ ਦੀ ਜੜ੍ਹ ਇਸ ਕਿਤਾਬ ਦੇ ਬੈਕਗ੍ਰਾਊਂਡ ਵਿਚ ਹੈ, ਜੋ ਜਨਰਲ ਨਰਵਾਣੇ ਦੇ ਆਰਮੀ ਕਰੀਅਰ ਦੇ ਅਨੁਭਵਾਂ ਨੂੰ ਬਿਆਨ ਕਰਦੀ ਹੈ, ਖ਼ਾਸ ਕਰਕੇ 2020 ਦੇ ਗਲਵਾਨ ਘਾਟੀ ਅਤੇ ਲੱਦਾਖ ਵਿਚ ਭਾਰਤ-ਚੀਨ ਸੀਮਾ ਵਿਵਾਦ ਨਾਲ ਜੁੜੇ ਪ੍ਰਸੰਗਾਂ ਨੂੰ। ਕਿਤਾਬ ਵਿਚ ਨਰਵਾਣੇ ਨੇ ਲਿਖਿਆ ਹੈ ਕਿ ਚੀਨੀ ਟੈਂਕ ਭਾਰਤੀ ਖੇਤਰ ਵਿਚ ਘੁਸਪੈਠ ਕਰ ਰਹੇ ਸਨ, ਪਰ ਉੱਚ ਅਧਿਕਾਰੀਆਂ ਤੋਂ ਸਪੱਸ਼ਟ ਹੁਕਮ ਨਾ ਮਿਲਣ ਕਾਰਨ ਫੌਜ ਨੂੰ ਰਣਨੀਤਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਹ ਖੁਲਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਆਲੋਚਨਾ ਵਜੋਂ ਵੇਖੇ ਜਾ ਰਹੇ ਹਨ, ਜੋ ਉਨ੍ਹਾਂ ਨੂੰ ਫੌਜੀ ਰਣਨੀਤੀ ਵਿਚ ਕਮਜ਼ੋਰ ਦਿਖਾਉਂਦੇ ਹਨ। ਕਿਤਾਬ ਦੀ ਪਹਿਲੀ ਜਾਣਕਾਰੀ 2023 ਵਿਚ ਹੋਈ ਸੀ, ਜਦੋਂ ਨਰਵਾਣੇ ਨੇ ਟਵਿੱਟਰ (ਹੁਣ ਐਕਸ) 'ਤੇ ਲਿਖਿਆ ਸੀ ਕਿ ਉਨ੍ਹਾਂ ਦੀ ਕਿਤਾਬ ਉਪਲਬਧ ਹੈ ਅਤੇ ਲੋਕ ਖਰੀਦਣ, ਪਰ ਉਦੋਂ ਤੋਂ ਇਹ ਪ੍ਰਕਾਸ਼ਨ ਪ੍ਰਕਿਰਿਆ ਵਿਚ ਅਟਕੀ ਰਹੀ ਹੈ। ਡਿਫੈਂਸ ਮਿਨਿਸਟਰੀ ਨੇ ਦੱਸਿਆ ਹੈ ਕਿ 2020 ਤੋਂ 2024 ਤੱਕ 35 ਕਿਤਾਬਾਂ ਨੂੰ ਕਲੀਅਰੈਂਸ ਮਿਲੀ ਹੈ, ਪਰ 'ਫੋਰ ਸਟਾਰਜ਼ ਆਫ਼ ਡੈਸਟੀਨੀ' ਇਕੱਲੀ ਅਜੇ ਬਾਕੀ ਹੈ, ਇਹ ਸਭ ਕੁਝ ਇਸ ਨੂੰ ਵਿਸ਼ੇਸ਼ ਤੌਰ 'ਤੇ ਸੰਵੇਦਨਸ਼ੀਲ ਬਣਾਉਂਦਾ ਹੈ। ਇਸ ਨੂੰ ਲੈ ਕੇ ਪਹਿਲਾਂ ਵੀ ਚਰਚਾਵਾਂ ਹੋਈਆਂ ਸਨ, ਪਰ ਫਰਵਰੀ 2026 ਵਿਚ ਇਹ ਲੀਕ ਅਤੇ ਪਾਰਲੀਮੈਂਟਰੀ ਡਰਾਮੇ ਨਾਲ ਮਸ਼ਹੂਰ ਹੋ ਗਈ।

ਲੋਕ ਸਭਾ ਵਿਚ ਰਾਹੁਲ ਗਾਂਧੀ ਦੇ ਭਾਸ਼ਣ ਨੇ ਇਸ ਵਿਵਾਦ ਨੂੰ ਚਰਮ ਸੀਮਾ 'ਤੇ ਪਹੁੰਚਾ ਦਿੱਤਾ, ਜਿੱਥੇ ਉਨ੍ਹਾਂ ਨੇ ਕਿਹਾ ਕਿ ਇਹ ਕਿਤਾਬ 100 ਫੀਸਦੀ ਅਸਲੀ ਹੈ ਅਤੇ ਇਸ ਵਿਚੋਂ ਗਲਵਾਨ ਵਾਲੇ ਅੰਸ਼ਾਂ ਨੂੰ ਪੜ੍ਹ ਕੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਅਸਲ ਪੈਟਰੀਅਟ ਕੌਣ ਹੈ ਅਤੇ ਕੌਣ ਨਹੀਂ! ਉਨ੍ਹਾਂ ਨੇ ਪਾਰਲੀਮੈਂਟ ਵਿਚ ਇੱਕ ਪ੍ਰਿੰਟ ਕੀਤੀ ਕਾਪੀ ਉਠਾ ਕੇ ਵਿਖਾਈ, ਜਿਸ ਵਿਚ ਚੀਨੀ ਘੁਸਪੈਠ ਅਤੇ ਉੱਚ ਪੱਧਰੀ ਅਣਗਹਿਲੀ ਬਾਰੇ ਖੁਲਾਸੇ ਸਨ ਅਤੇ ਇਹ ਦਾਅਵਾ ਕੀਤਾ ਕਿ ਸਰਕਾਰ ਇਨ੍ਹਾਂ ਤੱਥਾਂ ਨੂੰ ਛੁਪਾ ਰਹੀ ਹੈ। ਰਾਹੁਲ ਨੇ ਇਹ ਵੀ ਕਿਹਾ ਕਿ ਉਹ ਇਹ ਕਿਤਾਬ ਖ਼ੁਦ ਪ੍ਰਧਾਨ ਮੰਤਰੀ ਨੂੰ ਗਿਫਟ ਕਰਨਗੇ। ਜੇਕਰ ਉਹ ਲੋਕ ਸਭਾ ਵਿਚ ਹਾਜ਼ਰ ਹੋ ਜਾਣ। ਉਨ੍ਹਾਂ ਦੇ ਭਾਸ਼ਣ ਨੇ ਵਿਰੋਧੀ ਧਿਰ ਨੂੰ ਹੁਲਾਰਾ ਦੇ ਦਿੱਤਾ, ਪਰ ਸਪੀਕਰ ਓਮ ਬਿਰਲਾ ਨੇ ਰੂਲ 349 ਅਤੇ 353 ਦੇ ਹਵਾਲੇ ਨਾਲ ਇਸ ਨੂੰ ਰੋਕ ਦਿੱਤਾ, ਇਹ ਕਹਿ ਕੇ ਕਿ ਅਣ-ਪ੍ਰਕਾਸ਼ਿਤ ਸਮੱਗਰੀ ਨੂੰ ਪਾਰਲੀਮੈਂਟ ਵਿਚ ਉਠਾਉਣਾ ਰਾਜਨੀਤਿਕ ਵਿਵਾਦ ਨੂੰ ਵਧਾਉਣ ਵਾਲਾ ਅਤੇ ਅਨੁਚਿਤ ਹੈ। ਇਸ ਘਟਨਾ ਤੋਂ ਬਾਅਦ ਰਾਹੁਲ ਬਾਹਰ ਨਿਕਲ ਆਇਆ ਅਤੇ ਮੀਡੀਆ ਨੂੰ ਕਿਤਾਬ ਵਿਖਾਈ ਅਤੇ ਦੁਹਰਾਇਆ ਕਿ ਇਹ ਸਰਕਾਰੀ ਡਰ ਦਾ ਪ੍ਰਤੀਬਿੰਬ ਹੈ। ਜਿੱਥੇ ਇਕ ਫੌਜੀ ਅਧਿਕਾਰੀ ਦੇ ਖੁਲਾਸੇ ਨੂੰ ਦੱਬਿਆ ਜਾ ਰਿਹਾ ਹੈ। ਵਿਰੋਧੀ ਧਿਰ ਦੇ ਇਸ ਕਦਮ ਨੂੰ ਉਨ੍ਹਾਂ ਨੇ ਨੈਸ਼ਨਲ ਸੈਕਿਉਰਿਟੀ ਬਾਰੇ




ਚਿੰਤਨਸ਼ੀਲ ਵਜੋਂ ਪੇਸ਼ ਕੀਤਾ, ਜੋ ਭਾਰਤੀ ਫੌਜ ਦੇ ਸਨਮਾਨ ਅਤੇ ਰਾਸ਼ਟਰੀ ਹਿੱਤ ਨੂੰ ਬਚਾਉਣ ਵਾਲਾ ਹੈ।

ਸਰਕਾਰੀ ਪੱਧਰ 'ਤੇ ਇਸ ਵਿਵਾਦ ਨੂੰ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ, ਜਿੱਥੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਨੂੰ ਨੈਸ਼ਨਲ ਸੈਕਿਉਰਿਟੀ ਲਈ ਖ਼ਤਰਨਾਕ ਅਤੇ ਅਣਪ੍ਰਕਾਸ਼ਿਤ ਸਮੱਗਰੀ ਨੂੰ ਗਲਤ ਤਰੀਕੇ ਨਾਲ ਵਰਤਣ ਵਾਲੀ ਕਾਰਵਾਈ ਵਜੋਂ ਪੇਸ਼ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਅਜਿਹੀਆਂ ਕਿਤਾਬਾਂ ਨੂੰ ਮਿਨਿਸਟਰੀ ਦੀ ਕਲੀਅਰੈਂਸ ਤੋਂ ਬਿਨਾਂ ਪ੍ਰਕਾਸ਼ਿਤ ਕਰਨਾ ਰਾਸ਼ਟਰੀ ਰਹੱਸਾਂ ਨੂੰ ਖੁਲਾਸਾ ਕਰਨ ਵਾਲਾ ਹੋ ਸਕਦਾ ਹੈ ਅਤੇ ਰਾਹੁਲ ਗਾਂਧੀ ਦਾ ਕਦਮ ਰਾਜਨੀਤੀ ਨੂੰ ਫੌਜੀ ਮਾਮਲਿਆਂ ਵਿਚ ਵਾੜਨ ਵਾਲਾ ਹੈ। ਇਸ ਨੂੰ ਲੈ ਕੇ ਦਿੱਲੀ ਪੁਲਿਸ ਨੇ ਤੁਰੰਤ ਐਫ.ਆਈ.ਆਰ. ਦਰਜ ਕੀਤੀ ਹੈ, ਜੋ ਕਾਪੀਰਾਈਟ ਵਾਇਲੇਸ਼ਨ ਅਤੇ ਲੀਕ ਨੂੰ ਲੈ ਕੇ ਜਾਂਚ ਸ਼ੁਰੂ ਕੀਤੀ ਹੈ ਅਤੇ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਕਾਪੀਆਂ ਕਿਵੇਂ ਅਤੇ ਕਿਸ ਨੇ ਫੈਲਾਈਆਂ ਹਨ। ਬੀਜੇਪੀ ਨੇ ਇਸ ਨੂੰ ਵਿਰੋਧੀਆਂ ਦੀ 'ਫੌਜ ਵਿਰੋਧੀ' ਰਣਨੀਤੀ ਦਾ ਹਿੱਸਾ ਦੱਸਿਆ ਹੈ, ਜੋ ਭਾਰਤੀ ਸੈਨਾ ਦੇ ਮਾਣ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਚੀਨ ਵਰਗੇ ਵਿਦੇਸ਼ੀ ਖ਼ਤਰੇ ਨੂੰ ਵਧਾਉਂਦੀ ਹੈ। ਇਸ ਪੱਖ ਨੂੰ ਉਜਾਗਰ ਕਰਦੇ ਹੋਏ ਸਰਕਾਰ ਨੇ ਇਹ ਵੀ ਜ਼ੋਰ ਦਿੱਤਾ ਹੈ ਕਿ ਗਲਵਾਨ ਵਰਗੇ ਮਾਮਲਿਆਂ ਵਿਚ ਭਾਰਤ ਨੇ ਮਜ਼ਬੂਤ ਪੱਖ ਰੱਖਿਆ ਹੋਇਆ ਹੈ। ਅਜਿਹੇ ਖੁਲਾਸੇ ਨੂੰ ਰਾਜਨੀਤਿਕ ਹਥਿਆਰ ਬਣਾਉਣਾ ਅਨੈਤਿਕ ਹੈ।

ਦੂਜੇ ਪਾਸੇ ਪ੍ਰਕਾਸ਼ਕ ਪੈਂਗੁਇਨ ਰੈਂਡਮ ਹਾਊਸ ਇੰਡੀਆ ਨੇ ਸਪੱਸ਼ਟ ਕਿਹਾ ਹੈ ਕਿ ਕਿਤਾਬ ਅਜੇ ਪ੍ਰਿੰਟ ਜਾਂ ਡਿਜੀਟਲ ਰੂਪ ਵਿਚ ਜਨਤਕ ਨਹੀਂ ਕੀਤੀ ਗਈ ਅਤੇ ਜੋ ਵੀ ਲੀਕ ਹੋ ਰਹੇ ਫਰਮਾਂ ਜਾਂ ਪ੍ਰਿੰਟ ਕਾਪੀਆਂ ਹਨ, ਉਹ ਕਾਪੀਰਾਈਟ ਅਧਿਕਾਰਾਂ ਦੀ ਉਲੰਘਣਾ ਹਨ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੋਈ ਅਧਿਕਾਰਕ ਵੰਡ ਨਹੀਂ ਹੋਈ ਅਤੇ ਇਹ ਲੀਕਸ ਨੂੰ ਰੋਕਣ ਲਈ ਉਹ ਕਾਨੂੰਨੀ ਕਾਰਵਾਈ ਕਰਨਗੇ। ਇਸ ਨਾਲ ਜੁੜ ਕੇ ਅਮੇਜ਼ਨ ਅਤੇ ਫਲਿਪਕਾਰਟ ਵਰਗੀਆਂ ਆਨਲਾਈਨ ਪਲੇਟਫਾਰਮਾਂ 'ਤੇ ਕਿਤਾਬ ਦੀਆਂ ਲਿਸਟਿੰਗਾਂ ਨੂੰ ਹਟਾ ਦਿੱਤਾ ਗਿਆ ਹੈ, ਜੋ ਵਿਵਾਦ ਨੂੰ ਹੋਰ ਗਹਿਰਾ ਕਰ ਰਿਹਾ ਹੈ। ਪ੍ਰਕਾਸ਼ਕ ਦੇ ਇਸ ਸਟੈਂਡ ਨੂੰ ਸਰਕਾਰ ਨੇ ਸਮਰਥਨ ਦਿੱਤਾ ਹੈ ਅਤਾ ਕਿਹਾ ਅਜਿਹੀਆਂ ਸੰਵੇਦਨਸ਼ੀਲ ਕਿਤਾਬਾਂ ਦੇ ਪ੍ਰਕਾਸ਼ਨ ਵਿਚ ਕੋਈ ਗਲਤੀ ਨਹੀਂ ਹੋਈ, ਅਤੇ ਲੀਕ ਬਾਹਰੀ ਸਰੋਤਾਂ ਤੋਂ ਹੈ।


ਰਾਹੁਲ ਗਾਂਧੀ ਨੇ ਪ੍ਰਕਾਸ਼ਕ ਦੇ ਇਸ ਬਿਆਨ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਾਂ ਤਾਂ ਜਨਰਲ ਨਰਵਾਣੇ ਝੂਠ ਬੋਲ ਰਹੇ ਹਨ ਜਾਂ ਪੈਂਗੁਇਨ, ਪਰ ਉਹ ਨਰਵਾਣੇ 'ਤੇ ਪੂਰਾ ਭਰੋਸਾ ਕਰਦੇ ਹਨ। ਉਨ੍ਹਾਂ ਨੇ 2023 ਵਾਲੇ ਨਰਵਾਣੇ ਦੇ ਟਵੀਟ ਨੂੰ ਵੀ ਵਿਖਾਇਆ, ਜਿੱਥੇ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਦੀ ਕਿਤਾਬ ਉਪਲਬਧ ਹੈ ਅਤੇ ਖਰੀਦੋ। ਵਿਰੋਧੀ ਧਿਰ ਦੇ ਇਸ ਪੱਖ ਨੂੰ ਉਜਾਗਰ ਕਰਦੇ ਹੋਏ ਰਾਹੁਲ ਨੇ ਇਹ ਵੀ ਕਿਹਾ ਕਿ ਸਰਕਾਰ ਅਤੇ ਪ੍ਰਕਾਸ਼ਕ ਮਿਲ ਕੇ ਸੱਚ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਲੋਕਾਂ ਨੂੰ ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਭਰਮਾਉਣ ਵਾਲਾ ਹੈ। ਇਹ ਚਰਚਾ ਹੁਣ ਸੋਸ਼ਲ ਮੀਡੀਆ 'ਤੇ ਵੀ ਫੈਲ ਗਈ ਹੈ, ਜਿੱਥੇ ਲੋਕ ਇਸ ਨੂੰ ਡਰਾਮੇ ਵਜੋਂ ਵੇਖ ਰਹੇ ਹਨ ਜਾਂ ਅਸਲ ਰਾਜ਼ਾਂ ਦੇ ਖੁਲਾਸੇ ਵਜੋਂ।

ਜਨਰਲ ਨਰਵਾਣੇ ਨੇ ਖ਼ੁਦ ਇਸ ਵਿਵਾਦ ਵਿਚ ਆ ਕੇ ਰਿਐਕਟ ਕੀਤਾ ਹੈ, ਜਿੱਥੇ ਉਨ੍ਹਾਂ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਦੀ ਕਿਤਾਬ ਅਜੇ ਪੂਰੀ ਤਰ੍ਹਾਂ ਪ੍ਰਕਾਸ਼ਿਤ ਨਹੀਂ ਹੋਈ, ਪਰ ਉਨ੍ਹਾਂ ਨੂੰ ਲੀਕਾਂ ਬਾਰੇ ਪਤਾ ਨਹੀਂ ਅਤੇ ਉਹ ਰਾਸ਼ਟਰੀ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਚੁਪ ਹਨ। ਉਨ੍ਹਾਂ ਨੇ ਰਾਹੁਲ ਗਾਂਧੀ ਦੇ ਭਰੋਸੇ ਨੂੰ ਸਵੀਕਾਰ ਕੀਤਾ ਪਰ ਇਹ ਵੀ ਜ਼ੋਰ ਦਿੱਤਾ ਕਿ ਅਜਿਹੇ ਖੁਲਾਸੇ ਨੂੰ ਰਾਜਨੀਤਕ ਰੰਗ ਨਾ ਦਿੱਤਾ ਜਾਵੇ। ਇਸ ਨਾਲ ਵਿਵਾਦ ਵਿਚ ਇੱਕ ਨਿਰਪੱਖ ਪੱਧਰ ਉੱਭਰਿਆ ਹੈ, ਜਿੱਥੇ ਫੌਜੀ ਅਧਿਕਾਰੀ ਨਿਰਪੱਖ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਇਹ ਵੀ ਸਪੱਸ਼ਟ ਹੈ ਕਿ ਇਹ ਮਾਮਲਾ ਹੁਣ ਕਾਨੂੰਨੀ ਅਤੇ ਰਾਜਨੀਤਿਕ ਦੋਵਾਂ ਪੱਧਰਾਂ 'ਤੇ ਚੱਲੇਗਾ। ਹੁਣ ਤੱਕ, ਇਹ ਵਿਵਾਦ ਨੇ ਭਾਰਤੀ ਲੋਕਸਭਾ ਨੂੰ ਗਰਮਾਇਆ ਹੋਇਆ ਹੈ, ਅਤੇ ਭਵਿੱਖ ਵਿਚ ਇਸ ਨਾਲ ਜੁੜੀ ਜਾਂਚ ਨਤੀਜੇ ਹੀ ਦੱਸਣਗੇ ਕਿ ਇਹ ਨਕਲੀ ਡਰਾਮਾ ਸੀ ਜਾਂ ਅਸਲ ਰਾਜ਼ਾਂ ਦਾ ਖੁਲਾਸਾ। ਇਸ ਵਿਚ ਸਾਰੇ ਪੱਖ ਰਾਜਨੀਤਿਕ, ਕਾਨੂੰਨੀ ਅਤੇ ਰਾਸ਼ਟਰੀ ਇੱਕ ਦੂਜੇ ਨਾਲ ਜੁੜੇ ਹੋਏ ਨੇ, ਜੋ ਭਾਰਤੀ ਗਣਤੰਤਰ ਦੀ ਗਤੀਸ਼ੀਲਤਾ ਨੂੰ ਦਰਸਾਉਂਦੇ ਹਨ।

ਫ਼ਿਲਮੀ ਸਮੀਖਿਆ

# 'ਬੇਬੇ ਮੈਂ ਬਦਮਾਸ਼ ਬਣੂੰਗਾ'

ਇੱਕ ਵਾਰ ਮੇਰਾ ਇੱਕ ਮਿੱਤਰ ਇੰਗਲੈਂਡ ਆਇਆ। ਮੇਰਾ ਉਸ ਦੇ ਬਾਪੂ ਜੀ ਨਾਲ ਬਹੁਤ ਪ੍ਰੇਮ ਸੀ। ਬਾਪੂ ਵੀ ਮੈਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਮੋਹ ਕਰਦਾ ਸੀ। ਜਦ ਉਹ ਮਿੱਤਰ ਇੰਡੀਆ ਨੂੰ ਵਾਪਸ ਜਾਣ ਲੱਗਿਆ ਤਾਂ ਮੈਂ ਉਸ ਦੇ ਹੱਥ ਬਲੈਕ ਲੇਬਲ ਵਿਸਕੀ ਦੀ ਇੱਕ ਲੀਟਰ ਦੀ ਬੋਤਲ ਦੇ ਦਿੱਤੀ, 'ਇਹ ਬਾਪੂ ਜੀ ਵਾਸਤੇ ਐ, ਤੇ ਜਾਣ ਸਾਰ ਬਾਪੂ ਦੇ ਹੱਥ ਫੜਾ ਦੇਵੀਂ!' ਉਹ ਮਿੱਤਰ ਬੜਾ ਖ਼ੁਸ਼ ਹੋਇਆ ਅਤੇ ਬੋਤਲ ਫੜ ਕੇ ਬੈਗ ਵਿਚ ਪਾ ਲਈ। ਉਸ ਦੀ ਖ਼ੁਸ਼ੀ ਦਾ ਅੰਦਾਜ਼ਾ ਲਾ ਕੇ ਮੈਂ ਉਸ ਨੂੰ ਫਿਰ ਕਿਹਾ, 'ਇਹਨੂੰ ਰਾਹ ਵਿਚ ਹੀ ਨਾ ਸੜ੍ਹਾਕ ਜਾਈਂ! ਇਹ



ਸ਼ਿਵਚਰਨ ਜੱਗੀ ਕੁੱਸਾ

ਬੋਤਲ ਬਾਪੂ ਜੀ ਵਾਸਤੇ ਐ!'...ਤਾਂ ਉਹ 'ਸਮਝ ਗਿਆ ਬਾਈ...!' ਆਖ ਕੇ ਏਅਰਪੋਰਟ ਦੇ ਅੰਦਰ ਤੁਰ ਗਿਆ। ਤੀਜੇ ਦਿਨ ਮਿੱਤਰ ਦਾ ਠੀਕ-ਠਾਕ ਪਹੁੰਚਣ ਦਾ ਫ਼ੋਨ ਆਇਆ, 'ਬਾਪੂ ਦੀ ਅਮਾਨਤ ਬਾਪੂ ਨੂੰ ਫੜਾ ਦਿੱਤੀ ਸੀ?' ਮੈਂ ਬੋਤਲ ਬਾਰੇ ਪੁੱਛਿਆ, ਤਾਂ ਉਹ ਬੜੇ ਮਿਜ਼ਾਜ ਨਾਲ ਵਿਅੰਗਮਈ ਲਹਿਜ਼ੇ ਵਿਚ ਬੋਲਿਆ, 'ਉਹ ਤਾਂ ਬਾਈ ਮੈਂ ਜਾਹਜ਼ ਵਿਚ ਹੀ ਖਿੱਚਤੀ ਸੀ...। ਨਾਲੇ ਬਾਪੂ ਅੱਗੇ ਕਿਹੜਾ ਬਲੈਕ ਲੇਬਲ ਹੀ ਪੀਂਦਾ ਸੀ? ਮੈਂ ਉਹਨੂੰ ਮੋਟੇ ਸੰਤਰੇ ਦੀ ਬੋਤਲ ਲਿਆ ਕੇ ਦੇ ਦਿੱਤੀ ਸੀ।' ਅਚਾਨਕ ਉਹ ਹੱਡਬੀਤੀ 'ਬੇਬੇ ਮੈਂ ਬਦਮਾਸ਼ ਬਣੂੰਗਾ' ਫ਼ਿਲਮ ਦੇਖ ਕੇ ਦੁਬਾਰਾ ਮਹਿਸੂਸ ਕੀਤੀ। ਜਦ ਮੈਂ ਸਿਨੇਮਾ ਹਾਲ ਵਿਚ ਦਾਖ਼ਲ ਹੋਇਆ, ਤਾਂ ਓਥੇ ਵੀਹ-ਪੱਚੀ ਕੁ ਦਰਸ਼ਕ ਸਨ। ਕਰੀਬ ਪੌਣਾਂ ਹਾਲ ਖਾਲੀ ਪਿਆ ਸੀ। ਮੈਂ ਸੋਚਿਆ ਸਾਡੇ ਲੋਕ 'ਮੋਟੇ ਸੰਤਰੇ' ਦੇ ਸ਼ੌਕੀਨ ਹਨ, ਭਾਵ ਕੱਚੀ-ਪੱਕੀ ਕੌਮੇਡੀ ਮੂਵੀਆਂ ਦੇ। ਜਿਹੜੇ ਵਾਰ-ਵਾਰ ਸਾਗ ਨਾਲ ਡਬਲਰੋਟੀ ਖਾਈ ਜਾਂਦੇ ਹਨ।




ਇਸ ਫ਼ਿਲਮ ਦਾ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਮੇਰਾ ਪੁਰਾਣਾ ਜਿਗਰੀ ਯਾਰ ਹੈ। ਸਾਡੀ ਯਾਰੀ ਨੂੰ ਤਾਂ ਕੋਈ ਕਥਾੜੀਆ ਵੀ ਚੁੱਕਣ ਲਈ ਤਿਆਰ ਨਹੀਂ। ਇਸ ਲਈ ਇਹ ਗੱਲ ਸਭ ਤੋਂ ਪਹਿਲਾਂ ਕਹਾਂਗਾ ਕਿ ਹਰ ਬੰਦੇ ਦੀ ਆਪਣੀ-ਆਪਣੀ ਪਸੰਦ ਹੈ। ਹੋ ਸਕਦਾ ਹੈ ਕਿਸੇ ਮਿੱਤਰ ਨੂੰ ਇਹ ਫ਼ਿਲਮ ਨਾ ਪਸੰਦ ਆਈ ਹੋਵੇ। ਪਰ ਇਸ ਫ਼ਿਲਮ ਵਿਚ ਕਮਾਲ ਦੇ ਕਟਾਕਸ਼ ਕੀਤੇ ਹੋਏ ਹਨ ਅਤੇ ਭ੍ਰਿਸ਼ਟ ਸਿਸਟਮ ਉੱਪਰ ਮਿਰਜ਼ੇ ਦੀਆਂ ਕਾਨੀਆਂ ਵਰ੍ਹਾਈਆਂ ਗਈਆਂ ਹਨ। ਕਿਤੇ-ਕਿਤੇ ਜੱਟ ਦੀ ਕੁਤਕੁਤੀ ਵਾਲੀ ਸਲੰਘ ਵੱਖੀ ਵਿਚ ਦੀ ਕੱਢੀ ਹੋਈ ਹੈ। ਇੱਥੇ ਮੈਂ ਫ਼ਿਲਮ ਦੀ ਕਹਾਣੀ ਦਾ ਜ਼ਿਕਰ ਨਹੀਂ ਕਰਾਂਗਾ, ਪਰ ਇਤਨੀ ਗੱਲ ਦਾਅਵੇ ਨਾਲ ਕਹਾਂਗਾ, ਕਿ ਜੇ ਆਪਣੇ ਲੋਕ ਨਾਮ ਉੱਪਰ ਨਾ ਜਾ ਕੇ, ਇਸ ਦੇ ਵਿਸ਼ੇ ਅਤੇ ਫ਼ਿਲਮ ਬਣਾਉਣ ਦੇ ਮਕਸਦ ਉੱਪਰ ਆਪਣਾ ਧਿਆਨ ਇਕਾਗਰ ਕਰਨ, ਤਾਂ ਇਹ ਫ਼ਿਲਮ ਕਿਸੇ ਵੱਡੇ ਇਨਾਮ ਦੀ ਹੱਕਦਾਰ ਹੋਵੇਗੀ।

ਇਸ ਫ਼ਿਲਮ ਵਿਚ ਮੈਨੂੰ ਇੱਕ ਵੀ ਸੀਨ ਵਾਧੂ ਜਾਂ ਫ਼ਾਲਤੂ ਨਜ਼ਰ ਨਹੀਂ ਆਇਆ ਅਤੇ ਹਰ ਕਲਾਕਾਰ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੇ ਕਿਰਦਾਰ ਨੂੰ ਬਾਖ਼ੂਬੀ ਨਿਭਾਇਆ।

ਕਿਸੇ ਨੂੰ ਮਾਂਹ ਬਾਦੀ ਅਤੇ ਕਿਸੇ ਨੂੰ ਮਾਫ਼ਕ ਹੁੰਦੇ ਨੇ। ਜ਼ਰੂਰੀ ਨਹੀਂ ਕਿ ਜੋ ਫ਼ਿਲਮ ਮੈਨੂੰ ਪਸੰਦ ਹੈ, ਉਹ ਹਰ ਇੱਕ ਨੂੰ ਹੀ ਪਸੰਦ ਆਵੇਗੀ। ਜਦ ਕੈਨੇਡਾ ਵੱਸਦੇ ਮੇਰੇ ਦੋਸਤ ਗੁਰਪ੍ਰੀਤ ਸਿੰਘ ਨੇ 'ਬੇਬੇ ਮੈਂ ਤਾਂ ਸੰਤ ਬਣੂੰਗਾ' ਗੀਤ ਗਾਇਆ, ਤਾਂ ਸਾਧ ਲਾਣਾ ਬੜਾ ਟੱਪਿਆ ਸੀ। ਪਰ ਉਸ ਦਾ ਉਦੇਸ਼ ਕਿਸੇ ਨੂੰ 'ਸੰਤ' ਬਣਾਉਣਾ ਨਹੀਂ ਸੀ ਅਤੇ ਨਾ ਹੀ ਉਸ ਗੀਤ ਕਾਰਨ ਅੱਜ ਤੱਕ ਕੋਈ ਸੰਤ ਬਣਿਆ। ਉਸ ਦਾ ਮਕਸਦ ਤਾਂ ਉਨ੍ਹਾਂ ਦੇ ਕਾਰਿਆਂ ਉੱਪਰ ਚੋਟ ਕਰਨ ਦਾ ਸੀ। ਉਹੀ ਹਾਲ ਇਸ ਫ਼ਿਲਮ ਦੇ ਨਾਮ ਤੋਂ ਕਈ ਲੋਕਾਂ ਦਾ ਹੋਇਆ ਹੈ। ਇਸ ਫ਼ਿਲਮ ਵਿਚ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਦਾ ਮਕਸਦ ਉਨ੍ਹਾਂ ਕਾਲੇ ਕਾਰਨਾਮਿਆਂ ਤੋਂ ਪਰਦਾ ਚੁੱਕਣਾ ਸੀ, ਜੋ ਸਾਡੇ ਸਮਾਜ ਵਿਚ ਕੋਹੜ ਵਾਂਗ ਫ਼ੈਲ ਚੁੱਕੇ ਹਨ। ਜੇ ਕਿਸੇ ਦੇ ਕਹਿਣ 'ਤੇ ਕੋਈ ਸਾਧ, ਜਾਂ ਬਦਮਾਸ਼ ਬਣਦਾ ਹੁੰਦਾ ਤਾਂ ਅੱਜ ਦੁਨੀਆਂ ਦਾ ਮੂੰਹ-ਮੁਹਾਂਦਰਾ ਹੀ ਕੁਝ ਹੋਰ ਹੋਣਾ ਸੀ। ਸਿਆਣੇ ਆਖਦੇ ਹਨ ਕਿ ਜੇ ਕਿਸੇ 'ਸਿਆਣੇ' ਦੇ ਹੱਥ ਜ਼ਹਿਰ ਵੀ ਆ ਜਾਵੇ, ਤਾਂ ਉਹ ਜ਼ਹਿਰ ਨੂੰ 'ਮਾਰ ਕੇ' ਔਸ਼ਧੀ ਬਣਾ ਕੇ ਸੌ ਰੋਗੀਆਂ ਨੂੰ ਤੰਦਰੁਸਤ ਕਰ ਦਿੰਦਾ ਹੈ। ਪਰ ਜੇ ਕਿਸੇ ਮੂਰਖ ਦੇ ਹੱਥ ਸ਼ਹਿਦ ਵੀ ਲੱਗ ਜਾਵੇ, ਤਾਂ ਉਹ ਕਿਸੇ ਨੂੰ ਅੰਨ੍ਹੇਵਾਹ ਪਿਆ ਕੇ 'ਮੋਕ' ਵੀ ਲਾ ਦਿੰਦਾ ਹੈ। ਮੇਰਾ ਕਹਿਣ ਦਾ ਮਤਲਬ ਸਾਨੂੰ ਹਰ ਵਿਸ਼ੇ ਵਿਚੋਂ ਕੰਮ ਦੀਆਂ ਗੱਲਾਂ ਚੁਣਨੀਆਂ ਅਤੇ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਅਸੀਂ ਵਾਰ-ਵਾਰ ਦੁਹਾਈ ਦਿੰਦੇ ਹਾਂ, ਕਿ ਜੀ ਚੰਗੀਆਂ ਫ਼ਿਲਮਾਂ ਨਹੀਂ ਬਣਦੀਆਂ...ਸਾਨੂੰ 'ਚੀਪ ਕੌਮੇਡੀ' ਪਰੋਸੀ ਜਾ ਰਹੀ ਹੈ...ਅਤੇ ਪੰਜਾਬੀ ਸਿਨੇਮਾ ਨਿਘਾਰ ਵੱਲ ਧੱਕਿਆ ਜਾ ਰਿਹਾ ਹੈ...। ਪਰ ਜੇ ਕੋਈ ਲੇਖਕ ਅਤੇ ਡਾਇਰੈਕਟਰ ਕੋਈ ਨਵਾਂ ਵਿਸ਼ਾ ਲੈ ਕੇ ਫ਼ਿਲਮ ਬਣਾਉਂਦਾ ਹੈ, ਤਾਂ ਅਸੀਂ ਉਸ ਉੱਪਰ ਵੀ ਨੱਕ-ਬੁੱਲ੍ਹ ਵਟਦੇ ਹਾਂ। ਫਿਰ ਪੰਜਾਬੀ ਸਿਨੇਮੇ ਦੇ ਭਵਿੱਖ ਪ੍ਰਤੀ ਅਸੀਂ ਦੱਸੋ ਕਿੰਨੇ ਕੁ ਸੰਜੀਦਾ ਹਾਂ?

ਮੈਂ ਖ਼ੁਦ ਇੱਕ ਨਾਵਲਕਾਰ ਹੋਣ ਦੇ ਨਾਤੇ ਇਹ ਗੱਲ ਦਾਅਵੇ ਅਤੇ ਨਿੱਜੀ ਤਜ਼ਰਬੇ ਤੋਂ ਕਹਾਂਗਾ, ਕਿ ਇਸ ਭ੍ਰਿਸ਼ਟ ਸਿਸਟਮ ਅਤੇ ਸਮੇਂ-ਸਮੇਂ ਦੇ ਹਾਕਮਾਂ ਦੇ ਖ਼ਿਲਾਫ਼ ਲਿਖਣਾ, ਜਾਂ ਫ਼ਿਲਮ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਸ਼ੇਰ ਦੀ ਅਸਵਾਰੀ ਕਰਨ ਦੇ ਬਰਾਬਰ ਹੈ। ਇਸ ਲਈ ਸਾਨੂੰ ਫ਼ਿਲਮ ਦੇ ਲੇਖਕ, ਡਾਇਰੈਕਟਰ ਅਤੇ ਪ੍ਰੋਡਿਊਸਰ ਦੇ ਪੱਖ ਵਿਚ ਖੜ੍ਹਨਾ ਅਤੇ ਬਣਦਾ ਸਹਿਯੋਗ ਦੇਣਾ ਬਣਦਾ ਹੈ। ਸਮਾਜਿਕ ਮਸਲਿਆਂ ਦੀ ਗੱਲ ਕਰਨ ਵਾਲੇ ਹਿੰਮਤੀ ਬੰਦਿਆਂ ਦੇ ਗਿੱਟੇ 'ਤੇ ਸੋਟੀ ਮਾਰਨਾ ਸਾਡੇ ਲਈ ਕੋਈ ਸ਼ੋਭਾ ਵਾਲੀ ਗੱਲ ਨਹੀਂ ਹੋਵੇਗੀ। ਅੰਤ ਵਿਚ ਮੈਂ ਸਾਡੇ ਮਿੱਤਰ ਸੁਖਮਿੰਦਰ ਧੰਜਲ ਅਤੇ ਉਸ ਦੀ ਸਮੁੱਚੀ ਟੀਮ ਨੂੰ ਇਸ ਉਸਾਰੂ ਵਿਸ਼ੇ ਉੱਪਰ ਬਣਾਈ ਫ਼ਿਲਮ ਲਈ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਦਰਸ਼ਕਾਂ ਨੂੰ 'ਬੇਬੇ ਮੈਂ ਬਦਮਾਸ਼ ਬਣੂੰਗਾ' ਫ਼ਿਲਮ ਦੇਖਣ ਦੀ ਪੁਰਜ਼ੋਰ ਅਪੀਲ ਕਰਦਾ ਹਾਂ।

# ਭੁੱਲੀ ਵਿਸਰੀ ਦਮਦਾਰ ਗਾਇਕਾ - ਨਰਿੰਦਰ ਕੌਰ ਪਾਲੀ

ਜੋਗਿੰਦਰ ਕੌਰ ਅਗਨੀਹੋਤਰੀ

ਕੁਦਰਤ ਦੇ ਕਾਨੂੰਨ ਅਨੁਸਾਰ ਹਰ ਇਕ ਵਿਅਕਤੀ ਦੀ ਆਪਣੀ ਪਛਾਣ ਹੈ ਕਿਉਂਕਿ ਚਿਹਰਾ ਵੀ ਵੱਖਰਾ ਤੇ ਆਵਾਜ਼ ਵੀ ਵੱਖਰੀ। ਇਕ ਮਾਤਾ ਪਿਤਾ ਦੇ ਬੱਚੇ ਹੋਣ ਦੇ ਬਾਵਜੂਦ ਉਨ੍ਹਾਂ ਵਿਚ ਕੁਦਰਤੀ ਤੌਰ ਤੇ ਵਖਰੇਵਾਂ ਹੁੰਦਾ ਹੈ। ਪ੍ਰਸਿੱਧ ਗਾਇਕਾਵਾਂ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੀ ਇਕ ਤੀਸਰੀ ਭੈਣ ਨਰਿੰਦਰ ਕੌਰ ਪਾਲੀ ਹੈ ਜੋ ਇਕ ਪੁਖਤਾ ਆਵਾਜ਼ ਦੀ ਮਾਲਕ ਹੋਣ ਦੇ ਬਾਵਜੂਦ ਆਪਣੀਆਂ ਭੈਣਾਂ ਵਾਂਗ ਪ੍ਰਸਿੱਧ ਨਹੀਂ ਹੋਈ। ਪਾਲੀ ਦੀ ਆਵਾਜ਼ ਦਾ ਸਿੱਕਾ ਅੱਜ ਵੀ ਬੁਲੰਦ ਹੈ। ਉਸ ਦੇ ਗਾਏ ਗੀਤ ਕੰਨਾਂ ਵਿਚ ਰਸ ਘੋਲਦੇ ਤੇ ਆਨੰਦ ਦਿੰਦੇ ਹਨ। ਉਸ ਦੇ ਗਾਏ ਗੀਤਾਂ ਵਿੱਚੋਂ ਸੱਭਿਆਚਾਰ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ।

ਨਰਿੰਦਰ ਕੌਰ ਪਾਲੀ ਦਾ ਜਨਮ 15 ਦਸੰਬਰ 1935 ਨੂੰ ਲਾਹੌਰ ਵਿਖੇ ਬਿਸ਼ਨ ਚੰਦ ਚੌਹਾਨ ਦੇ ਘਰ ਮਾਤਾ ਮਾਇਆ ਦੇਵੀ ਦੀ ਕੁੱਖੋਂ ਹੋਇਆ। ਬਿਸ਼ਨ ਚੰਦ ਚੌਹਾਨ ਕੈਮਿਸਟਰੀ ਦੇ ਲੈਕਚਰਾਰ ਤੇ ਅਗਾਂਹਵਧੂ ਵਿਚਾਰਾਂ ਦੇ ਸਨ। ਉਨ੍ਹਾਂ ਨੇ ਧੀਆਂ ਨੂੰ ਉਸ ਸਮੇ ਗਾਉਣ ਦੀ



ਖੁੱਲ੍ਹ ਦਿੱਤੀ ਜਦਕਿ ਸਮਾਜ 'ਚ ਇਹ ਸਭ ਕੁਝ ਵਰਜਿਤ ਸੀ। ਉਨ੍ਹਾਂ ਆਪਣੀਆਂ ਧੀਆਂ ਨੂੰ ਸੰਗੀਤ ਦੀ ਸਿਖਲਾਈ ਦਿਵਾਉਣ ਲਈ ਉੱਘੇ ਸੰਗੀਤਕਾਰ ਇਨਾਇਤ ਹੁਸੈਨ ਖਾਂ ਕੋਲ ਭੇਜਿਆ। ਦੇਸ਼ ਦੀ ਵੰਡ ਤੋਂ ਬਾਅਦ ਇਹ ਪਰਿਵਾਰ ਦਿੱਲੀ ਆ ਕੇ ਵੱਸ ਗਿਆ। ਨਰਿੰਦਰ ਕੌਰ ਪਾਲੀ ਉਸ ਸਮੇਂ 12 ਸਾਲ ਦੀ ਹੀ ਸੀ ਅਤੇ ਉਸਨੇ ਅੱਗੇ ਪੜ੍ਹਨਾ ਸੀ,ਇਸ ਲਈ ਉਸਨੂੰ ਦਿੱਲੀ ਦੇ ਸਕੂਲ 'ਚ ਦਾਖ਼ਲ ਕਰਵਾ ਦਿੱਤਾ। ਪੜ੍ਹਾਈ ਖ਼ਤਮ ਕਰਨ ਉਪਰੰਤ ਪਾਲੀ ਦੀ ਨਿਯੁਕਤੀ ਦਿੱਲੀ ਦੇ ਹੀ ਸਕੂਲ ਵਿਚ ਅਧਿਆਪਕਾ ਵਜੋਂ ਹੋ ਗਈ।



ਪਾਲੀ ਦਾ ਵਿਆਹ ਮਹਿੰਦਰ ਸਿੰਘ ਨਾਲ ਹੋਇਆ ਜੋ ਅਮਰੀਕੀ ਦੂਤਾਵਾਸ 'ਚ ਆਪਣੀਆਂ ਸੇਵਾਵਾਂ ਦੇ ਰਹੇ ਸਨ। ਇਨ੍ਹਾਂ ਦੇ ਘਰ ਦੋ ਪੁੱਤਰ ਹੋਏ ਗੁਰਿੰਦਰ ਸਿੰਘ ਤੇ ਰੁਪਿੰਦਰ ਸਿੰਘ। ਪਾਲੀ ਦਾ ਗਾਇਕੀ ਦੇ ਖੇਤਰ 'ਚ ਆਉਣਾ ਕੋਈ ਅਜੀਬ ਗੱਲ ਨਹੀਂ ਸੀ ਕਿਉਂਕਿ ਵੱਡੀਆਂ ਭੈਣਾਂ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਵੀ ਇਸ ਖੇਤਰ 'ਚ ਪ੍ਰਸਿੱਧ ਸਨ। ਪਾਲੀ ਨੇ ਗੁਰਬਾਣੀ ਦੇ ਸ਼ਬਦ ਵੀ ਗਾਏ। ਸੱਭਿਆਚਾਰ ਨੂੰ ਚਾਰ ਚੰਨ ਲਾਉਣ ਲਈ ਨਰਿੰਦਰ ਕੌਰ ਪਾਲੀ ਨੇ ਅਨੇਕਾਂ ਗੀਤ ਗਾਏ। ਭਾਵੇਂ ਉਸ ਦੀ ਆਵਾਜ਼ ਆਪਣੀਆਂ ਭੈਣਾਂ ਨਾਲ ਮਿਲਦੀ-ਜੁਲਦੀ ਹੋਣ ਕਾਰਨ ਉਨ੍ਹਾਂ ਦੀ ਆਵਾਜ਼ ਦਾ ਭੁਲੇਖਾ ਪਾ ਦਿੰਦੀ ਹੈ ਪਰ ਫਿਰ ਵੀ ਉਸਦੀ ਆਪਣੀ ਵਿਲੱਖਣ ਥਾਂ ਹੈ। ਵੱਖ-ਵੱਖ ਗਾਇਕਾਂ ਨਾਲ ਉਸ ਦੇ ਕਾਫ਼ੀ ਗੀਤ ਰਿਕਾਰਡ ਹੋਏ। ਗੁਰਮੇਲ ਸਿੰਘ ਪੰਛੀ ਦੇ ਨਾਲ ਉਸਦੇ ਮਸ਼ਹੂਰ ਗੀਤਾਂ ਵਿਚ ਕੁਝ ਗੀਤ- 'ਜੱਟੀ ਨੂੰ ਲਿਆ ਦੇ ਛੱਤਰੀ', 'ਕਾਲੀਆਂ ਲਿਆ ਦੂੰ ਐਨਕਾਂ', 'ਚਰੀਆਂ ਉਹਲੇ ਤੂੰਬਾ ਬੋਲੇ, 'ਬੋਲੇ ਨੀ ਬੰਬੀਹਾ ਬੋਲੇ', 'ਚੁੰਘੇ ਬੂਰੀਆਂ ਮੱਝਾਂ ਦੇ ਡੋਕੇ'। ਵਿਆਹਾਂ ਮੌਕੇ ਗਾਏ ਜਾਣ ਵਾਲੇ ਗੀਤਾਂ ਵਿਚ ਪਾਲੀ ਨੇ ਆਪਣੀਆਂ ਭੈਣਾਂ ਨਾਲ ਮਿਲ ਕੇ ਗੀਤ ਗਾਏ ਜੋ ਅੱਜ ਵੀ ਮਕਬੂਲ ਹਨ, ਜਿਨ੍ਹਾਂ 'ਚੋਂ 'ਨਿੱਕੀ ਨਿੱਕੀ ਬੂੰਦੀਂ ਵੀਰਾ ਮੀਂਹ ਵੇ ਬਰ੍ਹੇ', 'ਗਲੀਆਂ ਤਾਂ ਹੋਈਆਂ ਬਾਬਲ ਭੀੜੀਆਂ' ਹਨ। ਲੋਕ ਗੀਤ ਸੱਭਿਆਚਾਰ ਦਾ ਦਰਪਣ ਹਨ ਜਿਨ੍ਹਾਂ ਵਿੱਚੋਂ ਸੱਭਿਆਚਾਰਕ ਰੀਤੀ-ਰਿਵਾਜਾਂ ਅਤੇ ਸਮਾਜਿਕ ਮਨੋਭਾਵਾਂ ਦਾ ਅਹਿਸਾਸ ਹੁੰਦਾ ਹੈ। ਤਿੰਨਾਂ ਭੈਣਾਂ ਦੇ ਰਲ ਕੇ ਗਾਏ ਇਹ ਗੀਤ ਮਿਠਾਸ ਘੋਲਦੇ ਹਨ-

'ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾਂ ਲਿਆਂਦਾ ਨੀ ਮੈਂ ਚੁੰਮ ਚੁੰਮ ਰੱਖਦੀ ਫਿਰਾਂ
ਤੇ ਪੱਬਾਂ ਭਾਰ ਨੱਚਦੀ ਫਿਰਾਂ।'
'ਚੰਨ ਵੇ ਕਿ ਸ਼ੌਂਕਣ ਮੇਲੇ ਦੀ..'

ਦਿੱਲੀ ਵਿਚ ਰਹਿੰਦੇ ਰੇਡੀਓ ਕਲਾਕਾਰ ਕੇ ਐਲ. ਅਗਨੀਹੋਤਰੀ ਨਾਲ ਵੀ ਪਾਲੀ ਨੇ ਦੋਗਾਣੇ ਰਿਕਾਰਡ ਕਰਾਏ। ਇਹ ਗੀਤ ਕੋਲੰਬੀਆ ਰਿਕਾਰਡ ਕੰਪਨੀ ਵੱਲੋਂ ਰਿਕਾਰਡ ਕੀਤੇ-

ਮੰਗੀ ਸੀ ਮੈਂ ਮੱਝ ਲਿਆਇਓ ਬੱਕਰੀ ਅੜਿਆ (ਨਰਿੰਦਰ ਕੌਰ ਪਾਲੀ ਤੇ ਕੰਵਰ ਲਾਲ ਅਗਨੀਹੋਤਰੀ)

ਕਾਹਨੂੰ ਵਿਹੜੇ 'ਚ ਚਰਖਾ ਡਾਹਿਆ
ਤਾਂਘਾਂ ਢੋਲ ਦੀਆਂ (ਨਰਿੰਦਰ ਕੌਰ ਪਾਲੀ ਤੇ ਅਗਨੀਹੋਤਰੀ)

ਘਰ 'ਕੱਲੀ ਦਾ ਜੀਅ ਨ੍ਹੀਂ ਲੱਗਦਾ

ਨਰਿੰਦਰ ਕੌਰ ਪਾਲੀ ਨੇ ਹਜ਼ਾਰਾ ਸਿੰਘ ਰਮਤਾ, ਨਿਰਮਲ ਸਿੰਘ ਨਿਰਮਲ ਤੇ ਹੋਰ ਕਲਾਕਾਰਾਂ ਨਾਲ ਵੀ ਗੀਤ ਗਾਏ। ਆਪ ਨੇ ਗਿਆਨ ਚੰਦ ਧਵਨ, ਗੌਰੀ ਸ਼ੰਕਰ, ਹਰਦੇਵ ਵਿਰਦੀ, ਭਜਨ ਸਿੰਘ ਭਜਨ, ਇੰਦਰਜੀਤ ਹਸਨਪੁਰੀ, ਚਰਨ ਸਿੰਘ ਸਫ਼ਰੀ ਆਦਿ ਗੀਤਕਾਰਾਂ ਦੇ ਗੀਤਾਂ ਨੂੰ

**ਕਲਾ ਪਰਿਕਰਮਾ**

ਗਾਇਆ। ਪਾਲੀ ਨੇ ਗਾਇਕੀ ਨੂੰ ਸਿਰਫ਼ ਸ਼ੌਂਕ ਵਜੋਂ ਹੀ ਅਪਣਾਇਆ। ਕਿੱਤੇ ਵਜੋਂ ਉਹ ਅਧਿਆਪਕਾ ਸੀ। ਜੇ ਉਹ ਗਾਇਕੀ ਨੂੰ ਕਿੱਤੇ ਵਜੋਂ ਲੈ ਲੈਂਦੀ ਤਾਂ ਅੱਜ ਇਹ ਸ਼ਖ਼ਸੀਅਤ ਭੁੱਲੀ ਵਿਸਰੀ ਨਾ ਹੁੰਦੀ। ਫਿਰ ਵੀ ਜਿੰਨੇ ਗੀਤ ਪਾਲੀ ਨੇ ਗਾਏ ਹਨ ਉਹ ਬਹੁਤ ਉੱਚ ਪਾਏ ਦੇ ਹਨ। 1987 ਵਿਚ ਬੇਵਕਤੀ ਮੌਤ ਕਾਰਨ ਪੰਜਾਬੀ ਸੰਗੀਤ ਜਗਤ ਨੂੰ ਬਹੁਤ ਘਾਟਾ ਪਿਆ ਜੋ ਪੂਰਾ ਨਹੀਂ ਹੋਣਾ।

# ਮਲਿਆਲੀ ਰੂਹ ਤੇ ਸੁਰ ਪੰਜਾਬੀ - ਰੰਜਨਾ

ਬਲਦੇਵ ਸਿੰਘ ਮਾਨ

ਰੰਜਨਾ ਭੱਟੀ ਉਹ ਸੁਰੀਲੀ ਆਵਾਜ਼, ਜਿਸ ਨੇ ਨਾ ਸਿਰਫ਼ ਪੰਜਾਬੀ ਸੰਗੀਤ ਨੂੰ ਨਵੇਂ ਆਸਮਾਨ ਦਿੱਤੇ, ਸਗੋਂ ਸੱਭਿਆਚਾਰਕ ਏਕਤਾ ਦਾ ਇਕ ਉੱਤਮ ਨਮੂਨਾ ਵੀ ਪੇਸ਼ ਕੀਤਾ। ਉਹ ਕੇਰਲ ਸੂਬੇ ਦੀ ਹੋਣ ਦੇ ਬਾਵਜੂਦ ਪੰਜਾਬੀ ਲੋਕ ਗੀਤਾਂ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਵਿਚ ਕਾਮਯਾਬ ਰਹੀ। ਮਲਿਆਲਮ ਮਾਂ ਬੋਲੀ ਹੋਣ ਦੇ ਬਾਵਜੂਦ, ਉਨ੍ਹਾਂ ਦਾ ਪੰਜਾਬੀ ਉਚਾਰਨ, ਲਹਿਜ਼ਾ ਅਤੇ ਜਜ਼ਬਾਤ ਇਉਂ ਪ੍ਰਗਟ ਹੁੰਦੇ ਸਨ ਜਿਵੇਂ ਉਹ ਪੰਜਾਬ ਦੀਆਂ ਗਲੀਆਂ ਵਿਚ ਹੀ ਖੇਡਦੀ ਰਹੀ ਹੋਵੇ। ਅਸਲ ਪਛਾਣ ਉਨ੍ਹਾਂ ਨੂੰ 1975 ਵਿਚ ਉਦੋਂ ਮਿਲੀ, ਜਦੋਂ ਦੂਰਦਰਸ਼ਨ ਕੇਂਦਰ ਅੰਮ੍ਰਿਤਸਰ ਉ 'ਵਗਦੀ ਏ ਰਾਵੀ, ਵਿਚ ਸੁਰਮ ਕੀਹਨੇ ਡੋਲ੍ਹਿਅ ਵਰਗੇ ਲੋਕ ਗੀਤ ਰਾਹੀਂ ਦਰਸ਼ਕਾ ਦੇ ਦਿਲਾ ਵਿਚ ਥਾ ਬਣਾਈ। ਇਸ ਤੋਂ ਬਾਅਦ ਰੰਜਨਾ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਹਰੇਕ ਨਵੇਂ ਸਾਲ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰੋਗਰਾਮ ਉਨ੍ਹਾਂ ਦੇ ਗੀਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ। ਦੂਰਦਰਸ਼ਨ ਦੇ ਸੁਨਹਿਰੀ ਦਿਨਾਂ 'ਚ ਗਾਇਕਾ ਰੰਜਨਾ ਭੱਟੀ ਵਲੋਂ ਗਾਏ ਅਤੇ ਹਰਜੀਤ ਸਿੰਘ ਵਲੋਂ ਦੂਰਦਰਸ਼ਨ ਲਈ



ਫਿਲਮਾਏ ਗੀਤ ਜਿਵੇਂ, ਦਿਲ ਲੈ ਗਿਆ ਨੀ ਕੋਈ ਦਿਲ ਲੈ ਗਿਆ', "ਰਾਂਝਾ ਜੋਗੀ ਹੋਇਆ" ਅਤੇ ਦੂਰਦਰਸ਼ਨ ਲਈ ਹੀ ਡਾਕਟਰ ਲਖਵਿੰਦਰ ਜੌਹਲ ਵਲੋਂ ਫਿਲਮਾਏ ਗਏ' 'ਮੈਨੂੰ ਸੁਰਮੇ ਦੀ ਡੱਬੀ ਵਿਚ ਰੱਖ ਮੁੰਡਿਆ', 'ਉਡੂੰ ਉਡੂੰ ਕਰੇ ਮੇਰਾ ਜੀਅ ਨੀਂ ਸਹੇਲੀਓ' ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲਾਂ 'ਚ ਵੱਖਰਾ ਹੀ ਪਿਆਰ ਜਗਾਉਂਦੇ ਸਨ।

ਉਨ੍ਹਾਂ ਦੀ ਗਾਇਕੀ ਵਿਚ ਪੰਜਾਬੀ ਸੱਭਿਆਚਾਰ, ਰਿਸ਼ਤੇ, ਭਾਵਨਾਵਾਂ ਅਤੇ ਸਮਾਜਿਕ ਸੰਦੇਸ਼ ਵੀ ਝਲਕਦੇ ਸਨ। ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਸ਼ਮਸ਼ੇਰ ਸੰਧੂ, ਬਾਬੂ ਸਿੰਘ ਮਾਨ, ਅਮਰੀਕ ਤਲਵੰਡੀ ਆਦਿ ਵਰਗੇ ਮਹਾਨ ਗੀਤਕਾਰਾਂ ਦੀਆਂ ਰਚਨਾਵਾਂ ਨੂੰ ਉਨ੍ਹਾਂ ਨੇ ਆਪਣੇ ਸੁਰਾਂ ਰਾਹੀਂ ਅਮਰ ਕਰ ਦਿੱਤਾ। ਸਕੂਲੀ ਪੜ੍ਹਾਈ ਨਾ ਦੇ ਬਰਾਬਰ ਹੋਣ ਦੇ ਬਾਵਜੂਦ ਵੀ ਰੰਜਨਾ ਨੇ ਕੇਵਲ ਪੰਜਾਬੀ ਹੀ ਨਹੀਂ, ਸਗੋਂ ਹਿੰਦੀ, ਡੋਗਰੀ, ਮਲਿਆਲਮ ਅਤੇ ਬੰਗਾਲੀ ਭਾਸ਼ਾਵਾਂ ਵਿਚ ਵੀ ਗੀਤ, ਗ਼ਜ਼ਲਾਂ, ਭਜਨ ਆਦਿ ਦਾ ਗਾਇਨ ਕੀਤਾ। ਉਨ੍ਹਾਂ ਦੇ ਪਤੀ ਸਵ: ਮੇਵੀ ਭੱਟੀ ਨੇ ਵੀ ਹਮੇਸ਼ਾ ਉਨ੍ਹਾਂ ਦੇ ਸੰਗੀਤਕ ਯਤਨਾਂ ਵਿਚ ਸਾਥ ਦਿੱਤਾ ਅਤੇ ਅੱਗੇ ਵਧਣ ਦਾ ਹੌਸਲਾ ਦਿੱਤਾ। ਅੱਜ 75 ਸਾਲ ਦੀ ਉਮਰ ਵਿਚ ਰੰਜਨਾ ਭੱਟੀ ਜਲੰਧਰ ਵਿਖੇ ਆਪਣੀ ਧੀ-ਜਵਾਈ ਨਾਲ ਰਹਿ ਰਹੀ ਹੈ। ਉਨ੍ਹਾਂ ਦਾ ਘਰ ਇਨਾਮਾਂ, ਸਨਮਾਨਾਂ, ਯਾਦਗਾਰ ਤਸਵੀਰਾਂ ਅਤੇ ਪੁਰਾਣੀਆਂ ਐਚ. ਐਮ. ਵੀ. ਰਿਕਾਰਡਿੰਗ ਕੈਸਟਾਂ ਨਾਲ ਸਜਿਆ ਹੋਇਆ ਹੈ। ਲਗਭਗ 30 ਫ਼ਿਲਮਾਂ ਦੀ ਗਾਇਕਾ ਹੋਣ ਦੇ ਨਾਲ-ਨਾਲ ਰੰਜਨਾ ਭੱਟੀ ਦੀ ਸੁਰੀਲੀ ਆਵਾਜ਼ ਅੱਜ ਵੀ ਰੇਡੀਓ, ਦੂਰਦਰਸ਼ਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਗੂੰਜਦੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਫਰਵਰੀ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-729



*ਵਿੱਚ ਪਰਦੇਸਾਂ ਜਦ ਬੰਦਾ ਇੱਕ ਟਰੰਕ ਨਾ.ਲ ਪਹੁੰਚੇ,*
*ਦਿਲ ਪਾ ਵੰਡੇ ਘਰ ਛੱਡ ਕੇ ਦਿਮਾਗ ਕੱਲੇ ਨਾ.ਲ ਸੋਚੇ।*
*ਕਦਮ ਫੂਕ ਫੂਕ ਕੇ ਰੱਖਦਾ ਅਤੇ ਕਾਮਯਾਬੀਆਂ ਲੋਚੇ,*
*ਕਰਮ ਭੂਮੀ ਮੰਨ ਕੇ ਧਰਤ ਪਰਾਈ 'ਤੇ ਪੈਰ ਪੈਰ ਬੋਚੇ।*

## ਕੈਪਸ਼ਨ ਮੁਕਾਬਲਾ-727



ਬੱਸੋਂ ਉੱਤਰ ਪਿੰਡ ਨੂੰ ਤੁਰ ਪਈ,
ਨਵੀਂ ਵਿਆਹੁੰਦੜ ਜੋੜੀ,
ਰੁੱਸਿਆ ਮਾਹੀ ਦੇਖ ਹੱਸ ਪਈ,
ਵੇ ਇੰਝ ਨ ਨਿਭਣੀ ਤੋੜੀ।
ਕਿਹੜੀ ਗੱਲੋਂ ਹੈ ਰੋਸਾ ਵੇ ਤੈਨੂੰ,
ਵੇ ਕਿਹੜੀ ਗੱਲ ਮੈਂ ਮੋੜੀ,
ਛੱਡ ਪਰਾਂਹ ਆ ਉੱਠ ਚੱਲੀਏ,
ਮਸਾਂ ਰੱਬ ਬਣਾਈ ਹੈ ਜੋੜੀ।
***-ਸੇਵਾ ਸਿੰਘ 'ਨੂਰਪੁਰੀ'***

---

ਸ਼ਾਦੀ ਪੁਰ ਕਰਵਾ ਲਈ ਸ਼ਾਦੀ
ਨਾ ਯੱਕਾ ਨਾ ਲਾਰੀ ਜਾਵੇ।
ਸੂਟਕੇਸ ਵੀ ਵੱਡਾ ਭਰ ਲਿਆ
ਕੌਣ ਚੁੱਕੇ ਤੇ ਕੌਣ ਚੁਕਾਵੇ।
ਵਾਟ ਤਾਂ ਭਾਵੇਂ ਨੇੜੇ ਲਾ ਲਈ
ਰਹਿੰਦੀ ਦਾ ਪਰ ਫਿਕਰ ਸਤਾਵੇ।
ਇੱਕ ਤਾਂ ਥੱਕ ਕੇ ਚੂਰ ਹੋ ਗਏ
'ਧੌਂਸ ਉੱਪਰਲੀ' ਅੱਡ ਡਰਾਵੇ।
***-ਜਗਮੀਤ ਸਿੰਘ ਪੰਧੇਰ***

---

ਸੂਟ ਸ਼ਗਨਾਂ ਦਾ ਪਾਇਆ,
ਚੂੜਾ ਬਾਹੀਂ ਲਾਲ ਹੈ
ਜਾਣਾ ਸਹੁਰਿਆਂ ਦੇ ਪਿੰਡ,
ਪਤੀ ਦੇਵਤਾ ਵੀ ਨਾਲ ਹੈ
ਲੈ ਕੇ ਆਇਆ ਮੁਕਲਾਵਾ,
ਸੂਟ ਕੇਸ ਦੋਵਾਂ ਪਾਸ ਹੈ
ਪਤੀ ਸੂਟ ਕੇਸ ਨੇ ਥਕਾਇਆ,
ਬੈਠਾ ਹੋ ਕੇ ਉਦਾਸ ਹੈ
ਪਿੰਡ ਸ਼ਾਦੀਪੁਰ ਇੱਥੋਂ
ਪੂਰਾ ਇੱਕ ਮੀਲ ਹੈ
ਆਪਾਂ ਪਹੁੰਚ ਜਾਵਾਂਗੇ ਦਿਨੇ-ਦਿਨੇ,
ਇਹ ਪਤੀ ਦੀ ਦਲੀਲ ਹੈ।
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਬੋਲ ਬੋਲ ਵੇ ਰਾਝਣਾਂ,
ਤੂੰ ਬੋਲ ਅੜਿਆ ਕੁਝ ਬੋਲ।
ਚੁੱਪ ਕਿਉਂ ਧਾਰੀ ਮੁੱਖ 'ਤੇ,
ਗੰਢ ਜੋ ਦਿਲ ਦੀ ਖੋਲ੍ਹ।
ਮੇਰੇ ਚਾਅ ਕੁਆਰਿਆਂ,
ਇੰਜ ਨਾ ਸੋਹਣਿਆ ਰੋਲ।
ਵੇਖ ਤੈਨੂੰ ਉਦਾਸਿਆ,
ਮੇਰੇ ਦਿਲ 'ਚ ਪੈਣ ਵੇ ਡੋਲ।
ਚੰਨ ਤੋਂ ਸੋਹਣੀ ਮੇਰੀਏ,
ਨਾ ਦਿਲੇ 'ਚ ਕੋਈ ਮਲਾਲ।
ਲੱਖਾਂ ਵਿਚ ਕੋਈ ਇਕ ਏਂ,
ਲੈ ਆਂਦੀ ਤੂੰ ਮੈਂ ਭਾਲ।
ਸੂਰਜ ਚੰਨ ਅਕਾਸ਼ ਦੇ,
ਝੱਲ ਸਕਣ ਨਾ ਤੇਰੀ ਝਾਲ।
ਉਡੀਕਦਿਆਂ ਬੱਸ ਹੋ ਗਈ,
ਬਸ ਬੱਸ ਦਾ ਇੱਕ ਸਵਾਲ।
***-ਗੁਰਬਖਸ਼ ਸਿੰਘ 'ਨਾਕਾਮ'***

---

ਸੱਜ ਵਿਆਹੀ ਜੋੜੀ, ਪੇਕੀਂ ਫੇਰਾ ਪਾ ਕੇ
ਸੂਟ ਰੇਸ਼ਮੀ ਲਾਲ,
ਗੋਟੇ ਵਾਲੀ ਚੁੰਨੀ ਦੇ ਨਾਲ
ਪ੍ਰਾਹੁਣੇ ਦੀ ਪੱਗ ਨਾਲ ਮੇਚਵਾਂ
ਚੂੜਾ ਵੀ ਲਾਲ।
ਸ਼ਾਦੀਪੁਰ ਪਿੰਡ ਦੇ ਮੀਲ ਪੱਥਰ 'ਤੇ
ਬੱਸ ਦਾ ਹੋ ਰਿਹਾ ਇੰਤਜ਼ਾਰ
ਫੋਨ ਮਿਲਾ ਕੇ ਪੁੱਛ ਰਹੇ
ਪਿੰਡੋਂ ਕੋਈ ਆ ਸਕਦਾ ਬਾਈਕ ਦੇ ਨਾਲ
ਕਾਹਲੀ ਹੋ ਰਹੀ
ਸਹੁਰੀਂ ਪਹੁੰਚਣ ਦਾ ਮਲਾਲ।
***-ਅਮਰਜੀਤ ਸਿੰਘ ਤੂਰ***
***ਫੋਨ:98784-69639***

# ਪਿਆਰੇ ਗੀਤਕਾਰ ਮਿੱਤਰ ਮੋਹਨ ਬੰਸੀਆਂ ਵਾਲਾ ਨੂੰ ਚੇਤੇ ਕਰਦਿਆਂ...

ਬਹੁਤ ਪਿਆਰਾ ਇਨਸਾਨ ਤੇ ਗੀਤਕਾਰ ਮੋਹਨ ਬੰਸੀਆਂ ਵਾਲਾ ਦੁਨੀਆਂ ਤੋਂ ਪਿਛਲੇ ਮਹੀਨੇ ਚਲਾ ਗਿਆ। ਉਹ ਰੰਗਲਾ ਸੱਜਣ ਸੀ। ਭਰ ਵਗਦਾ ਦਰਿਆ ਹੋਣ ਦੇ ਬਾਵਜੂਦ ਸਹਿਜ ਤੋਰ ਤੁਰਦਾ ਸੀ, ਨਾ ਤੇਜ਼ ਨਾ ਹੌਲੀ।

ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਸੈਕਰਾਮੈਂਟੋ ਵੱਸਦਾ ਸੀ। 2006 ਦੀ ਆਪਣੀ ਅਮਰੀਕਾ ਫੇਰੀ ਦੌਰਾਨ ਮੈਂ ਉਸਨੂੰ ਮਿਲਿਆ। ਉਸ ਚੰਗਾ ਚਾਅ ਕੀਤਾ। ਸ਼ਾਇਦ ਕੁਲਦੀਪ ਸਿੰਘ ਧਾਲੀਵਾਲ (ਹੁਣ ਵਿਧਾਇਕ) ਮੈਨੂੰ ਉਸ ਨਾਲ ਮਿਲਾਉਣ ਲੈ



ਗੁਰਭਜਨ ਗਿੱਲ

ਕੇ ਗਿਆ ਸੀ, ਪੱਕਾ ਚੇਤੇ ਨਹੀਂ।

ਪਰ ਕਿੱਡੇ ਅਫ਼ਸੋਸ ਦੀ ਗੱਲ ਹੈ ਕਿ ਉਸ ਦੇ ਪਰਲੋਕ ਗਮਨ ਦਾ ਪਤਾ ਹੀ ਨਾ ਲੱਗਾ ਮਹੀਨਾ ਭਰ।

ਅੱਜ ਜੇਕਰ ਉਸ ਦਾ ਗਿਰਾਈਂ ਤੇ ਕੈਨੇਡਾ ਵੱਸਦਾ ਮੇਰਾ ਸ਼ਾਇਰ ਮਿੱਤਰ ਮੰਗਾ ਸਿੰਘ ਬਾਸੀ ਮੈਨੂੰ ਨਾ ਦੱਸਦਾ, ਤਾਂ ਪਤਾ ਹੀ ਨਹੀਂ ਸੀ ਲੱਗਣਾ ਕਿ ਮੋਹਨ ਪਿਆਰਾ ਚਲਾ ਗਿਆ ਹੈ।

ਦੁਸ਼ਿਅੰਤ ਕੁਮਾਰ ਨੇ ਠੀਕ ਹੀ ਤਾਂ ਲਿਖਿਆ ਸੀ ਕਦੇ:

ਅਬ ਕਿ ਇਸ ਸ਼ਹਿਰ ਮੇ ਬਾਰਾਤ ਹੋ ਯਾ ਵਾਰਦਾਤ,
ਅਬ ਕਿਸੀ ਭੀ ਬਾਤ ਪਰ ਖੁਲ੍ਹਤੀ ਨਹੀਂ ਹੈਂ ਖਿੜਕੀਆਂ।

ਸੱਚ ਮੁੱਚ ਸਾਡਾ ਇਹੀ ਵਿਹਾਰ ਹੋ ਗਿਆ। ਮਹੀਨਾ ਹੋ ਗਿਆ ਉਸ ਨੂੰ ਵਿਛੜੇ ਨੂੰ, ਪਰ ਪਤਾ ਅੱਜ ਲੱਗ ਰਿਹਾ ਹੈ।

ਮੋਹਨ ਸੱਚਮੁੱਚ ਮਨ-ਮੋਹਨ ਸੀ। ਜਲੰਧਰ ਜ਼ਿਲ੍ਹੇ ਵਿਚ ਉਸ ਦਾ ਪਿੰਡ ਰੁੜਕਾ ਕਲਾਂ ਨੇੜੇ ਬੀੜ ਬੰਸੀਆਂ ਸੀ। ਇਸੇ ਕਰਕੇ ਉਹ ਮੋਹਨ ਬੰਸੀਆਂ ਵਾਲਾ ਸੀ। ਸਰਕਾਰੀ ਕਾਗ਼ਜ਼ਾਂ ਵਿਚ ਮੋਹਨ ਸਿੰਘ ਬਾਸੀ ਸੀ ਉਹ।

ਮੇਰੀ ਉਸ ਨਾਲ ਮੁਲਾਕਾਤ ਪੰਜਾਬੀ ਲੋਕ ਗਾਇਕ ਸੁਰਿੰਦਰ ਸ਼ਿੰਦਾ ਨੇ ਲਗਪਗ ਤੀਹ-ਪੈਂਤੀ ਸਾਲ ਪਹਿਲਾਂ ਕਰਵਾਈ ਸੀ। ਉਸ ਨੂੰ ਮੋਹਨ ਨਾਲ ਭਰਾਵਾਂ ਵਰਗਾ ਸਨੇਹ ਸੀ।

ਮੋਹਨ ਬਹੁਤ ਪਾਪੂਲਰ ਹੋਣ ਵਾਲੇ ਲੋਕ ਰੰਗ ਵਾਲੇ ਗੀਤ ਲਿਖਦਾ ਸੀ।

ਸੁਰਿੰਦਰ ਸ਼ਿੰਦਾ ਦੇ ਗਾਏ ਮੋਹਨ ਬੰਸੀਆਂ ਵਾਲੇ ਦੇ ਗੀਤ:

ਬਾਰੀ ਖੋਲ੍ਹ ਕੇ, ਵਾਹਿਗੁਰੂ ਬੋਲ ਕੇ,
ਸੀਟ ਉੱਤੇ ਬਹਿ ਜਾ ਬੱਲੀਏ।
ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ਨੀ
ਬਾਬਿਆਂ ਦੇ ਚੱਲ ਚੱਲੀਏ।

ਨੇ ਤਾਂ ਉਹ ਧੂੜਾਂ ਪੁੱਟੀਆਂ ਕਿ ਬਹਿ ਜਾ ਬਹਿ ਜਾ ਹੋ ਗਈ। ਸੁਰਿੰਦਰ ਸ਼ਿੰਦਾ ਦਾ ਪਛਾਣ ਚਿੰਨ੍ਹ ਬਣ ਗਿਆ ਇਹ ਗੀਤ। ਜਿਵੇਂ ਜਿਉਣਾ ਮੋੜ ਜਾਂ ਪੁੱਤ ਜੱਟਾਂ ਦੇ ਗੀਤ ਹੈ।

1993 ਸੀ ਜਾਂ 94, ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ 'ਤੇ ਸ. ਜਗਦੇਵ ਸਿੰਘ ਜੱਸੋਵਾਲ ਜੀ ਨੇ ਮੋਹਨ ਬੰਸੀਆਂ ਵਾਲੇ ਨੂੰ ਪੰਜਾਬੀ ਭਵਨ ਦੇ ਮੰਚ 'ਤੇ ਸਨਮਾਨਿਤ ਵੀ ਕੀਤਾ ਸੀ।

ਮੋਹਨ ਬੰਸੀਆਂ ਵਾਲੇ ਦੇ ਸੈਂਕੜੇ ਗੀਤ ਰੀਕਾਰਡ ਹੋਏ। ਅਜੀਤ ਸਿੰਘ ਰੰਗੀਲਾ ਜੱਟ ਤੇ ਸੁਰਿੰਦਰ ਕੌਰ ਨੇ ਵੀ ਉਸ ਦੇ ਕਈ ਗੀਤ ਗਾਏ।

ਜਿਨ੍ਹਾਂ ਵਿਚੋਂ ਦੋਗਾਣਾ 'ਮੁੰਡਾ ਚਿੱਟਿਆਂ ਰੁਮਾਲਾਂ' ਵਾਲਾ ਬਹੁਤ ਪ੍ਰਚੱਲਤ ਹੋਇਆ। ਕੁਲਦੀਪ ਮਾਣਕ, ਗੋਲਡਨ ਸਟਾਰ ਮਲਕੀਤ ਸਿੰਘ, ਜੈਜ਼ੀ ਬੈਂਸ, ਹ ਸ ਭਜਨ ਤੇ ਹੋਰ ਕਈ ਪ੍ਰਮੁੱਖ ਗਾਇਕਾਂ ਨੇ ਵੀ ਮੋਹਨ ਬੰਸੀਆਂ ਵਾਲੇ ਦੇ ਲਿਖੇ ਗੀਤ ਗਾਏ ਹਨ।

ਮੋਹਨ ਬੰਸੀਆਂ ਵਾਲਾ ਨੇ ਗੁਰੂ ਗੋਬਿੰਦ ਸਿੰਘ ਰਿਪਬਲਿਕ ਕਾਲਿਜ ਜੰਡਿਆਲਾ ਤੋਂ ਗਰੈਜੂਏਸ਼ਨ ਕਰਕੇ ਐੱਮ ਏ ਪੁਲਿਟੀਕਲ ਸਾਇੰਸ ਲਾਇਲਪੁਰ ਖ਼ਾਲਸਾ ਕਾਲਿਜ ਤੋਂ ਕੀਤੀ।

ਉਹ ਪੜ੍ਹਿਆ-ਲਿਖਿਆ ਗੀਤਕਾਰ ਸੀ। ਉਸ ਦੇ ਗੀਤਾਂ ਵਿਚ ਪੇਂਡੂ ਪੰਜਾਬ ਜੀਵੰਤ ਰੂਪ ਵਿਚ ਹਾਜ਼ਰ-ਨਾਜ਼ਰ ਹੈ।

ਕੈਂਸਰ ਦੇ ਭੈੜੇ ਰੋਗ ਨੇ ਉਸ ਨੂੰ ਜ਼ਿੰਦਗੀ ਦੇ ਆਖ਼ਰੀ ਵੇਲੇ ਬਹੁਤ ਨਪੀੜਿਆ। ਇਸ ਬਾਰੇ ਵੀ ਮੈਨੂੰ ਵੱਖ ਵੱਖ ਸਮੇਂ ਸ਼ਾਇਰ ਮਿੱਤਰ ਮੰਗਾ ਸਿੰਘ ਬਾਸੀ ਦੱਸਦਾ ਰਹਿੰਦਾ ਸੀ। ਲੱਖ ਚਾਹੁਣ ਦੇ ਬਾਵਜੂਦ ਉਸ ਨਾਲ ਮੇਰੀ ਗੱਲਬਾਤ ਨਾ ਹੋ ਸਕੀ।

ਇਸ ਵੇਲੇ ਮਨ ਦੀ ਹਾਲਤ ਇਸ ਲੋਕ ਬੋਲੀ ਵਰਗੀ ਹੈ।

ਅਹੁ ਗਏ ਸੱਜਣ ਅਹੁ ਗਏ
ਲੰਘ ਗਏ ਦਰਿਆ।
ਅਸਾਂ ਰੱਜ ਨਾ ਗੱਲਾਂ ਕੀਤੀਆਂ,
ਸਾਡੇ ਮਨੋਂ ਨਾ ਲੱਥੜਾ ਚਾਅ।

ਸੱਜਣ ਪਿਆਰਿਆਂ ਦੇ ਵਿਛੋੜੇ ਵਾਲੇ ਸੱਲ ਸਹਾਰਨੇ ਸੌਖੇ ਨਹੀਂ ਹੁੰਦੇ। ਪਲ-ਪਲ ਯਾਦਾਂ ਭਰੇ ਹੋਏ ਫੋੜੇ ਵਾਂਗ ਟਸ-ਟਸ ਕਰਦੀਆਂ ਨੇ।

ਮੇਰਾ ਲਿਖਿਆ ਪੜ੍ਹ ਕੇ ਪੰਜਾਬੀ ਲੇਖਕ ਤੇ ਵੱਡੇ ਗੀਤਕਾਰ ਹਰਜਿੰਦਰ ਕੰਗ ਟੈਲੀਫੋਨ 'ਤੇ ਬਹੁਤ ਭਾਵੁਕ ਬੋਲ ਸਨ: ਆਖ਼ਰੀ ਮੁਲਾਕਾਤ ਸੁਰਿੰਦਰ ਸ਼ਿੰਦਾ ਦੀ ਫਰਿਜ਼ਨੋ ਫੇਰੀ ਵੇਲੇ ਹੋਈ। ਕੰਗ ਨੇ ਕਿਹਾ ਕਿ ਯਾਰ ਮਿਲਿਆ ਕਰ! ਉਸ ਮਿਲਣ ਦਾ ਇਕਰਾਰ ਤਾਂ ਕੀਤਾ ਪਰ ਇਕਰਾਰ ਤੋੜ ਨਾ ਨਿਭਿਆ। ਹੁਣ ਸਿਰਫ਼ ਅੱਥਰੂ ਪੱਲੇ ਰਹਿ ਗਏ ਨੇ।

ਮੋਹਨ ਦੇ ਸ਼ਹਿਰ ਵਿਚ ਵੱਸਦੀ ਪੰਜਾਬੀ ਲੇਖਿਕਾ ਮਨਜੀਤ ਕੌਰ ਸੇਖੋਂ ਨੇ ਮੇਰੇ ਬੋਲ ਪੜ੍ਹ ਕੇ ਲਿਖ ਘੱਲਿਆ ਕਿ ਬਹੁਤ ਅਲੋਕਾਰੀ ਸ਼ਰਧਾਂਜਲੀ ਹੈ, ਮੋਹਨ ਬੰਸੀਆਂ ਵਾਲੇ ਲਈ, ਅਤੇ ਉਹ ਇੰਨੇ ਭਾਵਪੂਰਤ ਤੇ ਸੁੰਦਰ ਸ਼ਬਦਾਂ ਦਾ ਹੱਕਦਾਰ ਵੀ ਹੈ, ਜਿਨ੍ਹਾਂ ਨੂੰ ਪ੍ਰੋ. ਗੁਰਭਜਨ ਗਿੱਲ ਵਰਗੇ ਸਮਰੱਥ ਸ਼ਾਇਰ, ਬੋਲੀ ਦੇ ਬਾਦਸ਼ਾਹ ਹੀ ਕਲਮਬੰਦ ਕਰ ਸਕਦੇ ਨੇ।

ਸੋਸ਼ਲ ਮੀਡੀਆ ਦੀ ਬੇਓੜਕ ਸਪੀਡ ਦੇ ਬਾਵਜੂਦ ਬਹੁਤ ਸਾਰੀਆਂ ਅਹਿਮ ਖ਼ਬਰਾਂ ਪਤਾ ਨਹੀਂ ਕਿਉਂ ਚਾਲ ਹੌਲੀ ਕਰ ਜਾਂਦੀਆਂ ਨੇ। ਮੈਂ ਮੋਹਨ ਦੇ ਹੀ ਸ਼ਹਿਰ ਵਿਚ ਰਹਿੰਦੀ ਹਾਂ, ਜਾਂ ਨਾਲ ਦੇ ਸ਼ਹਿਰ। ਪਰ ਕੁਝ ਦਿਨ ਪਹਿਲਾਂ ਹੀ ਕਮਲ ਬੰਗਾ ਨੇ ਇਹ ਖ਼ਬਰ ਸਾਂਝੀ ਕੀਤੀ ਕਿ ਉਹ ਮੋਹਨ ਬੰਸੀਆਂ ਵਾਲੇ ਦੇ ਫਿਊਨਰਲ 'ਤੇ ਗਿਆ ਸੀ।

ਪੰਜਾਬੀ ਲੋਕ ਗਾਇਕ ਪੰਮੀ ਬਾਈ ਨੇ ਕਿਹਾ ਕਿ ਉਹ ਵੱਡਾ ਇਨਸਾਨ ਸੀ। ਦੋਸਤਾਂ ਲਈ ਵੱਡੀ ਬੁੱਕਲ। ਮੈਂ ਵੀ ਉਸ ਦਾ ਇੱਕ ਗੀਤ ਗਾਇਆ ਸੀ। ਬਹੁਤ ਦੁਖਦਾਈ ਹੈ ਵੱਡੇ ਵੀਰ ਦਾ ਚਲਾਣਾ।

ਮੋਹਨ ਨੂੰ ਸਾਡੀ ਇਹੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਉਸ ਦੇ ਗੀਤਾਂ ਨੂੰ ਸੰਭਾਲੀਏ। ਰੀਕਾਰਡ ਹੋਏ ਗੀਤ ਤਾਂ ਯੂ ਟਿਊਬ 'ਤੇ ਮਿਲ ਜਾਣਗੇ ਪਰ ਉਸ ਦੇ ਬਾਕੀ ਸਾਹਿਤਕ ਤੇ ਹੁਣ ਤੀਕ ਰੀਕਾਰਡ ਨਾ ਹੋਏ ਗੀਤਾਂ ਨੂੰ ਸੰਭਾਲਣ ਲਈ ਉਸ ਦੇ ਸ਼ੁਭਚਿੰਤਕਾਂ ਨੂੰ ਪਰਿਵਾਰ ਨਾਲ ਸੰਪਰਕ ਕਰਕੇ ਇਹ ਕਲਾਮ ਪ੍ਰਕਾਸ਼ਿਤ ਕਰਵਾਉਣਾ ਚਾਹੀਦਾ ਹੈ। ਉਸ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।

ਪਿਆਰੇ ਮੋਹਨ ਦੇ ਵਿਛੜਨ 'ਤੇ ਯੁੱਗ ਕਵੀ ਪ੍ਰੋ. ਮੋਹਨ ਸਿੰਘ ਜੀ ਦੀ ਗ਼ਜ਼ਲ ਦਾ ਸ਼ਿਅਰ ਬਾਰ-ਬਾਰ ਚੇਤੇ ਆ ਰਿਹੈ:

ਫੁੱਲ ਹਿੱਕ ਵਿਚ ਜੰਮੀ ਪਲ਼ੀ ਖ਼ੁਸ਼ਬੂ ਜਾਂ ਉੱਡ ਗਈ,
ਅਹਿਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ।

ਸਭ ਜੱਜਣਾਂ ਦੇ ਮਨ ਦੀ ਹਾਲਤ ਇਹ ਖ਼ਬਰ ਸੁਣ ਕੇ ਲਗਪਗ ਇਹੋ ਜਹੀ ਹੈ:

'ਹੋਵੇ ਖੇਤਾਂ ਵਿਚ ਤੂੰ ਹਲ ਵਾਹੁੰਦਾ, ਪਿੰਡੋਂ ਘੁੰਡ ਕੱਢ ਕੇ ਆਉਣ ਨੂੰ ਜੀਅ ਕਰਦਾ,
ਕੁੱਜਾ ਲੱਸੀ ਦਾ ਰੋਟੀਆਂ ਰੱਖ ਸਿਰ 'ਤੇ, 'ਭੱਤਾ' ਲੈ ਕੇ ਆਉਣ ਨੂੰ ਜੀਅ ਕਰਦਾ।'

# 'ਭੱਤਾ'

ਖੇਤੀ ਤੇ ਸਾਡੇ ਸੱਭਿਆਚਾਰ ਦਾ ਆਪਸ ਵਿਚ ਬੜਾ ਗੂੜ੍ਹਾ ਰਿਸ਼ਤਾ ਹੈ। ਸਾਡੇ ਸੱਭਿਆਚਾਰ ਦੀਆਂ ਅਨੇਕਾਂ ਵੰਨਗੀਆਂ ਵਿਚ ਖੇਤੀ ਦਾ ਜ਼ਿਕਰ ਮਿਲਦਾ ਹੈ। ਪੁਰਾਤਨ ਖੇਤੀ ਬੜੀ ਸਾਦ-ਮੁਰਾਦੀ ਤੇ ਕੁਦਰਤ ਉੱਤੇ ਜ਼ਿਆਦਾ ਨਿਰਭਰ ਹੁੰਦੀ ਸੀ। ਮਨੁੱਖੀ ਸ਼ਕਤੀ ਦੇ ਨਾਲ ਉਸ ਵਿਚ ਪਸ਼ੂਆਂ ਦਾ ਵੀ ਅਹਿਮ ਯੋਗਦਾਨ ਹੁੰਦਾ ਸੀ। ਪਰ ਫਿਰ ਮਨੁੱਖੀ ਸੱਭਿਅਤਾ ਦੇ ਵਿਕਾਸ ਕਰਨ ਤੇ ਮਸ਼ੀਨੀ ਯੁੱਗ ਦੇ ਆਉਣ ਨਾਲ ਪੁਰਾਤਨ ਖੇਤੀ ਦੇ ਢੰਗ ਤਰੀਕਿਆਂ ਵਿਚ ਇਤਿਹਾਸਕ ਤਬਦੀਲੀ ਆਈ। ਇਸ ਤਬਦੀਲੀ ਨੇ ਖੇਤੀ ਨੂੰ ਸੁਖਾਲਾ ਤਾਂ ਬਣਾਇਆ ਪਰ ਇਸ ਨੇ ਸਾਡੀ ਪ੍ਰੰਪਰਾਗਤ ਖੇਤੀ ਵਿਚੋਂ ਬੜਾ ਕੁਝ ਅਲੋਪ ਵੀ ਕਰ ਦਿੱਤਾ।

ਪੁਰਾਤਨ ਬਲਦਾਂ ਵਾਲੀ ਖੇਤੀ ਨਾਲ ਜੁੜਿਆ ਬੜਾ ਕੁਝ ਭਾਵੇਂ ਅਜੋਕੇ ਸਮੇਂ ਵਿਚ ਵਿਸਰ ਗਿਆ ਹੈ ਪਰ ਉਸ ਸਭ ਦੇ ਚਿੰਨ੍ਹ ਅੱਜ ਵੀ ਸਾਡੇ ਸੱਭਿਆਚਾਰ ਵਿਚ ਪਏ ਹਨ।



ਅਜਿਹਾ ਹੀ ਆਪਸੀ ਮੋਹ ਮੁਹੱਬਤ ਤੇ ਆਪਸੀ ਸਾਂਝ ਦਾ ਪ੍ਰਤੀਕ ਇੱਕ ਚਿੰਨ੍ਹ 'ਭੱਤਾ' ਹੈ ਜੋ ਅਜੋਕੇ ਸਮੇਂ ਵਿਚ ਸਾਡੀ ਖੇਤੀ ਦੇ ਕਿੱਤੇ ਵਿਚ

ਮਨਜੀਤ ਮਾਨ
ਫੋਨ: 70098-98044

ਅਲੋਪ ਹੋ ਗਿਆ ਹੈ। ਭੱਤਾ ਅਜੋਕੀ ਖੇਤੀ ਵਿਚੋਂ ਗੁਆਚ ਜਾਣ ਦੇ ਬਾਵਜੂਦ ਵੀ ਸਾਡੇ ਸੱਭਿਆਚਾਰ, ਸਾਡੀ ਬੋਲ-ਬਾਣੀ ਤੇ ਸਾਡੇ ਮੁਹਾਵਰੇ ਵਿਚ ਮੌਜੂਦ ਹੈ। ਅਸੀਂ ਆਮ ਕਹਿੰਦੇ ਹਾਂ ਫਲਾਣੇ ਨੇ ਤਾਂ ਭੱਤਾ ਭੰਨਾ ਲਿਆ ਹੈ ਹੁਣ ਕਿਸੇ ਵੱਟ ਮਰਜੀ ਤੁਰਿਆ ਫਿਰੇ। ਅਜੋਕੀ ਨਵੀਂ ਪੀੜ੍ਹੀ ਨੂੰ 'ਭੱਤੇ' ਬਾਰੇ ਬਹੁਤਾ ਪਤਾ ਨਹੀਂ ਹੈ। ਪੁਰਾਣੇ ਸਮਿਆਂ ਵਿਚ ਜਦ ਖੇਤੀ ਬਲਦਾਂ ਨਾਲ ਕੀਤੀ ਜਾਂਦੀ ਸੀ ਤਾਂ ਉਨ੍ਹਾਂ ਵੇਲਿਆਂ ਵਿਚ ਕਿਸਾਨ ਸਵੇਰੇ ਚਿੜੀ ਚੂਕਦੀ ਨਾਲ ਖੇਤ ਚਲੇ ਜਾਂਦੇ ਸਨ। ਉਨ੍ਹਾਂ ਨੂੰ ਪਿੱਛੋਂ ਘਰ ਦੀਆਂ ਸੁਆਣੀਆਂ (ਪਤਨੀ, ਮਾਂ ਜਾਂ ਧੀ) ਦੁਪਹਿਰ ਵੇਲੇ ਨੂੰ ਖੇਤਾਂ ਵਿਚ ਰੋਟੀ ਲੈ ਕੇ ਜਾਂਦੀਆਂ ਸਨ ਉਸਨੂੰ 'ਭੱਤਾ' ਕਿਹਾ ਜਾਂਦਾ ਸੀ। ਇੱਕ ਛਿੱਕੂ (ਛਾਬੇ) ਵਿਚ ਰੋਟੀਆਂ, ਸਬਜ਼ੀ, ਅਚਾਰ, ਗੰਡਾ ਤੇ ਕੁੱਜੇ ਵਿਚ ਦਹੀਂ-ਲੱਸੀ ਨੂੰ ਇਸ ਢੰਗ ਨਾਲ ਟਿਕਾਇਆ ਜਾਂਦਾ ਸੀ, ਤਾਂ ਉਹ ਡੁੱਲ ਨਾ ਸਕੇ। ਕਿਸੇ ਸੁਆਣੀ ਦੇ ਸਚਿਆਰੀ ਹੋਣ ਦਾ ਪਤਾ ਉਸਦੇ ਭੱਤਾ ਸਿਰ 'ਤੇ ਟਿਕਾਉਣ ਤੋਂ ਲੈ ਕੇ ਖੇਤ ਲਿਜਾਣ ਤੋਂ ਵੀ ਲੱਗਦਾ ਸੀ। ਇਸ ਕਰਕੇ ਹੀ ਜਦ ਕੋਈ ਸੁਆਣੀ ਠੁਮਕ-ਠੁਮਕ ਤੁਰਦੀ ਆਪਣੇ ਖੇਤ ਕੰਮ ਕਰਦੇ ਕੰਤ ਲਈ ਭੱਤਾ ਲੈ ਕੇ ਜਾਂਦੀ ਤਾਂ ਉਸ ਦ੍ਰਿਸ਼ ਨੂੰ ਪੇਸ਼ ਕਰਦੀ ਇਹ ਬੋਲੀ ਅਕਸਰ ਗਿੱਧੇ ਵਿਚ ਪਾਈ ਜਾਂਦੀ:

'ਜੱਟੀ ਪੱਚੀਆਂ ਮੁਰੱਬਿਆਂ ਵਾਲੀ, ਭੱਤਾ ਲੈ ਕੇ ਖੇਤ ਨੂੰ ਚੱਲੀ।'

ਭੱਤਾ ਸਿਰਫ਼ ਭੁੱਖ ਮਿਟਾਉਣ ਦਾ ਸਾਧਨ ਨਹੀਂ ਸੀ, ਸਗੋਂ ਇਹ ਪਰਿਵਾਰਕ ਸਾਂਝ ਤੇ ਰਿਸ਼ਤਿਆਂ ਨੂੰ ਵੀ ਮਜ਼ਬੂਤ ਕਰਦਾ ਸੀ। ਖੇਤ ਵਿਚ ਕਿਸੇ ਰੁੱਖ (ਟਾਹਲੀ, ਨਿੰਮ) ਦੀ ਛਾਂ ਹੇਠ ਸਾਰਾ ਪਰਿਵਾਰ ਇਕੱਠੇ ਬੈਠ ਕੇ ਭੱਤੇ ਵਿਚ ਲਿਆਂਦੀ ਰੋਟੀ ਖਾਂਦਾ ਸੀ ਤਾਂ ਉਹ ਨਾਲ ਆਪਣਾ ਸੁੱਖ-ਦੁੱਖ ਵੀ ਸਾਂਝਾ ਕਰਦਾ ਸੀ। ਇਸ ਤੋਂ ਇਲਾਵਾ ਉਨ੍ਹਾਂ ਵੇਲਿਆਂ ਵਿਚ ਸਾਂਝੇ ਪਰਿਵਾਰ ਹੋਣ ਕਰਕੇ ਕਈ ਵਾਰ ਪਤੀ-ਪਤਨੀ ਨੂੰ ਇਕੱਠਿਆਂ ਬੈਠ ਕੇ ਗੱਲਾਂ ਕਰਨ ਦਾ ਮੌਕਾ ਬਹੁਤ ਘੱਟ ਮਿਲਦਾ ਸੀ। ਇਸ ਲਈ ਭੱਤਾ ਲੈ ਕੇ ਗਈ ਪਤਨੀ ਆਪਣੇ ਪਤੀ ਨਾਲ ਖੁੱਲ੍ਹ ਕੇ ਗੱਲਾਂ ਕਰਨ ਦੇ ਨਾਲ ਹਾਸਾ ਮਖੌਲ ਵੀ ਕਰ ਲੈਂਦੀ ਸੀ। ਕਈ ਵਾਰ ਉਹ ਮਸ਼ਕਰੀ ਕਰਦੀ ਆਪਣੇ ਪਤੀ ਨੂੰ ਕਹਿੰਦੀ:

'ਹਾਕਾਂ ਮਾਰਦੀ ਸਰ੍ਹੋਂ ਦੇ ਫੁੱਲ ਵਰਗੀ, ਵੇ ਰੋਟੀ ਖਾ ਲੈ ਚੰਪਣਾ ਜਿਹਾ'

ਉਸਦਾ ਘਰਵਾਲਾ ਵੀ ਅੱਗੋਂ ਮਖੌਲ ਜਿਹੇ ਵਿਚ ਜਵਾਬ ਦਿੰਦਾ ਆਖਦਾ,

'ਮੈਨੂੰ ਹੋਰ ਵੀ ਪਿਆਰੀ ਲੱਗਦੀ, ਨੀਂ ਜਦੋਂ ਆਖੇਂ ਚੰਪਣਾ ਜਿਹਾ'

ਭੱਤੇ ਕਰਕੇ ਪਿੰਡਾਂ ਵਿਚ ਦੁਪਹਿਰ ਵੇਲੇ ਖੇਤਾਂ ਦੇ ਰਾਹਾਂ ਵਿਚ ਇੱਕ ਅਲੱਗ ਹੀ ਰੌਣਕ ਵੇਖਣ ਨੂੰ ਮਿਲਦੀ ਹੁੰਦੀ ਸੀ। ਕਿਸੇ ਘਰ ਦੀ ਸੁਆਣੀ ਭੱਤਾ ਲੈ ਕੇ ਜਾ ਰਹੀ ਹੈ ਕੋਈ ਖੇਤਾਂ ਵੱਲੋਂ ਵਾਪਸ ਆ ਰਹੀ ਹੁੰਦੀ ਸੀ। ਕਿਤੇ ਕਿਸੇ ਪਹੇ (ਕੱਚੇ ਰਾਹ) ਵਿਚ ਚਾਰ ਸੁਆਣੀਆਂ ਕੱਠੀਆਂ ਹੋ ਕੇ ਗੱਲਾਂ ਕਰਦੀਆਂ ਆਉਂਦੀਆਂ। ਪੰਜਾਬੀ ਸੱਭਿਆਚਾਰ ਤੇ ਸਾਹਿਤ ਵਿਚ ਅਜਿਹੇ ਦ੍ਰਿਸ਼ਾਂ ਦਾ ਬਹੁਤ ਵਰਨਣ ਮਿਲਦਾ ਹੈ ਜਿਵੇਂ:

'ਸਿਖਰ ਦੁਪਹਿਰੇ ਭੱਤਾ ਲੈ ਕੇ ਚੱਲੀ, ਪੈਰਾਂ ਦੀ ਜੁੱਤੀ ਪਾਵੇ ਧਮਕਾਂ'

ਇਸ ਦੇ ਨਾਲ ਹੀ ਭੱਤੇ ਵਿਚ ਪਤਨੀ ਜਾਂ ਮਾਂ ਦੇ ਹੱਥੋਂ ਮਿਲੀ ਰੋਟੀ ਕਿਸਾਨ ਦੀ ਥਕਾਵਟ ਦੂਰ ਕਰਨ ਵਿਚ ਸਹਾਇਤਾ ਕਰਦੀ ਸੀ, ਕਿਉਂਕਿ ਤੜਕਸਾਰ ਤੋਂ ਲਗਾਤਾਰ ਕੰਮ ਕਰਦੇ ਹੋਣ ਕਰਕੇ ਅਕਸਰ ਕਿਸਾਨ ਥੱਕ ਜਾਂਦੇ ਸੀ। ਫਿਰ ਭੱਤੇ ਦੇ ਆਉਣ ਨਾਲ ਭੁੱਖ ਤੋਂ ਰਾਹਤ ਤਾਂ ਮਿਲਦੀ ਹੀ ਸੀ ਨਾਲ ਕੁਝ ਪਲ ਲਈ ਆਪਣੀ ਪਤਨੀ ਜਾਂ ਮਾਂ ਨਾਲ ਗੱਲ ਕਰਕੇ ਉਹ ਸੁਖਦ ਵੀ ਮਹਿਸੂਸ ਕਰਦੇ ਸਨ। ਘਰ ਵਿਚ ਕੰਮ ਧੰਦਾ ਕਰਦੀ ਜੱਟੀ ਜੇਕਰ ਕਿਸੇ ਦਿਨ ਭੱਤਾ ਲੈ ਕੇ ਆਉਂਦੀ ਲੇਟ ਹੋ ਜਾਂਦੀ ਤਾਂ ਜੱਟ ਕਹਿੰਦਾ:

ਸੱਪ ਵਰਗੀ ਤੇਰੀ ਤੋਰ ਜੰਗੀਰੋ, ਸਿਓ ਵਰਗਾ ਰੰਗ ਤੇਰਾ,
ਨੀ ਕਿਹੜੀ ਗੱਲ ਦਾ ਕਰ ਗਈ ਗੁੱਸਾ, ਕਿਹੜੀ ਗੱਲ ਦਾ ਝੇੜਾ,
ਨੀਂ ਮੈਂ ਓਦਰ ਗਿਆ, ਮਾਰ ਜੰਗੀਰੋ ਗੇੜਾ।

ਪੁਰਾਣੇ ਸਮੇਂ ਵਿਚ ਪਿੰਡਾਂ ਦੇ ਰਾਹ ਕੱਚੇ ਸਨ ਤੇ ਸੜਕਾਂ ਅਜੇ ਬਣੀਆਂ ਨਹੀਂ ਸਨ। ਇਸ ਲਈ ਸੁਆਣੀਆਂ ਨੂੰ ਕੱਚੇ ਰਾਹਾਂ ਵਿਚਦੀ ਹੋ ਕੇ ਖੇਤਾਂ ਵਿਚ ਬਣੀਆਂ ਨਿੱਕੀਆਂ-ਨਿੱਕੀਆਂ ਵੱਟਾਂ 'ਤੇ ਤੁਰਨਾ ਪੈਂਦਾ ਸੀ। ਕਈ ਵਾਰ ਕੋਈ ਔਰਤ ਦੂਰ ਤੋਂ ਹੀ ਆਪਣੇ ਘਰ ਵਾਲੇ ਨੂੰ ਦੇਖ ਕੇ ਆਵਾਜ਼ ਦਿੰਦੀ:

ਭੱਤਾ ਲੈ ਕੇ ਆਈ ਹਾਣੀਆਂ,
ਕਿਤੇ ਵੱਟ ਤੋਂ ਤਿਲਕ ਨਾ ਜਾਵਾਂ।

ਇਸ ਦੇ ਨਾਲ ਹੀ ਘਰ ਦੀ ਸੁਆਣੀ ਜਦ ਭੱਤਾ ਲੈ ਕੇ ਖੇਤਾਂ ਵਿਚ ਲਹਿ-ਲਹੁੰਉਦੀਆਂ ਫਸਲਾਂ ਵੇਖਦੀ ਤਾਂ ਉਹ ਚਾਅ ਵਿਚ ਝੂਮ ਉੱਠਦੀ। ਉਹ ਮਨ ਹੀ ਮਨ ਕਹਿੰਦੀ:

'ਪਰਲੇ ਖੇਤ ਵਿਚ ਛੋਲੇ ਬੀਜੇ, ਉਰਲੇ ਖੇਤ ਵਿਚ ਗੰਨੇ, ਵੇ ਮੈਂ ਨੱਚਾਂ ਹਾਣੀਆਂ, ਖੇਤਾਂ ਦੇ ਬੰਨੇ-ਬੰਨੇ, ਵੇ ਮੈਂ...।'



ਸਵੇਰ ਦਾ ਹਲ ਵਾਹੁੰਦਾ ਜਦ ਜੱਟ ਸਿਰ 'ਤੇ ਭੱਤਾ ਲਈ ਆਉਂਦੀ ਜੱਟੀ ਨੂੰ ਦੂਰ ਤੋਂ ਵੇਖਦਾ ਤਾਂ ਅੱਧਾ ਥਕੇਵਾਂ ਲਹਿ ਜਾਂਦਾ ਸੀ। ਉਹ ਖੁਸ਼ੀ ਵਿਚ ਫੁੱਲਿਆ ਨਾ ਸਮਾਉਂਦਾ ਤੇ ਆਖਦਾ:

ਭੱਤਾ ਲੈ ਕੇ ਆਜੀਂ ਗੋਰੀਏ,
ਨੀ ਮੈਂ ਪਰਲੇ ਖੇਤ ਹਲ ਵਾਹੁੰਦਾ

ਆਧੁਨਿਕ ਖੇਤੀ ਵਿਚ ਭੱਤਾ ਲੈ ਕੇ ਜਾਣ ਦਾ ਰਿਵਾਜ ਤਾਂ ਬਿਲਕੁੱਲ ਖ਼ਤਮ ਹੋ ਗਿਆ ਹੈ। ਬਲਦਾਂ ਵਾਲੇ ਹਲ ਦੀ ਥਾਂ ਟਰੈਕਟਰ ਤੇ ਮਸ਼ੀਨਾਂ ਨੇ ਲੈ ਲਈ ਹੈ। ਸਾਰੇ ਦਿਨ ਦਾ ਕੰਮ ਕਿਸਾਨ ਇੱਕ ਦੋ ਘੰਟਿਆਂ ਵਿਚ ਖ਼ਤਮ ਕਰਕੇ ਘਰ ਆ ਜਾਂਦਾ ਹੈ। ਇਸ ਲਈ ਹੁਣ ਔਰਤਾਂ ਨੂੰ ਖੇਤ ਭੱਤਾ ਲੈ ਕੇ ਜਾਣ ਦੀ ਜ਼ਰੂਰਤ ਹੀ ਨਹੀਂ ਪੈਂਦੀ। ਅੱਜ ਪਿਆਰ ਤੇ ਆਪਸੀ ਸਾਂਝ ਦਾ ਸੁਮੇਲ 'ਭੱਤਾ' ਬੀਤੇ ਦੀ ਬਾਤ ਬਣ ਕੇ ਸਾਡੀਆਂ ਬੋਲੀਆਂ ਤੇ ਮੁਹਾਵਰਿਆਂ ਵਿਚ ਹੀ ਰਹਿ ਗਿਆ ਹੈ। ਅੱਜ ਕਿਸਾਨ ਜਦ ਆਪਣੀ ਘਰਵਾਲੀ ਕੋਲ ਬੈਠ ਕੇ ਰੋਟੀ ਖਾਂਦਾ ਹੈ ਤਾਂ ਮਜ਼ਾਕ 'ਚ ਉਸ ਦੀ ਘਰਵਾਲੀ ਕਹਿੰਦੀ ਹੈ:

'ਹੋਵੇ ਖੇਤਾਂ ਵਿਚ ਤੂੰ ਹਲ ਵਾਹੁੰਦਾ, ਪਿੰਡੋਂ ਘੁੰਡ ਕੱਢ ਕੇ ਆਉਣ ਨੂੰ ਜੀਅ ਕਰਦਾ,
ਕੁੱਜਾ ਲੱਸੀ ਦਾ ਰੋਟੀਆਂ ਰੱਖ ਸਿਰ 'ਤੇ, 'ਭੱਤਾ' ਲੈ ਕੇ ਆਉਣ ਨੂੰ ਜੀਅ ਕਰਦਾ।'

# ਦਸਤਾਰ ਤੋਂ ਗੱਦਾਰ ਤੱਕ ਦਾ ਸਫਰ !

> ਵੈਸੇ ਤਾਂ ਸਿਆਸੀ ਪਿੜ ਵਿਚ ਰੋਜ਼ ਹੀ ਬਹੁਤ ਅਜੀਬੋ-ਗਰੀਬ ਕਿੱਸੇ ਪੜ੍ਹਨ-ਸੁਣਨ ਨੂੰ ਮਿਲਦੇ ਰਹਿੰਦੇ ਹਨ ਪਰ ਅੱਜ-ਕੱਲ੍ਹ ਜੋ ਰਾਹੁਲ ਗਾਂਧੀ ਵਲੋਂ ਰਵਨੀਤ ਬਿੱਟੂ ਨੂੰ ਗੱਦਾਰ ਕਹਿਣ ਦਾ ਜੋ ਵਾ-ਵੇਲਾ ਜਿਹਾ ਮਚਿਆ ਹੋਇਆ ਹੈ, ਉਸਨੂੰ ਸੁਣ ਕੇ ਮੈਂ ਇਹ ਕੁੱਝ ਤਦ ਲਿਖਣ ਲੱਗਾ ਹਾਂ ਕਿਉਂਕਿ ਮੈਨੂੰ ਇਨ੍ਹਾਂ ਦੋਹਾਂ ਬਾਰੇ ਸੰਨ 2009 ਵਿਚ ਆਪਣੇ ਵਲੋਂ ਲਿਖੀ ਗਈ ਇਕ ਛੋਟੀ ਜਿਹੀ ਟਿੱਪਣੀ-ਨੁਮਾ ਲਿਖਤ ਚੇਤੇ ਆ ਗਈ-



> ਹੋਇਆ ਇੰਜ ਸੀ ਕਿ ਰਵਨੀਤ ਬਿੱਟੂ ਯੂਥ ਕਾਂਗਰਸ ਪੰਜਾਬ ਦਾ ਪ੍ਰਧਾਨ ਬਣ ਕੇ

ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-905-5517

ਮਠਿਆਈ ਦਾ ਡੱਬਾ ਦੇਣ ਗਿਆ ਸੀ ਰਾਹੁਲ ਗਾਂਧੀ ਨੂੰ। ਉਸ ਮੌਕੇ ਅਖ਼ਬਾਰਾਂ ਵਿਚ ਫੋਟੋ ਸਮੇਤ ਖ਼ਬਰ ਛਪੀ ਸੀ ਕਿ ਰਾਹੁਲ ਗਾਂਧੀ ਨੇ ਰਵਨੀਤ ਬਿੱਟੂ ਨੂੰ ਕਲੀਨਸ਼ੇਵ ਰੂਪ ਵਿਚ ਦੇਖ ਕੇ ਉਸਨੂੰ ਟੋਕਿਆ ਕਿ ਤੇਰੇ ਲਈ ਇਹ ਰੂਪ ਠੀਕ ਨਹੀਂ, ਤੈਨੂੰ ਤਾਂ ਦਸਤਾਰ ਸਜਾਉਣੀ ਚਾਹੀਦੀ ਹੈ!

> ਰਵਨੀਤ ਬਿੱਟੂ ਨੇ ਆਪਣੀ ਪਾਰਟੀ ਦੇ ਪ੍ਰਧਾਨ ਦਾ 'ਸਤਿ ਕਰਕੇ' ਕਿਹਾ ਮੰਨ ਲਿਆ ਤੇ ਪੱਗ ਨੂੰ ਆਪਣੇ ਪਹਿਰਾਵੇ ਵਿਚ ਸਦਾ ਲਈ ਸ਼ਾਮਲ ਕਰ ਲਿਆ! ਹੋਰ ਕਈ ਪੱਤਰਕਾਰਾਂ ਨੇ ਵੀ ਇਸ ਗੱਲ ਦਾ ਖਾਸ ਉਲੇਖ ਕੀਤਾ ਸੀ ਤੇ ਮੈਂ ਵੀ ਇਕ





ਅਖ਼ਬਾਰੀ ਲਿਖਤ ਲਿਖੀ ਸੀ ਕਿ ਦੇਖੋ ਇਤਿਹਾਸ ਦਾ ਕੈਸਾ ਅਜੀਬ ਮੌਕਾ-ਮੇਲ! ਜੂਨ ਚੁਰਾਸੀ ਦੇ ਘੱਲੂ-ਘਾਰੇ ਦੀ ਮੁੱਖ ਗੁਨਾਹਗਾਰ ਇੰਦਰਾ ਗਾਂਧੀ ਦੇ ਪੋਤਰੇ ਨੇ ਸਿੱਖ ਜਵਾਨੀ ਦੇ ਕਾਤਲ ਬੇਅੰਤ ਸਿੰਘ ਬੁੱਚੜ ਦੇ ਪੋਤਰੇ ਨੂੰ 'ਦਸਤਾਰ' ਦਾ ਚੇਤਾ ਕਰਾਇਆ!

> ਹੁਣ ਸਤਾਰਾਂ ਸਾਲਾਂ ਬਾਅਦ ਸੰਨ 2026 ਵਿਚ ਆ ਕੇ ਰਾਹੁਲ ਗਾਂਧੀ ਨੇ ਉਸੇ ਰਵਨੀਤ ਬਿੱਟੂ ਨੂੰ ਗੱਦਾਰ ਕਿਹਾ ਹੈ!...ਤੇ ਰਾਹੁਲ ਦੇ ਕਹੇ ਤੋਂ ਦਸਤਾਰ ਬੰਨ੍ਹਣ ਵਾਲੇ ਬਿੱਟੂ ਨੂੰ 'ਸਰਦਾਰ' ਦੱਸ ਕੇ ਉਹਦੀ ਤਰਫਦਾਰੀ ਉਹ ਲੋਕ ਕਰ ਰਹੇ ਹਨ, ਜਿਨ੍ਹਾਂ ਦੀ ਪਾਰਟੀ ਜੂਨ ਚੁਰਾਸੀ ਵੇਲੇ ਇੰਦਰਾ ਗਾਂਧੀ ਨੂੰ ਦੁਰਗਾ ਕਹਿਣ ਤੱਕ ਚਲੇ ਗਈ ਸੀ!

> ਦੇਸ ਦੇ ਸਿਆਸੀ ਪਿੜ ਵਿਚ ਇਸ ਦਸਤਾਰ, ਗੱਦਾਰ ਅਤੇ ਸਰਦਾਰ ਦੇ ਰੌਲੇ-ਗੌਲੇ ਬਾਰੇ ਅਸ਼ੋਕ ਅੰਜੁਮ ਦਾ ਸ਼ਿਅਰ-

> 'ਯੇ ਰਾਜਨੀਤੀ ਭੀ ਤੋ, ਤਵਾਇਫ ਸੇ ਕਮ ਨਹੀਂ
> ਪਕੜਾ ਹੈ ਇਸਕਾ ਹਾਥ, ਉਧਰ ਛੋੜ ਰਹੀ ਹੈ।'

# ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦੀ ਬਰਸੀ 'ਤੇ ਵਿਸ਼ੇਸ਼

ਹਿੰਦੋਸਤਾਨ ਦੀ ਧਰਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਨੇ ਗੁਰੂਆਂ-ਪੀਰਾਂ ਪੈਗੰਬਰਾਂ ਰਿਸੀਆਂ-ਮੁਨੀਆਂ ਨੂੰ ਜਨਮ ਦਿੱਤਾ ਹੈ। ਗੁਰੂ ਨਾਨਕ ਜੀ ਦੀ ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦ ਪੁਰ ਦੀ ਧਰਤੀ ਤੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ ਤੇ ਬਾਬਾ ਦੀਪ ਸਿੰਘ ਨੂੰ ਇਸ ਦਾ ਮੁੱਖੀ ਨਿਯੁਕਤ ਕੀਤਾ ਸੀ। ਇਸ ਦਮਦਮੀ ਟਕਸਾਲ ਨੇ ਗੁਰਬਾਣੀ ਦਾ ਸ਼ੁੱਧ ਪਾਠ ਤੇ ਗੁਰਬਾਣੀ ਦੇ ਅਰਥ-ਬੋਧ ਕਰਵਾਉਣ ਦੀ ਸੇਵਾ ਆਰੰਭ ਕੀਤੀ ਜੋ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

ਸਮੇਂ ਸਮੇਂ ਦਮਦਮੀ ਟਕਸਾਲ ਦੇ ਮੁਖੀ ਆਪਣੇ ਤਨ-ਮਨ ਨਾਲ ਨਿਭਾਉਂਦੇ ਰਹੇ।

ਇਸ ਟਕਸਾਲ ਦੇ ਗਿਆਰ੍ਹਵੇਂ ਮੁੱਖੀ ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਹੋਏ ਹਨ। ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਦਾ ਜਨਮ ਅੱਠ ਭਾਦੋਂ ਸੰਮਤ 1840 ਦਿਨ ਵੀਰਵਾਰ ਨੂੰ ਗੁਰਬਾਣੀ ਦੇ ਰਸੀਏ ਅੰਮ੍ਰਿਤਧਾਰੀ ਕਿਰਤੀ ਕਿਸਾਨ ਬਾਬਾ ਖਜਾਨ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਪਿੰਡ ਭਿੰਡਰ ਕਲਾਂ ਜ਼ਿਲ੍ਹਾ ਮੋਗਾ ਵਿਖੇ ਹੋਇਆ। ਆਪ ਜੀ ਦਾ ਨਾਮ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਗਿਆ। ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਸ੍ਰੀ ਮੁੱਖ ਵਾਕ ਦਾ ਪਹਿਲਾ ਅੱਖਰ 'ਸ' ਤੇ ਆਪ ਦਾ ਨਾਮ ਸੁੰਦਰ ਸਿੰਘ ਰੱਖਿਆ ਗਿਆ। ਬਾਬਾ ਖਜਾਨ ਸਿੰਘ ਜੀ ਨੇ ਪੁੱਤਰ ਹੋਣ ਦੀ ਖੁਸ਼ੀ ਵਿਚ ਸ੍ਰੀ ਸਹਿਜ ਪਾਠ ਆਪ ਆਰੰਭ ਕਰਕੇ ਚਾਲੀ ਦਿਨਾਂ ਵਿਚ ਭੋਗ ਪਇਆ। ਬਾਬਾ ਖਜਾਨ ਸਿੰਘ ਜੀ ਆਪ ਵੀ ਅਖੰਡਪਾਠੀ ਸਨ। ਮਾਤਾ ਮਹਿਤਾਬ ਕੌਰ ਜੀ ਆਪਣੇ ਸਪੁੱਤਰ ਸੁੰਦਰ ਸਿੰਘ ਨੂੰ ਗੋਦ ਵਿਚ ਲੈ ਕੇ ਸਿਮਰਨ ਕਰਦੇ ਰਹਿੰਦੇ ਸਨ। ਆਪ ਦੇ ਕੰਨਾਂ ਵਿਚ ਬਚਪਨ ਤੋਂ ਹੀ ਗੁਰਬਾਣੀ ਦਾ ਰਸ ਸੁਣਨਾ ਸ਼ੁਰੂ ਹੋ ਗਿਆ ਸੀ। ਬਾਬਾ ਖਜਾਨ ਸਿੰਘ ਜੀ ਨੇ ਆਪ ਜੀ ਨੂੰ ਘਰ ਵਿਚ ਹੀ ਪੰਜ-ਛੇ ਸਾਲ ਦੀ ਉਮਰ ਵਿਚ ਪੈਂਤੀ ਤੇ ਮੁਹਾਰਨੀ ਸਿਖਾ ਕੇ ਬਾਲ ਬੋਧ ਪੜ੍ਹਾ ਦਿੱਤਾ ਸੀ। ਆਪ ਜੀ ਦੀ ਯਾਦ ਸਕਤੀ ਬੇਹੱਦ ਤੀਖਣ ਸੀ। ਇੱਕ ਵਾਰ ਪੜ੍ਹੀ ਤੇ ਸੁਣੀ ਗੱਲ ਭੁੱਲਦੇ ਨਹੀਂ ਸਨ। ਜਪੁ ਜੀ ਸਾਹਿਬ, ਸੋ ਦਰ ਅਤੇ ਕੀਰਤਨ ਸੋਹਿਲਾ ਆਦਿ ਬਾਣੀਆਂ ਬਚਪਨ ਵਿਚ ਹੀ ਕੰਠ ਕਰ ਲਈਆਂ ਸਨ। ਨੌ-ਦਸ ਸਾਲ ਦੀ ਉਮਰ ਵਿਚ ਸਾਥੀ ਬਾਲਕਾਂ ਨਾਲ ਮੱਝਾਂ ਚਰਾਉਣ ਚਲੇ ਜਾਂਦੇ ਤੇ ਦੁਪਹਿਰ ਵੇਲੇ ਸਾਥੀ ਬਾਲਕਾਂ ਨੂੰ ਪੈਂਤੀ ਤੇ ਮੁਹਾਂਰਨੀ ਪੜ੍ਹਾਉਣ ਲੱਗ ਜਾਂਦੇ। ਛੋਟੀ ਉਮਰ ਵਿਚ ਹੀ ਪਿਤਾ ਜੀ ਨਾਲ ਖੇਤੀਬਾੜੀ ਦੇ ਕੰਮਾਂ ਵਿਚ ਹੱਥ ਵਟਾਉਣ ਲੱਗ ਪਏ। ਵਿਹਲੇ ਸਮੇਂ ਆਪ ਜੀ ਪੰਜ ਗ੍ਰੰਥੀ, ਬਾਈ ਵਾਰਾਂ ਤੇ ਭਗਤਾਂ ਦੀ ਬਾਣੀ ਦੀ ਸੰਥਿਆ ਲੈ ਕੇ ਉਸ ਨੂੰ ਪਰਪੱਕ ਕਰਦੇ ਰਹਿੰਦੇ ਸਨ। ਆਪ ਜੀ ਨੇ ਛੋਟੀ ਉਮਰ ਵਿਚ ਹੀ ਅੰਮ੍ਰਿਤ ਪਾਨ ਕਰ ਲਿਆ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਸੰਪੂਰਨ ਕਰਕੇ ਭੋਗ ਪਾਇਆ ਸੀ। ਪਿਤਾ ਖਜਾਨ ਸਿੰਘ ਜੀ ਨੇ ਇਸ ਖੁਸ਼ੀ ਦੇ ਦਿਨ ਨੂੰ ਪੂਰੇ ਨਗਰ ਨਿਵਾਸੀਆਂ ਨੂੰ ਭੰਡਾਰਾ ਕਰਕੇ ਮਨਾਇਆ ਸੀ। ਆਪ ਜੀ ਨੇ ਆਪਣੇ ਪਿਤਾ ਜੀ ਪਾਸੋਂ ਸਾਰ ਕੁਤਾਵਲੀ, ਭਵਰ ਸਿਮ੍ਰਿਤਿ ਵੈਰਾਗ ਸਤਕ, ਪ੍ਰਬੋਧ ਚੰਦਰ ਨਾਟਕ, ਭਾਈ ਨੰਦ ਲਾਲ ਦਾ ਜ਼ਿੰਦਗੀ ਨਾਮਾ, ਭਾਈ ਗੁਰਦਾਸ ਦੀਆਂ ਵਾਰਾਂ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਤੇ ਸ਼ਬਦੀ ਅਰਥ ਸਿੱਖ ਲਏ ਸਨ। ਉੱਚ ਵਿੱਦਿਆ ਲਈ ਨੇੜਲੇ ਪਿੰਡ ਧਰਮਕੋਟ ਦੇ ਪੰਡਿਤ ਜੀ ਪਾਸੋਂ ਸੰਸਕ੍ਰਿਤ ਦੀ ਵਿਆਕਰਣ ਸਿੱਖੀ। ਹਮੇਸ਼ਾ ਸਾਦਾ ਭੋਜਨ ਛਕਦੇ ਸਨ। ਪਿਤਾ ਜੀ ਵਾਂਗ ਹੀ ਖੱਦਰ ਦੇ ਕੱਪੜੇ ਪਹਿਨਦੇ ਸਨ। ਪਿਤਾ ਜੀ ਤੋਂ ਆਗਿਆ ਲੈ ਕੇ ਪਿੰਡ ਦਾਦ (ਲੁਧਿਆਣਾ) ਵਿਖੇ ਪੰਡਿਤ ਜਵਾਲਾ ਦਾਸ ਦੀ ਮੰਡਲੀ ਵਿਚ ਆ ਗਏ। ਉੱਥੇ ਪੰਡਿਤ ਜੀ ਪਾਸੋਂ ਵਿਚਾਰ ਸਾਗਰ ਤੇ ਮੋਖ ਪੰਥ ਆਦਿ ਵੇਦਾਂਤ ਤੇ ਕਈ ਹੋਰ ਗ੍ਰੰਥ ਪੜ੍ਹੇ ਤੇ ਵਿਚਾਰੇ। ਫਿਰ ਪੰਡਿਤ ਜੀ 'ਤੋਂ ਆਗਿਆ ਲੈ ਕੇ ਘਰ ਆ ਗਏ ਪਰੰਤੂ ਘਰ ਆ ਕੇ ਵੀ ਆਪ ਜੀ ਦਾ ਮਨ ਨਾ ਲੱਗਾ ਤੇ ਆਪ ਜੀ ਪੂਰਨ ਬ੍ਰਹਮ ਗਿਆਨੀ ਬਾਬਾ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਕੋਲ ਪਹੁੰਚ ਗਏ। ਬਾਬਾ ਜੀ ਪਾਸੋਂ ਹੋਰ ਵਿੱਦਿਆ ਹਾਸਲ ਕੀਤੀ। ਬਾਬਾ ਜੀ ਹੋਰਾਂ ਦੇ ਬਚਨ ਸਨ ਕਿ ਸਿੱਖੀ ਦਾ ਪ੍ਰਚਾਰ ਕਰੋ। ਵੱਧ ਤੋਂ ਵੱਧ ਸਿੰਘ ਸਜਾਉ, ਗੁਰਬਾਣੀ ਸਿਖਾਓ ਤੇ ਗੁਰਬਾਣੀ ਦੀ ਸੋਝੀ ਸੰਗਤਾਂ ਨੂੰ ਸਮਝਾਓ। ਬਾਬਾ ਬਿਸ਼ਨ ਸਿੰਘ ਜੀ ਸੰਤ ਪ੍ਰੇਮ ਸਿੰਘ ਜੀ ਨੂੰ ਸੇਵਾ ਸੰਭਾਲ ਕੇ ਸੱਚਖੰਡ ਜਾ ਬਿਰਾਜੇ। ਪਿੱਛੇ ਤਿੰਨ ਹੀਰੇ ਸੰਤ ਭਾਗ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ ਤੇ ਸੁੰਦਰ ਸਿੰਘ ਜੀ ਨੂੰ ਪੰਥ ਕੌਮ ਦੀ ਸੇਵਾ ਲਈ ਤਿਆਰ-ਬਰ-ਤਿਆਰ ਕਰਕੇ ਗਏ। ਆਪ ਜੀ ਨੇ ਅੱਧੀ ਆਯੂ ਵਿੱਦਿਆ ਹਾਸਲ ਕਰਨ ਲਈ ਲਾ ਦਿੱਤੀ ਤੇ ਬਾਕੀ ਰਹਿੰਦੀ ਕੌਮ ਤੇ ਧਰਮ ਦੇ ਲੇਖੇ ਲਾ ਦਿੱਤੀ। ਆਪ ਜੀ ਨੇ ਆਪਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਪਹਿਲੀਆਂ ਕਥਾਵਾਂ ਕ੍ਰਮਵਾਰ ਪਿੰਡ ਭਿੰਡਰ ਕਲਾਂ ਤੇ ਮੁਰਾਲੇ ਸੰਪੂਰਨ ਕੀਤੀਆਂ। ਆਪ ਜੀ ਪਿੰਡ ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਗੁਰੂ ਅਸਥਾਨਾਂ ਦੀ ਸੇਵਾ ਵੀ ਕਰਵਾਈ ਜਿਨ੍ਹਾਂ ਵਿਚ ਪਿੰਡ ਤਖਤੂਪੁਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਪਿੰਡ ਲਧਾਈ ਕੇ



ਗੁਰਦੁਆਰਾ ਅਤੇ ਪਿੰਡ ਬੋਪਾਰਾਏ ਕਲਾਂ ਵਿਖੇ ਗੁਰਦੁਆਰਾ ਸੱਚਖੰਡ ਸਾਹਿਬ ਦੀ ਸੇਵਾ ਆਪ ਟੋਕਰੀਆਂ ਚੁੱਕ ਤੇ ਹੱਥੀਂ ਰੋੜੀ ਕੁੱਟ ਕੇ ਕੀਤੀ। ਉਹ ਹਮੇਸ਼ਾ ਉਪਦੇਸ਼ ਦਿੰਦੇ ਸਨ ਕਿ ਸੇਵਾ ਕਰਨ ਨਾਲ ਤਨ ਸ਼ੁੱਧ ਹੁੰਦਾ ਹੈ ਤੇ ਸਿਮਰਨ ਨਾਲ ਮਨ ਸ਼ੁੱਧ ਹੁੰਦਾ ਹੈ। ਕਈ ਸਿੰਘਾਂ ਨੂੰ ਗੁਰਬਾਣੀ ਦੀ ਸੰਥਿਆ ਦੇ ਕੇ ਸ਼ੁੱਧ ਪਾਠੀ ਬਣਾਇਆ ਅਨੇਕਾਂ ਹੀ ਸਿੰਘਾ ਨੂੰ ਕਥਾ ਵਾਚਕ ਬਣਾ ਦਿੱਤਾ। ਆਪ ਜੀ ਨੇ ਪਾਠੀ ਰਾਗੀ ਸਿੰਘ ਤੇ ਕਥਾ ਵਿਚਾਰ ਕਰਨ ਵਾਲੇ ਤੇ ਸ਼ਬਦ ਕੀਰਤਨ ਕਰਨ ਵਾਲੇ ਵੀ ਤਿਆਰ ਕੀਤੇ ਤੇ ਅਗਾਂਹ ਹੋਰਾਂ ਨੂੰ ਸਿਖਾਉਣ ਦਾ ਉਪਦੇਸ਼ ਹਮੇਸ਼ਾ ਦਿੰਦੇ ਸਨ। ਲੋਕਾਂ ਨੂੰ ਅੰਮ੍ਰਿਤ ਸੰਚਾਰ ਤੋ ਜਾਣੂ ਕਰਵਾਉਂਦੇ ਅੰਮ੍ਰਿਤ ਛਕਾਉਂਦੇ, ਜੰਤਰ-ਮੰਤਰ ਤੇ ਟੂਣੇ ਆਦਿ ਤੋਂ ਦੂਰ ਰਹਿਣ ਲਈ ਹਮੇਸ਼ਾ ਉਪਦੇਸ਼ ਦਿੰਦੇ ਸਨ। ਜਦੋਂ ਕੀਰਤਨ ਕਰਦੇ ਸਨ ਤਾ ਪੰਡਾਲ ਵਿਚੋਂ ਕੋਈ ਵੀ ਨਹੀਂ ਸੀ ਉਠਦਾ, ਸਾਰੇ ਸਮਾਪਤੀ ਹੋਈ ਤੋਂ ਇਕੱਠੇ ਹੀ ਉੱਠਦੇ ਸਨ। ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਕਹਿਣ ਤੇ ਆਪ ਨੇ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਪੰਦਰਵੀਂ ਕਥਾ ਆਰੰਭ ਕੀਤੀ।

ਮਾਲਵੇ ਦਾ ਇਲਾਕਾ ਸਿੱਖੀ ਤੋਂ ਕਾਫ਼ੀ ਪਛੜਿਆਂ ਹੋਇਆ ਸੀ। ਜਾਇਦਾਦਾਂ ਖੁੱਲੀਆਂ ਸਨ। ਵੱਡੇ ਜਿਮੀਦਾਰ ਸ਼ਰਾਬ ਤੇ ਤੰਬਾਕੂ ਦਾ ਸੇਵਨ ਜ਼ਿਆਦਾ ਕਰਦੇ ਸਨ। ਆਪ ਜੀ ਉਨ੍ਹਾਂ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਤੇ ਕਥਾ ਕੀਰਤਨ ਕਰਨ ਗਏ ਜਿੱਥੇ ਨਸ਼ਾ ਤੇ ਬੰਜਰ ਕੁਰੀਤਾਂ ਜਿਆਦਾ ਸਨ। ਆਪ ਜੀ ਦੀ ਕਥਾ ਕੀਰਤਨ ਵਿਚ ਅਜਿਹਾ ਰਸ ਤੇ ਜਾਗਰੁਕਤਾ ਸੀ ਕਿ ਦੀਵਾਨਾਂ ਦੇ ਅਖੀਰ ਵਾਲੇ ਦਿਨ ਲੋਕ ਅੰਮ੍ਰਿਤ ਛਕਣ ਲਈ ਤਿਆਰ ਹੋ ਜਾਂਦੇ ਸਨ। ਇੱਕ ਵਾਰ ਪੱਕੇ ਦਰਵਾਜ਼ੇ ਪਿੰਡ ਬੋਪਾਰਾਏ ਕਲਾਂ ਵਿਖੇ ਦੀਵਾਨ ਸਜਾਇਆ ਹੋਇਆ ਸੀ। ਆਪ ਜੀ ਖੜ ਕੇ ਕੀਰਤਨ ਕਰ ਰਹੇ ਸਨ। ਪੂਰੀ ਧੁੱਪ ਨਿਕਲੀ ਹੋਈ ਸੀ ਕਿਤੇ ਵੀ ਬੱਦਲਵਾਈ ਨਹੀਂ ਸੀ, ਪਰ ਅਚਾਨਕ ਮੀਂਹ ਦੀਆਂ ਛਿੱਟਾਂ ਡਿੱਗਣ ਲੱਗੀਆਂ। ਸੰਗਤ ਵਿਚ ਹੱਲਚਲ ਹੋਣ ਲੱਗੀ ਤਾਂ ਆਪ ਜੀ ਨੇ ਫਰਮਾਇਆ ਭਾਈ! ਬੈਠ ਜਾਓ! ਇਹ ਤਾ ਮੇਘਲਾ ਕੀਰਤਨ ਤੋਂ ਪ੍ਰਸੰਨ ਹੋ ਕੇ ਫੁੱਲਾਂ ਦੀ ਵਰਖਾ ਕਰਦਾ ਹੈ। ਇਤਨੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੰਦੋਏ ਤੇ ਜਿਹੜੀ ਚਾਨਣੀ ਸੀ ਉਸ ਵਿਚੋਂ ਅੰਮ੍ਰਿਤ ਚੋਇਆ, ਜਿਹੜਾ ਮਹਾਂਪੁਰਸ਼ਾਂ ਗੁਰਦਿਆਲ ਸਿੰਘ ਜੀ ਤੇ ਬਾਬਾ ਜੀ ਅਜਾਇਬ ਸਿੰਘ ਹੋਰਾਂ ਨੇ ਛਕਿਆ। ਸਾਰੀ ਸੰਗਤ ਨੇ ਇਹ ਅੰਮ੍ਰਿਤ ਦੀ ਵਰਖਾ ਆਪਣੀ ਅੱਖੀਂ ਦੇਖੀ ਸੀ। ਆਪ ਦਾ ਸਾਰਾ ਜੀਵਨ ਹੀ ਗੁਰਮਤਿ ਦੇ ਰਾਹ ਤੁਰਿਆ। ਵਿੱਦਿਆ ਦਾ ਚਾਨਣ ਵੰਡਦੇ ਰਹੇ। ਅੰਤ ਵਿਚ ਜਿਗਰ ਦੀ ਬਿਮਾਰੀ ਤੋਂ ਪੀੜਤ ਹੋ ਗਏ। ਬਿਮਾਰ ਹੁੰਦਿਆਂ ਵੀ ਆਪ ਜੀ ਸੰਗਤ ਨੂੰ ਕਥਾ ਕੀਰਤਨ ਕਰਕੇ ਸੁਣਾਉਂਦੇ ਰਹੇ। ਹਮੇਸ਼ਾ ਸਿੱਖੀ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦੇ ਰਹੇ। ਹੌਲੀ ਹੌਲੀ ਜਿਗਰ ਦੀ ਬਿਮਾਰੀ ਵੱਧਦੀ ਗਈ। ਇਲਾਜ ਡਾਕਟਰ ਦੀਵਾਨ ਸਿੰਘ ਸਿਵਲ ਸਰਜਨ ਕਰ ਰਹੇ ਸਨ। ਡਾਕਟਰ ਸਾਹਿਬ ਕਹਿੰਦੇ ਕਿ ਮੈਂ ਆਪ ਜੀ ਨੂੰ ਕਦੇ ਵੀ ਪਰਮਾਤਮਾ ਦੀ ਬੰਦਗੀ ਤੋਂ ਜੁਦਾ ਨਹੀਂ ਵੇਖਿਆ ਹਮੇਸ਼ਾ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ ਸਨ। ਜਦੋਂ ਸਟੈਥੋਸਕੋਪ ਛਾਤੀ ਤੇ ਲਾਉਂਦੇ ਸੀ ਤੇ ਉਸ ਵਿਚੋਂ ਵੀ ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਆਉਂਦੀ ਸੀ। ਅੰਤ ਤਿੰਨ ਫੱਗਣ ਨੂੰ ਬੋਪਾਰਾਏ ਕਲਾਂ ਵਿਖੇ ਸਵੇਰੇ ਥੋੜ੍ਹਾ ਜਿਹਾ ਸਾਬੂਦਾਣਾ ਛਕਿਆ ਤੇ ਅੰਤਰ ਧਿਆਨ ਹੋ ਕੇ ਸੰਗਤਾਂ ਨੂੰ ਆਖਰੀ ਬਚਨ ਕਹੇ। ਮਿਲਬੇ ਕੀ ਮਹਿਮਾ ਬਰਨ ਨਾ ਸਾਕਉ ਨਾਨਕ ਪਰੈ ਪਰੀਲਾ॥ ਸਾਰੇ ਗੁਰਸਿੱਖ ਮਾਈ-ਭਾਈ ਬਾਣੇ ਤੇ ਬਾਣੀ ਨਾਲ ਜੁੜੋ ਤੇ ਲੰਗਰ ਹਮੇਸ਼ਾ ਪੰਗਤ ਵਿਚ ਬੈਠ ਕੇ ਛਕੋ। ਭਜਨੀਕ ਕਿਸੇ ਵੀ ਮਜ਼੍ਹਬ ਦਾ ਹੋਵੇ ਉਸ ਦਾ ਸਤਿਕਾਰ ਕਰੋ। ਚਾਰ ਫੱਗਣ ਵਾਲੇ ਦਿਨ ਸਵੇਰੇ ਤਿੰਨ ਵਜੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋਇਆ। ਆਪ ਜੀ ਨਿੱਜ ਸਰੂਪ ਵਿਚ ਲੀਨ ਹੋ ਗਏ। ਅੱਠ ਵਜੇ ਅਖੰਡਪਾਠ ਦੇ ਭੋਗ ਪਏ ਤੇ ਆਪ ਨਾਲ ਹੀ ਸੱਚਖੰਡ ਸਿਧਾਰ ਗਏ। ਪਿੰਡ ਬੋਪਾਰਾਏ ਕਲਾਂ ਤੇ ਸਮੂਹ ਇਲਾਕਾ ਨਿਵਾਸੀਆਂ ਸੰਗਤਾਂ ਨੇ ਗੁਰਦੁਆਰਾ ਦੇ ਚੜ੍ਹਦੇ ਪਾਸੇ ਆਪ ਜੀ ਦਾ ਅੰਗੀਠਾ ਤਿਆਰ ਕਰਕੇ ਸਸਕਾਰ ਕਰ ਦਿੱਤਾ ਤੇ ਸੰਗਤਾਂ ਵਿਚ ਉਦਾਸੀ ਛਾਈ ਰਹੀ। ਹਰਿ ਹਰਿ ਜਨ ਦਿਉ ਏਕ ਹੈ ਬਿਬ ਬਿਚਾਰ ਕਛੁ ਨਾਹਿ। ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥

ਆਪ ਜੀ ਦੀ ਥਾਂ ਗੁਰਦੁਆਰੇ ਦੀ ਸੇਵਾ ਤੇ ਜੱਥੇਦਾਰੀ ਭਾਈ ਗੁਰਦਿਆਲ ਸਿੰਘ ਜੀ ਨੂੰ ਸੌਂਪੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 9 ਮਾਰਚ 1930 ਦੇ ਇਜਲਾਸ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਕਿ ਕੌਮ ਦੇ ਮਹਾਨ ਕਥਾਵਾਚਕ ਕੀਰਤਨੀਏ ਦਾ ਸੱਚਖੰਡ ਚੱਲੇ ਜਾਣਾ ਕੌਮ ਨੂੰ ਬਹੁਤ ਵੱਡਾ ਘਾਟਾ ਹੈ। ਪਰਮਾਤਮਾ ਅੱਗੇ ਅਰਦਾਸ ਬੇਨਤੀ ਹੈ ਕਿ ਇਸ ਘਾਟੇ ਨੂੰ ਪੂਰਾ ਕਰਨ ਲਈ ਕ੍ਰਿਪਾਲਤਾ ਕਰਨੀ। ਆਪ ਜੀ ਦੀ ਯਾਦ ਵਿਚ ਪਿੰਡ ਬੋਪਾਰਾਏ ਕਲਾਂ ਵਿਖੇ ਸੰਤ ਸੁੰਦਰ ਸਿੰਘ ਹਾਇਰ ਸੈਕੰਡਰੀ ਪਬਲਿਕ ਸਕੂਲ ਬਹੁਤ ਵਧੀਆ ਚੱਲ ਰਿਹਾ ਹੈ। ਨੌਜਵਾਨਾਂ ਵੱਲੋਂ ਸੰਤ ਸੁੰਦਰ ਸਿੰਘ ਸਪੋਰਟਸ ਕਲੱਬ ਬਣਾਇਆ ਹੋਇਆ ਹੈ। ਜੋ ਆਪ ਜੀ ਦੀ ਯਾਦ ਵਿਚ ਹਰੇਕ ਸਾਲ ਖੇਡਾਂ ਦਾ ਆਯੋਜਨ ਕਰਦਾ ਹੈ ਹਰੇਕ ਸਾਲ ਹੀ 2,3,4 ਫੱਗਣ ਨੂੰ ਪਿੰਡ ਬੋਪਾਰਾਏ ਕਲਾਂ ਵਿਖੇ ਆਪ ਦੀ ਬਰਸੀ ਮਨਾਈ ਜਾਂਦੀ ਹੈ। ਪਿੰਡ ਅਤੇ ਇਲਾਕੇ ਨਿਵਾਸੀ ਵੱਧ-ਚੜ੍ਹ ਕੇ ਗੁਰਬਾਣੀ ਦੇ ਇਸ ਜੋੜ ਮੇਲੇ ਦਾ ਅਨੰਦ ਮਾਣਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਆਪ ਜੀ ਦੀ ਯਾਦ ਵਿਚ ਬਰਸੀ ਮਨਾਈ ਜਾਂਦੀ ਹੈ। ਕਨੈਡਾ ਇੰਗਲੈਂਡ, ਅਮਰੀਕਾ ਵਿਚ ਵੀ ਜਿਥੇ ਜਿੱਥੇ ਬੋਪਾਰਾਏ ਕਲਾਂ ਦੀ ਸੰਗਤ ਤੇ ਇਲਾਕਾ ਨਿਵਾਸੀਆਂ ਦੀ ਵੱਸੋਂ ਹੈ, ਆਪ ਜੀ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਹੈ। ਹਰੇਕ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੈਲੇਫੋਰਨੀਆ ਦੀ ਸੰਗਤ ਬਾਬਾ ਸੁੰਦਰ ਸਿੰਘ ਜੀ ਦੀ ਬਰਸੀ ਗੁਰਦੁਆਰਾ ਨਾਨਕ ਪ੍ਰਕਾਸ਼ ਟਰੇਸੀ ਵਿਖੇ 13,14,15 ਫਰਵਰੀ ਦਿਨ ਸ਼ੁੱਕਰ, ਸ਼ਨਿੱਚਰ, ਐਤਵਾਰ ਨੂੰ ਬੜੇ ਧੂਮਧਾਮ ਨਾਲ ਮਨਾ ਰਹੀ ਹੈ। ਇਸੇ ਦਿਨ ਹੀ ਬਰਸੀ ਪਿੰਡ ਬੋਪਾਰਾਏ ਕਲਾਂ ਵਿਖੇ ਗੁਰਦੁਆਰਾ ਸੱਚਖੰਡ ਸਾਹਿਬ ਵਿਖੇ ਮਨਾਈ ਜਾ ਰਹੀ ਹੈ। ਆਓ! ਆਪਾਂ ਵੀ ਮਹਾਂਪੁਰਸ਼ਾਂ ਦੀ ਯਾਦ ਵਿਚ ਜੁੜੀਏ ਤੇ ਆਪਣਾ ਜੀਵਨ ਸਫਲਾ ਕਰੀਏ।

# ਮੁਰਦਾ ਬੋਲਿਆ ਖਫਣ ਪਾੜ ਕੇ ਜੀ...

**(ਵਿਅੰਗ)**

ਤੁਸੀਂ ਮੁਰਦੇ ਦੇਖੇ ਹੋਣਗੇ, ਅਸੀਂ ਵੀ ਦੇਖੇ ਹਨ। ਮਰੇ ਹੋਏ ਵੀ ਅਤੇ ਜੀਊਂਦੇ ਵੀ! ਮਰੇ ਹੋਏ ਮੜ੍ਹੀਆਂ 'ਚ ਸੜਦੇ ਅਤੇ ਜੀਊਂਦੇ ਜੀਅ ਮਰੇ ਹੋਏ ਆਪਣੀਆਂ ਲਾਸ਼ਾਂ ਮੋਢਿਆਂ ਉੱਪਰ ਚੁਕੀ ਸਸਕਾਰ ਦੀ ਉਡੀਕ ਕਰ ਰਹੇ।

ਕੁਦਰਤੀ ਐ ਕਿ ਤੁਸੀਂ ਫਿਰ ਖਫਣ/ਕਫਣ ਵੀ ਜ਼ਰੂਰ ਦੇਖੇ ਹੋਣਗੇ, ਅਸੀਂ ਵੀ ਦੇਖੇ ਹਨ। ਖਫਣ ਪਾਉਣ ਵਾਲੇ ਵੀ ਅਤੇ ਖਫਣ ਲਾਹੁਣ ਵਾਲੇ ਵੀ। ਭਾਵ ਖਫਣ ਚੋਰ ਵੀ।

ਪਰ ਕੀ ਤੁਸੀਂ ਖਫਣ ਨੂੰ ਪਾੜ ਕੇ ਕੋਈ ਮੁਰਦਾ ਬੋਲਦਾ ਦੇਖਿਐ/



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਸੁਣਿਐ? ਅਸੀਂ ਦੇਖਿਐ/ਸੁਣਿਐ, ਬਲਕਿ ਕਈ ਦੇਖੇ/ਸੁਣੇ ਹਨ।

ਆਓ! ਇਸ ਨਿਵੇਕਲੀ ਨਸਲ ਦੇ ਦਰਸ਼ਨ ਕਰੀਏ!

ਤੁਸੀਂ ਸਾਰੇ ਸਿਆਣੇ ਹੋ ਅਤੇ ਬਾਖ਼ੂਬੀ ਜਾਣਦੇ ਹੋ ਕਿ 'ਮੁਰਦਾ ਬੋਲੇ ਤੇ ਖਫਣ ਪਾੜੇ' ਪੰਜਾਬੀ ਦਾ ਇੱਕ ਅਖਾਣ ਹੈ। ਇਸ ਦਾ ਅਰਥ ਹੈ ਕਿ ਜਦ ਕੋਈ ਜਿਸ ਵੇਲੇ ਵੀ ਬੋਲੇ ਤਾਂ ਬਸ ਭੈੜਾ ਹੀ ਬੋਲੇ। ਕਈ ਸੱਜਣ ਅਜਿਹੇ ਹੁੰਦੇ ਹਨ ਕਿ ਉਨ੍ਹਾਂ ਦੇ ਆਉਣ ਨਾਲ ਬਹਾਰ ਆ ਜਾਂਦੀ ਹੈ ਪਰ ਕਈ ਅਜਿਹੇ ਵੀ ਹੁੰਦੇ ਹਨ ਕਿ ਉਨ੍ਹਾਂ ਦੇ ਆਉਣ ਨਾਲ ਹਵਾੜ ਆ ਜਾਂਦੀ ਹੈ। ਅਜਿਹੀ ਸ਼ਖ਼ਸੀਅਤਾਂ ਛਡਦੇ ਹਨ ਕਿ ਇਉਂ ਲਗਦੈ, ਜਿਵੇਂ ਮਿਊਂਸਪੈਲਿਟੀ ਦੇ ਸਾਲਾਂ ਤੋਂ ਢਕੇ ਪਏ ਗਟਰ ਦਾ ਕਿਸੇ ਨੇ ਅਚਾਨਕ ਢੱਕਣ ਚੁੱਕ ਦਿਤਾ ਹੋਵੇ।

ਮੇਰਾ ਇੱਕ ਜਾਣਕਾਰ ਹੈ। ਅਗਿਓਂ ਉਸ ਦੀ ਇੱਕ ਜਾਣਕਾਰ ਹੈ। ਜੇ ਕਿਸੇ ਦੇ ਮਾੜੀ-ਮੋਟੀ ਝਰੀਟ ਵੀ ਆ ਜਾਏ ਤੇ ਬਦਕਿਸਮਤੀ ਨਾਲ ਉਸ ਦੇ ਭੋਰਾ ਖੂਨ ਰਿਸਣ ਲਗ ਪਵੇ ਤਾਂ ਸਮਝੋ ਮੁਰਦਾ, ਆਪਣੇ ਖਫਣ, ਚਿਖਾ ਦੀਆਂ ਲੱਕੜਾਂ ਅਤੇ ਉੱਪਰ ਪਾਈ ਜਾਣ ਵਾਲੀ ਸਾਰੀ 'ਸਮੱਗਰੀ' ਸਮੇਤ ਸ਼ਮਸ਼ਾਨਘਾਟ 'ਚੋਂ ਭੜਕ ਕੇ ਬਾਹਰ ਭੱਜ ਪਿਆ! ਸਾਰੇ ਪਿੰਡ ਵਿਚ ਰੌਲਾ ਪੈ ਜਾਊ, 'ਹੈ ਹਾ! ਫਲਾਣੇ ਦੇ ਮੁੰਡੇ ਦਾ ਹੱਥ ਵੱਢਿਆ ਗਿਆ, ਖੂਨ ਨਾਲ ਲੱਥ-ਪੱਥ ਅਧਮੋਏ ਹੋਏ ਨੂੰ ਹਸਪਤਾਲ ਲੈ ਗਏ ਐ, ਭਲਾ ਹੁਣ ਕਿਤੇ ਬਚਣਾ, ਭੈਣੇ ਖਬਰ ਸਾਰ ਲੈ ਆਉ।' ਬਾਅਦ 'ਚ ਪਤਾ ਲਗੂ ਕਿ ਮੁੰਡੇ ਦੀ ਚੀਚੀ ਉਪਰ ਮਾੜੀ ਜਿਹੀ ਖਰੋਚ ਆਈ ਸੀ, ਜੋ ਘਰੇਲੂ ਉਹੜ-ਪੁਹੜ ਨਾਲ ਠੀਕ ਹੋ ਗਈ ਸੀ ਤੇ ਉਹ 'ਅਧਮੋਇਆ' ਕਾਕਾ ਆਮ ਵਾਂਗ ਆਪਣੇ ਯਾਰਾਂ-ਬੇਲੀਆਂ ਨਾਲ ਖਿੱਦੋ-ਖੂੰਡੀ ਜਾਂ ਗੁੱਲੀ-ਡੰਡਾ ਖੇਡਦਾ ਰਿਹਾ ਹੋਊ।

ਚਲੋ ਪਿੰਡੋਂ ਨਿਕਲ ਕੇ ਸ਼ਹਿਰ ਚਲਦੇ ਹਾਂ। ਇੱਕ ਮਿੱਤਰ ਦਫਤਰ ਵਿਚ ਨੌਕਰੀ ਲਗਾ। ਨੌਜਵਾਨ ਸੀ, 'ਪਤਲਾ-ਪਤੰਗ', ਬਸ ਤਕਲਾ ਹੀ ਸਮਝੋ। ਜਿੰਮ ਵਿਚ ਖੂਨ ਪਸੀਨਾ ਇੱਕ ਕਰਕੇ ਸਰੀਰ ਕਮਾਇਆ ਸੀ। ਅਜੋਕੀ ਖੂਬਸੂਰਤ 'ਸਲਿੱਮ-ਟਰਿੱਮ' ਜੈਨਰੇਸ਼ਨ 'ਚੋਂ ਸੀ। ਪਰ ਉਸ ਦਾ ਸੀਨੀਅਰ ਉਹੀ ਘਸੀ-ਪਿਟੀ ਪੁਰਾਣੀ ਪੀੜ੍ਹੀ ਦਾ ਸੀ। ਦੇਖਦਿਆਂ ਹੀ ਬੋਲ ਉਠਿਆ, 'ਤੁਹਾਡੇ ਤੋਂ ਪਹਿਲਾਂ ਜੋ ਇਸ ਕੁਰਸੀ ਉਪਰ ਬੈਠਾ ਸੀ,



ਉਹ ਤੁਹਾਡੇ ਨਾਲੋਂ ਵੀ ਸੁੱਕਾ-ਸੜਿਆ ਸੀ, ਬਸ ਸੁੱਕ ਕੇ ਤੀਲਾ ਹੋਇਆ ਸੀ, ਜਿਵੇਂ ਕਦੀ ਰੱਜ ਕੇ ਖਾਣਾ ਨਾ ਨਸੀਬ ਹੋਇਆ ਹੋਵੇ।' ਸਾਡੇ ਮਿੱਤਰ ਦੀ ਨਵੀਂ-ਨਵੀਂ ਲਗੀ ਨੌਕਰੀ ਦਾ ਸਾਰਾ ਚਾਅ ਜਾਂਦਾ ਲਗਾ। ਉਸ ਦਾ ਦਿਲ ਕੀਤਾ ਕਿ ਆਪਣੇ ਉਸ ਸੀਨੀਅਰ ਦੇ ਸਿਰ 'ਚ ਕੁਰਸੀ ਵਗਾਹ ਮਾਰੇ ਪਰ 'ਦਿਲ ਕੀ ਦਿਲ ਹੀ ਮਾਹਿ ਰਹੀ'!

ਸ਼ਹਿਰ ਦੇ ਇੱਕ ਹਸਪਤਾਲ ਚਲਦੇ ਹਾਂ। ਇੱਕ ਦੁਰਘਟਨਾ ਦਾ ਮਰੀਜ਼ ਦਾਖਿਲ ਹੈ, ਉਸ ਦੀ ਖਬਰ-ਸਾਰ ਲੈਂਦੇ ਹਾਂ। ਇਹ ਕੀ? ਮਰੀਜ਼ ਕੋਲ ਪਹਿਲਾਂ ਹੀ ਇੱਕ 'ਸ਼ੁੱਭ-ਚਿੰਤਕ' ਸੱਜਣ ਬੈਠਾ ਹੋਇਆ ਹੈ। ਜ਼ਰਾ ਉਸ ਦੀ ਬੀਮਾਰ-ਪੁਰਸੀ ਦਾ ਹੌਸਲਾਵਰਧਕ ਢੰਗ ਦੇਖੋ, 'ਨਾ, ਤੂੰ ਸਿਆਣਾ-ਬਿਆਣਾ ਬੰਦਾ, ਨਾ ਸ਼ਰਾਬ ਪੀਨਾਂ, ਨਾ ਗੱਡੀ ਤੇਜ਼ ਚਲਾਉਨਾਂ, ਫਿਰ ਤੈਥੋਂ ਗਲਤੀ ਕਿਦਾਂ ਹੋ ਗਈ ਐਕਸੀਡੈਂਟ ਦੀ? ਆਹ ਜਿਹੜੀ ਤੇਰੀ ਬਾਂਹ ਟੁੱਟੀ ਐ, ਇਹ ਤਾਂ ਹੁਣ ਠੀਕ ਨਹੀਂ ਹੋਣੀ। ਡਾਕਟਰਾਂ ਦਾ ਕੀ ਐ, ਪੈਸੇ ਬਟੋਰਨ ਦੇ ਮਾਰੇ ਲਾਰੇ ਲਾਉਂਦੇ ਰਹਿੰਦੇ ਐ। ਮੇਰੇ ਇੱਕ ਰਿਸ਼ਤੇਦਾਰ ਦੀ ਵੀ ਬਾਂਹ ਇਸ ਤਰ੍ਹਾਂ ਹੀ ਟੁੱਟ ਗਈ ਸੀ, ਲੱਖ ਇਲਾਜ ਦੇ ਬਾਵਜੂਦ ਵੀ ਵਿੰਗੀ ਦੀ ਵਿੰਗੀ ਰਹੀ, ਤੇਰਾ ਵੀ ਇਹੀ ਹਾਲ ਹੋਣੈ।'

ਇਹ ਖਫਣ-ਪਾੜ ਪ੍ਰਜਾਤੀ ਪਰਦੇਸਾਂ ਵਿਚ ਵੀ ਹੈ। ਬਦੇਸੀ ਡਾਲਰਾਂ-ਪੌਂਡਾਂ ਨਾਲ ਭਲਾ ਦੇਸੀ ਸੁਭਾਅ ਵੀ ਬਦਲਦੈ। ਇੱਕ ਘਰ ਮੌਤ ਹੋ ਗਈ। ਮੌਤ ਦਾ ਕੀ ਐ, ਘਰ ਘਰ ਹੁੰਦੀ ਐ, ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥(ਸ.ਗ.ਗ.ਸ.ਅੰਗ-੧੨)। ਕੁਦਰਤ ਦੀ ਕਰਨੀ ਕਿ ਮਰਨ ਵਾਲੇ ਦੀ ਉਮਰ ਮਸਾਂ 42-43 ਸਾਲ ਸੀ। ਉਸ ਤੋਂ ਪਹਿਲਾਂ ਵੀ ਉਨ੍ਹਾਂ ਘਰ ਇੱਕ ਜਣੇ ਦੀ ਮੌਤ ਇਸੇ ਉਮਰੇ ਹੋਈ ਸੀ। ਅਫਸੋਸ ਕਰਨ ਵਾਲਿਆਂ 'ਚੋਂ ਇੱਕ ਜਣੇ/ਜਣੀ ਨੇ ਬੜੀ ਹਮਦਰਦੀ ਨਾਲ ਦੁਖ ਪ੍ਰਗਟ ਕਰਦਿਆਂ ਕਿਹਾ ਕਿ 'ਭੈਣੇ, ਤੁਹਾਡੇ ਘਰ ਤਾਂ ਲਗਦੈ ਇਹ 'ਏਜ-ਬਾਰ' ਹੀ ਹੈ, ਜਾਣੀ ਮਰਨ ਦੀ ਇਹ ਸੀਮਾ ਤੈਅ ਹੈ'। ਵਲੂੰਧਰੇ ਹੋਏ ਹਿਰਦਿਆਂ ਵਾਲੇ ਪਰਿਵਾਰ ਵਾਲਿਆਂ ਦਾ ਦਿਲ ਤਾਂ ਕੀਤਾ ਕਿ ਕਹਿ ਦੇਣ ਕਿ 'ਪਰਮਾਤਮਾ ਤੁਹਾਡੇ ਉਪਰ ਵੀ ਅਜਿਹੀ ਮਿਹਰ ਕਰੇ' ਪਰ ਕਹਿ ਨਾ ਸਕੇ।

ਲਓ, ਲੋਕਾਂ ਦੀਆਂ ਬਥੇਰੀਆਂ ਹੋ ਗਈਆਂ, ਹੁਣ ਸਾਡੀ ਵੀ ਸੁਣ ਲਉ। ਨਵਾਂ-ਨਵਾਂ ਘਰ ਬਣਾਇਆ ਸੀ। ਸੁਹਣਾ ਇਲਾਕਾ ਸੀ। ਘਰ ਕੋਲ ਇੱਕ ਕਾਲਜ ਸੀ, ਇੱਕ ਧਾਰਮਿਕ ਅਸਥਾਨ ਸੀ, ਸੁੰਦਰ ਪਾਰਕ ਸੀ। ਪਰ ਇਕ ਦਿਨ ਕੋਈ ਟੈਲੀਫੋਨ ਉਪਰ ਘਰ ਦੀ 'ਲੋਕੇਸ਼ਨ' (ਥਾਂ-ਟਿਕਾਣਾ) ਪੁੱਛਣ ਲਗਾ ਤਾਂ ਪਤਾ ਨਹੀਂ ਸਾਡੇ ਅੰਦਰੋਂ ਕਦ ਖਫਣ ਪਾੜ ਕੇ ਮੁਰਦਾ ਬੋਲਣ ਲਗ ਪਿਆ, 'ਫਲਾਣੇ ਪਾਸਿਉਂ ਆਏਂਗਾ ਤਾਂ ਪਹਿਲਾਂ ਇੱਕ ਗੰਦਾ ਨਾਲਾ ਆਵੇਗਾ, ਫਿਰ ਸ਼ਮਸ਼ਾਨਘਾਟ ਅਤੇ ਆਖਿਰ ਵਿਚ ਇੱਕ ਕੂੜੇ ਦਾ ਢੇਰ, ਉਥੋਂ ਮੁੜ ਕੇ ਕਿਸੇ ਨੂੰ ਪੁੱਛ ਲਵੀਂ।'

ਸਾਨੂੰ ਉਦੋਂ ਹੀ ਪਤਾ ਲਗਾ ਜਦ ਘਰਵਾਲੀ ਨੇ ਠਾਹ ਕਰਕੇ ਫੋਨ ਕੱਟ ਦਿਤਾ ਅਤੇ ਮੱਥੇ ਉਪਰ ਹੱਥ ਮਾਰ ਕੇ ਬੋਲੀ, 'ਮਿਰਤਕ ਨਾਲਿ ਵਿਆਹੀਐ ਸੋਹਾਗੁ ਨ ਥੀਐ'(ਸ.ਗ.ਗ.ਸ.ਅੰਗ-੩੪)।

ਇਹ ਸੁਣਦੇ ਸਾਰ ਸਾਨੂੰ ਉਪਰੋਕਤ ਮੁਹਾਵਰੇਦਾਰ ਸਿਰਲੇਖ ਇੱਕ ਦਮ ਚੇਤੇ ਆਇਆ-'ਮੁਰਦਾ ਬੋਲਿਆ ਖਫਣ ਪਾੜ ਕੇ ਜੀ'!

# ਭਗਤ ਸਿੰਘ ਸ਼ਹੀਦ ਦੀ ਨਜ਼ਰ ਵਿਚ ਸੁਤੰਤਰਤਾ ਸੰਗ੍ਰਾਮੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕਿਸੇ ਮਹਿਫਲ ਵਿਚ ਸੌ ਸਾਲ ਪਹਿਲਾਂ ਭਗਤ ਸਿੰਘ ਸ਼ਹੀਦ ਦੇ ਹਿੰਦੀ ਵਿਚ ਲਿਖੇ 'ਹੋਲੀ ਕੇ ਦਿਨ ਖ਼ੂਨ ਕੇ ਛੀਟੇ' ਨਾਮੀ ਲੇਖ ਦਾ ਜ਼ਿਕਰ ਆ ਗਿਆ ਤਾਂ ਮੈਂ ਪਟਿਆਲਾ ਨਿਵਾਸੀ ਸਰਬਜੀਤ ਸਿੰਘ ਵਿਰਕ ਦੀ ਸੱਜਰੀ ਪੁਸਤਕ 'ਕੌਮੀ ਸ਼ਹੀਦਾਂ ਅਤੇ ਦੇਸ਼ ਭਗਤਾਂ ਉਤੇ ਸ਼ਹੀਦ ਭਗਤ ਸਿੰਘ ਦੇ ਲੇਖ' ਦੇ ਵਰਕੇ ਫਰੋਲਣ ਲਗ ਪਿਆ। ਇਸ ਪੁਸਤਕ ਵਿਚ ਭਗਤ ਸਿੰਘ ਦੀ ਦੇਸ਼ ਭਗਤਾਂ ਪ੍ਰਤੀ ਸ਼ਰਧਾ ਨੂੰ ਉਭਾਰਿਆ ਗਿਆ ਹੈ। 19 ਸਾਲ ਦੀ ਉਮਰ ਵਿਚ ਲਿਖਿਆ ਉਸਦਾ ਇਹ ਲੇਖ 27 ਫਰਵਰੀ




1926 ਦੀ ਉਸ ਹੋਲੀ ਬਾਰੇ ਹੈ ਜਿਸ ਦਿਨ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਬੱਬਰ ਅਕਾਲੀ ਧਾਰਨਾ ਨੂੰ ਪਰਨਾਏ ਛੇ ਯੋਧਿਆਂ ਕਿਸ਼ਨ ਸਿੰਘ ਗੜਗਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਤੇ ਧਰਮ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ। ਇਹ ਲੇਖ ਕਾਨਪੁਰ ਤੋਂ ਛਪਦੀ 'ਪ੍ਰਤਾਪ' ਅਖ਼ਬਾਰ ਦੇ 15 ਮਾਰਚ 1926 ਵਾਲੇ ਅੰਕ ਵਿਚ 'ਏਕ ਪੰਜਾਬੀ ਯੁਵਕ' ਦੇ ਨਾਂ ਥੱਲੇ ਛਪਿਆ ਸੀ।

ਇਸ ਤੱਥ ਨੂੰ ਕੋਈ ਭੁੱਲਿਆ ਨਹੀਂ ਕਿ ਭਗਤ ਸਿੰਘ 1924 ਤੋਂ ਇਸ ਅਖ਼ਬਾਰ ਵਿਚ ਨੌਕਰੀ ਕਰ ਰਿਹਾ ਸੀ। ਉਹਦੇ ਵਲੋਂ ਘਰ ਬਾਰ ਤਿਆਗ ਕੇ ਕਾਨਪੁਰ ਪਹੁੰਚਣ ਦਾ ਕਾਰਨ ਆਪਣੀ ਸ਼ਾਦੀ ਤੋਂ ਪਿੱਛਾ ਛੁਡਾਉਣਾ ਸੀ।

ਇਨਕਲਾਬੀਆਂ ਦੇ ਜੀਵਨ, ਕੰਮਾਂ ਅਤੇ ਦੇਸ਼-ਪ੍ਰਸਤੀ ਬਾਰੇ ਲਿਖਣਾ ਭਗਤ ਸਿੰਘ ਦਾ ਸ਼ੌਕ ਅਤੇ ਜ਼ਿੰਮੇਵਾਰੀ ਬਣ ਚੁੱਕੇ ਸਨ ਕਿਉਂਕਿ ਉਨ੍ਹਾਂ ਨੇ ਭਾਰਤ ਨੂੰ ਵਿਦੇਸ਼ੀ ਗੁਲਾਮੀ ਤੋਂ ਨਿਜਾਤ ਦੁਆ ਕੇ ਨਵਾਂ ਸਮਾਜ ਸਿਰਜਣ ਦਾ ਪ੍ਰਣ ਕੀਤਾ ਹੋਇਆ ਸੀ। ਭਗਤ ਸਿੰਘ ਨੇ ਜਾਣ ਲਿਆ ਸੀ ਕਿ ਬਿਨਾਂ ਕਿਸੇ ਲੋਭ ਲਾਲਚ ਦੇ ਆਪਣੀਆਂ ਜ਼ਿੰਦਗੀਆਂ ਦੇਸ਼ ਨੂੰ ਸਮਰਪਿਤ ਕਰਨ ਵਾਲੇ ਦੇਸ਼ ਭਗਤ ਉੱਠ ਰਹੀ ਆਜ਼ਾਦੀ ਲਹਿਰ ਲਈ ਵੱਡੇ ਪ੍ਰੇਰਣਾ ਸ੍ਰੋਤ ਸਨ। ਭਗਤ ਸਿੰਘ ਨੇ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਇਨਕਲਾਬੀ ਲਹਿਰ ਨਾਲ ਸੰਬੰਧਿਤ ਬਹੁਤ ਸਾਰੇ ਸ਼ਹੀਦਾਂ ਦੇ ਜੀਵਨ ਬਾਰੇ ਤੱਥ ਇਕੱਠੇ ਕਰਕੇ ਲਿਖੇ ਲੇਖਾਂ ਨੂੰ ਨਾ ਸਿਰਫ ਪੰਜਾਬੀ ਅਤੇ ਉਰਦੂ ਦੇ 'ਕਿਰਤੀ' ਰਸਾਲੇ ਵਿਚ ਸਗੋਂ ਹਿੰਦੀ ਦੇ ਅਖ਼ਬਾਰਾਂ-ਰਸਾਲਿਆਂ, ਕਾਨਪੁਰ ਤੋਂ ਨਿਕਲਦੇ 'ਪ੍ਰਤਾਪ, ਦਿੱਲੀ ਤੋਂ ਨਿਕਲਦੇ 'ਅਰਜੁਨ', 'ਪ੍ਰਭਾ' ਤੇ 'ਮਹਾਂਰਥੀ' ਅਤੇ ਅਲਾਹਾਬਾਦ ਤੋਂ ਨਿਕਲਦੇ ਤ੍ਰੈ-ਮਾਸਿਕ ਰਸਾਲੇ 'ਚਾਂਦ' ਵਿਚ ਵੀ ਛਪਵਾਇਆ ਤਾਂ ਕਿ ਭਾਰਤੀ ਜਨਤਾ ਆਜ਼ਾਦੀ ਦੀ ਜੰਗ ਵਿਚ ਪੰਜਾਬ ਦੇ ਮਹਾਨ ਯੋਗਦਾਨ ਤੋਂ ਵਾਕਫ਼ ਹੋ ਸਕੇ ਅਤੇ ਸਾਰਾ ਦੇਸ਼ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਤ ਹੋ ਸਕੇ।

ਸਰਬਜੀਤ ਨੇ ਆਪਣੀ ਪੁਸਤਕ ਵਾਸਤੇ ਭਗਤ ਸਿੰਘ ਵਲੋਂ ਲਿਖੇ 40 ਤੋਂ ਵਧ ਸੁਤੰਤਰਤਾ ਸੰਗਰਾਮੀਆਂ ਦੇ ਜੀਵਨ, ਭਾਵਨਾ ਤੇ ਪ੍ਰਾਪਤੀਆਂ ਵਾਲੇ ਇਹ ਲੇਖ ਹਿੰਦੀ ਅਤੇ ਉਰਦੂ ਤੋਂ ਅਨੁਵਾਦ ਕੀਤੇ ਹਨ। ਇਨ੍ਹਾਂ ਵਿਚੋਂ ਅੱਧੇ ਤੋਂ ਵਧ ਸ਼ਹੀਦਾਂ ਨੂੰ ਦੇਸ਼ ਭਗਤੀ ਉਭਾਰਨ ਵਾਲੀਆਂ ਕਵਿਤਾਵਾਂ ਜਾਂ ਕਾਵਿ ਟੋਟਕੇ ਚੇਤੇ ਸਨ ਜਿਨ੍ਹਾਂ ਦਾ ਛਿੱਟਾ ਭਗਤ ਸਿੰਘ ਨੇ ਆਪਣੇ ਲੇਖਾਂ ਵਿਚ ਵੀ ਦਿੱਤਾ ਹੈ। ਸਰਬਜੀਤ ਦੇ ਮਨ ਵਿਚ ਵੀ ਇਨ੍ਹਾਂ ਯੋਧਿਆਂ ਤੇ ਸ਼ਹੀਦਾਂ ਦੀ ਦੇਣ ਏਨੀ ਵੱਸੀ ਹੋਈ ਹੈ ਕਿ ਉਹ ਕਚਹਿਰੀਆਂ ਵਿਚ ਵਕਾਲਤ ਕਰਨ ਦੇ ਨਾਲ-ਨਾਲ (1) ਭਗਤ ਸਿੰਘ ਨੂੰ ਫਾਂਸੀ, (2016), (2) ਲਿਖਤੁਮ ਭਗਤ ਸਿੰਘ ਸ਼ਹੀਦ-ਏ-ਆਜ਼ਮ ਦੀ ਜੀਵਨ ਕਹਾਣੀ ਚਿੱਠੀਆਂ ਦੀ ਜ਼ੁਬਾਨੀ (2020), ਤੇ ਸਮੁਚੀਆਂ ਲਿਖਤਾਂ ਸ਼ਹੀਦ ਭਗਤ ਸਿੰਘ (2023) ਤੋਂ ਬਿਨਾ ਐਮਾਜ਼ੋਨ ਕਿੰਡਲ ਈ ਬੁਕ ਤੇ ਐਮਾਜ਼ੋਨ ਲਿੰਕ, ਵਿਧੀਆਂ ਦੁਆਰਾ ਵੀ ਆਪਣੇ ਪਾਠਕਾਂ ਅਤੇ ਸਰੋਤਿਆਂ ਤੱਕ ਪਹੁੰਚਾ ਚੁੱਕਾ ਹੈ। ਹਾਲ ਦੀ ਘੜੀ ਮੈਂ ਭਗਤ ਸਿੰਘ ਦੀਆਂ ਨਜ਼ਰਾਂ ਵਿਚ ਅਸ਼ਫਾਕਉੱਲਾ ਖਾਨ ਤੇ ਰਾਮ ਪ੍ਰਸਾਦ ਬਿਸਮਿਲ ਦਾ ਜ਼ਿਕਰ ਕਰਾਂਗਾ ਜਿਹੜੇ ਰਾਜਸੀ ਜੀਵਨ ਭੋਗਦਿਆਂ ਸ਼ਾਇਰੀ ਵੀ ਕਰਦੇ ਰਹੇ ਹਨ। ਇਹ ਦੱਸਣ ਲਈ ਕਿ 'ਸਰਫਰੋਸ਼ੀ ਦੀ ਤਮੰਨਾ' ਲਿਖਣ ਵਾਲਾ ਬਿਸਮਲ ਅਜ਼ੀਮਾਬਾਦੀ ਇਨ੍ਹਾਂ ਨੂੰ ਗਾ ਕੇ ਹਰਮਨ-ਪਿਆਰਾ ਕਰਨ ਵਾਲੇ ਰਾਮ ਪ੍ਰਸਾਦ ਬਿਸਮਿਲ ਨਾਲੋਂ ਵਖਰਾ ਵਿਅਕਤੀ ਸੀ। ਉਹਦੇ ਵਲੋਂ ਹੇਠ ਲਿਖੀ ਰਚਨਾ 1921 ਵਿਚ ਪਟਨਾ ਬਿਹਾਰ ਵਿਖੇ ਲਿਖੀ ਗਈ ਸੀ।

ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ

ਪੇਸ਼ ਹੈ ਰਾਮ ਪ੍ਰਸਾਦ ਬਿਸਮਿਲ ਬਾਰੇ ਭਗਤ ਸਿੰਘ ਦੀ ਪੇਸ਼ਕਾਰੀ:

'ਸ੍ਰੀ ਰਾਮ ਪ੍ਰਸਾਦ 'ਬਿਸਮਿਲ' ਬੜੇ ਹੋਣਹਾਰ ਨੌਜਵਾਨ ਸਨ। ਬਹੁਤ ਵਧੀਆ ਸ਼ਾਇਰ ਸਨ। ਦੇਖਣ ਨੂੰ ਭੀ ਡਾਢੇ ਸੋਹਣੇ ਸਨ। ਲਾਇਕ ਬਹੁਤ ਸਨ। ਜਾਣਨ ਵਾਲੇ ਕਹਿੰਦੇ ਹਨ ਕਿ ਉਹ ਜੇਕਰ ਕਿਸੇ ਹੋਰ ਥਾਂ, ਕਿਸੇ ਹੋਰ ਦੇਸ਼ ਯਾ ਕਿਸੇ ਹੋਰ ਵੇਲੇ ਪੈਦਾ ਹੋਏ ਹੁੰਦੇ ਤਾਂ ਫੌਜਾਂ ਦੇ ਜਰਨੈਲ ਬਣਦੇ। ਆਪ ਨੂੰ ਸਾਰੀ ਸਾਜ਼ਸ਼ ਦਾ ਨੇਤਾ ਮੰਨਿਆ ਗਿਆ ਹੈ। ਬਹੁਤ ਜ਼ਿਆਦਾ ਨਾ ਪੜ੍ਹੇ ਹੋਣ ਦੇ ਬਾਵਜੂਦ ਪੰਡਿਤ ਜਗਤ ਨਾਰਾਇਣ ਵਰਗੇ ਸਰਕਾਰੀ ਵਕੀਲ ਦੀ ਸੁੱਧ-ਬੁੱਧ ਭੁਲਾ ਦਿੰਦੇ ਸਨ। ਚੀਫ ਕੋਰਟ ਵਿਚ ਆਪਣੀ ਅਪੀਲ ਆਪ ਹੀ ਲਿਖੀ ਸੀ, ਜਿਸ ਤੋਂ ਕਿ ਜੱਜਾਂ ਨੂੰ ਕਹਿਣਾ ਪਿਆ ਕਿ ਇਸ ਦੇ ਲਿਖਣ ਵਿਚ ਜ਼ਰੂਰ ਹੀ ਕਿਸੇ ਸਿਆਣੇ ਅਤੇ ਲਾਇਕ ਆਦਮੀ ਦਾ ਹੱਥ ਹੈ।

ਆਪ ਨੂੰ 19 ਤਾਰੀਖ (ਦਸੰਬਰ, 1927-ਸੰ.) ਨੇ ਫਾਂਸੀ ਲਟਕਾਇਆ ਜਾਣਾ ਸੀ। 12 (ਦਸੰਬਰ ਸੰ.) ਦੀ ਸ਼ਾਮ ਨੂੰ ਹੀ ਆਪ ਨੂੰ ਜਦੋਂ ਦੁੱਧ ਦਿੱਤਾ ਗਿਆ ਤਾਂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਹੁਣ ਮੈਂ ਮਾਂ ਦਾ ਦੁੱਧ ਹੀ ਪੀਵਾਂਗਾ। 18 (ਦਸੰਬਰ-ਸੰ.) ਨੂੰ ਆਪਣੀ ਮਾਂ ਨਾਲ ਮਿਲਣ ਵੇਲੇ ਆਪ ਦੀਆਂ ਅੱਖੀਆਂ ਵਿਚੋਂ ਅਥਰੂ ਕਿਰ ਪਏ। ਮਾਂ ਇਕ ਬੜੇ ਹੌਂਸਲੇ ਵਾਲੀ ਦੇਵੀ ਸੀ। ਆਪ ਨੂੰ ਕਹਿਣ ਲੱਗੀ—'ਹਰੀਸ਼ ਚੰਦਰ, ਦਧੀਚੀ ਆਦਿ ਬਜ਼ੁਰਗਾਂ ਵਾਂਗੂੰ ਬੀਰਤਾ ਨਾਲ ਧਰਮ ਅਤੇ ਦੇਸ਼ ਵਾਸਤੇ ਜਾਨ ਦੇਹ। ਚਿੰਤਾ ਕਰਨ ਅਤੇ ਪਛਤੌਣ ਦੀ ਲੋੜ ਨਹੀਂ।'

ਆਪ ਹੱਸ ਪਏ। ਕਿਹਾ 'ਮਾਂ! ਮੈਨੂੰ ਚਿੰਤਾ ਕਾਹਦੀ ਅਤੇ ਪਛਤਾਵਾ ਕਾਹਦਾ। ਮੈਂ ਕੋਈ ਪਾਪ ਨਹੀਂ ਕੀਤਾ। ਮੈਂ ਮੌਤ ਤੋਂ ਨਹੀਂ ਡਰਦਾ। ਪਰ ਮਾਂ! ਅੱਗ ਕੋਲ ਰੱਖਿਆ ਘਿਓ ਪੰਘਰ ਹੀ ਪੈਂਦਾ ਹੈ। ਤੇਰਾ ਮੇਰਾ ਸੰਬੰਧ ਹੀ ਕੁਝ ਐਸਾ ਹੈ ਕਿ ਪਾਸ ਹੁੰਦਿਆਂ ਸਾਰ ਹੀ ਅੱਖਾਂ ਵਿਚੋਂ ਹੰਝੂ ਡਿਗ ਪਏ। ਮੈਂ ਤਾਂ ਬੜਾ ਖ਼ੁਸ਼ ਹਾਂ'

ਫਾਂਸੀ ਦੇ ਫੰਦੇ ਵਲ ਤੁਰਦੇ ਸਮੇਂ ਉਨ੍ਹਾਂ ਨੇ ਵੰਦੇ-ਮਾਤ੍ਰਮ ਤੇ 'ਭਾਰਤ ਮਾਤਾ ਕੀ ਜੈ' ਤੋਂ ਸਹਿਜ ਨਾਲ ਇਹ ਸ਼ਬਦ ਵੀ ਉਚਰੇ:

'ਮਾਲਕ ਤੇਰੀ ਰਜ਼ਾ ਰਹੇ ਔਰ ਤੂ ਹੀ ਤੂ ਰਹੇ,
ਬਾਕੀ ਨ ਮੈਂ ਰਹੂੰ, ਨ ਮੇਰੀ ਆਰਜ਼ੂ ਰਹੇ।
ਜਬ ਤਕ ਕਿ ਤਨ ਮੇਂ ਜਾਨ, ਰਗੋਂ ਮੇਂ ਲਹੂ ਰਹੇ,
ਤੇਰਾ ਹੀ ਜ਼ਿਕ੍ਰ ਯਾਰ, ਤੇਰੀ ਜੁਸਤਜੂ ਰਹੇ।

'ਅਬ ਨ ਅਹਲੇ ਵਲਵਲੇ ਹੈਂ,
ਔਰ ਨ ਅਰਮਾਨੋਂ ਕੀ ਭੀੜ!
ਏਕ ਮਿਟ ਜਾਨੇ ਕੀ ਹਸਰਤ,
ਅਬ ਦਿਲੇ-ਬਿਸਮਿਲ ਮੇਂ ਹੈ!'

ਫੇਰ ਈਸ਼ਵਰ ਅੱਗੇ ਪ੍ਰਾਰਥਨਾ ਕਰਨ ਉਪ੍ਰੰਤ ਇਕ ਮੰਤਰ ਪੜ੍ਹਨਾ ਸ਼ੁਰੂ ਕੀਤਾ ਤੇ ਰੱਸੀ ਖਿੱਚੀ ਗਈ। ਅੱਜ ਉਹ ਵੀਰ ਇਸ ਸੰਸਾਰ ਵਿਚ ਨਹੀਂ ਜਿਸਨੂੰ ਅੰਗਰੇਜ਼ੀ ਸਰਕਾਰ ਨੇ ਆਪਣਾ ਖ਼ੌਫ਼ਨਾਕ ਦੁਸ਼ਮਣ ਸਮਝਿਆ। ਉਹ ਏਸ ਗ਼ੁਲਾਮ ਦੇਸ਼ ਵਿਚ ਜੰਮ ਕੇ ਭੀ ਇਕ ਬੜਾ ਭਾਰੀ ਯੋਧਾ ਬਣ ਗਿਆ ਸੀ। ਆਪ ਨੂੰ ਮੈਨਪੁਰੀ ਸਾਜ਼ਸ਼ ਦੇ ਲੀਡਰ ਸ੍ਰੀ ਗੇਂਦਾ ਲਾਲ ਦੀਖਸ਼ਿਤ ਜਿਹੇ ਸੂਰਬੀਰ ਨੇ ਖ਼ਾਸ ਤੌਰ 'ਤੇ ਸਿੱਖਿਆ ਦੇ ਕੇ ਤਯਾਰ ਕੀਤਾ ਹੋਇਆ ਸੀ। ਮੈਨਪੁਰੀ ਦੇ ਮੁਕੱਦਮੇ ਵੇਲੇ ਆਪ ਦੌੜ ਕੇ ਨੇਪਾਲ ਚਲੇ ਗਏ ਸਨ। ਹੁਣ ਉਹੋ ਵਿਦਿਯਾ ਹੀ ਆਪ ਦੀ ਮੌਤ ਦੀ ਇਕ ਬੜੀ ਵਜ੍ਹਾ ਹੋ ਗਈ।




ਅਸ਼ਫਾਕਉੱਲਾ ਖਾਨ — ਰਾਮ ਪ੍ਰਸਾਦ 'ਬਿਸਮਿਲ'

ਸੱਤ ਵਜੇ ਆਪ ਦੀ ਲਾਸ਼ ਮਿਲੀ ਤੇ ਬੜਾ ਭਾਰੀ ਜਲੂਸ ਨਿਕਲਿਆ। ਸਵਦੇਸ਼ ਪ੍ਰੇਮ ਵਿਚ ਆਪ ਦੀ ਮਾਤਾ ਨੇ ਕਿਹਾ—

'ਮੈਂ ਆਪਣੇ ਪੁੱਤ੍ਰ ਦੀ ਏਸ ਮੌਤ ਤੋਂ ਖ਼ੁਸ਼ ਹਾਂ, ਦੁਖੀ ਨਹੀਂ। ਮੈਂ ਸਰੀ ਰਾਮਚੰਦਰ ਜੀ ਵਰਗਾ ਹੀ ਪੁੱਤ੍ਰ ਚਾਹੁੰਦੀ ਸਾਂ। ਬੋਲੋ ਸ੍ਰੀ ਰਾਮ ਚੰਦਰ ਜੀ ਕੀ ਜੈ।'

ਜਦ ਇਤਰ ਫੁਲੇਲ ਅਤੇ ਫੁੱਲਾਂ ਦੀ ਵਰਖਾ ਵਿਚ ਉਨ੍ਹਾਂ ਦੀ ਲਾਸ਼ ਦਾ ਜਲੂਸ ਜਾ ਰਿਹਾ ਸੀ, ਦੁਕਾਨਦਾਰਾਂ ਨੇ ਪੈਸੇ ਸੁੱਟੇ ਅਤੇ ਗਿਆਰਾਂ ਬਜੇ ਆਪ ਦੀ ਲਾਸ਼ ਸ਼ਮਸ਼ਾਨ ਭੂਮੀ ਵਿਖੇ ਪੁੱਜੀ ਅਤੇ ਅੰਤਿਮ ਕ੍ਰਿਆ ਸਮਾਪਤ ਕੀਤੀ ਗਈ।

ਆਪ ਦੇ ਆਖ਼ਰੀ ਪੱਤ੍ਰ ਦਾ ਕੁਝ ਹਿੱਸਾ ਆਪ ਦੀ ਭੇਟਾ ਕੀਤਾ ਜਾਂਦਾ ਹੈ—

'ਮੈਂ ਖ਼ੂਬ ਸੁਖੀ ਹਾਂ। 19 ਤਾਰੀਖ਼ ਨੂੰ ਸਵੇਰੇ ਜੋ ਹੋਣਾ ਹੈ ਉਸ ਵਾਸਤੇ ਤਯਾਰ ਹਾਂ। ਪ੍ਰਮਾਤਮਾ ਕਾਫੀ ਸ਼ਕਤੀ ਬਖ਼ਸ਼ਣਗੇ। ਮੇਰਾ ਯਕੀਨ ਹੈ ਕਿ ਮੈਂ ਲੋਕਾਂ ਦੀ ਸੇਵਾ ਲਈ ਫੇਰ ਜਲਦੀ ਹੀ ਜਨਮ ਲਵਾਂਗਾ। ਸਭਨਾਂ ਨੂੰ ਮੇਰਾ ਨਮਸਤੇ ਕਹਿ ਦੇਣਾ। ਦਯਾ ਕਰਕੇ ਇਤਨਾ ਕੰਮ ਹੋਰ ਵੀ ਕਰਨਾ ਕਿ ਮੇਰਾ ਪੰਡਿਤ ਜਗਤ ਨਾਰਾਇਣ (ਸਰਕਾਰੀ ਵਕੀਲ ਜਿਸ ਇਹਨਾਂ ਨੂੰ ਫਾਂਸੀ ਦੁਆਣ ਲਈ ਬੜਾ ਜ਼ੋਰ ਲਾਇਆ ਸੀ) ਨੂੰ ਅੰਤਮ ਨਮਸਕਾਰ ਕਹਿ ਦੇਣਾ। ਉਹਨਾਂ ਨੂੰ ਸਾਡੇ ਲਹੂ ਭਰੇ ਰੁਪਏ ਨਾਲ ਚੈਨ ਦੀ ਨੀਂਦ ਆਵੇ। ਬੁਢਾਪੇ ਵਿਚ ਪਰਮਾਤਮਾ ਉਹਨਾਂ ਨੂੰ ਸੁਮੱਤ ਦੇਵੇ।'

ਭਗਤ ਸਿੰਘ ਦੇ ਸ਼ਬਦਾਂ ਵਿਚ ਅਸ਼ਫਾਕਉੱਲਾ ਖਾਨ ਮਸਤਾਨਾ ਯੋਗੀ ਸੀ। ਉਹ ਵੀ ਹੈਰਾਨ ਕਰਨ ਵਾਲੀ ਖ਼ੁਸ਼ੀ ਨਾਲ ਫਾਂਸੀ ਚੜਿਆ। ਬੜਾ ਸੋਹਣਾ ਅਤੇ ਲੰਬਾ ਚੌੜਾ ਜਵਾਨ ਸੀ। ਤਕੜਾ ਬੜਾ ਸੀ। ਜੇਹਲ ਵਿਚ ਕੁਝ ਮਾੜਾ ਹੋ ਗਿਆ ਸੀ। ਆਪ ਨੇ ਮੁਲਾਕਾਤ ਵੇਲੇ ਦੱਸਿਆ, ਕਿ ਮਾੜਾ ਹੋਣ ਦਾ ਕਾਰਨ ਗ਼ਮ ਫ਼ਿਕਰ ਨਹੀਂ ਬਲਕਿ ਰੱਬ ਦੀ ਯਾਦ ਵਿਚ ਮਸਤ ਰੈਹਣ ਖ਼ਾਤਰ ਰੋਟੀ ਬਹੁਤ ਥੋੜ੍ਹੀ ਖਾਂਦਾ ਰਿਹਾ ਹਾਂ।

ਫਾਂਸੀ ਤੋਂ ਇਕ ਦਿਨ ਪਹਿਲੋਂ ਆਪ ਦੀ ਮੁਲਾਕਾਤ ਹੋਈ। ਆਪ ਖ਼ੂਬ ਸਜੇ ਧਜੇ ਸਨ। ਬੜੇ ਬੜੇ ਵਾਲ ਵਾਹੇ ਹੋਏ ਖ਼ੂਬ ਸਜਦੇ ਸਨ। ਬੜੇ ਹੱਸ ਹੱਸ ਕੇ ਗੱਲਾਂ ਕਰਦੇ ਰਹੇ। ਆਪ ਨੇ ਕਿਹਾ, ਕੱਲ੍ਹ ਮੇਰੀ ਸ਼ਾਦੀ ਹੋਣ ਵਾਲੀ ਹੈ। ਦੂਜੇ ਦਿਨ ਸੁਵੇਰੇ ਛੇ ਬਜੇ ਆਪ ਨੂੰ ਫਾਂਸੀ ਦਿੱਤੀ ਜਾਣੀ ਸੀ। ਕੁਰਾਨ ਸ਼ਰੀਫ ਦਾ ਬਸਤਾ ਲਟਕਾ ਕੇ, ਹਾਜੀਆਂ ਦੀ ਤਰ੍ਹਾਂ ਵਜ਼ੀਫਾ ਪੜ੍ਹਦੇ ਹੋਏ ਬੜੇ ਹੌਂਸਲੇ ਨਾਲ ਤੁਰ ਪਏ। ਅੱਗੇ ਜਾ ਕੇ ਤਖ਼ਤੇ ਅਤੇ ਰੱਸੀ ਨੂੰ ਚੁੰਮ ਲਿਆ। ਆਪ ਨੇ ਓਥੇ ਕਿਹਾ—

''ਮੈਂ ਕਦੇ ਕਿਸੇ ਆਦਮੀ ਦੇ ਖ਼ੂਨ ਨਾਲ ਆਪਣੇ ਹੱਥ ਨਹੀਂ ਰੰਗੇ ਅਤੇ ਮੇਰਾ ਇਨਸਾਫ਼ ਖ਼ੁਦਾ ਦੇ ਸਾਹਮਣੇ ਹੋਵੇਗਾ। ਮੇਰੇ ਉਤੇ ਲਾਏ ਗਏ ਸਭੇ ਇਲਜ਼ਾਮ ਗ਼ਲਤ ਹਨ।''

ਖ਼ੁਦਾ ਦਾ ਨਾਮ ਲੈਂਦਿਆਂ ਰੱਸੀ ਖਿਚ ਗਈ। ਅਤੇ ਉਹ ਕੂਚ ਕਰ ਗਏ। ਉਹਨਾਂ ਦੇ ਰਿਸ਼ਤੇਦਾਰਾਂ ਨੇ ਬੜੀ ਮਿੰਨਤ ਤਰਲੇ ਕਰਕੇ ਉਹਨਾਂ ਦੀ ਲਾਸ਼ ਲਈ ਅਤੇ ਉਹਨੂੰ ਸ਼ਾਹ ਜਹਾਨ ਪੁਰ ਨੂੰ ਲਿਆਏ। ਲਖਨਊ ਸਟੇਸ਼ਨ ਤੇ ਮਾਲਗੱਡੀ ਦੇ ਇਕ ਡੱਬੇ ਵਿਚ ਉਹਨਾਂ ਦੀ ਲਾਸ਼ ਨੂੰ ਦੇਖਣ ਦਾ ਮੌਕਿਆ ਕੁਝ ਸਜਨਾਂ ਨੂੰ ਮਿਲਿਆ ਸੀ। ਫਾਂਸੀ ਦੇ ਦਸ ਘੰਟੇ ਬਾਦ ਭੀ ਚੇਹਰੇ ਤੇ ਓਸੇ ਤਰ੍ਹਾਂ ਰੌਣਕ ਸੀ। ਜਾਪਦਾ ਸੀ ਹੁਣੇ ਜਹੇ ਸੌਂ ਗਏ ਹਨ। ਪਰ ਅਸ਼ਫ਼ਾਕ ਹੋਰੀ ਤਾਂ ਐਸੀ ਨੀਂਦ ਸੌਂ ਚੁੱਕੇ ਸਨ, ਜਿਥੋਂ ਉਨ੍ਹਾਂ ਕਦੇ ਭੀ ਨਹੀਂ ਜਾਗਣਾਂ। ਅਸ਼ਫਾਕ ਸ਼ਾਇਰ ਸੀ, ਉਨ੍ਹਾਂ ਦਾ ਤਖ਼ਲੁਸ 'ਹਸਰਤ' ਸੀ। ਮਰਨ ਤੋਂ ਪਹਿਲੋਂ ਆਪ ਨੇ ਦੋ ਸ਼ਿਅਰ ਕਹੇ ਸਨ—

'ਫ਼ਨਾ ਹੈ ਸਬਕੇ ਲੀਏ, ਹਮ ਪੈ ਕੁਛ ਨਹੀਂ ਮੌਕੂਫ਼!
ਬਕਾ ਹੈ ਏਕ ਫਕਤ ਜ਼ਾਤ-ਇ-ਕਿਬ੍ਰਿਆ ਕੇ ਲੀਏ॥
ਤੰਗ ਆਕਰ ਹਮ ਭੀ ਉਨਕੇ ਜ਼ੁਲਮ ਸੇ,
ਬੇਦਾਦ ਸੇ,
ਚਲ ਦੀਏ ਸੂਏ ਅਦਮ ਜ਼ਿੰਦਾਨੇ ਫੈਜ਼ਾਬਾਦ ਸੇ।

ਮੁਕਦੀ ਗੱਲ ਇਹੋ ਕਿ ਭਗਤ ਸਿੰਘ ਸ਼ਹੀਦ ਵਿਤਕਰਿਆਂ ਦਾ ਮੱਦਾਹ ਨਹੀਂ ਸੀ। ਉਹ ਅਸ਼ਫਾਕਉੱਲਾ, ਮਦਨ ਲਾਲ ਢੀਂਗਰਾ, ਸੂਫੀ ਅੰਬਾ ਪ੍ਰਸਾਦ ਤੇ ਸਤਿਗੁਰੂ ਰਾਮ ਸਿੰਘ ਆਪੋ ਆਪਣੇ ਢੰਗ ਦੇ ਯੋਧੇ ਸਨ।

ਆਪ ਸ਼ਾਹਜਹਾਨ ਪੁਰ ਦੇ ਰਹਿਣ ਵਾਲੇ ਸਨ ਅਤੇ ਆਪ ਸ੍ਰੀ ਰਾਮ ਪ੍ਰਸਾਦ ਜੀ ਦੇ ਸੱਜੇ ਹੱਥ ਸਨ। ਮੁਸਲਮਾਨ ਹੋਣ ਦੇ ਬਾਵਜੂਦ ਆਪ ਦਾ ਕੱਟੜ ਆਰੀਯਾ ਸਮਾਜੀ ਧਰਮੀ ਨਾਲ ਹੱਦ ਦਰਜੇ ਦਾ ਪ੍ਰੇਮ ਸੀ। ਦੋਨੋਂ ਪ੍ਰੇਮੀ ਇਕੋ ਕੰਮ ਵਾਸਤੇ ਆਪਣੇ ਪ੍ਰਾਣ ਤਿਆਗ ਕੇ ਅਮਰ ਹੋ ਗਏ। ਜ਼ਿੰਦਾਬਾਦ!

***ਅੰਤਿਕਾ***

ਡਾ. ਭਗਵਾਨ ਸਿੰਘ ਗਿਆਨੀ 'ਪ੍ਰੀਤਮ'॥
ਹਿੰਦੋਸਤਾਨੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।
ਖ਼ਾਤਰ ਵਤਨ ਦੇ ਚੜ੍ਹੇ ਹਾਂ ਫ਼ਾਂਸੀਆਂ 'ਤੇ
ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।
ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ,
ਫ਼ਰਜ਼ ਆਪਣਾ ਅਸੀਂ ਨਿਭਾ ਜਾਣਾ।
ਦਿੱਤਾ ਪਾੜ ਸਾਨੂੰ ਕੌਮੀ ਦੁਸ਼ਮਣਾਂ ਨੇ,
ਮੁਲਕ ਵਾਸਤੇ ਮਿਲ-ਮਿਲਾ ਜਾਣਾ।
ਹਿੰਦੋਸਤਾਨ ਸਾਡਾ ਅਸੀਂ ਹਿੰਦ ਵਾਸੀ,
ਸਬਕ ਬੱਚਿਆਂ ਨੂੰ ਇਹ ਸਿਖਾ ਜਾਣਾ।

---

## ਮੌਡਰਨ ਰਾਂਝੇ ਦਾ 'ਵੈਲਨਟਾਈਨ ਡੇਅ'

ਆਜੋ ਥੋਨੂੰ ਅੱਜ ਸੁਣਾਵਾਂ ਮਿੱਤਰੋ ਗੱਲ ਪੁਰਾਣੀ
ਇੱਕ ਮੌਡਰਨ ਰਾਂਝੇ ਵਾਲੀ ਮਿੱਤਰੋ ਪ੍ਰੇਮ ਕਹਾਣੀ

ਕਾਲਜ ਦੇ ਵਿਚ ਪੜ੍ਹਦਾ ਮੁੰਡਾ,
ਇੱਕ ਕੁੜੀ 'ਤੇ ਮਰਦਾ ਸੀ
ਬੱਬੂਕਾਟ 'ਤੇ ਫਿਰਦਾ ਰਹਿੰਦਾ,
ਕਾਲਜ ਘੱਟ ਹੀ ਵੜਦਾ ਸੀ

ਇੱਕ ਕੁੜੀ ਨੂੰ ਲੱਭਦਾ ਇਕ ਦਿਨ,
ਬੱਸ ਅੱਡੇ 'ਤੇ ਆਇਆ
ਵਾਲਾਂ ਉੱਤੇ ਹੱਥ ਫੇਰ ਕੇ,
ਫੁਕਰਾ ਬਣ ਮੁਸਕਾਇਆ

ਟਿੱਚਰ ਕਰਕੇ ਫੇਰ ਕੁੜੀ ਨੂੰ,
ਅੱਡੇ ਵਿਚ ਬੁਲਾਇਆ
ਕੀ ਹਾਲ ਤੁਹਾਡਾ ਸੋਹਣਿਓ,
ਮੁੱਖੋਂ ਸੀ ਫੁਰਮਾਇਆ

ਟੁੱਕਿਓ ਬੇਰ ਦੇ ਵਾਂਗੂੰ ਓਹਨੂੰ,
ਕੁੜੀ ਨੇ ਮੂੰਹ ਨਾ ਲਾਇਆ
ਗੱਲ ਨਾ ਬਣਦੀ ਦੇਖ ਓਸ ਨੇ,
ਹੋਰ ਨੁਸਖ਼ਾ ਅਪਣਾਇਆ

ਹੈਪੀ valanitne ਆਖ ਕੇ,
ਗੁਲਾਬ ਦਾ ਫੁੱਲ ਫੜਾਇਆ
ਹਰਕਤ ਉਹਦੀ ਤੱਕ ਕੁੜੀ ਨੂੰ,
ਗੁੱਸਾ ਬੜਾ ਸੀ ਆਇਆ

ਫੇਰ ਕੁੜੀ ਨੇ ਜ਼ੋਰ ਲਗਾ ਕੇ,
ਮੂੰਹ 'ਤੇ ਥੱਪੜ ਜੜ'ਤਾ
ਭੂੜ ਆਸ਼ਕ ਦਾ ਮਾਰ ਕੇ ਥੱਪੜ,
ਮੂੰਹ ਵਿੰਗਾ ਜਿਹਾ ਕਰ'ਤਾ

ਇੰਨੇ ਚਿਰ ਨੂੰ ਓਸ ਜਗ੍ਹਾ 'ਤੇ,
ਪੁਲਸ ਵਾਲਾ ਇੱਕ ਆਇਆ
ਧੌਣੋਂ ਫੜ੍ਹ ਕੇ ਆਸ਼ਕ ਨੂੰ ਫਿਰ,
ਸੜਕ 'ਤੇ ਲੰਮਾ ਪਾਇਆ

ਚਾਦਰ ਵਾਂਗ ਵਿਛਾਤਾ ਰਾਂਝਾ,
ਛਿੱਤਰ ਬੜਾ ਵਰ੍ਹਾਇਆ
ਭੈਣ ਆਖ ਕੇ ਰਾਂਝਾ ਜੀ ਨੇ,
ਫੇਰ ਪੱਲਾ ਛੁਡਵਾਇਆ

ਏਸ ਆਸ਼ਕ ਦੇ ਵਾਂਗ ਕੁੜੀ ਨੂੰ,
ਕਦੇ ਵੀ ਫੁੱਲ ਫੜਾਇਓ ਨਾ
ਚੂਰੀ ਖਾਂਦੇ-ਖਾਂਦੇ ਰਾਂਝਿਓ,
ਐਵੇਂ ਹੀ ਛਿੱਤਰ ਖਾਇਓ ਨਾ।

ਇਸ਼ਕਾਂ ਦੇ ਇਹ ਨਸ਼ੇ ਦੋਸਤੋ,
ਚੜ੍ਹਦੇ ਨਹੀਂ ਸ਼ਰਾਬਾਂ ਨਾਲ
ਦਿਲ ਮਿਲਿਆਂ ਦੇ ਮੇਲੇ,
ਨਹੀਓਂ ਮੰਨਦਾ ਕੋਈ ਗੁਲਾਬਾਂ ਨਾਲ

ਦਿਲ ਦਰਿਆ ਆਵਾਰਾ ਹੁੰਦੇ,
ਕਦੇ ਨਾ ਰੁਕਦੇ ਨੱਕਿਆਂ ਨਾਲ
'ਡਾਨਸੀਵਾਲੀਆ' ਪਿਆਰ ਮੁਹੱਬਤ,
ਕਦੇ ਨਾ ਹੁੰਦੇ ਧੱਕਿਆਂ ਨਾਲ

*-ਕੁਲਵੀਰ ਸਿੰਘ ਡਾਨਸੀਵਾਲ*
*778 863 2472*

# ਯੂਕਰੇਨ ਵਿਚ ਜੰਗ—ਇੱਕ ਇਤਿਹਾਸ:

# ਅਮਰੀਕਾ ਨੇ ਉੱਤਰ-ਸੋਵੀਅਤ ਵਿਵਸਥਾ ਵਿਚ ਪਈਆਂ ਦਰਾੜਾਂ ਦਾ ਕਿਵੇਂ ਉਠਾਇਆ ਫਾਇਦਾ

***ਇਹ ਆਰਟੀਕਲ ਅੰਗਰੇਜ਼ੀ ਵਿਚ ਨਿਊ ਯਾਰਕ ਤੋਂ ਨਿਕਲਦੇ ਮੈਗਜ਼ੀਨ 'ਮੰਥਲੀ ਰਿਵੀਊ' ਵਿਚ ਜੂਨ 2025 ਦੇ ਅੰਕ ਵਿਚ ਛਪਿਆ ਸੀ। ਇਸ ਵਿਚ ਯੂਕਰੇਨ ਦੀ ਜੰਗ ਦੇ ਡੂੰਘੇ ਕਾਰਨਾਂ ਨੂੰ ਘੋਖਿਆ ਗਿਆ ਹੈ ਅਤੇ ਦਲੀਲ ਦਿੱਤੀ ਗਈ ਹੈ ਕਿ ਜੰਗ ਦੇ ਅੰਦਰੂਨੀ ਅਤੇ ਬਾਹਰੀ ਦੋਵੇਂ ਕਾਰਨ ਹਨ। ਅੰਦਰੂਨੀ ਕਾਰਨਾਂ ਦੀਆਂ ਜੜ੍ਹਾਂ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਤਰੀਕੇ ਨਾਲ ਜੁੜੀਆਂ ਹੋਈਆਂ ਹਨ। ਬਾਹਰੀ ਕਾਰਨ ਇਸ ਗੱਲ ਨਾਲ ਸੰਬੰਧਿਤ ਹਨ ਕਿ ਸਯੁੰਕਤ ਰਾਜ ਅਮਰੀਕਾ ਨੇ ਵਿਸ਼ਵ ਪੱਧਰ ਉੱਤੇ ਆਪਣੀ ਸਰਦਾਰੀ ਕਾਇਮ ਕਰਨ ਦੇ ਨਿਊਕਨਜ਼ਰਵੇਟਿਵ ਏਜੰਡੇ ਨੂੰ ਅੱਗੇ ਵਧਾਉਣ ਲਈ ਉੱਤਰ ਸੋਵੀਅਤ ਵਿਵਸਥਾ ਵਿਚ ਪੈਦਾ ਹੋਈਆਂ ਦਰਾੜਾਂ ਦਾ ਕਿਵੇਂ ਫਾਇਦਾ ਉਠਾਇਆ। ਵਿਸ਼ੇ ਦੀ ਮਹੱਤਤਾ ਨੂੰ ਸਮਝਦਿਆਂ ਇਹ ਲੰਮਾ ਲੇਖ ਖਾਸ ਤੌਰ 'ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਹੈ।***




ਯੂਕਰੇਨ ਅਤੇ ਰੂਸ ਵਿਚਕਾਰ ਜੰਗ ਅੰਦਰੂਨੀ ਅਤੇ ਬਾਹਰੀ ਕਾਰਕਾਂ ਨਾਲ ਚੱਲ ਰਹੀ ਹੈ। ਉਹ ਕਾਰਕ ਕੈਂਚੀ ਦੇ ਦੋ ਫ਼ਲਾਂ (ਬਲੇਡਾਂ) ਵਾਂਗ ਹਨ, ਅਤੇ ਲੜਾਈ ਨੂੰ ਸਮਝਣ ਲਈ ਦੋਵਾਂ ਫ਼ਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਬਾਹਰੀ ਕਾਰਕ ਠੰਢੀ ਜੰਗ ਤੋਂ ਬਾਅਦ ਅਮਰੀਕਾ ਦੀ ਭੂ-ਰਾਜਨੀਤਕ ਰਣਨੀਤੀ (ਜੀਓ-ਪੁਲੀਟੀਕਲ ਸਟਰੈਟੇਜੀ) ਅਤੇ ਅਮਰੀਕਾ ਦੇ ਸਮਰਥਨ ਅਧੀਨ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨੌਰਥ ਐਟਲਾਂਟਕ ਟ੍ਰੀਟੀ ਆਰਗੇਨਾਈਜ਼ੇਸ਼ਨ-ਨੇਟੋ) ਦੇ ਪੂਰਬ ਵੱਲ ਪਸਾਰ ਨਾਲ ਸੰਬੰਧਿਤ ਹਨ। ਉਸ ਪਸਾਰ ਨੂੰ ਸਿਰਫ਼ ਸੋਵੀਅਤ

**ਲੇਖਕ: ਥੌਮਸ ਆਈ. ਪੇਲੀ**
**ਅਨੁਵਾਦ: ਸੁਖਵੰਤ ਹੁੰਦਲ**

ਯੂਨੀਅਨ ਦੇ ਟੁੱਟਣ ਨਾਲ ਪੈਦਾ ਹੋਈਆਂ ਦਰਾੜਾਂ (ਅੰਦਰੂਨੀ ਕਾਰਕਾਂ) ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ। ਬਾਹਰੀ ਕਾਰਕ ਲੜਾਈ ਨੂੰ ਉਕਸਾਉਣ ਅਤੇ ਸ਼ਾਂਤੀ ਵਿਚ ਰੁਕਾਵਟ ਪਾਉਣ ਵਿਚ ਸ਼ਾਮਲ ਅਮਰੀਕਾ ਦੀ ਭੂਮਿਕਾ ਨੂੰ ਉਜਾਗਰ ਕਰਦੇ ਹਨ।

ਬਾਹਰੀ ਅਤੇ ਅੰਦਰੂਨੀ ਕਾਰਕ ਵੱਖ-ਵੱਖ ਸਮੇਂ 'ਤੇ ਕਾਰਜਸ਼ੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਪੂਰਾ ਅਸਰ ਵਿਖਾਉਣ ਲਈ ਸਮਾਂ ਲੱਗਦਾ ਹੈ, ਇਸ ਕਰਕੇ ਲੜਾਈ ਨੂੰ ਸਮਝਣ ਲਈ ਇਤਿਹਾਸ ਬਹੁਤ ਮਹੱਤਵਪੂਰਨ ਹੈ। ਦੋਵਾਂ ਕਾਰਕਾਂ ਦੇ ਸਮੂਹ ਤਿੰਨ ਮੁੱਖ ਘਟਨਾਵਾਂ ਵਾਲੇ ਸਮਾਂ-ਕ੍ਰਮ (ਟਾਈਮ ਲਾਈਨ) ਵਿਚ ਕੰਮ ਕਰਦੇ ਹਨ। ਪਹਿਲੀ ਘਟਨਾ ਹੈ ਯੂਕਰੇਨ ਦਾ ਅਗਸਤ 1991 ਵਿਚ ਸੋਵੀਅਤ ਯੂਨੀਅਨ ਤੋਂ ਅਜ਼ਾਦੀ ਦਾ ਐਲਾਨ। ਦੂਜੀ ਫਰਵਰੀ 2014 ਵਿਚ ਮੇਡਨ ਦਾ ਰਾਜਪਲਟਾ (ਮੇਡਨ ਕੂ) ਹੈ, ਜਿਸ ਨੇ ਜਮਹੂਰੀ ਤਰੀਕੇ ਨਾਲ ਚੁਣੇ ਗਏ ਅਤੇ ਯੂਕਰੇਨੀ ਖੁਦਮੁਖਤਾਰੀ ਅਤੇ ਗੁੱਟ ਨਿਰਲੇਪ ਰੱਖਿਆ ਨੀਤੀ ਦੇ ਹਮਾਇਤੀ ਯੂਕਰੇਨੀ ਰਾਸ਼ਟਰਪਤੀ ਵਿਕਟਰ ਯਾਨੂਕੋਵਿਚ ਨੂੰ ਗੱਦੀਓਂ ਲਾਹ ਦਿੱਤਾ। ਤੀਜੀ 24 ਫਰਵਰੀ 2022 ਨੂੰ ਰੂਸ ਦੀ ਯੂਕਰੇਨ ਵਿਚ ਫੌਜੀ ਦਖਲਅੰਦਾਜ਼ੀ ਹੈ। ਇਹ ਸਮਾਂ-ਕ੍ਰਮ ਬਹੁਤ ਕੁਝ ਉਜਾਗਰ ਕਰਨ ਵਾਲਾ ਹੈ। ਅਮਰੀਕਾ ਅਤੇ ਉਸ ਦੇ ਨੇਟੋ ਵਿਚਲੇ ਹਮਾਇਤੀਆਂ ਦੇ ਨਜ਼ਰੀਏ ਅਨੁਸਾਰ ਇਹ ਲੜਾਈ ਫਰਵਰੀ 2022 ਵਿਚ ਸ਼ੁਰੂ ਹੋਈ (ਭਾਵੇਂ ਕਿ ਕਈ ਵਾਰ ਉਹ ਕਹਿੰਦੇ ਹਨ ਕਿ ਇਹ 2014 ਦੇ ਰਾਜਪਲਟੇ ਤੋਂ ਬਾਅਦ ਰੂਸ ਵੱਲੋਂ ਕ੍ਰੀਮੀਆ ਨੂੰ ਜਿੱਤਣ ਨਾਲ ਸ਼ੁਰੂ ਹੋਈ)। ਜਿਸ ਨਾਲ ਉਹ ਇਤਿਹਾਸ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ। ਰੂਸ ਦੇ ਸਿੱਧੇ ਨਜ਼ਰੀਏ ਅਨੁਸਾਰ ਇਹ ਲੜਾਈ ਫਰਵਰੀ 2014 ਦੇ ਰਾਜਪਲਟੇ ਨਾਲ ਸ਼ੁਰੂ ਹੋਈ। ਇਸ ਨਜ਼ਰੀਏ ਨਾਲ ਇਤਿਹਾਸ ਅਤੇ ਯੂਕਰੇਨ ਵਿਚ ਘਰੇਲੂ ਜੰਗ ਦੀ ਸ਼ੁਰੂਆਤ ਰੂਸ ਦੀ ਸਿਆਸੀ ਪੁਜ਼ੀਸ਼ਨ ਦਾ ਕੇਂਦਰੀ ਹਿੱਸਾ ਬਣ ਜਾਂਦੇ ਹਨ। ਸਮਝ ਵਿਚਲਾ ਇਹ ਬੁਨਿਆਦੀ ਫ਼ਰਕ ਗੱਲਬਾਤ ਨਾਲ ਰਾਜਨੀਤਕ ਸਮਝੌਤੇ ਦੀ ਸੰਭਾਵਨਾ ਵਿਚ ਅੜਿੱਕਾ ਬਣਦਾ ਹੈ। ਇਹ ਸਮਝਣਾ ਬਹੁਤ ਮੁਸ਼ਕਿਲ ਹੈ ਕਿ ਇਸ ਫ਼ਰਕ ਨੂੰ ਕਿਵੇਂ ਮੇਟਿਆ ਜਾ ਸਕਦਾ ਹੈ, ਕਿਉਂਕਿ ਇਤਿਹਾਸ (ਰਾਜਪਲਟੇ ਅਤੇ ਉਸ ਤੋਂ ਬਾਅਦ ਦੀ ਘਰੇਲੂ ਜੰਗ) ਨੂੰ ਧਿਆਨ ਵਿਚ ਰੱਖਣ ਨਾਲ ਇੱਕ ਬਿਲਕੁਲ ਵੱਖਰੀ ਕਹਾਣੀ ਸਾਹਮਣੇ ਆਉਂਦੀ ਹੈ।

ਅਮਰੀਕਾ/ਨੇਟੋ ਵੱਲੋਂ ਇਤਿਹਾਸ ਨੂੰ ਨਕਾਰਨਾ ਅਤੇ ਲੜਾਈ ਨੂੰ ਸਿਰਫ਼ ਫਰਵਰੀ 2022 ਦੇ ਰੂਸੀ 'ਹਮਲੇ' ਦਾ ਨਤੀਜਾ ਸਮਝਣ ਦਾ ਰੁਝਾਨ ਪ੍ਰਾਪੇਗੰਢੇ ਦੀ ਜੰਗ ਵਿਚ ਇੱਕ ਵੱਡਾ ਫ਼ਾਇਦਾ ਪਹੁੰਚਾਉਂਦਾ ਹੈ। ਲੜਾਈ ਨੂੰ ਰੂਸ ਦੀ ਫ਼ੌਜੀ ਦਖਲਅੰਦਾਜ਼ੀ ਤੋਂ ਸ਼ੁਰੂ ਹੋਇਆ ਮੰਨਣਾ ਇੱਕ ਸਰਲ ਅਤੇ ਅਸਾਨੀ ਨਾਲ ਸਮਝ ਵਿਚ ਆਉਣ ਵਾਲੀ ਕਹਾਣੀ ਹੈ। ਪੱਛਮੀ ਲੋਕਾਂ ਨੂੰ ਇਤਿਹਾਸ ਬਾਰੇ ਬਹੁਤ ਘੱਟ ਗਿਆਨ ਜਾਂ ਦਿਲਚਸਪੀ ਹੈ; ਇਹ ਗੱਲ ਲੜਾਈ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਅਟਲਾਂਟਿਕ ਤੋਂ ਪਾਰ ਦੇ ਅਮਰੀਕਾ ਵਿਚ ਖ਼ਾਸ ਤੌਰ 'ਤੇ ਸੱਚ ਹੈ। ਪੱਛਮੀ ਮੀਡੀਏ ਨੂੰ ਵੀ ਇਤਿਹਾਸ ਵਿਚ ਦਿਲਚਸਪੀ ਨਹੀਂ ਹੈ, ਕਿਉਂਕਿ ਇਸ ਨੂੰ ਸਮਝਾਉਣਾ ਔਖਾ ਹੈ ਅਤੇ ਦਿਲਚਸਪੀ ਨਾ ਰੱਖਣ ਵਾਲੇ ਲੋਕਾਂ ਦੇ ਮੱਦੇਨਜ਼ਰ ਵਪਾਰਕ ਤੌਰ 'ਤੇ ਨੁਕਸਾਨਦੇਹ ਹੈ। ਇਹ ਬਣਤਰ ਪੱਛਮ ਵਿਚ ਅਮਰੀਕਾ/ਨੇਟੋ ਦੀ ਕਹਾਣੀ ਦੀ ਮਜ਼ਬੂਤੀ ਨੂੰ ਸਮਝਾਉਣ ਵਿਚ ਮਦਦ ਕਰਦੀ ਹੈ। ਬੇਸ਼ੱਕ ਇਤਿਹਾਸ ਨੂੰ ਨਕਾਰਨਾ ਪ੍ਰਾਪੇਗੰਢੇ ਲਈ ਲਾਹੇਵੰਦ ਹੈ, ਪਰ ਇਹ ਨਾ ਤਾਂ ਸੱਚ ਦੀ ਸੇਵਾ ਕਰਦਾ ਹੈ ਅਤੇ ਨਾ ਹੀ ਸ਼ਾਂਤੀ ਦੀ, ਕਿਉਂਕਿ ਇਹ ਲੜਾਈ ਦੇ ਉਨ੍ਹਾਂ ਕਾਰਨਾਂ ਨੂੰ ਨਕਾਰਦਾ ਹੈ, ਜਿਨ੍ਹਾਂ ਨੂੰ ਹੱਲ ਕਰਨਾ ਸ਼ਾਂਤੀ ਕਾਇਮ ਕਰਨ ਲਈ ਜ਼ਰੂਰੀ ਹੈ।

## ਯੂਕਰੇਨ ਦੀ ਲੜਾਈ ਨੂੰ ਸਮਝਣਾ: ਅੰਦਰੂਨੀ ਅਤੇ ਬਾਹਰੀ ਕਾਰਨ

ਪੱਛਮ, ਅਮਰੀਕਾ/ਨੇਟੋ ਵੱਲੋਂ ਲੜਾਈ ਦੀ ਜੋ ਕਹਾਣੀ ਪੇਸ਼ ਕੀਤੀ ਜਾਂਦੀ ਹੈ, ਉਸ ਵਿਚ ਇਤਿਹਾਸ ਦੀ ਗੱਲ ਬਹੁਤ ਘੱਟ ਹੈ। ਜਿੰਨੀ ਥੋੜ੍ਹੀ ਜਿਹੀ ਗੱਲ ਇਤਿਹਾਸ ਦੀ ਆਉਂਦੀ ਹੈ, ਉਸ ਵਿਚ 1990 ਤੋਂ ਬਾਅਦ ਵਿਚ ਨੇਟੋ ਦੇ ਪੂਰਬ ਵੱਲ ਪਸਾਰ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਫਿਰ ਉਸ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ। ਸਹੀ ਇਤਿਹਾਸਕ ਸਮਝ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਸ਼ੁਰੂ ਹੁੰਦੀ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਦੇ ਉਸ ਅਮਲ ਦਾ ਵੇਰਵਾ ਵਲਾਦੀਸਲਾਵ ਜ਼ੁਬੋਕ ਨੇ ਆਪਣੀ ਕਿਤਾਬ 'ਕੋਲੈਪਸ: ਦ ਫਾਲ ਆਫ਼ ਦ ਸੋਵੀਅਤ ਯੂਨੀਅਨ' ਵਿਚ ਦਿੱਤਾ ਹੈ। ਟੁੱਟਣ ਦਾ ਇਹ ਅਮਲ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਨੇ ਲੜਾਈ ਲਈ ਜ਼ਮੀਨ ਤਿਆਰ ਕੀਤੀ।

ਜਿਵੇਂ ਦੱਸਿਆ ਗਿਆ ਹੈ, ਲੜਾਈ ਨੂੰ ਕੈਂਚੀ ਦੇ ਰੂਪਕ ਨਾਲ ਸਮਝਿਆ ਜਾ ਸਕਦਾ ਹੈ। ਇਕ ਫ਼ਲ (ਬਲੇਡ) ਅੰਦਰੂਨੀ ਹੈ: ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਪੈਦਾ ਹੋਇਆ ਲੜਾਈ ਨੂੰ ਉਤਸ਼ਾਹਿਤ ਕਰਨ ਵਾਲਾ ਵਾਤਾਵਰਨ (ਕਨਫਲਿਕਟ-ਪ੍ਰੋਨ ਇਨਵਾਇਰਮੈਂਟ)। ਦੂਜਾ ਫ਼ਲ (ਬਲੇਡ) ਅਮਰੀਕਾ ਵਲੋਂ ਲਗਾਤਾਰ ਕੀਤੀ ਜਾਂਦੀ ਦਖਲਅੰਦਾਜ਼ੀ ਹੈ, ਜਿਸ ਵਿਚ ਨੇਟੋ ਦਾ ਪੂਰਬ ਵੱਲ ਬਾਹਰੀ ਪਸਾਰ ਵੀ ਸ਼ਾਮਲ ਹੈ। ਲੜਾਈ ਦੇ ਕਾਰਨਾਂ, ਇਸ ਦੇ ਹੌਲੀ-ਹੌਲੀ ਵਾਧੇ ਅਤੇ ਇਸ ਦੇ ਸਿਆਸੀ ਹੱਲ ਵਿਚ ਆਉਣ ਵਾਲੀ ਮੁਸ਼ਕਿਲ ਨੂੰ ਸਮਝਣ ਲਈ ਇਹ ਦੋਵੇਂ ਫ਼ਲ (ਬਲੇਡ) ਜ਼ਰੂਰੀ ਹਨ।

## ਅੰਦਰੂਨੀ ਫ਼ਲ: ਸੋਵੀਅਤ ਯੂਨੀਅਨ ਦਾ ਟੁੱਟਣਾ

ਸੋਵੀਅਤ ਯੂਨੀਅਨ ਦੇ ਟੁੱਟਣ ਦਾ ਜਮਹੂਰੀ ਕ੍ਰਾਂਤੀ ਨਾਲ ਕੋਈ ਸੰਬੰਧ ਨਹੀਂ ਸੀ। ਬਲਕਿ, ਜ਼ੁਬੋਕ ਮੁਤਾਬਕ, ਉਸ ਦੇ ਬੀਜ ਮਿਖਾਇਲ ਗੋਰਬਾਚੋਵ ਦੇ 1985 ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਉੱਗਣ ਲੱਗ ਪਏ ਸਨ। ਕੇਂਦਰ ਕਮਜ਼ੋਰ ਹੋ ਰਿਹਾ ਸੀ ਅਤੇ ਉਸ ਕਮਜ਼ੋਰੀ ਨੂੰ ਮਹਿਸੂਸ ਕਰਦਿਆਂ, ਕਈ ਸੋਵੀਅਤ ਗਣਰਾਜਾਂ ਦੇ ਨੇਤਾਵਾਂ ਨੇ ਇੱਕ ਰੋਸਮਈ ਕੌਮਵਾਦੀ (ਨੈਸ਼ਨਲਿਸਟ) ਵਿਚਾਰ ਚਰਚਾ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਵਿਚ ਦਾਅਵਾ ਕੀਤਾ ਜਾਂਦਾ ਸੀ ਕਿ ਹਰੇਕ ਗਣਰਾਜ ਦਾ ਸਿਸਟਮ ਅਤੇ ਦੂਜੇ ਗਣਰਾਜਾਂ ਵੱਲੋਂ ਆਰਥਿਕ ਸ਼ੋਸ਼ਣ ਕੀਤਾ ਗਿਆ ਸੀ। ਵਿਚਾਰ ਚਰਚਾ ਨੇ ਸੋਵੀਅਤ ਗਣਰਾਜਾਂ ਦੇ ਨੇਤਾਵਾਂ ਨੂੰ ਵੈਧਤਾ ਦਿੱਤੀ ਅਤੇ ਵੱਖ ਹੋਣ ਦੇ ਬੀਜ ਬੀਜੇ, ਜਿਸ ਤੋਂ ਘਟਨਾਵਾਂ ਦੀ ਇਕ ਲੜੀ (ਡੋਮੀਨੋ-ਅਫੈਕਟ) ਵਾਂਗ ਟੁੱਟਣ ਦੇ ਅਮਲ ਬਾਰੇ ਪਤਾ ਲਗਦਾ ਹੈ। ਜਦੋਂ ਇੱਕ ਗਣਰਾਜ ਵੱਖ ਹੋ ਗਿਆ, ਤਾਂ ਬਾਕੀ ਸਾਰੇ ਵੀ ਜਲਦੀ ਹੀ ਵੱਖ ਹੋਣ ਲਈ ਤਿਆਰ ਹੋ ਗਏ। ਗਣਰਾਜਾਂ ਦੇ ਮੌਜੂਦਾ ਨੇਤਾਵਾਂ ਨੇ ਸੱਤਾ ਦੇ ਸਿਆਸੀ ਵਾਰਸ ਬਣ ਕੇ ਆਪਣੀ ਸਥਿਤੀ ਮਜ਼ਬੂਤ ਕੀਤੀ ਅਤੇ ਆਪਣੇ ਆਪ ਨੂੰ ਅਮੀਰ ਬਣਾਇਆ।

ਉਸ ਪੈਟਰਨ ਦਾ ਇੱਕ ਰੂਪ ਸਾਰੀਆਂ ਸਾਬਕਾ ਗਣਰਾਜਾਂ ਵਿਚ ਦਿਖਾਈ ਦਿੰਦਾ ਹੈ, ਪਰ ਇਸ ਨੇ ਤਿੰਨ ਮਹੱਤਵਪੂਰਨ ਦਰਾੜਾਂ ਪੈਦਾ ਕੀਤੀਆਂ: ਨਵੀਆਂ ਪੈਦਾ ਹੋਈਆਂ ਕੌਮੀ ਦੁਸ਼ਮਣੀਆਂ, ਵੱਖ ਵੱਖ ਗਣਰਾਜਾਂ ਵਿਚ ਪਿੱਛੇ ਰਹਿ ਗਏ ਰੂਸੀ ਲੋਕ, ਅਤੇ ਵਿਵਾਦਿਤ ਇਲਾਕੇ। ਇਹ ਤਿੰਨੋਂ ਯੂਕਰੇਨ ਵਿਚ ਖਾਸ ਤੌਰ 'ਤੇ ਪ੍ਰਮੁੱਖ ਸਨ ਅਤੇ ਯੂਕਰੇਨ-ਰੂਸ ਲੜਾਈ ਦੇ ਮੁੱਖ ਕਾਰਨ ਸਨ। ਤਿੰਨਾਂ ਵਿਚੋਂ, ਸਭ ਤੋਂ ਮਹੱਤਵਪੂਰਨ ਨਵੀਆਂ ਪੈਦਾ ਹੋਈਆਂ ਕੌਮੀ ਦੁਸ਼ਮਣੀਆਂ ਹਨ ਜੋ ਕੈਂਚੀ ਦੇ ਫਲਕ੍ਰਮ (ਪਿਵਟ ਪਿਨ) ਵਜੋਂ ਕੰਮ ਕਰਦੀਆਂ ਹਨ, ਅਤੇ ਲੜਾਈ ਨਾਲ ਜੁੜੇ ਕੈਂਚੀ ਦੇ ਅੰਦਰੂਨੀ ਅਤੇ ਬਾਹਰੀ ਫ਼ਲਾਂ ਨੂੰ ਜੋੜਦੀਆਂ ਹਨ।

ਕੌਮੀ ਦੁਸ਼ਮਣੀਆਂ ਯੂਕਰੇਨ ਵਿਚ ਖਾਸ ਤੌਰ 'ਤੇ ਪਰਚੰਡ ਸਾਬਤ ਹੋਈਆਂ ਹਨ, ਜਿਨ੍ਹਾਂ ਦਾ ਇਕ ਲੰਮਾ ਇਤਿਹਾਸਕ ਪਿਛੋਕੜ ਹੈ। ਯੂਕਰੇਨ ਅਤੇ ਡੌਨ ਦਾ ਖੇਤਰ ਰੂਸ ਦੇ 1918-1922 ਦੇ ਘਰੇਲੂ ਯੁੱਧ ਦੇ ਮੁੱਖ ਰਣਖੇਤਰ ਸਨ, ਜਿਵੇਂ ਕਿ ਮਿਖਾਇਲ ਸ਼ੋਲੋਖੋਵ ਦੇ ਮਹਾਂਕਾਵਿਕ ਨਾਵਲਾਂ 'ਐਂਡ ਕੁਆਈਟ ਫਲੋਜ਼ ਦੀ ਡਾਨ' (ਡਾਨ ਵਹਿੰਦਾ ਰਿਹਾ) ਅਤੇ 'ਡਾਨ ਫਲੋਜ਼ ਹੋਮ ਟੂ ਦੀ ਸੀਅ' ਵਿਚ ਦਰਸਾਇਆ ਗਿਆ ਹੈ। ਯੂਕਰੇਨ ਦੀ ਕੌਮੀ ਦੁਸ਼ਮਣੀ ਨੂੰ 1930 ਦੇ ਦਹਾਕੇ ਵਿਚ ਜੋਸਫ਼ ਸਟਾਲਿਨ ਵੱਲੋਂ ਯੂਕਰੇਨੀ ਖੇਤੀਬਾੜੀ ਦੇ ਸਮੂਹੀਕਰਨ ਨੇ ਹੋਰ ਵਧਾ ਦਿੱਤਾ ਸੀ, ਜੋ ਯੂਕਰੇਨ ਵਿਚ ਕਾਲ ਦਾ ਕਾਰਨ ਬਣਿਆ ਅਤੇ ਲੱਖਾਂ ਲੋਕ ਮਾਰੇ ਗਏ ਸਨ। ਯੂਕਰੇਨੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਉਸ ਕਾਲ ਨੂੰ ਸਿਆਸੀ ਤੌਰ 'ਤੇ ਵਰਤ ਕੇ ਰੂਸ-ਵਿਰੋਧੀ ਭਾਵਨਾਵਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦਾਅਵਾ ਕੀਤਾ ਹੈ ਕਿ ਇਹ ਯੂਕਰੇਨ ਵਿਚ 'ਭੁੱਖਮਰੀ' ਨਾਲ ਪੈਦਾ ਹੋਈ ਨਸਲਕੁਸ਼ੀ ਸੀ। ਹਕੀਕਤ ਇਹ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਕਾਲ ਯੂਕਰੇਨ ਵਿਰੁੱਧ ਨਸਲੀ ਆਧਾਰ 'ਤੇ ਚਲਾਈ ਮੁਹਿੰਮ ਦਾ ਨਤੀਜਾ ਸੀ। ਬਲਕਿ, ਇਹ ਮਾੜੀਆਂ ਫਸਲਾਂ ਅਤੇ ਸਟਾਲਿਨ ਦੇ ਸ਼ਾਸਨ ਵੱਲੋਂ ਸੋਵੀਅਤ ਯੂਨੀਅਨ ਦੇ ਸਾਰੇ ਕਿਸਾਨ 'ਕੂਲਕ' ਵਰਗ ਵਿਰੁੱਧ ਚਲਾਈ ਮੁਹਿੰਮ ਦੇ ਸੰਯੋਗ ਦਾ ਨਤੀਜਾ ਸੀ।

1930ਵਿਆਂ ਵਿਚ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ, ਯੂਕਰੇਨ ਵਿਚ ਸਟੈਪਨ ਬਾਂਡੇਰਾ ਦੀ ਅਗਵਾਈ ਹੇਠ ਇੱਕ ਜ਼ੋਰਦਾਰ ਭੂਮੀਗਤ ਫਾਸ਼ੀਵਾਦੀ ਕੌਮਵਾਦੀ (ਫਾਸ਼ਿਸਟ ਨੈਸ਼ਨਲਿਸਟ) ਲਹਿਰ ਸੀ। ਉਨ੍ਹਾਂ ਤਾਕਤਾਂ ਨੇ ਨਾਜ਼ੀ ਜਰਮਨੀ ਨਾਲ ਮਿਲ ਕੇ ਸੋਵੀਅਤ ਯੂਨੀਅਨ ਵਿਰੁੱਧ ਲੜਾਈ ਲੜੀ ਸੀ ਅਤੇ ਯੂਕਰੇਨ ਦੀ ਯਹੂਦੀ ਆਬਾਦੀ ਦੇ ਕਤਲਾਮ ਵਿਚ ਉਤਸ਼ਾਹ ਨਾਲ ਹਿੱਸਾ ਲਿਆ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਤੇ 1950ਵਿਆਂ ਦੇ ਸ਼ੁਰੂ ਵਿਚ, ਉਨ੍ਹਾਂ ਨੇ ਪੱਛਮੀ ਯੂਕਰੇਨ ਵਿਚ ਹੇਠਲੀ ਪੱਧਰ ਦਾ ਵਿਦਰੋਹ ਜਾਰੀ ਰੱਖਿਆ, ਜਿਸ ਦੀ ਬਰਤਾਨੀਆ ਦੀ ਸੀਕਰੇਟ ਸਰਵਿਸ ਐਮ 16 ਅਤੇ ਕੁੱਝ ਹੱਦ ਤੱਕ ਸੀ ਆਈ ਏ ਨੇ ਮਦਦ ਕੀਤੀ ਸੀ।

ਸੋਵੀਅਤ ਯੂਨੀਅਨ ਦੇ ਟੁੱਟਣ ਨਾਲ, ਉਨ੍ਹਾਂ ਫਾਸ਼ੀਵਾਦੀ ਕੌਮਵਾਦੀ ਤਾਕਤਾਂ ਨੂੰ ਮੁੜ ਸੁਰਜੀਤ ਅਤੇ ਉਤਸ਼ਾਹਿਤ ਕੀਤਾ ਗਿਆ। ਉਹ 2014 ਦੇ ਮੇਡਨ ਦੇ ਰਾਜ ਪਲਟੇ ਤੋਂ ਬਾਅਦ ਕਾਫ਼ੀ ਡੂੰਘੀਆਂ ਹੋ ਗਈਆਂ, ਅਤੇ 2022 ਦੀ ਰੂਸੀ ਫੌਜੀ ਦਖਲਅੰਦਾਜ਼ੀ ਤੋਂ ਬਾਅਦ ਹੋਰ ਮਜ਼ਬੂਤ ਹੋ ਗਈਆਂ ਹਨ। ਹੁਣ ਬਾਂਡੇਰਾ ਯੂਕਰੇਨ ਵਿਚ ਇਕ ਵਿਆਪਕ ਅਤੇ ਅਧਿਕਾਰਤ ਤੌਰ 'ਤੇ ਮਸ਼ਹੂਰ ਹਸਤੀ ਹੈ, ਖਾਸ ਕਰਕੇ ਪੱਛਮੀ ਯੂਕਰੇਨ ਵਿਚ। ਉਸ ਦੇ ਨਾਂ 'ਤੇ ਗਲੀਆਂ ਦੇ ਨਾਂ ਰੱਖੇ ਅਤੇ ਸਨਮਾਨ ਵਿਚ ਬੁੱਤ ਲਗਾਏ ਗਏ ਹਨ, ਉਸ ਦੀ ਤਸਵੀਰ ਡਾਕ ਟਿਕਟ 'ਤੇ ਹੈ, ਅਤੇ ਉਸ ਨੂੰ ਕੌਮ ਦਾ ਹੀਰੋ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ, ਬਾਂਡੇਰਾ ਨੂੰ ਯੂਕਰੇਨ ਦੀ ਫੌਜ ਵੱਲੋਂ ਸਤਿਕਾਰਿਆ ਜਾਂਦਾ ਹੈ ਅਤੇ ਫੌਜ ਦੇ ਵਸ਼ਿਸ਼ਟ (ਇਲੀਟ) ਅਤੇ ਮਸ਼ਹੂਰ ਅੰਗ 'ਅਜ਼ੋਵ ਬ੍ਰਿਗੇਡ' ਵਿਚ ਉਸ ਦੀ ਖਾਸ ਥਾਂ ਹੈ। ਸੰਨ 2022 ਦੀ ਰੂਸੀ ਦਖਲਅੰਦਾਜ਼ੀ ਤੋਂ ਪਹਿਲਾਂ ਇਸ ਭੈੜੀ ਹਕੀਕਤ ਨੂੰ ਸਯੁੰਕਤ ਰਾਜ ਅਮਰੀਕਾ ਅਤੇ ਪੱਛਮ ਵਿਚ ਵਿਆਪਕ ਤੌਰ 'ਤੇ ਸਵੀਕਾਰ ਕੀਤਾ ਜਾਂਦਾ ਸੀ, ਪਰ ਹੁਣ ਇਸ ਨੂੰ ਯੂਕਰੇਨ ਦੇ ਹੱਕ ਵਿਚ ਅਤੇ ਰੂਸ ਵਿਰੁੱਧ ਪ੍ਰਾਪੇਗੰਢੇ ਦੇ ਯਤਨਾਂ ਵਜੋਂ ਕਾਫ਼ੀ ਦਬਾ ਦਿੱਤਾ ਗਿਆ ਹੈ।

ਇਸ ਸੰਬੰਧ ਵਿਚ, ਇਜ਼ਰਾਈਲ ਦਾ ਯੂਕਰੇਨ ਵੱਲ ਰਵੱਈਆ ਸਿੱਖਿਆ ਦੇਣ ਵਾਲਾ ਹੈ। ਇਜ਼ਰਾਈਲ ਨੇ ਯੂਕਰੇਨ ਦੀ ਮਦਦ ਕਰਨ ਲਈ ਬਹੁਤ ਘੱਟ ਰੁਚੀ ਵਿਖਾਈ ਹੈ, ਭਾਵੇਂ ਕਿ ਦੋਵਾਂ ਦੇ ਅਮਰੀਕਾ ਨਾਲ ਨੇੜਲੇ ਸੰਬੰਧ ਹਨ ਅਤੇ ਅਮਰੀਕਾ ਦੋਵਾਂ ਦੀ ਹਮਾਇਤ ਕਰਦਾ ਹੈ। ਇਹ ਵਿਹਾਰ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਇਜ਼ਰਾਈਲ ਨੇ ਯੂਕਰੇਨ ਵਿਚ ਨਵ-ਨਾਜ਼ੀ ਗਤੀਵਿਧੀਆਂ ਦੀ ਵਿਆਪਕ ਮੌਜੂਦਗੀ ਅਤੇ ਸਰਕਾਰੀ ਸਮਰਥਨ ਬਾਰੇ ਵਾਰ-ਵਾਰ ਸ਼ਿਕਾਇਤਾਂ ਕੀਤੀਆਂ ਹਨ। ਇਜ਼ਰਾਈਲ ਦਾ ਰੁਖ ਯੂਕਰੇਨ ਅੰਦਰ ਦੁਸ਼ਮਣੀਆਂ ਦੇ ਚਰਿੱਤਰ ਦੀ ਭੈੜੀ ਹਕੀਕਤ ਦਾ ਘਿਰਣਾਯੋਗ ਸਬੂਤ ਹੈ।

ਸੰਖੇਪ ਵਿਚ, ਮੁੜ ਸੁਰਜੀਤ ਕੀਤੀਆਂ ਕੌਮਵਾਦੀ ਦੁਸ਼ਮਣੀਆਂ ਯੂਕਰੇਨ ਵਿਚ ਖਾਸ ਤੌਰ 'ਤੇ ਗੰਭੀਰ ਤੇ ਭੈੜੀਆਂ ਸਨ। ਜੰਗ ਨੂੰ ਸਮਝਣ ਦੇ ਮਕਸਦ ਲਈ, ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਦੁਸ਼ਮਣੀਆਂ ਨੇ ਅਜਿਹੇ ਡੂੰਘੇ ਜ਼ਖਮ ਪੈਦਾ ਕੀਤੇ ਜਿਨ੍ਹਾਂ ਵਿਚੋਂ ਅੰਦਰ ਅਤੇ ਬਾਹਰ ਨੂੰ ਖੂਨ ਵਗਦਾ ਸੀ।

ਦੂਜੀ ਦਰਾੜ ਸਾਬਕਾ ਸੋਵੀਅਤ ਗਣਰਾਜਾਂ ਵਿਚ ਪਿੱਛੇ ਰਹਿ ਗਏ ਰੂਸੀ ਲੋਕਾਂ ਦੀਆਂ ਅਬਾਦੀਆਂ ਨਾਲ ਸੰਬੰਧਿਤ ਸੀ। ਇੱਕ ਵਾਰ ਫਿਰ, ਇਹ ਸਮੱਸਿਆ ਯੂਕਰੇਨ ਵਿਚ ਖਾਸ ਤੌਰ 'ਤੇ ਪਰਚੰਡ ਸੀ, ਜਿੱਥੇ ਸੋਵੀਅਤ ਯੂਨੀਅਨ ਦੌਰਾਨ ਬਣਾਈਆਂ ਸਰਹੱਦਾਂ ਅਧੀਨ ਜ਼ਮੀਨ ਦੇ ਅਜਿਹੇ ਵੱਡੇ ਇਲਾਕੇ ਯੂਕਰੇਨ ਵਿਚ ਸ਼ਾਮਲ ਕੀਤੇ ਗਏ, ਜੋ ਭਾਸ਼ਾਈ ਅਤੇ ਸਭਿਆਚਾਰਕ ਤੌਰ 'ਤੇ ਰੂਸੀ ਸਨ। ਅਬਾਦੀ ਦੀ ਇਹ ਸਮੱਸਿਆ ਸਾਬਕਾ ਬਾਲਟਿਕ ਗਣਰਾਜਾਂ ਵਿਚ ਵੀ ਮਹੱਤਵਪੂਰਨ ਸੀ, ਖਾਸ ਕਰਕੇ ਲਾਤਵੀਆ, ਐਸਟੋਨੀਆ ਅਤੇ ਜਾਰਜੀਆ ਵਿਚ।

1989 ਵਿਚ, ਰੂਸੀ ਮੂਲ ਦੇ ਲੋਕ ਯੂਕਰੇਨ ਦੀ 51.5 ਮਿਲੀਅਨ ਆਬਾਦੀ ਦਾ 22.1 ਪ੍ਰਤੀਸ਼ਤ ਸਨ। ਰੂਸੀ ਭਾਸ਼ਾ ਬੋਲਣ ਵਾਲੇ ਦੇਸ਼ ਦੇ ਪੂਰਬ ਅਤੇ ਦੱਖਣ ਵਿਚ ਭਾਰੀ ਗਿਣਤੀ ਵਿਚ ਉਨ੍ਹਾਂ ਇਲਾਕਿਆਂ ਵਿਚ ਕੇਂਦਰਿਤ ਸਨ, ਜੋ ਇਤਿਹਾਸਕ ਤੌਰ 'ਤੇ ਰੂਸ ਦਾ ਹਿੱਸਾ ਰਹੇ ਸਨ। ਰੂਸੀ ਭਾਸ਼ਾ ਬੋਲਣ ਵਾਲਿਆਂ ਦੀ ਇਸ ਕੇਂਦਰਿਤ ਗਿਣਤੀ ਦੇ ਪੈਟਰਨ ਦਾ ਮਤਲਬ ਸੀ ਕਿ ਯੂਕਰੇਨ ਸਿਆਸੀ ਤੌਰ 'ਤੇ ਵੰਡਿਆ ਹੋਇਆ ਸੀ ਅਤੇ, ਬਦਤਰ ਨਜ਼ਰੀਏ ਅਨੁਸਾਰ, ਘਰੇਲੂ ਯੁੱਧ ਅਤੇ ਵੱਖਵਾਦ ਲਈ ਤਿਆਰ ਸੀ।

ਡੂੰਘੀ ਸਿਆਸੀ ਵੰਡ ਦਾ ਪਤਾ ਇਸ ਤੋਂ ਲਗਦਾ ਹੈ ਕਿ 2010 ਦੀ ਰਾਸ਼ਟਰਪਤੀ ਚੋਣ ਦੇ ਦੂਜੇ ਰਾਊਂਡ ਵਿਚ ਦੇਸ਼ ਦੇ ਪੂਰਬੀ ਅੱਧੇ ਹਿੱਸੇ ਨੇ ਪੂਰੀ ਤਰ੍ਹਾਂ ਯਾਨੂਕੋਵਿਚ ਨੂੰ ਵੋਟਾਂ ਪਾਈਆਂ ਸਨ ਅਤੇ ਪੱਛਮੀ ਅੱਧੇ ਹਿੱਸੇ ਨੇ ਪੂਰੀ ਤਰ੍ਹਾਂ ਨੈਸ਼ਨਲਿਸਟ ਯੂਲੀਆ ਤਿਮੋਸ਼ੈਂਕੋ ਨੂੰ ਵੋਟਾਂ ਪਾਈਆਂ ਸਨ।

ਪਿੱਛੇ ਰਹਿ ਗਏ ਰੂਸੀ ਮੂਲ ਦੇ ਲੋਕਾਂ ਦੀ ਸਮੱਸਿਆ ਫਿਰ ਕੌਮੀ ਦੁਸ਼ਮਣੀਆਂ ਦੀ ਸਮੱਸਿਆ ਨਾਲ ਜੁੜ ਗਈ ਜਦੋਂ ਨਵੇਂ ਅਜ਼ਾਦ ਗਣਰਾਜਾਂ ਨੇ ਕੌਮਵਾਦੀ ਸੱਭਿਆਚਾਰਕ ਸਫ਼ਾਏ (ਨੈਸ਼ਨਲਿਸਟ ਕਲਚਰਲ ਕਲੈਨਜ਼ਿੰਗ) ਦੀਆਂ ਨੀਤੀਆਂ ਅਪਣਾਈਆਂ, ਜੋ ਰੂਸੀ ਸੱਭਿਆਚਾਰ, ਭਾਸ਼ਾ ਦੇ ਇਤਿਹਾਸ ਅਤੇ ਮੌਜੂਦਗੀ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੀਆਂ ਸਨ। ਅਜਿਹਾ ਸੱਭਿਆਚਾਰਕ ਸਫ਼ਾਇਆ ਸਿਆਸੀ ਡਰਾਵੇ ਅਤੇ ਵਿਤਕਰੇ ਦਾ ਇੱਕ ਰੂਪ ਹੈ। ਇੱਕ ਵਾਰ ਫਿਰ, ਯੂਕਰੇਨ ਇਨ੍ਹਾਂ ਮਾਮਲਿਆਂ ਵਿਚ ਸਭ ਤੋਂ ਬੁਰਾ ਸੀ, ਉਸ ਤੋਂ ਬਾਅਦ ਬਾਲਟਿਕ ਗਣਰਾਜ ਆਉਂਦੇ ਹਨ। ਯੂਕਰੇਨ ਦਾ ਸੱਭਿਆਚਾਰਕ ਸਫਾਇਆ ਉਨ੍ਹਾਂ ਲੜੀਵਾਰ ਕਾਨੂੰਨਾਂ ਵਿਚ ਪ੍ਰਤੱਖ ਦਿਖਾਈ ਦਿੰਦਾ ਹੈ, ਜੋ ਸਿਰਫ ਯੂਕਰੇਨੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿੰਦੇ ਹਨ ਅਤੇ ਰੂਸੀ 'ਤੇ ਪਾਬੰਦੀ ਲਾਉਂਦੇ ਹਨ। ਇਹ ਰੂਸੀ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਿਕ ਵਿਅਕਤੀਆਂ ਨੂੰ ਸਨਮਾਨਿਤ ਕਰਨ ਵਾਲੇ ਸਮਾਰਕਾਂ ਨੂੰ ਗੈਰਕਾਨੂੰਨੀ ਠਹਿਰਾਉਣ ਅਤੇ ਢਾਹੁਣ ਦੇ ਅਮਲ ਵਿਚ ਵੀ ਪ੍ਰਤੱਖ ਦਿਖਾਈ ਦਿੰਦਾ ਹੈ, ਜੋ ਰੂਸ ਦੇ ਦਖਲ ਤੋਂ ਬਾਅਦ ਤੇਜ਼ ਹੋ ਗਿਆ ਹੈ।

ਆਖਰ ਵਿਚ, ਪਿੱਛੇ ਰਹਿ ਗਏ ਰੂਸੀ ਮੂਲ ਦੇ ਲੋਕਾਂ ਦੀ ਕਿਸਮਤ ਅਤੇ ਉਨ੍ਹਾਂ ਨਾਲ ਹੁੰਦਾ ਸਲੂਕ ਜਾਤੀ (ਐਥਨਿਕ) ਪਛਾਣ ਕਰਕੇ ਰੂਸ ਲਈ ਸਿਆਸੀ ਚਿੰਤਾ ਦਾ ਵੀ ਵਿਸ਼ਾ ਸੀ। ਇਹ ਲੋਕ ਸੋਵੀਅਤ ਯੂਨੀਅਨ ਦੇ ਨਾਗਰਿਕ ਸਨ, ਅਤੇ ਯੂ ਐਸ.ਐਸ.ਆਰ. ਦੇ ਅਚਾਨਕ ਟੁੱਟਣ ਕਾਰਨ ਰੂਸ ਤੋਂ ਸਿਆਸੀ ਤੌਰ 'ਤੇ ਵੱਖ ਹੋ ਗਏ। ਭਾਵੇਂ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਅਮਲ ਦੀਆਂ ਸ਼ਰਤਾਂ ਅਨੁਸਾਰ ਉਹ ਰੂਸੀ ਨਾਗਰਿਕ ਨਹੀਂ ਸਨ, ਪਰ ਭਾਸ਼ਾ, ਸੱਭਿਆਚਾਰ ਅਤੇ ਪਛਾਣ ਦੇ ਮਾਮਲੇ ਵਿਚ ਇਤਿਹਾਸਕ ਤੌਰ 'ਤੇ ਰੂਸ ਨਾਲ ਜੁੜੇ ਹੋਏ ਸਨ ਅਤੇ ਆਪਣੇ ਆਪ ਨੂੰ ਰੂਸੀ ਸਮਝਦੇ ਸਨ। ਨਤੀਜੇ ਵਜੋਂ, ਪਿੱਛੇ ਰਹਿ ਗਏ ਰੂਸੀ ਲੋਕਾਂ ਦੀਆਂ ਅਬਾਦੀਆਂ ਨੇ ਰੂਸ ਨੂੰ ਸਾਬਕਾ ਗਣਰਾਜਾਂ ਅੰਦਰ ਨਰਮ ਸ਼ਕਤੀ (ਸਾਫਟ ਪਾਵਰ) ਸਥਾਪਤ ਕਰਨ ਦਾ ਮੌਕਾ ਦਿੱਤਾ। ਇਸ ਤੋਂ ਇਲਾਵਾ, ਪੂਰਬ ਅਤੇ ਦੱਖਣ ਵਿਚ ਬਹੁਤ ਸਾਰੇ ਰੂਸੀ ਬੋਲਣ ਵਾਲੇ ਯੂਕਰੇਨੀਆਂ ਕੋਲ ਰੂਸੀ ਅਤੇ ਯੂਕਰੇਨੀ ਦੋਵੇਂ ਨਾਗਰਿਕਤਾਵਾਂ ਸਨ।

ਤੀਜੀ ਦਰਾੜ ਵਿਵਾਦਿਤ ਖੇਤਰਾਂ ਨਾਲ ਸੰਬੰਧਿਤ ਸੀ। ਸ਼ੁਰੂ ਵਿਚ ਇਹ ਸਭ ਤੋਂ ਘੱਟ ਮਹੱਤਵਪੂਰਨ ਸੀ, ਪਰ ਹੌਲੀ-ਹੌਲੀ ਇੱਕ ਨਿਰਣਾਇਕ ਮੁੱਦਾ ਬਣ ਗਈ ਹੈ। ਰੂਸ ਨੇ ਹਮੇਸ਼ਾਂ ਮਹਿਸੂਸ ਕੀਤਾ ਕਿ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਉਸ ਨੂੰ ਖੇਤਰੀ ਤੌਰ 'ਤੇ ਘਾਟਾ ਪਿਆ ਹੈ। ਯੂਕਰੇਨ ਦੇ ਪੂਰਬੀ ਅਤੇ ਦੱਖਣੀ ਹਿੱਸਿਆਂ ਵਿਚ 1922 ਅਤੇ 1954 ਵਿਚ ਕ੍ਰਮਵਾਰ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਕੀਤੇ ਵਾਧੇ ਉਦੋਂ ਹੋਏ ਸਨ, ਜਦੋਂ ਯੂਕਰੇਨ ਅਤੇ ਰੂਸ ਸੋਵੀਅਤ ਯੂਨੀਅਨ ਅਧੀਨ ਇੱਕ-ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ ਅਤੇ ਸੋਵੀਅਤ ਯੂਨੀਅਨ ਦੇ ਟੁੱਟਣ ਦਾ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਇਸ ਦੇ ਬਾਵਜੂਦ, ਰੂਸ ਨੇ ਸ਼ੁਰੂ ਵਿਚ 1994 ਦੇ ਬੁਖਾਰੈਸਟ ਮੈਮੋਰੈਂਡਮ ਸਮਝੌਤੇ ਰਾਹੀਂ ਬੇਲਾਰੂਸ, ਕਜ਼ਾਖਸਤਾਨ ਅਤੇ ਯੂਕਰੇਨ ਦੀਆਂ ਨਵੀਆਂ ਸਰਹੱਦਾਂ ਨੂੰ ਮੰਨ ਲਿਆ ਸੀ। ਸਰਹੱਦਾਂ ਦੀ ਮਾਨਤਾ ਦੇ ਬਦਲੇ, ਤਿੰਨਾਂ ਹੀ ਸਾਬਕਾ ਗਣਰਾਜਾਂ ਨੇ ਸਾਰੇ ਪਰਮਾਣੂ ਹਥਿਆਰ ਵਾਪਸ ਕੀਤੇ ਸਨ ਅਤੇ ਨਿਊਕਲੀਅਰ ਨੌਨ- ਪਰੋਲੀਫਿਰੇਸ਼ਨ ਟ੍ਰੀਟੀ (ਪਰਮਾਣੂ ਪਸਾਰ ਨਾ ਕਰਨ ਦੀ ਸੰਧੀ) 'ਤੇ ਦਸਤਖਤ ਕੀਤੇ ਸਨ। ਇਸ ਤੋਂ ਇਲਾਵਾ, ਸੇਵਾਸਟੋਪੋਲ ਵਿਚ ਰੂਸ ਦੇ ਕਾਲੇ ਸਾਗਰ ਵਿਚਲੇ ਨੌਸੈਨਾ ਅੱਡੇ (ਬਲੈਕ ਸੀ ਨੇਵਲ ਬੇਸ) ਦੀ ਸਮੱਸਿਆ ਨੂੰ 1997 ਵਿਚ ਲੰਮੇ ਸਮੇਂ ਲਈ ਲੀਜ਼ ਦੇ ਸਮਝੌਤੇ 'ਤੇ ਦਸਤਖ਼ਤ ਕਰਕੇ ਹੱਲ ਕੀਤਾ ਗਿਆ ਸੀ, ਜਿਸ ਵਿਚ 2010 ਵਿਚ ਖਾਰਕੀਵ ਸਮਝੌਤੇ ਨਾਲ ਵਾਧਾ ਕੀਤਾ ਗਿਆ ਸੀ।

ਉਹ ਨਾਜ਼ੁਕ ਖੇਤਰੀ ਸੰਤੁਲਨ ਅਮਰੀਕਾ ਦੇ ਸਮਰਥਨ ਨਾਲ ਕੀਤੇ 2014 ਦੇ ਮੇਡਨ ਰਾਜਪਲਟੇ ਨਾਲ ਤਬਾਹ ਹੋ ਗਿਆ, ਜਿਸ ਨੇ ਚੁਣੇ ਹੋਏ ਰਾਸ਼ਟਰਪਤੀ ਨੂੰ ਗੱਦੀਓਂ ਲਾਹਿਆ ਸੀ ਅਤੇ ਰੂਸ ਵਿਰੋਧੀ ਕੌਮਵਾਦੀ (ਐਂਟੀ ਰਸ਼ੀਅਨ ਨੈਸ਼ਨਲਿਸਟ) ਨੂੰ ਸੱਤਾ 'ਤੇ ਬਿਠਾਇਆ ਸੀ। ਇਸ ਦੇ ਜੁਆਬ ਵਿਚ ਰੂਸ ਨੇ ਇਕ ਜਨਮਤ (ਪਲੈਬੀਸਾਈਟ) ਤੋਂ ਬਾਅਦ ਕ੍ਰੀਮੀਆ ਦੀ ਜ਼ਿਆਦਾਤਰ ਰੂਸੀ ਬੋਲਣ ਵਾਲੀ ਆਬਾਦੀ ਦੇ ਮਜ਼ਬੂਤ ਸਮਰਥਨ ਨਾਲ ਕ੍ਰੀਮੀਆ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਯੂਕਰੇਨ ਅੰਦਰ ਘਰੇਲੂ ਜੰਗ ਵੀ ਭੜਕ ਉੱਠੀ, ਜਿਸ ਵਿਚ ਡੌਨਬਾਸ ਦੇ ਚਾਰ ਪੂਰਬੀ ਪ੍ਰਾਂਤਾਂ ਨੇ ਰਾਜਪਲਟੇ ਦੀ ਵੈਧਤਾ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਨੇ ਖੇਤਰੀ ਦਰਾੜ ਨੂੰ ਪਿੱਛੇ ਰਹਿ ਗਏ ਰੂਸੀ ਜਾਤੀ ਦੇ ਲੋਕਾਂ ਦੇ ਮੁੱਦੇ ਨਾਲ ਜੋੜ ਦਿੱਤਾ।

ਇਸ ਤੋਂ ਬਾਅਦ ਇੱਕ ਦੂਜਾ ਨਾਜ਼ੁਕ ਸੰਤੁਲਨ ਹੋਂਦ ਵਿਚ ਆਇਆ, ਜਿਸ ਵਿਚ ਰੂਸ ਨੇ ਨੇਟੋ ਨਾਲ ਮਿਲ ਕੇ 2014 ਵਿਚ ਸ਼ੁਰੂ ਕੀਤੀ ਗਈ ਮਿੰਸਕ ਸ਼ਾਂਤੀ ਪ੍ਰਕਿਰਿਆ ਰਾਹੀਂ ਘਰੇਲੂ ਜੰਗ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਪ੍ਰਕਿਰਿਆ ਦਾ ਮਕਸਦ ਡੌਨਬਾਸ ਵਿਚ ਲੜਾਈ ਨੂੰ ਖਤਮ ਕਰਨਾ ਅਤੇ ਇੱਕ ਅਜਿਹਾ ਸਿਆਸੀ ਹੱਲ ਲੱਭਣਾ ਸੀ ਜੋ ਸਭ ਧਿਰਾਂ ਨੂੰ ਸਵੀਕਾਰ ਹੋਣ ਵਾਲੀ ਖੁਦਮੁਖਤਾਰੀ ਪ੍ਰਦਾਨ ਕਰੇ। ਇਹ ਦੂਜਾ ਸੰਤੁਲਨ ਵਧੇਰੇ ਕਮਜ਼ੋਰ ਹੁੰਦਾ ਗਿਆ ਅਤੇ ਅੰਤ ਵਿਚ ਰੂਸ ਦੀ 2022 ਦੀ ਫੌਜੀ ਦਖਲਅੰਦਾਜ਼ੀ ਅਤੇ ਡੌਨਬਾਸ ਦੇ ਪ੍ਰਾਂਤਾਂ ਨੂੰ ਕਬਜ਼ੇ ਵਿਚ ਲੈਣ ਨਾਲ ਖਤਮ ਹੋ ਗਿਆ। ਇਸ ਕਬਜ਼ੇ ਨੇ ਵਿਵਾਦਿਤ ਖੇਤਰਾਂ ਦੀ ਦਰਾੜ ਨੂੰ ਯੂਕਰੇਨ ਦੇ ਨੇਟੋ ਨਾਲ ਸੰਬੰਧ ਨਾਲ ਮਿਲ ਕੇ ਇਕ ਜ਼ਰੂਰੀ ਮੁੱਦੇ ਵਿਚ ਬਦਲ ਦਿੱਤਾ।

### ਬਾਹਰੀ ਫ਼ਲ: ਲੜਾਈ ਦੇ ਭੂ-ਰਾਜਨੀਤਕ ਕਾਰਨ

ਲੜਾਈ ਵਾਲੀ ਕੈਂਚੀ ਦਾ ਦੂਜਾ ਫ਼ਲ (ਬਲੇਡ) ਲੜਾਈ ਦੇ ਬਾਹਰੀ ਚਾਰ ਕਾਰਨ ਹਨ। ਉਨ੍ਹਾਂ ਵਿਚ ਸ਼ਾਮਲ ਹਨ: ਅਮਰੀਕਾ ਦੀ ਅਗਵਾਈ ਵਿਚ ਨੇਟੋ ਦਾ ਪੂਰਬ ਵੱਲ ਪਸਾਰ, ਯੂਕਰੇਨ ਵਿਚ ਅਮਰੀਕਾ ਦੀ ਅੰਦਰੂਨੀ ਦਖਲਅੰਦਾਜ਼ੀ, ਅਮਰੀਕਾ ਦੀ ਨਿਊਕਨਜ਼ਰਵੇਟਿਵ ਭੂ-ਰਾਜਨੀਤਕ ਰਣਨੀਤੀ (ਜਿਸ ਨੂੰ ਅਮਰੀਕਾ ਦੇ ਮਿਲਟਰੀ ਇੰਡਸਟ੍ਰੀਅਲ ਕੰਪਲੈਕਸ ਦਾ ਸਮਰਥਨ ਪ੍ਰਾਪਤ ਹੈ), ਅਤੇ ਜਮਹੂਰੀਅਤ ਲਈ ਅਖੌਤੀ ਉਤਸ਼ਾਹ। ਅਮਰੀਕਾ ਇਨ੍ਹਾਂ ਚਾਰੇ ਬਾਹਰੀ ਕਾਰਨਾਂ ਦੇ ਪਿੱਛੇ ਕੰਮ ਕਰਦੀ ਸ਼ਕਤੀ ਹੈ, ਇਸ ਲਈ ਇਹ ਜਾਇਜ਼ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਾਸ਼ਿੰਗਟਨ ਨੇ ਲੜਾਈ ਨੂੰ ਉਕਸਾਇਆ ਹੈ ਅਤੇ ਚਲਦੀ ਰੱਖਿਆ ਹੈ।

ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਬਾਹਰੀ ਕਾਰਨ ਅਮਰੀਕਾ ਦੀ ਅਗਵਾਈ ਵਿਚ ਨੇਟੋ ਦਾ ਪੂਰਬ ਵੱਲ ਪਸਾਰ ਹੈ। ਪਸਾਰ ਦਾ ਇਹ ਏਜੰਡਾ ਵਾਸ਼ਿੰਗਟਨ ਤੋਂ ਉਗਮਿਆ ਅਤੇ ਇਸ ਨੂੰ ਬਿੱਲ ਕਲਿੰਟਨ ਦੇ ਪ੍ਰਸ਼ਾਸਨ ਨੇ 1994 ਵਿਚ ਅਧਿਕਾਰਤ ਤੌਰ 'ਤੇ ਹਰੀ ਝੰਡੀ ਦਿੱਤੀ ਸੀ।

ਇੱਕ ਪ੍ਰਵਾਨਿਤ ਤੱਥ ਇਹ ਹੈ ਕਿ ਪੂਰਬੀ ਜਰਮਨੀ ਦੀ ਮੈਂਬਰਸ਼ਿਪ ਨੂੰ ਛੱਡ ਕੇ, ਰੂਸ ਨੇ ਇਸ ਪਸਾਰ ਦਾ ਲਗਾਤਾਰ ਵਿਰੋਧ ਕੀਤਾ ਹੈ। ਉਸ ਦੀ ਹਮੇਸ਼ਾਂ ਇਹ ਦਲੀਲ ਰਹੀ ਹੈ ਕਿ ਨੇਟੋ ਦਾ ਪੂਰਬ ਵੱਲ ਪਸਾਰ ਰੂਸ ਦੀ ਕੌਮੀ ਸੁਰੱਖਿਆ ਲਈ ਖਤਰਾ ਪੈਦਾ ਕਰਦਾ ਹੈ। ਰੂਸ ਇਹ ਵੀ ਦਾਅਵਾ ਕਰਦਾ ਹੈ ਕਿ ਇਹ ਠੰਢੀ ਜੰਗ ਨੂੰ ਖਤਮ ਕਰਨ ਅਤੇ ਵਾਰਸਾ ਪੈਕਟ ਨੂੰ ਭੰਗ ਕਰਨ ਦੇ ਹਿੱਸੇ ਵਜੋਂ ਗੋਰਬਾਚੋਵ ਨਾਲ ਕੀਤੇ ਸਮਝੌਤੇ ਅਤੇ ਉਸ ਨੂੰ ਦਿੱਤੇ ਭਰੋਸਿਆਂ ਦੀ ਉਲੰਘਣਾ ਹੈ। ਸੰਨ 1994 ਵਿਚ, ਰਾਸ਼ਟਰਪਤੀ ਬੋਰਿਸ ਯੈਲਤਸਿਨ ਨੇ ਕਲਿੰਟਨ ਨਾਲ ਆਪਣੇ ਸਿਖਰ ਸੰਮੇਲਨ ਵਿਚ ਨੇਟੋ ਦੇ ਪਸਾਰ ਦਾ ਗੁੱਸੇ ਨਾਲ ਅਤੇ ਖੁੱਲ੍ਹੇਆਮ ਵਿਰੋਧ ਕੀਤਾ ਸੀ। ਇਹ ਘਟਨਾ ਪੱਛਮੀ ਮੀਡੀਏ ਵਲੋਂ ਇਕ ਹਊਏ (ਬੋਗੀਮੈਨ) ਵਜੋਂ ਚਿਤਰੇ ਜਾਂਦੇ ਵਲਾਦੀਮੀਰ ਪੂਤਿਨ ਦੇ ਉਭਾਰ ਤੋਂ ਬਹੁਤ ਪਹਿਲਾਂ ਦੀ ਹੈ, ਅਤੇ ਇਹ ਦਿਖਾਉਂਦੀ ਹੈ ਕਿ ਨੇਟੋ ਦੇ ਪਸਾਰ ਦੇ ਨਤੀਜਿਆਂ ਨੂੰ ਪੂਤਿਨ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਯੈਲਤਸਿਨ ਸ਼ਾਂਤੀ ਲਈ ਭਾਈਵਾਲ ਸੀ, ਫਿਰ ਵੀ ਅਮਰੀਕਾ ਅਤੇ ਯੂਰਪ ਨੇ ਠੰਢੀ ਜੰਗ ਨੂੰ ਖਤਮ ਕਰਨ ਲਈ ਗੋਰਬਾਚੋਵ ਨਾਲ ਬਣਾਈ ਸਮਝ ਤੋਂ ਮੂੰਹ ਮੋੜ ਲਿਆ ਸੀ।

ਰਣਨੀਤਕ ਨਜ਼ਰੀਏ ਤੋਂ ਨੇਟੋ ਦਾ ਪੂਰਬ ਵੱਲ ਪਸਾਰ ਇਕ ਤਿੰਨ-ਪੜਾਵੀ ਅਮਲ ਵਜੋਂ ਦਿਖਾਈ ਦਿੰਦਾ ਹੈ। ਪਹਿਲੇ ਪੜਾਅ ਵਿਚ 1999 ਵਿਚ ਮੱਧ ਯੂਰਪ ਦੇ ਵਾਰਸਾ ਪੈਕਟ ਦੇ ਸਾਬਕਾ ਮੈਂਬਰ ਮੁੱਖ ਦੇਸ਼ਾਂ (ਚੈੱਕ ਗਣਰਾਜ, ਹੰਗਰੀ ਅਤੇ ਪੋਲੈਂਡ) ਨੂੰ ਸ਼ਾਮਲ ਕੀਤਾ ਗਿਆ। ਦੂਜੇ ਪੜਾਅ ਵਿਚ 2004 ਵਿਚ ਸਾਬਕਾ ਬਾਲਟਿਕ ਗਣਰਾਜਾਂ (ਐਸਟੋਨੀਆ, ਲਾਤਵੀਆ ਅਤੇ ਲਿਥੂਆਨੀਆ) ਨੂੰ ਸ਼ਾਮਲ ਕੀਤਾ ਗਿਆ, ਜਿਸ ਨੇ ਇਸ ਅਮਲ ਨੂੰ ਹੋਰ ਤਿੱਖਾ ਕਰ ਦਿੱਤਾ ਕਿਉਂਕਿ ਇਸ ਵਿਚ ਸਾਬਕਾ ਸੋਵੀਅਤ ਯੂਨੀਅਨ ਦੇ ਉਹ ਹਿੱਸੇ ਸ਼ਾਮਲ ਕੀਤੇ ਗਏ ਜਿਨ੍ਹਾਂ ਦੀਆਂ ਸਰਹੱਦਾਂ ਰੂਸ ਨਾਲ ਲਗਦੀਆਂ ਸਨ। ਤੀਜਾ ਪੜਾਅ, ਜੋ ਅਜੇ ਮੁਕੰਮਲ ਨਹੀਂ ਹੋਇਆ, ਯੂਕਰੇਨ ਅਤੇ ਜਾਰਜੀਆ ਨਾਲ ਤੀਬਰ ਗੱਲਬਾਤ ਨਾਲ ਸੰਬੰਧਿਤ ਹੈ, ਜਿਸ ਦਾ ਮਕਸਦ ਸਾਬਕਾ ਸੋਵੀਅਤ ਯੂਨੀਅਨ ਦੇ ਇਨ੍ਹਾਂ ਸਾਬਕਾ ਗਣਰਾਜਾਂ ਨੂੰ ਨੇਟੋ ਵਿਚ ਸ਼ਾਮਲ ਕਰਨਾ ਹੈ। ਇਸ ਨਾਲ ਨੇਟੋ ਦਾ ਸਾਬਕਾ ਸੋਵੀਅਤ ਯੂਨੀਅਨ ਵਿਚ ਪ੍ਰਵੇਸ਼ ਬਹੁਤ ਵਧ ਜਾਂਦਾ ਹੈ ਅਤੇ ਰੂਸ ਦੁਆਲੇ ਘੇਰੇ ਨੂੰ ਹੋਰ ਵਿਸ਼ਾਲ ਕਰ ਦਿੰਦਾ ਹੈ। (ਚੌਥੇ ਪੜਾਅ ਵਿਚ, ਯੂਕਰੇਨੀ-ਰੂਸੀ ਜੰਗ ਸ਼ੁਰੂ ਹੋਣ ਤੋਂ ਬਾਅਦ, ਫਿਨਲੈਂਡ ਅਤੇ ਸਵੀਡਨ ਨੂੰ ਕ੍ਰਮਵਾਰ 2023 ਅਤੇ 2024 ਵਿਚ ਨੇਟੋ ਵਿਚ ਸ਼ਾਮਲ ਕੀਤਾ ਗਿਆ।)

ਇਸ ਤੋਂ ਇਲਾਵਾ, ਯੂਕਰੇਨ ਰੂਸ ਦੇ ਦਿਲ ਵਿਚ ਇੱਕ ਬਰਛੇ ਵਾਂਗ ਖੁੱਬਿਆ ਹੋਇਆ ਹੈ। ਆਪਣੇ ਸਭ ਤੋਂ ਨੇੜੇ ਦੇ ਬਿੰਦੂ ਤੋਂ, ਇਸ ਦੀ ਸਰਹੱਦ ਮਾਸਕੋ ਤੋਂ ਸਿਰਫ਼ ਤਿੰਨ ਸੌ ਮੀਲ ਦੂਰ ਹੈ। ਨਤੀਜੇ ਵਜੋਂ, ਯੂਕਰੇਨ ਨੂੰ ਨੇਟੋ ਵਿਚ ਸ਼ਾਮਲ ਕਰਨ ਨਾਲ ਰੂਸ ਅਤੇ ਨੇਟੋ ਦੇ ਮੈਂਬਰ ਮੁਲਕਾਂ ਵਿਚਕਾਰ ਪੈਂਦੀ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਨਿਰਪੱਖ ਜ਼ਮੀਨ (ਲੈਂਡ ਬਫਰ) ਖਤਮ ਹੋ ਜਾਵੇਗੀ ਅਤੇ ਨੇਟੋ ਦੀਆਂ ਛੋਟੀ ਅਤੇ ਮੱਧਮ ਦੂਰੀ ਦੀਆਂ ਮਿਜ਼ਾਈਲਾਂ ਰੂਸ ਦੇ ਕੇਂਦਰੀ ਇਲਾਕੇ ਨੂੰ ਖਤਰੇ ਵਿਚ ਪਾ ਸਕਣਗੀਆਂ। ਇਹ ਸਾਰੇ ਡਰ ਵਰਤਮਾਨ ਲੜਾਈ ਨਾਲ ਸੱਚ ਸਾਬਤ ਹੋ ਚੁੱਕੇ ਹਨ।

ਇਨ੍ਹਾਂ ਕਾਰਨਾਂ ਕਰਕੇ, ਪੜਾਅ 3 ਵੱਲੋਂ ਪੈਦਾ ਕੀਤਾ ਖਤਰਾ ਊਠ ਦੀ ਪਿੱਠ ਨੂੰ ਤੋੜਨ ਵਾਲਾ ਆਖਰੀ ਤਿਣਕਾ ਸਾਬਤ ਹੋਇਆ। ਇਸ ਲਈ, ਰੂਸ ਨੇ ਹੋਰ ਪਸਾਰ ਨੂੰ ਰੋਕਣ ਲਈ ਫੌਜੀ ਤਾਕਤ ਨਾਲ ਜਵਾਬ ਦਿੱਤਾ। ਸੰਨ 2008 ਵਿਚ, ਰੂਸ ਨੇ ਤਾਕਤ ਦੀ ਵਰਤੋਂ ਕਰਕੇ ਜਾਰਜੀਆ ਵੱਲੋਂ ਅਮਰੀਕਾ ਦੇ ਉਤਸ਼ਾਹ ਨਾਲ ਦੱਖਣੀ ਉਸੇਸ਼ੀਆ ਨੂੰ ਮੁੜ ਕਬਜ਼ੇ ਵਿਚ ਲੈਣ ਲਈ ਕੀਤੀ ਜਾ ਰਹੀ ਕੋਸ਼ਿਸ਼ ਨੂੰ ਰੋਕਿਆ ਸੀ ਅਤੇ ਸੰਨ 2014 ਵਿਚ ਇਸ ਨੇ ਯੂਕਰੇਨ ਵਿਚ ਦਖਲ ਦਿੱਤਾ। ਜਾਰਜੀਆ ਦੀ ਲੜਾਈ ਸ਼ਾਂਤ ਹੋ ਗਈ, ਪਰ ਯੂਕਰੇਨ ਵਿਚ ਇਹ ਬਹੁਤ ਬਦਤਰ ਅੰਦਰੂਨੀ ਦਰਾੜਾਂ ਅਤੇ ਅਮਰੀਕਾ ਦੀ ਅੰਦਰੂਨੀ ਦਖਲਅੰਦਾਜ਼ੀਆਂ ਕਾਰਨ ਹੋਰ ਡੂੰਘੀ ਹੋ ਗਈ।

ਨੇਟੋ ਦੇ ਪਸਾਰ ਨਾਲ ਕਈ ਸਵਾਲ ਉਠਦੇ ਹਨ, ਜਿਨ੍ਹਾਂ ਵਿਚੋਂ ਪਹਿਲਾ ਹੈ: ਕੀ ਪਸਾਰ ਨੇ ਗੋਰਬਾਚੋਵ ਨਾਲ ਕੀਤੇ ਸਮਝੌਤੇ ਦੀ ਉਲੰਘਣਾ ਕੀਤੀ ਹੈ? ਪੂਰਬੀ ਜਰਮਨੀ ਤੋਂ ਅੱਗੇ ਨੇਟੋ ਦਾ ਪਸਾਰ ਨਾ ਕਰਨ ਦੇ ਵਾਅਦੇ ਨੂੰ ਵਿਸਥਾਰ ਵਿਚ ਦਰਸਾਉਣ ਵਾਲੀ ਕਿਸੇ ਅਧਿਕਾਰਤ ਸੰਧੀ 'ਤੇ ਕਦੇ ਦਸਖ਼ਤ ਨਹੀਂ ਕੀਤੇ ਗਏ। ਫਿਰ ਵੀ, ਇਹ ਸਬੂਤ ਹਨ ਕਿ ਗੋਰਬਾਚੋਵ ਨਾਲ ਵਾਅਦੇ ਕੀਤੇ ਗਏ ਸਨ ਕਿ ਅਗਾਂਹ ਪਸਾਰ ਨਹੀਂ ਹੋਵੇਗਾ। ਸਭ ਤੋਂ ਵਧੀਆ ਸਬੂਤ ਅਮਰੀਕੀ ਰਾਜਦੂਤ ਜੈਕ ਮੈਟਲਾਕ ਜੂਨੀਅਰ ਦਾ ਹੈ, ਜੋ ਸੋਵੀਅਤ ਯੂਨੀਅਨ ਵਿਚ ਆਖਰੀ ਅਮਰੀਕੀ ਰਾਜਦੂਤ ਸੀ। ਉਹ ਦਸਦਾ ਹੈ ਕਿ ਠੰਡੀ ਜੰਗ ਨੂੰ ਖਤਮ ਕਰਨ ਵਾਲੇ 1989 ਦੇ ਮਾਲਟਾ ਸਿਖਰ ਸੰਮੇਲਨ ਵਿਚ ਜਾਰਜ ਐਚ. ਡਬਲਿਊ. ਬੁਸ਼ ਨੇ ਸਪੱਸ਼ਟ ਵਾਅਦੇ ਕੀਤੇ ਸਨ ਕਿ ਨੇਟੋ ਦਾ ਪਸਾਰ ਨਹੀਂ ਹੋਵੇਗਾ। ਸਵਿਟਜ਼ਰਲੈਂਡ ਦੇ ਪੱਤਰਕਾਰ ਗਾਏ ਮੇਤਨ ਨੇ ਵੀ ਰਿਕਾਰਡ ਕੀਤਾ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਜੇਮਜ਼ ਬੇਕਰ, ਜਰਮਨ ਚਾਂਸਲਰ ਹੈਲਮੁਟ ਕੋਹਲ, ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਤੇ ਫਰਾਂਸੀਸੀ ਰਾਸ਼ਟਰਪਤੀ ਫ੍ਰਾਂਸੂਆ ਮਿਟੇਰਾਂ ਨੇ ਪਸਾਰ ਨਾ ਕਰਨ ਦੀਆਂ ਸੁਰੱਖਿਆ ਗਰੰਟੀਆਂ ਦਿੱਤੀਆਂ ਸਨ।

ਜੇ ਵਿਰੋਧੀ ਤੱਥ ਵਜੋਂ ਇਹ ਮੰਨ ਵੀ ਲਿਆ ਜਾਵੇ ਕਿ ਪਸਾਰ ਨਾ ਕਰਨ ਦਾ ਕੋਈ ਵਾਅਦਾ ਨਹੀਂ ਕੀਤਾ ਗਿਆ ਸੀ, ਫਿਰ ਵੀ ਮੁਢਲਾ ਸਵਾਲ ਖੜ੍ਹਾ ਰਹਿੰਦਾ ਹੈ ਕਿ ਨੇਟੋ ਦਾ ਪਸਾਰ ਕਿਉਂ ਕੀਤਾ ਗਿਆ। ਨੇਟੋ ਨੂੰ ਇੱਕ 'ਰੱਖਿਆਤਮਕ' ਗਠਜੋੜ ਵਜੋਂ ਸਥਾਪਿਤ ਕੀਤਾ ਗਿਆ ਸੀ, ਜੋ ਕਿ ਇਸ ਦਾ ਚਾਰਟਰ ਮਿਸ਼ਨ ਹੈ। ਇਹ ਸਮਝਣਾ ਆਸਾਨ ਹੈ ਕਿ ਪੋਲੈਂਡ, ਰੋਮਾਨੀਆ ਅਤੇ ਸਾਬਕਾ ਬਾਲਟਿਕ ਗਣਰਾਜ ਰੱਖਿਆਤਮਕ ਸੁਰੱਖਿਆ ਪ੍ਰਾਪਤ ਕਰਨ ਲਈ ਨੇਟੋ ਵਿਚ ਕਿਉਂ ਸ਼ਾਮਲ ਹੋਣਾ ਚਾਹੁੰਦੇ ਸਨ। ਪਰ ਸਹੀ ਸਵਾਲ, ਜਿਹੜਾ ਕਦੇ ਨਹੀਂ ਪੁੱਛਿਆ ਜਾਂਦਾ, ਇਹ ਹੈ: ਸੰਯੁਕਤ ਰਾਜ ਅਮਰੀਕਾ ਜਾਂ ਯੂਨਾਈਟਿਡ ਕਿੰਗਡਮ ਉਨ੍ਹਾਂ ਨੂੰ ਕਿਉਂ ਸ਼ਾਮਲ ਕਰਨਾ ਚਾਹੁੰਦੇ ਸਨ? ਨਵੇਂ ਮੈਂਬਰ ਦੇਸ਼ ਮਾਮੂਲੀ ਫੌਜੀ ਯੋਗਤਾਵਾਂ ਅਤੇ ਝਗੜਿਆਂ ਦੇ ਖਤਰਿਆਂ ਦੇ ਟੋਕਰੇ ਲੈ ਕੇ ਆਏ ਸਨ। ਦੂਜੇ ਸ਼ਬਦਾਂ ਵਿਚ, ਜੇਕਰ ਨੇਟੋ ਦੇ ਮੂਲ ਉਦੇਸ਼ ਰੱਖਿਆਤਮਕ ਗਠਜੋੜ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਨਵੇਂ ਮੈਂਬਰ ਦੇਸ਼ ਮੌਜੂਦਾ ਨੇਟੋ ਮੈਂਬਰਾਂ ਲਈ ਸੁਰੱਖਿਆ ਦੇ ਮਾਮਲੇ ਵਿਚ ਨਿਰੋਲ ਨਕਾਰਾਤਮਕ ਵਾਧਾ ਸਨ।

ਇਸੇ ਤਰ੍ਹਾਂ, ਨੇਟੋ ਦੇ ਪਸਾਰ ਲਈ 'ਸ਼ਕਤੀ ਦਾ ਸੰਤੁਲਨ' ਬਣਾਈ ਰੱਖਣ ਦਾ ਕੋਈ ਤਰਕ ਨਹੀਂ ਸੀ, ਕਿਉਂਕਿ ਵਾਰਸਾ ਪੈਕਟ 25 ਫਰਵਰੀ 1991 ਨੂੰ ਰਸਮੀ ਤੌਰ 'ਤੇ ਭੰਗ ਕਰ ਦਿੱਤਾ ਗਿਆ ਸੀ। ਸ਼ਕਤੀ ਸੰਤੁਲਨ ਦੇ ਵਿਚਾਰਾਂ ਨੇ ਇਤਿਹਾਸਕ ਤੌਰ 'ਤੇ ਯੂਰਪੀ ਮਹਾਂਦੀਪ ਦੇ ਗਠਜੋੜਾਂ ਦੀ ਬਣਤਰ ਨੂੰ ਪ੍ਰੇਰਿਤ ਕੀਤਾ ਹੈ, ਅਤੇ ਸੰਤੁਲਨ ਨਿਸ਼ਚਿਤ ਰੂਪ ਵਿਚ ਅਤੇ ਪੂਰਨ ਤੌਰ 'ਤੇ ਨੇਟੋ ਦੇ ਹੱਕ ਵਿਚ ਬਦਲ ਗਿਆ ਸੀ। ਉਸ ਕਸਵੱਟੀ ਅਨੁਸਾਰ, ਨੇਟੋ ਦਾ ਪਸਾਰ ਸਪੱਸ਼ਟ ਰੂਪ ਵਿਚ ਹਮਲਾਵਰੀ ਸੀ।

ਅੰਤ ਵਿਚ, ਇੱਕ ਸਧਾਰਨ ਸਵਾਲ ਹੈ: ਅਟਲਾਂਟਿਕ ਮਹਾਂਸਾਗਰ ਦੇ ਦੂਜੇ ਪਾਸੇ, ਪੂਰਬੀ ਸੰਯੁਕਤ ਰਾਜ ਤੋਂ ਛੇ ਹਜ਼ਾਰ ਮੀਲ ਦੂਰ, ਰੂਸ ਦੀ ਸਰਹੱਦ 'ਤੇ ਅਮਰੀਕੀ ਫੌਜ ਦੀ ਤੈਨਾਤੀ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਕਿਵੇਂ ਵਧਦੀ ਹੈ? ਜਵਾਬ ਹੈ ਕਿ ਨਹੀਂ ਵਧਦੀ। ਇਹ ਦਿਖਾਉਂਦਾ ਹੈ ਕਿ ਨੇਟੋ ਦੇ ਪਸਾਰ ਦਾ ਉਦੇਸ਼ ਕਦੇ ਵੀ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਿਤ ਨਹੀਂ ਸੀ, ਸਗੋਂ ਇਹ ਅਮਰੀਕਾ ਦੀ ਵਿਸ਼ਵ ਵਿਆਪੀ ਸਰਦਾਰੀ ਨਾਲ ਸੰਬੰਧਿਤ ਸੀ। ਸਹੀ ਸਵਾਲ ਪੁੱਛਣ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਨੇਟੋ ਦਾ ਪਸਾਰ ਰੂਸ ਵਿਰੁੱਧ ਇੱਕ ਹਮਲਾਵਰੀ ਕਦਮ ਸੀ।

ਤੀਜਾ ਸਵਾਲ ਹੈ: ਕੀ ਨੇਟੋ ਦਾ ਪਸਾਰ ਇੱਕ ਤਰ੍ਹਾਂ ਦੇ ਭੰਬਲਭੂਸੇ ਵਿਚ ਹੋਈ ਗਲਤੀ ਸੀ ਜਿਸ ਦੇ ਅਣਕਿਆਸੇ ਨਤੀਜੇ ਨਿਕਲੇ? ਜਵਾਬ ਹੈ ਕਿ ਨਹੀਂ, ਅਤੇ ਇਹ ਜਵਾਬ ਵੀ ਪੂਰਨ ਸਪੱਸ਼ਟ ਹੈ। ਰੂਸ ਨੇ ਨੇਟੋ ਪਸਾਰ ਵਿਰੁੱਧ ਆਪਣੀ ਵਿਰੋਧਤਾ ਖੁੱਲ੍ਹ ਕੇ ਪ੍ਰਗਟ ਕੀਤੀ ਸੀ, ਜਿਸ ਦਾ ਪ੍ਰਤੱਖ ਸਬੂਤ 1994 ਵਿਚ ਬੁਡਾਪੈਸਟ ਵਿਚ ਕਲਿੰਟਨ ਅਤੇ ਯੇਲਤਸਿਨ ਵਿਚਕਾਰ ਹੋਈ ਝੜਪ ਸੀ, ਜਿਸ ਵਿਚ ਯੇਲਤਸਿਨ ਨੇ ਨੇਟੋ ਦੇ ਪਸਾਰ ਦੀਆਂ ਯੋਜਨਾਵਾਂ ਦਾ ਗੁੱਸੇ ਨਾਲ ਵਿਰੋਧ ਕੀਤਾ ਸੀ। ਇਸੇ ਹੀ ਤਰ੍ਹਾਂ, 2007 ਵਿਚ ਪੂਤਿਨ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਵਿਚ ਨੇਟੋ ਦੇ ਪਸਾਰ ਦਾ ਖੁੱਲ੍ਹ ਕੇ ਅਤੇ ਤੀਬਰਤਾ ਨਾਲ ਵਿਰੋਧ ਕੀਤਾ ਸੀ।

ਨੇਟੋ ਦੇ ਪਸਾਰ ਦੇ ਮੁੱਦੇ 'ਤੇ ਅਮਰੀਕਾ ਵਿਚ ਵੀ ਬਹਿਸ ਹੋਈ ਸੀ, ਅਤੇ ਆਲੋਚਕਾਂ ਨੇ ਖੁੱਲ੍ਹ ਕੇ ਕਿਹਾ ਸੀ ਕਿ ਇਸ ਦਾ ਇੱਕ ਵੱਡਾ ਨਤੀਜਾ ਰੂਸ ਨਾਲ ਝਗੜਾ ਹੋਵੇਗਾ। ਇਨ੍ਹਾਂ ਆਲੋਚਕਾਂ ਵਿਚੋਂ ਸਭ ਤੋਂ ਮਸ਼ਹੂਰ ਜਾਰਜ ਕੈਨਨ ਸੀ, ਜਿਹੜਾ ਅਮਰੀਕਾ ਦੀ ਠੰਢੀ ਜੰਗ ਦੀ ਰਣਨੀਤੀ ਨੂੰ ਨਿਰਦੇਸ਼ਤ ਕਰਨ ਵਾਲੀ 'ਕੰਟੇਨਮੈਂਟ ਡਾਕਟਰੀਨ' ਦਾ ਬਾਨੀ ਸੀ। ਸੰਨ 1997 ਵਿਚ ਨਿਊਯਾਰਕ ਟਾਈਮਜ਼ ਵਿਚ 'ਇਕ ਘਾਤਕ ਗਲਤੀ (ਫੇਟਫੁੱਲ ਐਰਰ)' ਦੇ ਸਿਰਲੇਖ ਹੇਠ ਛਪੇ ਆਪਣੇ ਇਕ ਲੇਖ ਵਿਚ ਕੈਨਨ ਨੇ ਲਿਖਿਆ ਸੀ ਕਿ ਨੇਟੋ ਦਾ ਪਸਾਰ ਇੱਕ ਗਲਤੀ ਹੈ ਜੋ ਲੜਾਈ ਵੱਲ ਲੈ ਕੇ ਜਾਵੇਗੀ। ਇਨ੍ਹਾਂ ਨਤੀਜਿਆਂ ਬਾਰੇ ਜਾਣਕਾਰੀ ਦਾ ਹੋਣਾ ਨੇਟੋ ਦੇ ਪਸਾਰ ਦੇ ਵਿਰੋਧ ਦੇ ਦਰਜੇ ਅਤੇ ਪੱਧਰ ਤੋਂ ਸਪੱਸ਼ਟ ਹੈ। ਇਸ ਦਾ 1997 ਵਿਚ ਕਲਿੰਟਨ ਨੂੰ ਲਿਖੇ ਇੱਕ ਪੱਤਰ ਤੋਂ ਪਤਾ ਚਲਦਾ ਹੈ ਜਿਸ ਉੱਤੇ ਅਮਰੀਕਾ ਦੇ ਪੰਜਾਹ ਮੋਹਰੀ ਸੀਨੀਅਰ ਸਿਆਸਤਦਾਨਾਂ, ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਮਾਹਿਰਾਂ, ਅਤੇ ਉੱਚੀਆਂ ਪਦਵੀਆਂ 'ਤੇ ਰਹਿ ਚੁੱਕੇ ਸਾਬਕਾ ਫੌਜੀ ਅਤੇ ਖੁਫੀਆ ਅਧਿਕਾਰੀਆਂ ਨੇ ਦਸਤਖਤ ਕੀਤੇ ਸਨ। ਦਸਤਖਤ ਕਰਨ ਵਾਲਿਆਂ ਵਿਚ ਸੈਨੇਟਰ ਬਿਲ ਬ੍ਰੈਡਲੀ, ਸਾਬਕਾ ਰੱਖਿਆ ਸਕੱਤਰ ਰਾਬਰਟ ਮੈਕਨਾਮਾਰਾ, ਰੱਖਿਆ ਮਾਹਿਰ ਅਤੇ ਸਟੇਟ ਡਿਪਾਰਮੈਂਟ ਦਾ ਸਾਬਕਾ ਅਧਿਕਾਰੀ ਪਾਲ ਨਿਟਜ਼ੇ, ਸੈਨੇਟਰ ਸੈਮ ਨੰਨ, ਅਤੇ ਸਾਬਕਾ ਸੀ ਆਈ ਏ ਡਾਇਰੈਕਟਰ ਸਟੈਨਸਫੀਲਡ ਟਰਨਰ ਸ਼ਾਮਲ ਸਨ। ਉਸ ਪੱਤਰ ਵਿਚ ਨੇਟੋ ਦੇ ਪਸਾਰ ਨੂੰ 'ਇਤਿਹਾਸਕ ਪੱਧਰ ਦੀ ਨੀਤੀਗਤ ਗਲਤੀ' ਕਿਹਾ ਗਿਆ ਸੀ, ਜੋ ਰੂਸ ਨੂੰ 'ਠੰਢੀ ਜੰਗ ਤੋਂ ਬਾਅਦ ਦੇ ਪੂਰੇ ਸਮਝੌਤੇ 'ਤੇ ਸਵਾਲ ਉਠਾਉਣ' ਵੱਲ ਧੱਕੇਗੀ। ਫਿਰ ਵੀ ਪਸਾਰ ਜਾਰੀ ਰਿਹਾ, ਅਤੇ 1999 ਵਿਚ ਨਵੇਂ ਮੈਂਬਰਾਂ ਦਾ ਪਹਿਲਾ ਗਰੁੱਪ ਇਸ ਵਿਚ ਸ਼ਾਮਲ ਕੀਤਾ ਗਿਆ।

ਯੂਕਰੇਨ ਨੂੰ ਸ਼ਾਮਲ ਕਰਨ ਲਈ ਨੇਟੋ ਦੇ ਪ੍ਰਸਤਾਵਿਤ ਪਸਾਰ ਬਾਰੇ ਵੀ ਚਰਚਾ ਹੋਈ ਸੀ ਅਤੇ ਇਸ ਦੇ ਨਤੀਜੇ ਵੀ ਪਹਿਲਾਂ ਹੀ ਦੇਖੇ ਜਾ ਸਕਦੇ ਸਨ ਅਤੇ ਦੇਖੇ ਗਏ ਸਨ। ਉਨ੍ਹਾਂ ਨਤੀਜਿਆਂ ਦਾ ਸਭ ਤੋਂ ਸਪੱਸ਼ਟ ਬਿਆਨ ਫਰਵਰੀ 2008 ਦੇ ਇੱਕ ਗੁਪਤ ਪੱਤਰ ਵਿਚ ਹੈ (ਜੋ ਵਿਕੀਲੀਕਸ ਰਾਹੀਂ ਉਪਲਬਧ ਹੋਇਆ ਹੈ) ਜਿਸ ਵਿਚ ਰੂਸ ਵਿਚ ਅਮਰੀਕੀ ਰਾਜਦੂਤ ਵਿਲੀਅਮ ਬਰਨਜ਼ (ਜੋ ਬਾਅਦ ਵਿਚ ਸੀ.ਆਈ.ਏ. ਦਾ ਮੁਖੀ ਬਣਿਆ) ਨੇ ਚੇਤਾਵਨੀ ਦਿੱਤੀ ਸੀ ਕਿ ਇਹ ਰੂਸ ਦੀ ਰਾਸ਼ਟਰੀ ਸੁਰੱਖਿਆ ਦੀਆਂ ਲਾਲ ਲਕੀਰਾਂ ਨੂੰ ਸਪੱਸ਼ਟ ਰੂਪ ਵਿਚ ਪਾਰ ਕਰੇਗਾ।

ਲੜਾਈ ਦਾ ਦੂਜਾ ਬਾਹਰੀ ਕਾਰਨ ਅਮਰੀਕਾ ਦਾ ਯੂਕਰੇਨ ਵਿਚ ਅੰਦਰੂਨੀ ਦਖਲ ਹੈ। ਉਸ ਦਖਲ ਦੇ ਜ਼ਿਆਦਾਤਰ ਸਬੂਤ ਵਿਕਟੋਰੀਆ ਨੂਲੈਂਡ ਨਾਲ ਸਬੰਧਤ ਹਨ, ਜੋ 2014 ਵਿਚ ਯੂਰਪੀ ਅਤੇ ਯੂਰੇਸ਼ੀਅਨ ਮਾਮਲਿਆਂ ਲਈ ਅਮਰੀਕਾ ਦੀ ਸਹਾਇਕ ਵਿਦੇਸ਼ ਸਕੱਤਰ ਸੀ ਅਤੇ ਅਮਰੀਕੀ ਦੀ ਨਿਉ-ਕਨਜ਼ਰਵੇਟਿਵ ਲਹਿਰ ਨਾਲ ਡੂੰਘੇ ਤੌਰ 'ਤੇ ਜੁੜੀ ਹੋਈ ਸੀ। ਇਸ ਤੋਂ ਇਲਾਵਾ, ਉਹ ਜਾਰਜ ਡਬਲਿਊ ਬੁਸ਼, ਬਰਾਕ ਓਬਾਮਾ ਅਤੇ ਜੋ ਬਾਇਡਨ ਦੇ ਪ੍ਰਸ਼ਾਸਨਾਂ ਵਿਚ ਲਗਾਤਾਰ ਮਹੱਤਵਪੂਰਨ ਅਹੁਦਿਆਂ 'ਤੇ ਰਹੀ ਹੈ। ਇਹ ਗੱਲ ਯੂਕਰੇਨ ਬਾਰੇ ਅਮਰੀਕਾ ਦੀ ਨੀਤੀ ਦੇ ਦੋ-ਪਾਰਟੀ ਵਾਲੇ ਚਰਿੱਤਰ ਨੂੰ ਉਜਾਗਰ ਕਰਦੀ ਹੈ। ਬੁਸ਼ ਪ੍ਰਸ਼ਾਸਨ ਦੇ ਦੂਜੇ ਕਾਲ ਵਿਚ, ਉਹ 2005 ਤੋਂ 2008 ਤੱਕ ਨੇਟੋ ਵਿਚ ਅਮਰੀਕਾ ਦੀ ਰਾਜਦੂਤ ਸੀ। ਦਸੰਬਰ 2013 ਵਿਚ, ਨੂਲੈਂਡ ਨੇ ਖੁਲਾਸਾ ਕੀਤਾ ਕਿ ਅਮਰੀਕਾ ਨੇ ਯੂਕਰੇਨ ਦੀ ਸਹਾਇਤਾ ਲਈ 5 ਅਰਬ ਡਾਲਰ ਖਰਚੇ ਸਨ, ਜਿਨ੍ਹਾਂ ਨੂੰ 'ਲੋਕਤੰਤਰ ਨਿਰਮਾਣ- ਡੈਮੋਕ੍ਰੇਸੀ ਬਿਲਡਿੰਗ' ਦੀ ਸ਼੍ਰੇਣੀ ਵਿਚ ਰੱਖਿਆ ਗਿਆ ਸੀ। ਸੰਨ 2014 ਦੇ ਮੇਡਨ ਰਾਜ ਪਲਟੇ ਵੇਲੇ, ਉਹ ਕੀਵ ਵਿਚ ਰਾਜਪਲਟਾ ਕਰਨ ਵਾਲਿਆਂ ਦਾ ਸਮਰਥਨ ਕਰਨ ਲਈ ਕਈ ਜਨਤਕ ਥਾਂਵਾਂ 'ਤੇ ਦਿਖਾਈ ਦਿੱਤੀ ਸੀ, ਅਤੇ ਯੂਕਰੇਨ ਵਿਚ ਅਮਰੀਕਾ ਦੇ ਰਾਜਦੂਤ ਜੈਫਰੀ ਪਾਇਟ ਅਤੇ ਉਸ ਵਿਚਕਾਰ ਇੱਕ ਟੈਲੀਫੋਨ ਕਾਲ ਰਿਕਾਰਡ ਕੀਤੀ ਗਈ ਸੀ। ਉਸ ਕਾਲ ਵਿਚ ਸੰਕੇਤ ਮਿਲਿਆ ਸੀ ਕਿ ਅਮਰੀਕਾ ਯੂਕਰੇਨ ਦੀਆਂ ਸਿਆਸੀ ਸਥਿਤੀਆਂ ਵਿਚ ਸਰਗਰਮੀ ਨਾਲ ਦਖਲ ਦੇ ਰਿਹਾ ਸੀ, ਜਿਸ ਵਿਚ ਯੂਰਪੀ ਯੂਨੀਅਨ ਵਲੋਂ ਸ਼ਾਂਤੀ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਰਗਰਮੀ ਨਾਲ ਰੋਕਣ ਦੀ ਕੋਸ਼ਿਸ਼ ਕਰਨਾ ਵੀ ਸ਼ਾਮਲ ਸੀ, ਅਤੇ ਨੂਲੈਂਡ ਨੇ ਕਿਹਾ ਸੀ ਕਿ 'ਫੱਕ ਦਿ ਈ ਯੂ।'

ਪੰਜ ਅਰਬ ਡਾਲਰ ਯੂਕਰੇਨ ਵਰਗੇ ਗਰੀਬ ਦੇਸ਼ ਵਿਚ ਇੱਕ ਅਸਧਾਰਨ ਵੱਡੀ ਰਕਮ ਸੀ (ਅਤੇ ਅੱਜ ਵੀ ਹੈ), ਜਿੱਥੇ ਵਿਦੇਸ਼ੀ ਮੁਦਰਾ (ਫੌਰਨ ਕਰੰਸੀ) ਦੀ ਵੀ ਕਮੀ ਸੀ। ਅਮਰੀਕਾ ਦਾ 'ਲੋਕਤੰਤਰ-ਨਿਰਮਾਣ' ਲਈ ਪੈਸਾ ਯੂ.ਐਸ. ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ ਐੱਸ ਏ ਆਈ ਡੀ) ਅਤੇ ਨੈਸ਼ਨਲ ਐਂਡਾਊਮੈਂਟ ਫਾਰ ਡੈਮੋਕਰੇਸੀ ਵਰਗੀਆਂ ਸਰਕਾਰੀ ਏਜੰਸੀਆਂ ਰਾਹੀਂ ਦਿੱਤਾ ਜਾਂਦਾ ਹੈ, ਜਿਨ੍ਹਾਂ ਦੋਹਾਂ 'ਤੇ ਵਿਦੇਸ਼ਾਂ ਵਿਚ ਦਖਲਅੰਦਾਜ਼ੀ ਅਤੇ ਰਾਜਨੀਤਿਕ ਦਖਲਅੰਦਾਜ਼ੀ ਦੇ ਵਿਆਪਕ ਇਲਜ਼ਾਮ ਲੱਗੇ ਹੋਏ ਹਨ। ਯੂ ਐੱਸ ਏ ਆਈ ਡੀ ਨੂੰ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਦਾ ਆਦੇਸ਼ ਹੈ ਕਿ ਇਸ ਦੀ ਆਰਥਿਕ ਸਹਾਇਤਾ ਅਮਰੀਕਾ ਦੇ ਭੂ-ਰਾਜਨੀਤਿਕ ਹਿੱਤਾਂ (ਜੀਓਪੁਲੀਟੀਕਲ ਇੰਟ੍ਰੈਸਟਸ) ਨਾਲ ਮੇਲ ਖਾਂਦੀ ਹੋਵੇ। ਇਸ ਦਾ ਸੀ ਆਈ ਏ ਨਾਲ ਕੰਮ ਕਰਨ ਦਾ ਲੰਬਾ ਇਤਿਹਾਸ ਹੈ ਅਤੇ ਇਹ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਨਾਲ ਨੇੜਤਾ ਨਾਲ ਕੰਮ ਕਰਦੀ ਹੈ, ਜਿਸ ਵਿਚ ਇਸ ਉੱਪਰ ਅਮਰੀਕਾ ਦੀ ਵਿਦੇਸ਼ ਨੀਤੀ ਦੇ ਹਿੱਤਾਂ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਸ਼ਾਮਲ ਹੈ। ਨਤੀਜੇ ਵਜੋਂ, ਅਜਿਹਾ ਪੈਸਾ ਅਕਸਰ ਉਨ੍ਹਾਂ ਕਾਰਕੁਨਾਂ ਨੂੰ ਦਿੱਤਾ ਜਾਂਦਾ ਹੈ ਜੋ ਅਮਰੀਕਾ ਦੇ ਭੂ-ਰਾਜਨੀਤਿਕ ਹਿੱਤਾਂ (ਜੀਓਪੁਲੀਟੀਕਲ ਇੰਟ੍ਰੈਸਟਸ) ਦੇ ਪੱਖ ਵਿਚ ਹੋਣ —ਯੂਕਰੇਨ ਦੇ ਮਾਮਲੇ ਵਿਚ ਜਿਸ ਦਾ ਅਰਥ ਰੂਸ ਨਾਲ ਹਮਦਰਦੀਆਂ ਅਤੇ ਸਬੰਧਾਂ ਨੂੰ ਕਮਜ਼ੋਰ ਕਰਨਾ ਸੀ ।

ਮੇਡਨ ਰਾਜਪਲਟੇ ਤੋਂ ਬਾਅਦ, ਸੰਯੁਕਤ ਰਾਜ ਅਮਰੀਕਾ ਨੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਵਧਾ ਦਿੱਤੀ। ਵਾਸ਼ਿੰਗਟਨ ਅਧਾਰਿਤ ਸਟਿੰਮਸਨ ਸੈਂਟਰ ਦੀ ਰਿਪੋਰਟ ਅਨੁਸਾਰ ਸੰਨ 2014 ਤੋਂ 2021 ਵਿਚਕਾਰ ਯੂਕਰੇਨ ਨੂੰ 2.7 ਅਰਬ ਡਾਲਰ ਤੋਂ ਵੱਧ ਦੀ ਫੌਜੀ ਸਹਾਇਤਾ ਮਿਲੀ। ਸੰਨ 2016 ਤੋਂ 2020 ਵਿਚਕਾਰ, ਯੂਕਰੇਨ ਅਮਰੀਕੀ ਫੌਜੀ ਸਹਾਇਤਾ ਪ੍ਰਾਪਤ ਕਰਨ ਵਾਲਾ ਸੱਤਵਾਂ ਸਭ ਤੋਂ ਵੱਡਾ ਦੇਸ਼ ਸੀ, ਅਤੇ ਯੂਰਪ ਵਿਚ ਸਭ ਤੋਂ ਵੱਡਾ ਪ੍ਰਾਪਤਕਰਤਾ। ਇਸ ਸਹਾਇਤਾ ਨਾਲ ਅਮਰੀਕਾ ਯੂਕਰੇਨ ਦੀ ਘਰੇਲੂ ਜੰਗ ਵਿਚ ਮੇਡਨ ਰਾਜਪਲਟੇ ਤੋਂ ਬਾਅਦ ਹੋਂਦ ਵਿਚ ਆਈ ਕੌਮਵਾਦੀ (ਨੈਸ਼ਨਲਿਸਟ) ਸਰਕਾਰ ਦੇ ਹੱਕ ਵਿਚ ਜਾ ਖੜ੍ਹਾ ਹੋਇਆ। ਇਹ ਸਹਾਇਤਾ ਰੂਸ ਨੂੰ ਫਰਵਰੀ 2022 ਵਿਚ ਯੂਕਰੇਨ ਵਿਚ ਦਖਲ ਦੇਣ ਲਈ ਉਕਸਾਉਣ ਵਿਚ ਵੀ ਮਹੱਤਵਪੂਰਨ ਸੀ।

ਨੇਟੋ ਦਾ ਪੂਰਬ ਵੱਲ ਪਸਾਰ ਅਤੇ ਸਾਬਕਾ ਸੋਵੀਅਤ ਗਣਰਾਜਾਂ (ਖਾਸ ਕਰ ਕੇ ਯੂਕਰੇਨ) ਵਿਚ ਅੰਦਰੂਨੀ ਦਖਲ ਉਹ 'ਸਾਧਨ' ਹਨ ਜਿਨ੍ਹਾਂ ਰਾਹੀਂ ਅਮਰੀਕਾ ਨੇ ਉੱਤਰ-ਸੋਵੀਅਤ ਵਿਵਸਥਾ ਵਿਚ ਪੈਦਾ ਹੋਈਆਂ ਦਰਾੜਾਂ ਦਾ ਫਾਇਦਾ ਉਠਾਇਆ ਅਤੇ ਲੜਾਈ ਨੂੰ ਉਕਸਾਇਆ। ਬੁਝਾਰਤ ਦਾ ਅਗਲਾ ਸਵਾਲ ਇਹ ਹੈ ਕਿ ਅਮਰੀਕਾ ਨੇ ਇਸ ਦਿਸ਼ਾ ਵਿਚ ਜਾਣ ਦਾ ਫੈਸਲਾ ਕਿਉਂ ਕੀਤਾ। ਇਸ ਦਾ ਜਵਾਬ ਅਮਰੀਕੀ ਰਾਜਨੀਤੀ, ਨਿਉਕੌਨ (ਨਿਉਕਨਜ਼ਰਵੇਟਿਵ) ਲਹਿਰ ਦੀ ਜਿੱਤ ਅਤੇ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ ) ਦੀ ਤਾਕਤ ਵਿਚ ਲੁੱਕਿਆ ਹੋਇਆ ਹੈ।

ਯੂਕਰੇਨ ਵਿਚ ਅਮਰੀਕਾ ਦੀ ਦਖਲਅੰਦਾਜ਼ੀ ਦਾ ਤੀਜਾ ਬਾਹਰੀ ਕਾਰਨ ਨਿਉਕਨਜ਼ਰਵੇਟਿਜ਼ਮ ਹੈ। ਅਮਰੀਕਾ ਦੇ ਇਸ ਰਾਜਨੀਤਿਕ ਸਿਧਾਂਤ ਦੀ ਚੜ੍ਹਤ 1990ਵਿਆਂ ਵਿਚ ਸਿਖਰ 'ਤੇ ਪਹੁੰਚ ਗਈ। ਇਸ ਦੀ ਧਾਰਨਾ ਹੈ ਕਿ ਭਵਿੱਖ ਵਿਚ ਕਦੇ ਵੀ ਸਾਬਕਾ ਸੋਵੀਅਤ ਯੂਨੀਅਨ ਵਰਗੀ ਵਿਦੇਸ਼ੀ ਤਾਕਤ ਨਹੀਂ ਹੋਵੇਗੀ ਜੋ ਅਮਰੀਕਾ ਦੀ ਸਰਦਾਰੀ ਨੂੰ ਚੁਣੌਤੀ ਦੇ ਸਕੇ। ਇਹ ਸਿਧਾਂਤ ਅਮਰੀਕਾ ਨੂੰ ਦੁਨੀਆ ਵਿਚ ਕਿਤੇ ਵੀ ਆਪਣੀ ਮਰਜ਼ੀ ਥੋਪਣ ਦਾ ਅਧਿਕਾਰ ਦਿੰਦਾ ਹੈ, ਜਿਸ ਦੇ ਨਤੀਜੇ ਵਜੋਂ ਅਮਰੀਕਾ ਦੇ 80 ਤੋਂ ਵੱਧ ਦੇਸ਼ਾਂ ਵਿਚ 750 ਤੋਂ ਵੱਧ ਅੱਡੇ ਹਨ, ਜੋ ਰੂਸ ਅਤੇ ਚੀਨ ਦੋਹਾਂ ਨੂੰ ਘੇਰਦੇ ਹਨ।

ਨਿਉਕਨਜ਼ਰਵੇਟਿਜ਼ਮ ਦਾ ਉਦੇਸ਼ ਅਮਰੀਕਾ ਦੀ ਵਿਸ਼ਵ ਵਿਆਪੀ ਸਰਦਾਰੀ ਹੈ। ਇਸ ਉਦੇਸ਼ ਨੇ ਨੇਟੋ ਦੇ ਪੂਰਬ ਵੱਲ ਪਸਾਰ ਅਤੇ ਸਾਬਕਾ ਸੋਵੀਅਤ ਗਣਰਾਜਾਂ ਵਿਚ ਦਖਲਅੰਦਾਜ਼ੀ ਨੂੰ ਪ੍ਰੇਰਿਤ ਕੀਤਾ ਹੈ, ਜਿਸ ਦਾ ਮਕਸਦ ਰੂਸ ਵਿਰੋਧੀ ਭਾਵਨਾਵਾਂ ਨੂੰ ਵਧਾਉਣਾ ਅਤੇ ਰੂਸ ਨਾਲ ਲੜਾਈ ਨੂੰ ਉਕਸਾਉਣਾ ਹੈ। ਨਿਉਕਨਜ਼ਰਵੇਟਿਵ ਸਿਧਾਂਤ ਨੇ ਸਭ ਤੋਂ ਪਹਿਲਾਂ ਡਿਕ ਚੇਨੀ ਅਤੇ ਡੌਨਲਡ ਰਮਜ਼ਫੈਲਡ ਵਰਗੇ ਸਖਤ ਰਿਪਬਲਿਕਨਾਂ ਵਿਚ ਜੜ੍ਹਾਂ ਜਮਾਈਆਂ ਅਤੇ ਫਿਰ 1990ਵਿਆਂ ਵਿਚ ਕਲਿੰਟਨ ਦੀ ਅਗਵਾਈ ਹੇਠ ਡੈਮੋਕਰੈਟਾਂ ਨੇ ਇਸ ਨੂੰ ਅਪਣਾ ਲਿਆ। ਨਤੀਜੇ ਵਜੋਂ, ਇਸ ਨਾਲ ਅਮਰੀਕਾ ਦੀਆਂ ਦੋਵੇਂ ਪਾਰਟੀਆਂ ਦੀ ਸਹਿਮਤੀ ਬਣ ਗਈ। ਇਸ ਤੋਂ ਇਲਾਵਾ, ਡੈਮੋਕਰੈਟਾਂ ਨੇ ਇਹ ਦਾਅਵਾ ਕਰਕੇ ਕਿ ਅਮਰੀਕਾ ਦੀ ਪ੍ਰੇਰਣਾ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣਾ ਹੈ ਇਕ ਭਰਮਾਊ ਉਹਲਾ ਪ੍ਰਦਾਨ ਕੀਤਾ, ਜੋ ਵਿਸ਼ਵ ਵਿਚ ਅਮਰੀਕਾ ਦੀ ਸਰਦਾਰੀ ਨੂੰ ਲੁਕਾਉਣ ਲਈ ਇਕ ਬੋਦੀ ਚਾਦਰ ਦਾ ਕੰਮ ਕਰਦਾ ਹੈ।

ਰੂਸ ਦੇ ਸਬੰਧ ਵਿਚ, ਨਿਉਕਨਜ਼ਰਵੇਟਿਵ ਖੇਡ-ਯੋਜਨਾ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਜ਼ਬਿਗਨਿਊ ਬਰਜ਼ੇਜ਼ਿੰਸਕੀ ਨੇ 1997 ਵਿਚ ਫਾਰਨ ਅਫੇਅਰਜ਼ ਮੈਗਜ਼ੀਨ ਵਿਚ ਇੱਕ ਲੇਖ ਅਤੇ 'ਦਿ ਗ੍ਰੈਂਡ ਚੈੱਸਬੋਰਡ: ਅਮੈਰੀਕਨ ਪ੍ਰਾਈਮੇਸੀ ਐਂਡ ਇਟਸ ਜੀਓਸਟ੍ਰੈਟੇਜਿਕ ਇੰਪੈਰੇਟਿਵਜ਼' ਨਾਂ ਦੀ ਕਿਤਾਬ ਵਿਚ ਸਪੱਸ਼ਟ ਰੂਪ ਵਿਚ ਬਿਆਨ ਕੀਤਾ ਸੀ। ਬਰਜ਼ੇਜ਼ਿੰਸਕੀ ਠੰਢੀ ਜੰਗ ਅਤੇ ਠੰਢੀ ਜੰਗ ਤੋਂ ਬਾਅਦ ਦੀ ਅਮਰੀਕੀ ਨੀਤੀ ਨੂੰ ਬਣਾਉਣ ਵਾਲਾ ਇਕ ਮੁੱਖ ਵਿਅਕਤੀ ਸੀ। ਉਸ ਦੇ ਵਿਚਾਰ ਉਸ ਦੇ ਅਮਰੀਕਾ ਦੇ ਨਿਉਕਨਜ਼ਰਵੇਟਿਵ ਸਿਧਾਂਤ ਵਿਚ ਵਿਸ਼ਵਾਸ ਅਤੇ ਰੂਸ ਵਿਰੁੱਧ ਉਸ ਦੀ ਡੂੰਘੀ ਵੈਰ-ਭਾਵਨਾ ਨੂੰ ਦਰਸਾਉਂਦੇ ਹਨ। ਇਸ ਖੇਡ-ਯੋਜਨਾ ਦਾ ਟੀਚਾ ਅਮਰੀਕਾ ਦੀ ਵਿਸ਼ਵ ਵਿਆਪੀ ਸਰਵੋਤਮਤਾ ਨੂੰ ਯਕੀਨੀ ਬਣਾਉਣਾ ਸੀ। ਸਿਫਾਰਸ਼ ਕੀਤੀ ਗਈ ਰਣਨੀਤੀ ਵਿਚ ਨੇਟੋ ਦੇ ਪਸਾਰ ਰਾਹੀਂ ਰੂਸ ਨੂੰ ਹੌਲੀ ਹੌਲੀ ਘੇਰਨਾ ਅਤੇ ਅਲੱਗ-ਥਲੱਗ ਕਰਨਾ ਸੀ ਅਤੇ ਨਾਲ ਹੀ ਯੂਕਰੇਨ ਨੂੰ ਰੂਸ ਤੋਂ ਜਾਣ-ਬੁੱਝ ਕੇ ਵੱਖ ਕਰਨਾ ਸੀ। ਬਰਜ਼ੇਜ਼ਿੰਸਕੀ ਦੇ ਨਜ਼ਰੀਏ ਮੁਤਾਬਕ ਯੂਕਰੇਨ ਰੂਸੀ ਤਾਕਤ ਲਈ ਜ਼ਰੂਰੀ ਸੀ। ਉਹ ਲਿਖਦਾ

*(ਬਾਕੀ ਅਗਲੇ ਸਫੇ 'ਤੇ)*

## ਯੂਕਰੇਨ ਵਿਚ ਜੰਗ—ਇੱਕ ਇਤਿਹਾਸ:

*(ਪਿਛਲੇ ਸਫੇ ਦਾ ਬਾਕੀ)*

ਹੈ: 'ਯੂਰੇਸ਼ੀਅਨ ਸ਼ਤਰੰਜ ਦੀ ਬਿਸਾਤ ਤੇ ਇੱਕ ਨਵਾਂ ਅਤੇ ਮਹੱਤਵਪੂਰਨ ਥਾਂ ਯੂਕਰੇਨ, ਇੱਕ ਭੂ-ਰਾਜਨੀਤਿਕ ਧੁਰਾ (ਜੀਓਪੁਲੀਟੀਕਲ ਪਿਵਟ) ਹੈ ਕਿਉਂਕਿ ਇਸ ਦਾ ਸੁਤੰਤਰ ਦੇਸ਼ ਵਜੋਂ ਮੌਜੂਦ ਹੋਣਾ ਹੀ ਰੂਸ ਨੂੰ ਬਦਲਣ ਵਿਚ ਮਦਦ ਕਰਦਾ ਹੈ। ਯੂਕਰੇਨ ਤੋਂ ਬਿਨਾਂ, ਰੂਸ ਦੀ ਯੂਰੇਸ਼ੀਅਨ ਸਾਮਰਾਜ ਵਜੋਂ ਹੋਂਦ ਖਤਮ ਹੋ ਜਾਂਦੀ ਹੈ।'

ਇਸ ਤੋਂ ਅਗਾਂਹ, ਬਰਜ਼ੇਜ਼ਿੰਸਕੀ ਨੇ ਸਰਸਰੀ ਜਿਹੇ ਢੰਗ ਨਾਲ ਰੂਸ ਨੂੰ ਟੁਕੜੇ ਟੁਕੜੇ ਕਰਨ ਦਾ ਸੁਝਾਅ ਦਿੱਤਾ, ਅਤੇ ਇਹ ਚਤੁਰਾਈ ਭਰਿਆ ਪ੍ਰਸਤਾਵ ਰੱਖਿਆ ਕਿ ਇਹ ਰੂਸ ਦੇ ਹਿੱਤ ਵਿਚ ਹੋਵੇਗਾ: 'ਇਕ ਢਿੱਲੀ ਤਰ੍ਹਾਂ ਸੰਗਠਿਤ ਰੂਸ ਨੂੰ - ਜਿਸ ਵਿਚ ਇੱਕ ਯੂਰਪੀ ਰੂਸ, ਇੱਕ ਸਾਈਬੇਰੀਅਨ ਗਣਰਾਜ ਅਤੇ ਇੱਕ ਦੂਰ ਪੂਰਬ ਦਾ ਗਣਰਾਜ (ਫਾਰ ਈਸਟਰਨ ਰਿਪਬਲਿਕ) ਸ਼ਾਮਲ ਹੋਵੇ- ਯੂਰਪ, ਮੱਧ ਏਸ਼ੀਆ ਦੇ ਨਵੇਂ ਦੇਸ਼ਾਂ ਅਤੇ ਏਸ਼ੀਆ (ਓਰੀਐਂਟ) ਨਾਲ ਨੇੜਲੇ ਆਰਥਿਕ ਸਬੰਧ ਵਿਕਸਿਤ ਕਰਨਾ ਵੀ ਆਸਾਨ ਲੱਗੇਗਾ, ਜਿਸ ਨਾਲ ਰੂਸ ਦਾ ਆਪਣਾ ਵਿਕਾਸ ਤੇਜ਼ ਹੋਵੇਗਾ।'

ਬਰਜ਼ੇਜ਼ਿੰਸਕੀ ਦੀ ਲਿਖਤ ਰੂਸ ਵਿਰੁੱਧ ਅਮਰੀਕੀ ਆਕਰਮਣਸ਼ੀਲਤਾ ਦੇ ਪੱਧਰ ਨੂੰ ਬਿਆਨ ਕਰਦੀ ਹੈ ਅਤੇ ਬਾਅਦ ਵਿਚ ਵਾਪਰੀਆਂ ਘਟਨਾਵਾਂ ਨੂੰ ਅਸਧਾਰਣ ਵੇਰਵੇ ਨਾਲ ਬਿਆਨ ਕਰਦੀ ਹੈ, ਇਕ ਅਜਿਹੀ ਹੱਦ ਤੱਕ ਕਿ ਇਹ ਲਗਭਗ ਆਪਣੇ ਆਪ ਨੂੰ ਦੋਸ਼ੀ ਸਿੱਧ ਕਰਨ ਵਾਲੀ ਨਿਓਕਨਜ਼ਰਵੇਟਿਵਾਂ ਦੀ ਮਾਸਟਰ ਪਲੈਨ ਹੋ ਨਿਬੜਦੀ ਹੈ। ਸ਼ੌਰਟ ਟਰਮ (ਅਲਪਕਾਲ) ਦੀ ਪਲੈਨ ਸੀ ਨੇਟੋ ਦਾ ਪਸਾਰ; ਮਿੱਡ ਟਰਮ (ਮੱਧਕਾਲੀ) ਪਲੈਨ ਸੀ ਯੂਕਰੇਨ ਨੂੰ ਰੂਸ ਦੇ ਵਿਰੁੱਧ ਕਰਨਾ; ਅਤੇ ਲੌਂਗ ਟਰਮ (ਲੰਮੇ ਸਮੇਂ ਦੀ) ਪਲੈਨ ਵਿਚ ਰੂਸ ਦੇ ਟੁਕੜੇ ਟੁਕੜੇ ਕਰਨਾ ਸ਼ਾਮਲ ਸੀ। ਇਸ ਰੌਸ਼ਨੀ ਵਿਚ ਵੇਖਿਆ ਜਾਵੇ ਤਾਂ ਯੂਕਰੇਨ ਵਿਚ ਅਮਰੀਕਾ ਦੀ ਦਖਲਅੰਦਾਜ਼ੀ ਰੂਸ 'ਤੇ ਹੋਰ ਹਮਲੇ ਕਰਨ ਵੱਲ ਪੁੱਟਿਆ ਪਹਿਲਾ ਕਦਮ ਸੀ।

ਨਿਓਕਨਜ਼ਰਵੇਟਿਵ ਡਾਕਟਰੀਨ (ਸਿਧਾਂਤ) ਅਮਰੀਕਾ ਦੀ ਭੂ-ਰਾਜਨੀਤਿਕ ਸੋਚ ਅਤੇ ਰਣਨੀਤੀ ਨੂੰ ਸੇਧ ਦਿੰਦੀ ਹੈ, ਅਤੇ ਇਸ ਨੂੰ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦਾ ਸਮਰਥਨ ਹਾਸਲ ਹੈ। ਇਹ ਕੰਪਲੈਕਸ ਅਮਰੀਕੀ ਫੌਜ, ਡਿਫੈਂਸ ਡਿਪਾਰਟਮੈਂਟ ਅਤੇ ਸਬੰਧਤ ਨੌਕਰਸ਼ਾਹੀਆਂ, ਅਤੇ ਫੌਜ ਨੂੰ ਸਪਲਾਈ ਦੇਣ ਵਾਲੇ ਵਿਸ਼ਾਲ ਰੱਖਿਆ ਉਦਯੋਗ ਨੂੰ ਜੋੜਦਾ ਹੈ। ਇਸ ਨਾਲ ਇੱਕ ਬਹੁਤ ਵੱਡਾ ਤਾਕਤਵਰ ਰਾਜਨੀਤਿਕ-ਆਰਥਿਕ ਹਿੱਤ ਪੈਦਾ ਹੁੰਦਾ ਹੈ ਜੋ ਵੱਡੀ ਪੱਧਰ 'ਤੇ ਵਿਦੇਸ਼ੀ ਅਤੇ ਰਾਸ਼ਟਰੀ ਸੁਰੱਖਿਆ ਨੀਤੀ ਨੂੰ ਨਿਰਧਾਰਤ ਕਰਦਾ ਹੈ। ਇਸ ਤੋਂ ਇਲਾਵਾ, ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦਾ ਪ੍ਰਭਾਵ ਅਮਰੀਕੀ ਸਮਾਜ ਵਿਚ ਡੂੰਘਾ ਫੈਲਿਆ ਹੋਇਆ ਹੈ। ਇਹ ਰਾਜਨੀਤਕ ਚੋਣ ਮੁਹਿੰਮਾਂ ਲਈ ਚੰਦੇ (ਮਾਇਕ ਯੋਗਦਾਨ) ਦੇ ਕੇ ਅਤੇ ਸਿਆਸਤਦਾਨਾਂ ਨੂੰ ਨੌਕਰੀਆਂ ਅਤੇ ਸਲਾਹਕਾਰੀਆਂ (ਕਨਸਲਟੇਂਸੀਜ਼) ਦੇਣ ਦੇ ਵਾਅਦੇ ਕਰ ਕੇ ਕਾਂਗਰਸ ਤੇ ਪ੍ਰਭਾਵ ਪਾਉਂਦਾ ਹੈ। ਇਹ ਮਾਇਕ ਸਪਾਂਸਰਸ਼ਿਪਾਂ - ਜਿਨ੍ਹਾਂ ਵਿਚ ਮਾਸ ਮੀਡੀਆ, ਥਿੰਕ ਟੈਂਕ, ਯੂਨੀਵਰਸਿਟੀਆਂ ਅਤੇ ਫਿਲਮ ਅਤੇ ਵੀਡੀਓ ਗੇਮ ਉਦਯੋਗ ਸ਼ਾਮਲ ਹਨ-ਰਾਹੀਂ ਜਨਤਕ ਰਾਏ ਅਤੇ ਰਾਸ਼ਟਰੀ ਸੁਰੱਖਿਆ ਬਾਰੇ ਜਨਤਕ ਸਮਝ ਬਣਾਉਣ 'ਤੇ ਵੀ ਵਿਸ਼ਾਲ ਪ੍ਰਭਾਵ ਪਾਉਂਦਾ ਹੈ।

ਮੁੱਖ ਗੱਲ ਇਹ ਹੈ ਕਿ ਠੰਢੀ ਜੰਗ ਦੇ ਅੰਤ ਨੇ ਫੌਜੀ ਖਰਚ ਵਿਚ ਵੱਡੀ ਕਮੀ ਕਰਨ ਦੀ ਸੰਭਾਵਨਾ ਬਣਾ ਦਿੱਤੀ ਸੀ, ਜੋ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਲਈ ਵੱਡਾ ਆਰਥਿਕ ਖਤਰਾ ਸੀ। ਨਿਓਕਨਜ਼ਰਵੇਟਿਵ ਪ੍ਰੋਜੈਕਟ ਨੇ ਉਸ ਖਤਰੇ ਨੂੰ ਬੇਅਸਰ ਕਰ ਦਿੱਤਾ। ਇਸ ਨੇ ਠੰਡੀ ਜੰਗ ਦੇ ਪੱਧਰ ਦਾ ਅਤੇ ਉਸ ਤੋਂ ਵੱਧ ਦਾ ਫੌਜੀ ਖਰਚਾ ਜਾਰੀ ਰੱਖਣ ਲਈ ਇੱਕ ਜਾਇਜ਼ ਕਾਰਨ ਪ੍ਰਦਾਨ ਕੀਤਾ। ਇਸ ਤੋਂ ਇਲਾਵਾ, ਉਹ ਖਰਚਾ ਹਮੇਸ਼ਾਂ ਜਾਰੀ ਰਹਿ ਸਕਦਾ ਹੈ, ਕਿਉਂਕਿ ਸਰਦਾਰੀ ਨੂੰ ਬਣਾਈ ਰੱਖਣਾ ਇੱਕ ਅੰਤ ਰਹਿਤ ਪ੍ਰੋਜੈਕਟ ਹੈ।

ਬੁਝਾਰਤ ਦਾ ਇੱਕ ਹੋਰ ਪੱਖ ਹੈ ਯੂਰਪ ਦੀ ਅਮਰੀਕਾ ਦੇ ਨਿਓਕਨਜ਼ਰਵੇਟਿਵ ਪ੍ਰੋਜੈਕਟ ਵਿਚ ਸਾਂਝੀਦਾਰੀ, ਜਿਸ ਦੀ ਮਿਸਾਲ ਯੂਰਪ ਵੱਲੋਂ ਨੇਟੋ ਦੇ ਪੂਰਬ ਵੱਲ ਪਸਾਰ ਦਾ ਖੁਸ਼ੀ-ਖੁਸ਼ੀ ਕੀਤਾ ਸਮਰਥਨ ਅਤੇ ਯੂਰਪ ਵਲੋਂ 2014 ਦੀ ਮਿੰਸਕ ਸ਼ਾਂਤੀ ਪ੍ਰਕਿਰਿਆ ਨੂੰ ਸਾਬੋਤਾਜ ਕਰਨਾ ਹੈ। ਪਹਿਲੀ ਨਜ਼ਰ ਨਾਲ ਦੇਖਿਆਂ, ਯੂਰਪ ਦਾ ਸਮਰਥਨ ਇਕ ਨਾ-ਸਮਝ ਆਉਣ ਵਾਲੀ ਗੱਲ ਲਗਦੀ ਹੈ ਕਿਉਂਕਿ ਰੂਸ ਨਾਲ ਸਬੰਧਾਂ ਦੇ ਟੁੱਟਣ ਕਾਰਨ ਯੂਰਪ ਨੂੰ ਆਰਥਿਕ ਨੁਕਸਾਨ ਹੋਇਆ ਹੈ ਅਤੇ ਲੜਾਈ ਕਾਰਨ ਸਮਾਜਿਕ-ਆਰਥਿਕ ਤੌਰ 'ਤੇ ਨਾਂਹ-ਪੱਖੀ ਨਤੀਜੇ (ਉਦਾਹਰਨ ਲਈ, ਸ਼ਰਨਾਰਥੀਆਂ ਦੀ ਆਮਦ) ਝੱਲਣੇ ਪਏ ਹਨ।

ਹੋਰ ਵਿਚਾਰ ਕਰਨ 'ਤੇ ਕਈ ਵਿਆਖਿਆਵਾਂ ਸਾਹਮਣੇ ਆਉਂਦੀਆਂ ਹਨ। ਸਭ ਤੋਂ ਵੱਧ ਠੋਸ ਵਿਆਖਿਆ ਇਹ ਹੈ ਕਿ ਯੂਰਪ ਦੇ ਫੌਜੀ ਅਤੇ ਵਿਦੇਸ਼ ਨੀਤੀ ਨਾਲ ਸੰਬੰਧਿਤ ਪ੍ਰਬੰਧ ਨੂੰ ਸੰਯੁਕਤ ਰਾਜ ਅਮਰੀਕਾ ਨੇ ਹੈਕ ਕਰ ਲਿਆ ਹੈ, ਅਤੇ ਹੁਣ ਇਹ ਯੂਰਪੀ ਹਿੱਤਾਂ ਦੀ ਬਜਾਏ ਅਮਰੀਕੀ ਹਿੱਤਾਂ ਦੀ ਸੇਵਾ ਕਰਦਾ ਹੈ। ਹੈਕਿੰਗ ਦੇ ਅਮਲ ਵਿਚ ਅਮਰੀਕੀ ਸਰਕਾਰ ਅਤੇ ਇਸ ਦੇ ਕਾਰਪੋਰੇਟ ਭਾਈਵਾਲ ਯੂਰਪੀ ਦੇਸ਼ਾਂ ਦੇ ਰਾਜਨੀਤਿਕ ਪਲੜੇ 'ਤੇ ਭਾਰੀ ਦਬਾਅ ਪਾਉਂਦੇ ਹਨ। ਉਹ ਹਿਮਾਇਤੀ ਸਿਆਸਤਦਾਨਾਂ ਦੀ ਮਦਦ ਕਰਦੇ ਹਨ, ਸਮਰਥਕ ਪੱਤਰਕਾਰਾਂ ਅਤੇ ਵਿਦਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਦੋਸਤਾਨਾ ਰਾਜਨੀਤਿਕ ਹਿੱਤਾਂ ਨੂੰ ਵਿੱਤੀ ਅਤੇ ਮੀਡੀਆ ਸਮਰਥਨ ਪ੍ਰਦਾਨ ਕਰਦੇ ਹਨ। ਵਿਚਾਰਾਂ ਦੀ ਸ਼੍ਰੇਣੀ ਨਾਲ ਸੰਬੰਧਿਤ ਪੇਸ਼ਾਵਰਾਂ (ਪੱਤਰਕਾਰਾਂ ਅਤੇ ਵਿਦਵਾਨਾਂ) ਦੀ ਕੈਰੀਅਰ ਵਿਚ ਤਰੱਕੀ ਕਰਨ ਵਿਚ ਮਦਦ ਕੀਤੀ ਜਾਂਦੀ ਹੈ।

ਯੂਰਪ ਦਾ ਆਪਣਾ ਵੀ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਹੈ, ਜੋ ਨੇਟੋ ਰਾਹੀਂ ਅਮਰੀਕਾ ਨਾਲ ਬਹੁਤ ਨੇੜਿਓਂ ਬੱਝਿਆ ਹੋਇਆ ਹੈ। ਇਸ ਤੋਂ ਇਲਾਵਾ, ਯੂਰਪ ਦਾ ਰੱਖਿਆ ਉਦਯੋਗ (ਡਿਫੈਂਸ ਇੰਡਸਟਰੀ) ਦੁਨੀਆ ਵਿਚ ਸਾਜ਼ ਸਮਾਨ ਦੇ ਸਭ ਤੋਂ ਵੱਡੇ ਖ੍ਰੀਦਦਾਰ ਅਮਰੀਕਾ ਨੂੰ ਸਪਲਾਈ ਕਰਨਾ ਚਾਹੁੰਦਾ ਹੈ, ਅਤੇ ਇਸ ਲਈ ਅਮਰੀਕੀ ਨੀਤੀ ਦਾ ਸਮਰਥਨ ਕਰਨਾ ਜ਼ਰੂਰੀ ਹੈ। ਅੰਤ ਵਿਚ, ਇਤਿਹਾਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਯੂਰਪ ਦੇ ਕੁਲੀਨ ਵਰਗ ਵਿਚ ਰੂਸ ਨਾਲ ਵੈਰ ਦੀ ਇਕ ਲੰਬੀ ਭਾਵਨਾ ਹੈ, ਜੋ ਯੂਨਾਈਟਿਡ ਕਿੰਗਡਮ ਵਿਚ ਖਾਸ ਕਰਕੇ ਬਹੁਤ ਜ਼ੋਰਦਾਰ ਹੈ, ਅਤੇ ਜਰਮਨੀ ਵਿਚ ਥੋੜ੍ਹੀ ਜਿਹੀ ਘੱਟ।

ਲੜਾਈ ਦਾ ਚੌਥਾ ਬਾਹਰੀ ਕਾਰਨ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੀ ਮਿੱਥ ਹੈ, ਜਿਸ ਅਨੁਸਾਰ ਨੇਕ ਅਮਰੀਕਾ ਲੋਕਤੰਤਰ ਨੂੰ ਵਿਸ਼ਵ ਪੱਧਰ 'ਤੇ ਉਤਸ਼ਾਹਿਤ ਅਤੇ ਸੁਰੱਖਿਅਤ ਕਰਨ ਲਈ ਸਮਰਪਿਤ ਹੈ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਇਸ ਕਹਾਣੀ ਨੂੰ ਉਦਾਰਵਾਦੀ ਡੈਮੋਕਰੈਟ ਨਿਓਕਨਜ਼ਰਵੇਟਿਵਾਂ ਨੇ ਖਾਸ ਤੌਰ 'ਤੇ ਅਪਣਾਇਆ ਹੈ। ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੀ ਇਸ ਮਿੱਥ ਦਾ ਜਨਮ ਉਂਨੀਵੀਂ ਸਦੀ ਦੇ ਅਮਰੀਕਾ ਦੇ ਇਕ ਵਿਲੱਖਣ ਦੇਸ਼ ਹੋਣ ਦੀ ਧਾਰਨਾ ਤੋਂ ਹੁੰਦਾ ਹੈ, ਜਿਸ ਨੇ ਇਸ ਸੋਚ ਨੂੰ ਉਤਸ਼ਾਹਿਤ ਕੀਤਾ ਕਿ ਅਮਰੀਕਾ ਆਪਣੇ ਨੈਤਿਕ ਚਰਿੱਤਰ ਦੇ ਮਾਪਦੰਡ ਅਨੁਸਾਰ ਇੱਕ ਵਿਸ਼ੇਸ਼ ਕੌਮ ਹੈ ਅਤੇ ਇਸ ਦਾ ਇੱਕ ਖਾਸ ਮਿਸ਼ਨ ਹੈ। ਹੁਣ ਇਸ ਵਿਚਾਰ ਨਾਲ ਦੋਵੇਂ ਪਾਰਟੀਆਂ ਸਹਿਮਤ ਹਨ। ਰਿਪਬਲਿਕਨਾਂ ਵਿਚ, ਇਸ ਖਾਸ ਮਿਸ਼ਨ ਨੂੰ ਅਜ਼ਾਦੀ ਨੂੰ ਸੁਰੱਖਿਅਤ ਕਰਨ ਅਤੇ ਵਧਾਉਣ ਦੇ ਰੂਪ ਵਿਚ ਬਿਆਨਿਆ ਜਾਂਦਾ ਹੈ। ਡੈਮੋਕਰੈਟਾਂ ਵਿਚ, ਇਸ ਨੂੰ ਲੋਕਤੰਤਰ ਨੂੰ ਸੁਰੱਖਿਅਤ ਕਰਨ ਅਤੇ ਉਤਸ਼ਾਹਿਤ ਕਰਨ ਦੇ ਫਰਜ਼ ਦੇ ਰੂਪ ਵਿਚ ਬਿਆਨਿਆ ਜਾਂਦਾ ਹੈ।

ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਇੱਕ ਮਿੱਥ ਹੈ, ਅਤੇ ਇਸ ਦਾ ਖੰਡਨ ਕਰਨ ਲਈ ਅੰਤਰਰਾਸ਼ਟਰੀ ਸਬੰਧਾਂ ਦੇ ਇਕ ਲੰਬੇ ਇਤਿਹਾਸ ਨੂੰ ਘੋਖਣ ਦੀ ਲੋੜ ਹੈ ਜੋ ਇਸ ਲੇਖ ਦੇ ਦਾਇਰੇ ਤੋਂ ਬਹੁਤ ਬਾਹਰ ਦੀ ਗੱਲ ਹੈ। ਮੌਜੂਦਾ ਮਕਸਦਾਂ ਲਈ, ਮਹੱਤਵਪੂਰਨ ਗੱਲ ਇਹ ਦੇਖਣਾ ਹੈ ਕਿ ਇਸ ਕਹਾਣੀ ਨੇ ਯੂਕਰੇਨ ਵਿਚ ਲੜਾਈ ਨੂੰ ਅੱਗੇ ਵਧਾਉਣ ਵਿਚ ਕਿਵੇਂ ਮਦਦ ਕੀਤੀ ਹੈ। ਇੱਥੇ ਇਹ ਤਿੰਨ ਕਾਰਨਾਂ ਕਰਕੇ ਮਹੱਤਵਪੂਰਨ ਹੈ। ਪਹਿਲਾਂ, ਇਸ ਨੇ ਪੱਛਮੀ ਜਨਤਕ ਰਾਏ ਲਈ ਨੇਟੋ ਦੇ ਪੂਰਬ ਵੱਲ ਪਸਾਰ ਅਤੇ ਯੂਕਰੇਨ ਅਤੇ ਸਾਬਕਾ ਸੋਵੀਅਤ ਗਣਰਾਜਾਂ ਵਿਚ ਦਖਲਅੰਦਾਜ਼ੀ ਕਰਨ ਲਈ ਜਾਇਜ਼ ਕਾਰਨ ਪ੍ਰਦਾਨ ਕੀਤਾ ਹੈ। ਦੂਜਾ, ਇਸ ਨੇ ਅਮਰੀਕੀ ਅਤੇ ਪੱਛਮੀ ਜਨਤਕ ਰਾਏ ਨੂੰ ਰੂਸ ਵਿਰੁੱਧ ਲਾਮਬੰਦ ਕੀਤਾ ਹੈ, ਅਤੇ ਇਹ ਜਨਤਕ ਰਾਏ ਨੂੰ ਜੰਗ ਦੇ ਸਮਰਥਨ ਵਿਚ ਬਣਾਈ ਰੱਖਦੀ ਹੈ। ਤੀਜਾ, ਇਸ ਨੇ ਨੇਟੋ ਦੇ ਪੂਰਬ ਵੱਲ ਪਸਾਰ ਅਤੇ ਯੂਕਰੇਨ ਵਿਚ ਅੰਦਰੂਨੀ ਦਖਲਅੰਦਾਜ਼ੀ ਪਿਛਲੇ ਅਸਲ ਮਕਸਦਾਂ ਦੀ ਹਕੀਕਤ ਨੂੰ ਲੁਕਾ ਦਿੱਤਾ ਹੈ। ਰੂਪਕ ਵਜੋਂ ਕਹੀਏ ਤਾਂ, ਨੇਟੋ ਦੇ ਪੂਰਬ ਵੱਲ ਪਸਾਰ ਅਤੇ ਯੂਕਰੇਨ ਵਿਚ ਅਮਰੀਕਾ ਦੀ ਦਖਲਅੰਦਾਜ਼ੀ ਦੋਹਾਂ ਨੇ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਦੀ ਪਿੱਠ ਤੇ ਸਵਾਰੀ ਕੀਤੀ ਹੈ।

ਅਸਲ ਵਿਚ, ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਮਿੱਥ ਪੱਛਮੀ ਜਨਤਕ ਰਾਏ ਨੂੰ ਨਿਓਕਨਜ਼ਰਵੇਟਿਵ ਪ੍ਰੋਜੈਕਟ ਦੇ ਹੱਕ ਵਿਚ ਪੱਛਮੀ ਜਨਤਕ ਰਾਇ ਲਾਮਬੰਦ ਕਰਨ ਲਈ ਨਿਰਣਾਇਕ ਰਹੀ ਹੈ, ਅਤੇ ਇੱਥੇ ਇਹ ਦੂਹਰਾ ਕੰਮ ਕਰਦੀ ਹੈ। ਪਹਿਲਾਂ, ਇਹ ਲੋਕਾਂ ਨੂੰ ਅਮਰੀਕਾ ਦੀ ਹਮਲਾਵਰ ਦਖਲਅੰਦਾਜ਼ੀ ਅਤੇ ਫੌਜੀਵਾਦ (ਮਿਲਟ੍ਰੀਜ਼ਮ) ਨੂੰ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੇ ਨੇਕ ਨਜ਼ਰੀਏ ਨਾਲ ਦੇਖਣ ਲਈ ਭੁਚਲਾ ਕੇ ਅਮਰੀਕਾ ਦੇ ਵਿਸ਼ਵ ਵਿਆਪੀ ਸਰਦਾਰੀ ਦੇ ਪ੍ਰੋਜੈਕਟ ਲਈ ਜਨਤਕ ਸਮਰਥਨ ਪੈਦਾ ਕਰਦੀ ਹੈ

ਦੂਜਾ, ਇਹ ਇਕ ਤਰ੍ਹਾਂ ਦਾ ਬੌਧਿਕ ਤੰਗ ਨਜ਼ਰੀਆ ਪੈਦਾ ਕਰਕੇ ਅਜਿਹੀਆਂ ਨੀਤੀਆਂ ਵਿਰੁੱਧ ਅਮਰੀਕਾ ਦੇ ਅੰਦਰੂਨੀ ਵਿਰੋਧ ਨੂੰ ਦਬਾਉਂਦੀ ਹੈ। ਲੋਕਾਂ ਨੂੰ ਸਵਾਰਥੀ ਰਾਸ਼ਟਰੀ ਹਿਤਾਂ ਦੀ ਪੂਰਤੀ ਕਰਨ ਦੀ ਸਚਾਈ ਨੂੰ ਦੇਖਣ ਤੋਂ ਰੋਕਿਆ ਜਾਂਦਾ ਹੈ, ਭਾਵੇਂ ਕਿ ਅਜਿਹੀਆਂ ਕਾਰਵਾਈਆਂ ਦਾ ਇਕ ਲੰਮਾ ਇਤਿਹਾਸ ਹੈ, ਜਿਨ੍ਹਾਂ ਵਿਚੋਂ ਕੁੱਝ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਨ ਅਤੇ ਲੋਕਤੰਤਰਿਕ ਢੰਗ ਨਾਲ ਚੁਣੀਆਂ ਸਰਕਾਰਾਂ ਨੂੰ ਗੱਦੀਉਂ ਲਾਹੁਣ ਵਾਲੀਆਂ ਹਨ। ਇਸ ਤੋਂ ਇਲਾਵਾ, ਇਸ ਨਾਲ ਇਸ ਕਹਾਣੀ ਨੂੰ ਚੁਣੌਤੀ ਦੇਣ ਵਾਲਿਆਂ ਲਈ ਦੇਸ਼ ਅਤੇ ਲੋਕਤੰਤਰ ਵਿਰੋਧੀ ਕਹਿ ਕੇ ਬਦਨਾਮ ਕੀਤੇ ਜਾਣ ਦਾ ਖਤਰਾ ਬਣ ਜਾਂਦਾ ਹੈ।

ਕਿਉਂਕਿ ਇਹ ਮਿੱਥ ਨਿਊਕਨਜ਼ਰਵੇਟਿਵ ਪ੍ਰੋਜੈਕਟ ਨੂੰ ਸੌਖਾ ਬਣਾਉਂਦੀ ਹੈ ਇਸ ਲਈ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਨੂੰ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟਰੀਅਲ ਕੰਪਲੈਕਸ) ਵੱਲੋਂ ਅਪਣਾਇਆ ਜਾਂਦਾ ਹੈ, ਜੋ ਇਸ ਪ੍ਰੋਜੈਕਟ ਤੋਂ ਮੁਨਾਫਾ ਕਮਾਉਂਦਾ ਹੈ। ਅਸਲ ਵਿਚ, ਇਹ ਕਹਾਣੀ ਲੋਕਤੰਤਰ ਨੂੰ ਸੁਰੱਖਿਅਤ ਕਰਨ ਅਤੇ ਅੱਗੇ ਵਧਾਉਣ ਦੇ ਨਾਂ ਹੇਠ ਫੌਜੀ ਖਰਚਿਆਂ ਅਤੇ ਵਿਦੇਸ਼ੀ ਦਖਲਅੰਦਾਜ਼ੀਆਂ ਨੂੰ ਹਰੀ ਝੰਡੀ ਦਿੰਦੀ ਹੈ।

ਪਿਛਲੇ ਦਹਾਕੇ ਵਿਚ, ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਮਿੱਥ ਨਾਲ 'ਆਟੋਕ੍ਰੇਸੀ ਇੰਕ.' ਨਾਂ ਦੀ ਇੱਕ ਨਵੀਂ ਮਿੱਥ ਜੁੜ ਗਈ ਹੈ, ਜਿਸ ਅਨੁਸਾਰ ਸੰਯੁਕਤ ਰਾਜ ਅਮਰੀਕਾ ਦੀ ਹੋਂਦ ਨੂੰ ਅਜਿਹੇ ਵਿਦੇਸ਼ੀ ਨਿਰੰਕੁਸ਼ ਸ਼ਾਸਕਾਂ (ਆਟੋਕਰੈਟਸ) ਤੋਂ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਪੱਛਮੀ ਲੋਕਤੰਤਰਾਂ ਨੂੰ ਪਲਟਾ ਕੇ ਉੱਥੇ ਆਪਣੀ ਹਕੂਮਤ ਸਥਾਪਿਤ ਕਰਨਾ ਚਾਹੁੰਦੇ ਹਨ। ਆਟੋਕ੍ਰੇਸੀ ਇੰਕ. ਵਾਲੀ ਮਿੱਥ ਅਮਰੀਕਾ ਦੀ ਦਖਲਅੰਦਾਜ਼ੀ, ਫੌਜੀਵਾਦ (ਮਿਲਟ੍ਰੀਜ਼ਮ) ਅਤੇ ਫੌਜੀ ਖਰਚਿਆਂ ਦੇ ਪੱਖ ਵਿਚ ਇਕ ਮਜ਼ਬੂਤ ਦਲੀਲ ਪੇਸ਼ ਕਰਦੀ ਹੈ। ਹੁਣ, ਅਮਰੀਕਾ ਲੋਕਤੰਤਰ ਨੂੰ ਸਿਰਫ ਸੁਰੱਖਿਅਤ ਅਤੇ ਉਤਸ਼ਾਹਿਤ ਹੀ ਨਹੀਂ ਕਰ ਰਿਹਾ ਹੈ ('ਅਮਰੀਕਾ ਵਲੋਂ ਵਿਲੱਖਣ ਦੇਸ਼' ਹੋਣ ਵਾਲਾ ਪੁਰਾਣਾ ਵਿਚਾਰ), ਸਗੋਂ ਇਸ ਦੀ ਹੋਂਦ ਨੂੰ ਵਿਦੇਸ਼ੀ ਨਿਰੰਕੁਸ਼ ਸ਼ਾਸਕਾਂ (ਆਟੋਕਰੈਟਸ) ਤੋਂ ਖਤਰਾ ਵੀ ਹੈ। ਇਹ ਨਵੀਂ ਕਹਾਣੀ ਇਕ ਸਥਾਈ ਲੜਾਈ ਦਾ ਦ੍ਰਿਸ਼ ਪੇਸ਼ ਕਰਦੀ ਹੈ, ਜੋ ਸਮੇਂ ਦੀ ਕੋਈ ਹੱਦ ਮਿੱਥੇ ਬਿਨਾਂ ਹੋਰ ਵਧੇਰੇ ਫੌਜੀ ਖਰਚਿਆਂ ਨੂੰ ਜਾਇਜ਼ ਠਹਿਰਾਉਂਦੀ ਹੈ। ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦੇ ਨਜ਼ਰੀਏ ਵਿਚ, ਇਹ ਠੰਢੀ ਜੰਗ ਤੋਂ ਵੀ ਬਿਹਤਰ ਹੈ, ਜਿਸ ਦੇ ਅੰਤ ਤੇ ਗੱਲਬਾਤ ਨਾਲ ਸਮਝੌਤਾ ਕੀਤਾ ਜਾ ਸਕਦਾ ਸੀ। ਆਟੋਕ੍ਰੇਸੀ ਇੰਕ. ਵਾਲੀ ਕਹਾਣੀ ਅਨੁਸਾਰ, ਅਜਿਹੀ ਕੋਈ ਗੱਲਬਾਤ ਸੰਭਵ ਨਹੀਂ ਹੈ।

ਲੋਕਤੰਤਰ ਨੂੰ ਉਤਸ਼ਾਹਿਤ ਕਰਨ ਵਾਲੀ ਕਹਾਣੀ ਅਤੇ 'ਆਟੋਕ੍ਰੇਸੀ ਇੰਕ.' ਵਾਲੀ ਇਸ ਦੀ ਨਵੀਂ ਭੈਣ ਬਹੁਤ ਖ਼ਤਰਨਾਕ ਹਨ। ਪਹਿਲੀ ਆਪਣੇ ਆਪ ਨੂੰ ਸਹੀ ਸਮਝ ਕੇ ਕੀਤੀ ਜਾਣ ਵਾਲੀ ਦਖਲਅੰਦਾਜ਼ੀ ਨੂੰ ਉਤਸ਼ਾਹਿਤ ਕਰਦੀ ਹੈ, ਜਦੋਂ ਕਿ ਦੂਜੀ ਸੰਦੇਹੀ ਮਾਨਸਿਕਤਾ (ਪੈਰਾਨੋਇਆ) ਨੂੰ ਵਧਾਉਂਦੀ ਹੈ। ਇਹ ਇਕੱਲੀਆਂ-ਇਕੱਲੀਆਂ ਆਪਣੇ ਆਪ ਵਿਚ ਖ਼ਤਰਨਾਕ ਹਨ ਅਤੇ ਇਕੱਠੀਆਂ ਹੋ ਕੇ ਤਾਂ ਇਹ ਵਿਨਾਸ਼ਕਾਰੀ ਹੋ ਸਕਦੀਆਂ ਹਨ। ਦੋਵੇਂ ਵਿਦੇਸ਼ ਨੀਤੀ ਵਿਚ ਆਕਰਮਣਸ਼ੀਲਤਾ ਅਤੇ ਫੌਜੀ ਦਖਲਅੰਦਾਜ਼ੀ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਅਜਿਹੇ ਵਿਵਹਾਰਾਂ ਨੂੰ 'ਨੇਕ ਸੁਆਰਥਹੀਣਤਾ (ਬਿਨੈਵਲੈਂਟ ਸੈਲਫਲੈੱਸਨੈੱਸ)' ਅਤੇ 'ਆਪਣੀ ਰੱਖਿਆ' ਵਜੋਂ ਲੁਕਾਉਂਦੀਆਂ ਹਨ। ਹੁਣ ਦੋਹਾਂ ਨੂੰ ਯੂਕਰੇਨ ਦੀ ਲੜਾਈ ਨੂੰ ਜਾਰੀ ਰੱਖਣ ਦੇ ਹੱਕ ਵਿਚ ਜਨਤਕ ਸਮਰਥਨ ਪੈਦਾ ਕਰਨ ਲਈ ਵਰਤਿਆ ਜਾ ਰਿਹਾ ਹੈ।

ਇਨ੍ਹਾਂ ਮਿੱਥਾਂ ਦਾ ਜ਼ਹਿਰੀਲਾ ਪ੍ਰਭਾਵ ਪੱਛਮੀ ਜਨਤਕ ਰਾਏ ਨੂੰ ਕਾਬੂ ਕਰਕੇ ਕੰਮ ਕਰਦਾ ਹੈ। ਜਨਤਕ ਰਾਏ ਨੂੰ ਜੰਗ ਦੇ ਸਮਰਥਨ ਤੋਂ ਦੂਰ ਕਰਨਾ ਯੂਕਰੇਨ ਦੀ ਲੜਾਈ ਅਤੇ ਭਵਿੱਖ ਦੀਆਂ ਲੜਾਈਆਂ ਨੂੰ ਰੋਕਣ ਲਈ ਜ਼ਰੂਰੀ ਹੈ। ਜਨਤਕ ਰਾਏ ਵਿਚ ਤਬਦੀਲੀ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਅਤੇ ਅਮਰੀਕਾ ਦੀ ਸਿਆਸੀ ਸਥਾਪਤੀ (ਪੁਲੀਟੀਕਲ ਇਸਟੈਬਲਿਸ਼ਮੈਂਟ) ਉੱਪਰ ਨਿਓਕਨਜ਼ਰਵੇਟਿਵਾਂ ਦੇ ਗਲਬੇ ਨੂੰ ਰੋਕਣ ਲਈ ਵੀ ਲੋੜੀਂਦੀ ਹੈ। ਬਦਕਿਸਮਤੀ ਨਾਲ, ਜਨਤਕ ਰਾਏ ਨੂੰ ਆਪਣੇ ਆਪ ਨੂੰ ਸਹੀ ਸਮਝਦਿਆਂ ਲੋਕ ਤੰਤਰ ਨੂੰ ਉਤਸ਼ਾਹਿਤ ਕਰਨ ਲਈ ਧਰਮ ਯੁੱਧ ਵਾਂਗ ਲੜਨ ਦੀ ਕਹਾਣੀ ਅਤੇ ਆਟੋਕ੍ਰੇਸੀ ਇੰਕ ਦੀ 'ਚੰਗੇ ਬਨਾਮ ਬੁਰੇ' ਵਾਲੀ ਸੰਦੇਹੀ ਮਾਨਸਿਕਤਾ ਦੀ ਮੈਨੀਕੀਅਨ ਕਹਾਣੀ ਨੇ ਕਾਬੂ ਵਿਚ ਕਰ ਲਿਆ ਹੈ, ਜੋ ਨੀਤੀ ਨੂੰ ਉਲਟ ਦਿਸ਼ਾ ਵੱਲ ਧੱਕਦੀ ਹੈ। ਇਹ ਜੋੜੀਆਂ ਕਹਾਣੀਆਂ ਸਮਝੌਤੇ ਨੂੰ ਲਗਭਗ ਅਸੰਭਵ ਬਣਾਉਂਦੀਆਂ ਹਨ, ਲੜਾਈ ਨੂੰ ਤੇਜ਼ ਕਰਨ ਨੂੰ ਉਤਸ਼ਾਹਿਤ ਕਰਦੀਆਂ ਹਨ, ਅਤੇ ਨਿਊਕਨਜ਼ਰਵੇਟਿਵਾਂ ਅਤੇ ਫੌਜੀ-ਉਦਯੋਗਿਕ ਕੰਪਲੈਕਸ (ਮਿਲਟਰੀ ਇੰਡਸਟ੍ਰੀਅਲ ਕੰਪਲੈਕਸ) ਦੀ ਰਾਜਨੀਤਕ ਪਕੜ ਨੂੰ ਮਜ਼ਬੂਤ ਕਰਦੀਆਂ ਹਨ।

ਕੋਈ ਵੀ ਅਲਜਬਰਾ ਅਜਿਹੀ ਸੋਚ ਨੂੰ ਗ਼ਲਤ ਸਾਬਤ ਨਹੀਂ ਕਰ ਸਕਦਾ। ਸਿਰਫ਼ ਤਰਕਪੂਰਨ ਦਲੀਲ, ਸਬੂਤਾਂ ਅਤੇ ਇਤਿਹਾਸ ਨੂੰ ਦੇਖਣ ਲਈ ਅਪੀਲ ਕਰਨਾ ਹੀ ਸੰਭਵ ਹੈ। ਇੱਥੇ ਇਤਿਹਾਸ ਪ੍ਰਤੀ ਨਫ਼ਰਤ ਫਿਰ ਸਾਹਮਣੇ ਆ ਜਾਂਦੀ ਹੈ। ਇਤਿਹਾਸ ਵਿਚ ਦਿਲਚਸਪੀ ਦੀ ਘਾਟ ਕਾਰਨ ਜਨਤਕ ਸਮਝ ਨੂੰ ਬਦਲਣ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਤੋਂ ਇਲਾਵਾ, ਅਮਰੀਕਾ ਦੀ ਸਥਾਪਤੀ ਨੂੰ ਅਜਿਹਾ ਕਰਨ ਵਿਚ ਕੋਈ ਦਿਲਚਸਪੀ ਨਹੀਂ ਹੈ। ਸਗੋਂ ਇਸ ਤੋਂ ਉਲਟਾ ਸੱਚ ਹੈ। ਸਥਾਪਤੀ ਮੌਜੂਦਾ ਗ਼ਲਤਫਹਿਮੀਆਂ ਨੂੰ ਜਾਰੀ ਰੱਖਣਾ ਅਤੇ ਉਤਸ਼ਾਹਿਤ ਕਰਨਾ ਚਾਹੁੰਦੀ ਹੈ।

ਇਸ ਤੋਂ ਵੀ ਬਦਤਰ ਗੱਲ ਇਹ ਹੈ ਕਿ ਅਮਰੀਕਾ (ਨੇਟੋ ਦੀ ਮਦਦ ਨਾਲ) ਜਿੰਨਾ ਵੱਧ ਵਿਸ਼ਵ ਵਿਆਪੀ ਸਰਦਾਰੀ ਨੂੰ ਠੋਸਣ ਦੀ ਕੋਸ਼ਿਸ਼ ਕਰਦਾ ਹੈ, ਉਨਾ ਹੀ ਵੱਧ ਉਹ ਹੋਰ ਦੇਸ਼ਾਂ ਨੂੰ ਇਸ ਵਿਰੁੱਧ ਕਦਮ ਚੁੱਕਣ ਅਤੇ ਆਪਣੀਆਂ ਫੌਜਾਂ ਨੂੰ ਵਧਾਉਣ ਲਈ ਉਕਸਾਉਂਦਾ ਹੈ। ਇਸ ਤੋਂ ਇਲਾਵਾ, ਪੱਛਮ ਵੱਲੋਂ ਲਾਈਆਂ ਆਰਥਿਕ ਪਾਬੰਦੀਆਂ ਦੇਸ਼ਾਂ ਨੂੰ ਹੋਰ ਆਰਥਿਕ ਭਾਈਵਾਲ ਲੱਭਣ ਲਈ ਮਜਬੂਰ ਕਰਦੀਆਂ ਹਨ। ਨਤੀਜੇ ਵਜੋਂ, ਅਮਰੀਕਾ ਇੱਕ ਆਪਣੇ ਆਪ ਪੂਰੀ ਹੋਣ ਵਾਲੀ ਭਵਿੱਖਬਾਣੀ ਨੂੰ ਜਨਮ ਦਿੰਦਾ ਹੈ ਕਿਉਂਕਿ ਅਮਰੀਕਾ ਤੋਂ ਖ਼ਤਰਾ ਮਹਿਸੂਸ ਕਰਨ ਵਾਲੇ ਦੇਸ਼ ਆਰਥਿਕ, ਕੂਟਨੀਤਿਕ ਅਤੇ ਫੌਜੀ ਤੌਰ ਤੇ ਇਕੱਠੇ ਹੋਣਾ ਸ਼ੁਰੂ ਕਰ ਦਿੰਦੇ ਹਨ। ਪਰ ਇਸ ਤਰ੍ਹਾਂ ਇਕੱਠੇ ਹੋਣਾ ਰੱਖਿਆਤਮਕ ਹੈ, ਹਮਲਾਵਰੀ ਨਹੀਂ, ਜਿਵੇਂ ਕਿ ਆਟੋਕ੍ਰੇਸੀ ਇੰਕ. ਵਾਲੀ ਮਿਥ ਵਿਚ ਦਾਅਵਾ ਕੀਤਾ ਜਾਂਦਾ ਹੈ।

### ਲੜਾਈ ਸ਼ੁਰੂ ਹੋਣਾ: ਰੂਸ ਦੀ ਫੌਜੀ ਦਖਲਅੰਦਾਜ਼ੀ ਦੀ ਵਿਆਖਿਆ

ਮੈਂ ਲੜਾਈ ਬਾਰੇ ਸਮਝਾਉਣ ਲਈ ਕੈਂਚੀ ਦੇ ਰੂਪਕ ਦੀ ਵਰਤੋਂ ਕੀਤੀ ਹੈ। ਉੱਤਰ-ਸੋਵੀਅਤ ਵਿਵਸਥਾ ਵਿਚ ਅੰਦਰੂਨੀ ਦਰਾੜਾਂ (ਫਰੈਕਚਰਜ਼) ਇੱਕ ਫ਼ਲ (ਬਲੇਡ) ਬਣਦੀਆਂ ਹਨ। ਅਮਰੀਕਾ ਦੀ ਦਖਲਅੰਦਾਜ਼ੀ ਨਾਲ ਜੁੜੇ ਬਾਹਰੀ ਕਾਰਨ ਦੂਜਾ ਫ਼ਲ (ਬਲੇਡ) ਬਣਦੇ ਹਨ। ਕੌਮੀ ਦੁਸ਼ਮਣੀਆਂ ਫਲਕ੍ਰਮ (ਪਿਵਟ ਪੁਆਇੰਟ) ਹਨ ਜੋ ਫ਼ਲਾਂ (ਬਲੇਡਾਂ) ਨੂੰ ਇਕ ਦੂਜੇ ਨਾਲ ਜੋੜਦਾ ਹੈ। ਉਨ੍ਹਾਂ ਦੁਸ਼ਮਣੀਆਂ ਨੇ ਸਾਬਕਾ ਗਣਰਾਜਾਂ ਵਿਚ ਅੰਦਰੂਨੀ ਵੰਡਾਂ ਪੈਦਾ ਕੀਤੀਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਅਮਰੀਕਾ ਲਈ ਨੇਟੋ ਨੂੰ ਬਾਲਟਿਕ ਗਣਰਾਜਾਂ ਵਿਚ ਘੁਸਾਉਣ ਦੇ ਨਾਲ ਨਾਲ ਦੂਸਰੇ ਸਾਬਕਾ ਸੋਵੀਅਤ ਗਣਰਾਜਾਂ ਵਿਚ ਅੰਦਰੂਨੀ ਦਖਲਅੰਦਾਜ਼ੀਆਂ ਲਈ ਰਸਤਾ ਵੀ ਪ੍ਰਦਾਨ ਕੀਤਾ। ਇਸ ਤਰ੍ਹਾਂ, ਇਹ ਦੁਸ਼ਮਣੀਆਂ ਦੋਵੇਂ ਫ਼ਲਾਂ (ਬਲੇਡਾਂ) ਲਈ ਕੰਮ ਕਰਦੀਆਂ ਹਨ।

ਰੂਸ ਦੀ 2022 ਦੀ ਦਖਲਅੰਦਾਜ਼ੀ ਨੂੰ ਉਸ ਲੜਾਈ ਦੇ ਵਾਧੇ ਵਜੋਂ ਸਮਝਣਾ ਚਾਹੀਦਾ ਹੈ ਜੋ 2014 ਦੇ ਮੇਡਨ ਰਾਜਪਲਟੇ ਨਾਲ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਸੰਨ 2014 ਤੋਂ ਪਹਿਲਾਂ, ਰੂਸ ਨੇ ਨੇਟੋ ਦੇ ਪਸਾਰ ਦਾ ਲਗਾਤਾਰ ਵਿਰੋਧ ਕੀਤਾ ਪਰ ਨਾ-ਚਾਹੁੰਦਿਆਂ ਹੋਇਆਂ ਵੀ ਇਸ ਨੂੰ ਸਵੀਕਾਰ ਕਰ ਲਿਆ। ਸੰਨ 2014 ਦਾ ਰਾਜਪਲਟਾ ਉਹ ਆਖਰੀ ਤਿਣਕਾ ਸੀ ਜਿਸ ਨੇ ਊਠ ਦੀ ਪਿੱਠ ਤੋੜ ਦਿੱਤੀ, ਅਤੇ ਡੌਨਬਾਸ ਦੇ ਸੂਬਿਆਂ ਵਲੋਂ ਵੱਖ ਹੋਣ ਅਤੇ ਰੂਸ ਵੱਲੋਂ ਕ੍ਰੀਮੀਆ ਉੱਤੇ ਕਬਜ਼ਾ ਕਰਨ ਦੇ ਅਮਲ ਨੂੰ ਅੰਜ਼ਾਮ ਦਿੱਤਾ।

ਇਸ ਤੋਂ ਬਾਅਦ, ਮਿੰਸਕ ਸ਼ਾਂਤੀ ਪ੍ਰਕਿਰਿਆ (2014-2021) ਨੇ ਪੂਰੇ ਯੁੱਧ ਨੂੰ ਟਾਲਦੇ ਹੋਏ ਇੱਕ 'ਝੂਠੀ ਜੰਗ (ਫ਼ੋਨੀ ਵਾਰ)' ਦੇ ਦੌਰ ਨੂੰ ਜਨਮ ਦਿੱਤਾ। ਲੱਗਦਾ ਹੈ ਕਿ ਰੂਸ ਇਸ ਪ੍ਰਕਿਰਿਆ ਵਿਚ ਚੰਗੀ ਨੀਅਤ ਨਾਲ ਸ਼ਾਮਲ ਹੋਇਆ ਸੀ, ਭਾਵੇਂ ਕਿ ਉਸ ਦੇ ਆਲੋਚਕ ਕਹਿੰਦੇ ਹਨ ਕਿ ਉਸ ਦੀਆਂ ਮੰਗਾਂ ਮੰਨਣਯੋਗ ਨਹੀਂ ਸਨ। ਪਰ ਲਗਦਾ ਹੈ ਕਿ ਅਮਰੀਕਾ/ਨੇਟੋ ਬਲਾਕ ਦੀ ਨੁਮਾਇੰਦਗੀ ਕਰ ਰਹੇ ਫਰਾਂਸ ਅਤੇ ਜਰਮਨੀ (ਨੌਰਮੰਡੀ ਗਰੁੱਪ) ਨੇ ਬੁਰੀ ਨੀਅਤ ਨਾਲ ਕੰਮ ਕੀਤਾ। 7 ਦਸੰਬਰ 2022 ਨੂੰ ਡਾਈ ਜ਼ੀਟ ਨੂੰ ਦਿੱਤੀ ਇਕ ਇੰਟਰਵਿਊ ਵਿਚ, ਸਾਬਕਾ ਜਰਮਨ ਚਾਂਸਲਰ ਆਂਗੇਲਾ ਮਰਕਲ ਨੇ ਮੰਨਿਆ ਸੀ ਕਿ ਮਿੰਸਕ ਸਮਝੌਤਾ 'ਯੂਕਰੇਨ ਨੂੰ ਸਮਾਂ ਦੇਣ ਦੀ ਕੋਸ਼ਿਸ਼ ਸੀ' ਤਾਂ ਕਿ ਉਹ ਆਪਣੇ ਆਪ ਨੂੰ ਮਜ਼ਬੂਤ ਕਰ ਸਕੇ, ਜਦੋਂ ਕਿ ਅਮਰੀਕਾ ਨੇ ਵੱਡੀ ਫੌਜੀ ਸਹਾਇਤਾ ਪ੍ਰਦਾਨ ਕੀਤੀ ਸੀ।

ਲੱਗਦਾ ਹੈ ਕਿ ਰੂਸ ਦੀ ਯੂਕਰੇਨ ਵਿਚ ਫੌਜੀ ਦਖਲਅੰਦਾਜ਼ੀ ਕੂਟਨੀਤਕ ਅਤੇ ਫੌਜੀ ਸਥਿਤੀਆਂ ਦੇ ਦੋਹਰੇ ਘੋੜੇ (ਟਰਿੱਗਰ) ਨਾਲ ਪ੍ਰੇਰਿਤ ਹੋਈ ਸੀ। ਕੂਟਨੀਤਕ ਪੱਖੋਂ, 14 ਜੂਨ 2021 ਨੂੰ ਨੇਟੋ ਦੇ ਬ੍ਰਸੈਲਜ਼ ਸਿਖਰ ਸੰਮੇਲਨ ਦੀ ਘੋਸ਼ਣਾ ਵਿਚ ਕਲਾਜ਼ 69 ਨੂੰ ਲਿਆ ਜਾ ਸਕਦਾ ਹੈ, ਜਿਸ ਵਿਚ ਅਮਰੀਕਾ ਦੀ ਸਖਤ ਪੁਜੀਸ਼ਨ ਸ਼ਾਮਲ ਸੀ ਕਿ ਰੂਸ ਦੇ ਵਿਰੋਧ ਦੇ ਬਾਵਜੂਦ ਯੂਕਰੇਨ ਲਈ ਨੇਟੋ ਦੀ ਮੈਂਬਰਸ਼ਿਪ ਦਾ ਰਾਹ ਖੁੱਲ੍ਹਾ ਹੈ। ਇਹ ਪੁਜੀਸ਼ਨ ਨਵੰਬਰ 2021 ਵਿਚ ਅਮਰੀਕਾ ਅਤੇ ਯੂਕਰੇਨ ਵੱਲੋਂ ਦੁਵੱਲੀ ਰਣਨੀਤਕ ਭਾਈਵਾਲੀ ਲਈ ਕੀਤੇ ਸਮਝੌਤੇ ਵਿਚ ਹੋਰ ਵੀ ਜ਼ੋਰਦਾਰ ਭਾਸ਼ਾ ਵਿਚ ਦੁਹਰਾਈ ਗਈ ਸੀ।

ਫੌਜੀ ਪੱਖੋਂ, ਫਰਵਰੀ 2022 ਵਿਚ ਯੂਕਰੇਨ ਵਲੋਂ ਡੌਨਬਾਸ ਦੇ ਵੱਖਵਾਦੀਆਂ ਖ਼ਿਲਾਫ ਛੇਤੀ ਹੀ ਹਮਲਾ ਕੀਤੇ ਜਾਣ ਦੇ ਸਬੂਤ ਸਨ ਜਦੋਂ ਕਿ ਯੂਕਰੇਨੀ ਫੌਜਾਂ ਇਸ ਸਮੇਂ ਇੱਕ ਦਹਾਕੇ ਦੀ ਅਮਰੀਕੀ ਫੌਜੀ ਸਹਾਇਤਾ ਨਾਲ ਲੈਸ ਸਨ। ਅਜਿਹਾ ਹਮਲਾ ਵੱਖਵਾਦੀਆਂ ਨੂੰ ਹਰਾ ਸਕਦਾ ਸੀ, ਜਿਸ ਨਾਲ ਰੂਸ ਦੇ ਕ੍ਰੀਮੀਆ ਉੱਤੇ ਕਬਜ਼ੇ ਲਈ ਖ਼ਤਰਾ ਪੈਦਾ ਹੋ ਸਕਦਾ ਸੀ। ਰੂਸ ਦੀ ਫੌਜੀ ਦਖਲਅੰਦਾਜ਼ੀ ਨੇ ਉਸ ਹੋਣੀ ਨੂੰ ਵਾਪਰਨ ਤੋਂ ਪਹਿਲਾਂ ਰੋਕ ਦਿੱਤਾ।

ਜੰਗ ਦੇ ਲੇਖੇ ਜੋਖੇ ਅਨੁਸਾਰ ਯੂਕਰੇਨ ਅਤੇ ਯੂਰਪ ਸਪੱਸ਼ਟ ਤੌਰ 'ਤੇ ਹਾਰੇ ਨਜ਼ਰ ਆਉਂਦੇ ਹਨ। ਰੂਸ ਦੀ ਸਥਿਤੀ ਗੁੰਝਲਦਾਰ ਹੈ ਪਰ ਨਿਰੋਲ ਤੌਰ 'ਤੇ ਹਾਂ-ਮੁਖੀ (ਨੈੱਟ ਪੌਜ਼ੇਟਿਵ) ਹੈ। ਅਮਰੀਕਾ ਸਪੱਸ਼ਟ ਰੂਪ ਵਿਚ ਜੇਤੂ ਹੈ, ਘੱਟੋ-ਘੱਟ ਸ਼ੌਰਟ ਟਰਮ (ਅਲਪਕਾਲ) ਵਿਚ। ਯੂਕਰੇਨ ਸਭ ਤੋਂ ਵੱਡਾ ਹਾਰਨ ਵਾਲਾ ਹੈ। ਇਸ ਦੀ ਆਰਥਿਕਤਾ ਅਤੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ ਗਿਆ ਹੈ, ਜ਼ਮੀਨ ਦੇ ਵੱਡੇ ਹਿੱਸੇ ਵਿਚ ਮਾਈਨਾਂ (ਸੁਰੰਗਾਂ) ਵਿਛਾਈਆਂ ਗਈਆਂ ਹਨ ਜਾਂ ਜ਼ਮੀਨ ਦੇ ਵੱਡੇ ਹਿੱਸੇ 'ਤੇ ਰੂਸ ਨੇ ਕਬਜ਼ਾ ਕਰ ਲਿਆ ਹੈ, ਲੱਖਾਂ ਲੋਕ ਸ਼ਰਨਾਰਥੀ ਬਣ ਕੇ ਦੇਸ਼ ਛੱਡ ਗਏ ਹਨ, ਹਜ਼ਾਰਾਂ ਲੋਕ ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ, ਲੋਕਤੰਤਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਪ੍ਰੋਟੋ-ਫਾਸ਼ਿਸਟ (ਮੁਢਲੇ ਪੜਾਅ ਦੇ ਫਾਸ਼ੀਵਾਦੀ) ਅੱਤਵਾਦੀ ਰਾਜਨੀਤਿਕ ਤੌਰ ਉੱਤੇ ਸੱਤਾ ਵਿਚ ਹਨ, ਅਤੇ ਦੇਸ਼ ਵਿਚ ਇਕ ਅਸਫਲ ਰਾਜ (ਫੇਲਡ ਸਟੇਟ) ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਿਖਾਈ ਦਿੰਦੀਆਂ ਹਨ।

ਯੂਰਪ ਵੀ ਇੱਕ ਵੱਡਾ ਹਾਰਨ ਵਾਲਾ ਹੈ। ਇਸ ਨੂੰ ਵੱਡੀ ਗਿਣਤੀ ਵਿਚ ਆ ਰਹੇ ਯੂਕਰੇਨੀ ਸ਼ਰਨਾਰਥੀਆਂ ਦਾ ਭਾਰ ਝੱਲਣਾ ਪੈ ਰਿਹਾ ਹੈ ਅਤੇ ਉਨ੍ਹਾਂ ਨਾਲ ਪੈਦਾ ਹੋਣ ਵਾਲੇ ਸਮਾਜਿਕ-ਆਰਥਿਕ ਖਰਚੇ ਅਤੇ ਉਨ੍ਹਾਂ ਕਾਰਨ ਪੈਦਾ ਹੋਣ ਵਾਲੇ ਨੁਕਸਾਨਦੇਹ ਰਾਜਨੀਤਿਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਰਥਿਕ ਖਰਚੇ ਖਾਸ ਤੌਰ ਉੱਤੇ ਬਹੁਤ ਵੱਡੇ ਹਨ। ਰੂਸ ਤੋਂ ਸਸਤੀ ਊਰਜਾ ਸਪਲਾਈ ਦੇ ਬੰਦ ਹੋਣ ਕਾਰਨ ਯੂਰਪੀ ਊਰਜਾ ਕੀਮਤਾਂ ਪੱਕੇ ਤੌਰ ਉੱਤੇ ਵਧੀਆਂ ਰਹਿਣਗੀਆਂ। ਊਰਜਾ ਕੀਮਤਾਂ ਵਿਚ ਵਾਧੇ ਨੇ ਅਸਥਾਈ ਮਹਿੰਗਾਈ ਪੈਦਾ ਕੀਤੀ ਹੈ ਜੋ ਅਸਲ ਆਮਦਨਾਂ ਨੂੰ ਪੱਕੇ ਤੌਰ ਉੱਤੇ ਘਟਾਏਗੀ ਅਤੇ ਅੰਤਰਰਾਸ਼ਟਰੀ ਉਦਯੋਗਿਕ ਖੇਤਰ ਵਿਚ ਮੁਕਾਬਲਾ ਕਰ ਸਕਣ ਦੀ ਸਮਰੱਥਾ ਨੂੰ ਨੁਕਸਾਨ ਕਰੇਗੀ, ਜਿਸ ਦਾ ਇਸ ਦੇ ਉਤਪਾਦਨ ਦੇ ਖੇਤਰ (ਮੈਨੂਫੈਕਚਰਿੰਗ ਸੈਕਟਰ) ਉੱਤੇ ਮਾੜਾ ਅਸਰ ਪਵੇਗਾ। ਪਾਬੰਦੀਆਂ ਕਾਰਨ ਯੂਰਪ ਨੇ ਰੂਸ ਨੂੰ ਕੈਪੀਟਲ ਗੁੱਡਜ਼

*(ਬਾਕੀ ਅਗਲੇ ਸਫੇ 'ਤੇ)*

# ਤਖ਼ਤ ਛੱਡਿਆ, ਸਿੱਖੀ ਨਹੀਂ — ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਅਟੱਲ ਕੁਰਬਾਨੀ

ਭਾਰਤੀ ਇਤਿਹਾਸ ਵਿਚ ਜਿੱਥੇ ਕਈ ਰਾਜੇ ਅੰਗਰੇਜ਼ੀ ਤਾਕਤ ਅੱਗੇ ਝੁਕ ਗਏ, ਉੱਥੇ ਨਾਭਾ ਰਿਆਸਤ ਦਾ ਮਹਾਰਾਜਾ ਰਿਪੁਦਮਨ ਸਿੰਘ ਉਹ ਇਕੱਲਾ ਸ਼ਾਸਕ ਸੀ ਜਿਸ ਨੇ ਸਿੱਖੀ ਦੇ ਸਿਧਾਂਤਾਂ ਲਈ ਰਾਜ ਤਾਜ, ਮਹੱਲ, ਫੌਜ ਅਤੇ ਆਪਣੀ ਪੂਰੀ ਰਿਆਸਤ ਇੱਕੋ ਰਾਤ ਵਿਚ ਛੱਡ ਦਿੱਤੀ।

ਮਾਫ਼ੀ ਮੰਗ ਕੇ ਆਜ਼ਾਦ ਹੋ ਸਕਦਾ ਸੀ ਪਰ ਉਸ ਨੇ ਕਾਲੇ ਪਾਣੀ ਦੀ ਕੈਦ ਕਬੂਲ ਕੀਤੀ, ਸਿੱਖੀ ਨਾਲ ਸਮਝੌਤਾ ਨਹੀਂ। ਮਾਲਵੇ

**ਗੁਰਬਿੰਦਰ ਗੁਰੀ**
**ਫੋਨ: +447951 590424**

ਦੀ ਸਿੱਖ ਸ਼ਾਨ ਨਾਭਾ ਰਿਆਸਤ ਸਿਰਫ਼ ਇੱਕ ਭੂਗੋਲਿਕ ਇਲਾਕਾ ਨਹੀਂ ਸੀ, ਇਹ ਸਿੱਖ ਸਰਦਾਰੀ ਦੀ ਜਿਉਂਦੀ ਨਿਸ਼ਾਨੀ ਸੀ। ਲਾਹੌਰ ਅਤੇ ਦਿੱਲੀ ਦੀਆਂ ਸਲਤਨਤਾਂ ਦੇ ਵਿਚਕਾਰ ਵਸਿਆ ਇਹ ਖੇਤਰ ਮਾਲਵਾ ਦੀ ਸਿਆਸੀ ਧੜਕਣ ਸੀ। ਨਾਭਾ ਦੀ ਸ਼ਾਨ, ਉਸਦੇ ਮਹਲ, ਉਸਦੀ ਖ਼ੁਦਮੁਖ਼ਤਿਆਰੀ—ਇਹ ਸਭ ਕੁਝ ਅੰਗਰੇਜ਼ੀ ਹਕੂਮਤ ਨੂੰ ਸ਼ੁਰੂ ਤੋਂ ਹੀ ਖਟਕਦਾ ਰਿਹਾ।

**ਗੁਰੂ ਦੀ ਹਜ਼ੂਰੀ 'ਚ ਰਾਜ-ਤਿਲਕ: ਸਿੱਧੀ ਚੁਣੌਤੀ**

ਮਹਾਰਾਜਾ ਹੀਰਾ ਸਿੰਘ ਦੇ ਪੁੱਤਰ ਰਿਪੁਦਮਨ ਸਿੰਘ ਆਜ਼ਾਦ ਸੋਚ ਅਤੇ ਧਾਰਮਿਕ ਅਡੋਲਤਾ ਦਾ ਪ੍ਰਤੀਕ ਸਨ। ਜਦੋਂ ਗੱਦੀ ਸੰਭਾਲਣ ਦੀ ਵਾਰੀ ਆਈ, ਉਸ ਸਮੇਂ ਬ੍ਰਿਟਿਸ਼ ਸਰਕਾਰ ਰਾਜ-ਤਿਲਕ ਦੀ ਰਸਮ ਕਰਦੀ ਸੀ। ਪਰ ਮਹਾਰਾਜਾ ਨੇ ਦੋ ਟੁੱਕ ਕਹਿ ਦਿੱਤਾ—'ਮੇਰਾ ਤਿਲਕ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ ਨਾਲ ਹੀ ਹੋਵੇਗਾ।' ਸੰਤ ਬਾਬਾ ਅਤਰ ਸਿੰਘ ਮਸਤੂਆਣਾ ਅਤੇ ਸੰਤ ਬਾਬਾ ਸੁੰਦਰ ਸਿੰਘ ਭਿੰਡਰਾਂਵਾਲੇ ਦੀ ਹਾਜ਼ਰੀ 'ਚ ਇਹ ਇਤਿਹਾਸਕ ਰਸਮ ਸੰਪੰਨ ਹੋਈ। ਅੰਗਰੇਜ਼ ਸਮਝ ਗਏ ਇਹ ਰਾਜਾ ਨਰਮ ਨਹੀਂ।

**ਗੁਰਦੁਆਰਾ ਸੁਧਾਰ ਲਹਿਰ: ਟਕਰਾਅ ਦੀ ਸ਼ੁਰੂਆਤ**

1920 ਦੇ ਦਹਾਕੇ ਵਿਚ ਗੁਰਦੁਆਰਾ ਸੁਧਾਰ ਲਹਿਰ ਸਿੱਖ ਅਸਮਿਤਾ ਦੀ ਆਵਾਜ਼ ਬਣੀ। ਮਹਾਰਾਜਾ ਰਿਪੁਦਮਨ ਸਿੰਘ ਇਸ ਲਹਿਰ ਦੇ ਨਾਲ ਚੱਟਾਨ ਵਾਂਗ ਖੜ੍ਹੇ ਰਹੇ। ਇਹੀ ਗੱਲ ਬ੍ਰਿਟਿਸ਼ ਸਰਕਾਰ ਲਈ ਅਸਹਿਣਸ਼ੀਲ ਸੀ।

**1923: ਸਾਜ਼ਿਸ਼, ਦਬਾਅ ਅਤੇ ਬਰਖ਼ਾਸਤਗੀ 9 ਜੁਲਾਈ 1923**

ਅੰਗਰੇਜ਼ ਸਰਕਾਰ ਨੇ ਮੌਕਾ ਤੱਕਿਆ। ਸਿੱਧਾ ਨਹੀਂ ਹਟਾ ਸਕਦੇ ਸਨ, ਇਸ ਲਈ ਸਾਜ਼ਿਸ਼ ਰਚੀ ਗਈ। ਮਹਾਰਾਜਾ ਨੂੰ ਗੱਦੀ ਛੱਡਣ ਲਈ ਮਜਬੂਰ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਮਹਾਰਾਜਾ ਦੇ ਹੱਕ 'ਚ ਉਠ ਖੜ੍ਹੀ ਹੋਈ।

ਕਾਲੀ ਪੱਗ, ਕਲਗੀ ਅਤੇ ਗ੍ਰਿਫ਼ਤਾਰੀ 8 ਜੁਲਾਈ





1923 ਦੀ ਰਾਤ ਨਾਭਾ ਦੇ ਇਤਿਹਾਸ ਦੀ ਸਭ ਤੋਂ ਭਾਰੀ ਰਾਤ।

ਕਾਲੀ ਪੱਗ ਬੰਨ੍ਹੀ, ਕਲਗੀ ਸਜਾਈ—ਮਹਾਰਾਜਾ ਰਿਪੁਦਮਨ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਨਾਭਾ, ਗੋਬਿੰਦਗੜ੍ਹ, ਅੰਬਾਲਾ, ਦੇਹਰਾਦੂਨ ਅਤੇ ਅੰਤ ਵਿਚ ਕੋਡਿਕ ਕੈਨਾਲ (ਕਾਲਾ ਪਾਣੀ) ਉੱਥੇ ਉਨ੍ਹਾਂ ਨੇ 22 ਸਾਲਾਂ ਦੀ ਤਨਹਾਈ ਕੈਦ ਕੱਟੀ। ਮਾਫ਼ੀਨਾਮਾ ਨਹੀਂ, ਸਿੱਖੀ ਪਹਿਲਾਂ।

ਜਦੋਂ ਦਿੱਲੀ ਲਿਆਂਦੇ ਗਏ, ਇੱਕ ਸਿੰਘ ਨੇ ਦੱਸਿਆ—'ਸਰਕਾਰ ਤੁਹਾਡਾ ਮਾਫ਼ੀਨਾਮਾ ਅਖ਼ਬਾਰ ਵਿਚ ਛਾਪ ਰਹੀ ਹੈ।'

ਮਹਾਰਾਜਾ ਦਾ ਜਵਾਬ ਇਤਿਹਾਸ ਬਣ ਗਿਆ 'ਜਦੋਂ ਮੈਂ ਸਿੱਖੀ ਲਈ ਤਖ਼ਤ ਤਿਆਗ ਦਿੱਤਾ, ਤਾਂ ਮਾਫ਼ੀ ਕਿਉਂ?' ਉਹ ਮੁੜ ਕਾਲੇ ਪਾਣੀ ਜਾਣ ਲਈ ਤਿਆਰ ਹੋ ਗਏ।

**ਜੈਤੋ ਮੋਰਚਾ: ਸ਼ਹਾਦਤਾਂ ਦਾ ਸਿਲਸਿਲਾ**

ਮਹਾਰਾਜਾ ਦੀ ਬਹਾਲੀ ਲਈ ਜੈਤੋ ਮੋਰਚਾ ਲੱਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰੋਜ਼ਾਨਾ ਜੱਥੇ ਤੁਰੇ। ਸਿੰਘ ਆਪਣੇ ਗਾਤਰਿਆਂ 'ਤੇ ਪਹਿਲਾਂ ਹੀ ਲਿਖਵਾ ਲੈਂਦੇ—'ਸ਼ਹੀਦ — ਸਿੰਘ'

ਪੁਲਿਸ ਗੋਲੀਬਾਰੀ ਵਿਚ 100 ਤੋਂ ਵੱਧ ਸਿੱਖ ਸ਼ਹੀਦ, ਸੈਂਕੜੇ ਜ਼ਖ਼ਮੀ। ਇਹ ਮੋਰਚਾ ਸਿੱਖ ਸੰਘਰਸ਼ ਦੀ ਸੁਨਹਿਰੀ ਕੁਰਬਾਨੀ ਬਣਿਆ।

**ਛੇਵੀਂ ਪੀੜ੍ਹੀ: ਇਤਿਹਾਸ ਦੀ ਵਾਪਸੀ 2 ਫਰਵਰੀ—**

ਨਾਭਾ ਰਿਆਸਤ ਦੀ ਛੇਵੀਂ ਪੀੜ੍ਹੀ ਅਭਿ ਉਦੈ ਪ੍ਰਤਾਪ ਸਿੰਘ ਦੀ ਦਸਤਾਰਬੰਦੀ ਹੋਈ। ਦਿੱਲੀ ਵਿਚ ਪਲਿਆ ਬੱਚਾ, ਅੰਦਰੋਂ ਨਾਭਾ ਨਾਲ ਜੁੜਿਆ। ਨਿਸ਼ਾਨ ਸਾਹਿਬ ਛੱਤ 'ਤੇ ਲਾਇਆ, ਤਲਵਾਰ ਧਾਰੀ, ਅਤੇ ਇਤਿਹਾਸ ਦੀ ਖੋਜ 'ਚ ਨਾਭਾ ਆਇਆ। ਕਾਨੂੰਨੀ ਲੜਾਈ ਲੜੀ, ਜਿੱਤੀ, ਹੀਰਾ ਮਹੱਲ ਮੁੜ ਪ੍ਰਾਪਤ ਕੀਤਾ। ਲੋਕ ਕਹਿੰਦੇ ਨੇ—ਇਹ ਸਿਰਫ਼ ਵਾਰਿਸ ਨਹੀਂ, ਇਹ ਇਤਿਹਾਸ ਦੀ ਵਾਪਸੀ ਹੈ। ਮਹਾਰਾਜਾ ਰਿਪੁਦਮਨ ਸਿੱਖ ਇਤਿਹਾਸ ਦਾ ਉਹ ਅਧਿਆਇ ਹੈ ਜੋ ਸਿਖਾਉਂਦਾ ਹੈ ਰਾਜ ਮਿਲ ਸਕਦਾ ਹੈ, ਪਰ ਸਿੱਖੀ ਨਹੀਂ ਵੇਚੀ ਜਾਂਦੀ।

---

*(ਪਿਛਲੇ ਸਫੇ ਦਾ ਬਾਕੀ)*

(ਮਸ਼ੀਨਰੀ, ਸੰਦ, ਸੌਫਟਵੇਅਰ ਅਤੇ ਹੋਰ ਉਤਪਾਦਤ ਵਸਤਾਂ) ਦਾ ਨਿਰਯਾਤ ਕਰਨ ਦੇ ਆਰਥਿਕ ਮੌਕੇ ਵੀ ਗੁਆ ਲਏ ਹਨ। ਚੀਨ ਨਾਲ ਇਸ ਦਾ ਲਾਭਦਾਇਕ ਵਪਾਰ ਅਤੇ ਨਿਵੇਸ਼ ਸੰਬੰਧ ਵੀ ਖਤਰੇ ਵਿਚ ਹਨ, ਕਿਉਂਕਿ ਅਮਰੀਕਾ ਨੇਟੋ ਦੇ ਸਾਥੀਆਂ ਉੱਤੇ ਜ਼ੋਰ ਪਾ ਰਿਹਾ ਹੈ ਕਿ ਉਹ ਰੂਸ ਦਾ ਸਮਰਥਨ ਕਰਨ ਵਾਲੇ ਅਤੇ ਅਮਰੀਕਾ ਦੀ ਵਿਸ਼ਵ ਸਰਦਾਰੀ ਨੂੰ ਰੱਦ ਕਰਨ ਵਾਲੇ ਚੀਨ ਦੇ ਮੁਕਾਬਲੇ ਯੁੱਧ ਦੀ ਤਿਆਰੀ ਕਰਨ।

ਰੂਸ ਦੀ ਸਥਿਤੀ ਰਲਵੀਂ ਮਿਲਵੀਂ ਹੈ ਪਰ ਨਿਰੋਲ ਤੌਰ 'ਤੇ ਹਾਂ-ਪੱਖੀ (ਨੈੱਟ ਪੌਜ਼ੇਟਿਵ) ਹੈ। ਇੱਕ ਪਾਸੇ, ਇਸ ਦੇ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਬਹੁਤ ਸਾਰੇ ਫੌਜੀ ਸਾਜ਼-ਸਮਾਨ (ਹਾਰਡਵੇਅਰ) ਦੀ ਤਬਾਹੀ ਹੋਈ ਹੈ। ਪਾਬੰਦੀਆਂ ਕਾਰਨ ਅਤੇ ਯੂਰੋਪ ਨਾਲ ਵਪਾਰਕ ਮੌਕਿਆਂ ਦੇ ਕੱਟੇ ਜਾਣ ਕਾਰਨ ਇਸ ਨੂੰ ਆਰਥਿਕ ਮੌਕਿਆਂ ਦਾ ਨੁਕਸਾਨ ਵੀ ਝੱਲਣਾ ਪਿਆ ਹੈ, ਅਤੇ ਪੱਛਮ ਵੱਲੋਂ ਇਸ ਦੇ ਵਿਦੇਸ਼ੀ ਮੁਦਰਾ ਰਿਜ਼ਰਵਾਂ ਨੂੰ ਜ਼ਬਤ ਕਰਨ ਦਾ ਅਨਸੁਲਝਿਆ ਮੁੱਦਾ ਵੀ ਹੈ। ਦੂਜੇ ਪਾਸੇ, ਇਸ ਨੇ ਰੂਸ ਦੀ ਸੁਰੱਖਿਆ ਨੂੰ ਹੌਲੀ ਹੌਲੀ ਖਤਮ ਕਰਨ ਵਾਲੇ ਵੱਧ ਰਹੇ ਰਣਨੀਤਕ ਖਤਰੇ ਦੇ ਅਮਰੀਕਾ ਦੇ ਪ੍ਰੋਜੈਕਟ ਨੂੰ ਰੋਕਣ ਦਾ ਟੀਚਾ ਹਾਸਲ ਕੀਤਾ ਹੈ, ਅਤੇ ਇਸ ਨੇ ਯੂਕਰੇਨ ਵਲੋਂ ਨੇਟੋ ਵਿਚ ਸ਼ਾਮਲ ਹੋਣ ਨਾਲ ਪੈਦਾ ਹੋਣ ਵਾਲੇ ਸੁਰੱਖਿਆ ਖਤਰੇ ਨੂੰ ਖਤਮ ਕਰਨ ਦਾ ਟੀਚਾ ਵੀ ਕਾਫ਼ੀ ਹੱਦ ਤੱਕ ਹਾਸਲ ਕਰ ਲਿਆ ਹੈ। ਯੁੱਧ ਨੇ ਰੂਸੀ ਫੌਜ ਨੂੰ ਆਪਣੀ ਸਹੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਮੌਕਾ ਵੀ ਪ੍ਰਦਾਨ ਕੀਤਾ ਹੈ ਜੋ ਭਵਿੱਖ ਵਿਚ ਫੌਜੀ ਸੁਧਾਰਾਂ ਦੀ ਸੰਭਾਵਨਾ ਪ੍ਰਦਾਨ ਕਰਦਾ ਹੈ।

ਇਸ ਤੋਂ ਇਲਾਵਾ, ਰੂਸ ਨੂੰ ਮਹੱਤਵਪੂਰਨ ਆਰਥਿਕ ਲਾਭ ਹੋ ਸਕਦੇ ਹਨ, ਕਿਉਂਕਿ ਯੁੱਧ ਨੇ ਪੁਤਿਨ ਨੂੰ ਭ੍ਰਿਸ਼ਟਾਚਾਰ ਉੱਤੇ ਸਖ਼ਤੀ ਕਰਨ ਅਤੇ ਓਲੀਗਾਰਕਾਂ (ਅਲਪਤੰਤਰ ਦਾ ਹਿੱਸਾ ਬਹੁਤ ਹੀ ਅਮੀਰ ਵਿਅਕਤੀਆਂ) ਦੀ ਤਾਕਤ ਘਟਾਉਣ ਲਈ ਸਿਆਸੀ ਸੱਤਾ ਦਿੱਤੀ ਹੈ। ਇਸ ਨੂੰ ਫੌਜੀ ਕੇਨਜ਼ੀਅਨਿਜ਼ਮ ਅਤੇ ਸਮਾਜਿਕ ਲੋਕਤੰਤਰੀ ਕੇਨਜ਼ੀਅਨਿਜ਼ਮ ਵਿਚਕਾਰ ਆਰਥਿਕ ਫਲਕ੍ਰਮ ਤੋਂ ਵੀ ਫਾਇਦਾ ਹੋ ਰਿਹਾ ਹੈ। ਜਿਵੇਂ ਕਿ ਜੇਮਜ਼ ਕੇ. ਗੈਲਬ੍ਰੈਥ ਨੇ ਦਲੀਲ ਦਿੱਤੀ ਹੈ, ਪਾਬੰਦੀਆਂ ਦਾ ਨਿਜ਼ਾਮ ਨੀਤੀ ਦੇ ਖੇਤਰ ਵਿਚ ਇੱਕ ਤਰ੍ਹਾਂ ਦਾ ਤੋਹਫ਼ਾ ਰਿਹਾ ਹੈ, ਜਿਸ ਨੇ ਰੂਸ ਨੂੰ ਵਿਕਾਸ-ਪੱਖੀ ਨੀਤੀ ਲਾਗੂ ਕਰਨ ਦੇ ਸਮਰੱਥ ਬਣਾਇਆ ਅਤੇ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਜਿਸ ਨੂੰ ਉਹ ਸ਼ਾਇਦ ਇਸ ਦੇ ਬਿਨਾਂ ਰਾਜਨੀਤਿਕ ਤੌਰ ਉੱਤੇ ਲਾਗੂ ਨਾ ਕਰ ਸਕਦਾ। ਇੱਕ ਖੁੱਲ੍ਹਾ ਮੁੱਦਾ ਇਹ ਹੈ ਕਿ ਕੀ ਚੀਨ ਅਤੇ ਹੋਰ ਦੇਸ਼ ਉੱਤਮ ਤਕਨਾਲੋਜੀ (ਐਡਵਾਂਸਡ ਟੈਕਨੋਲੋਜੀ) ਦੀਆਂ ਉਹ ਵਸਤਾਂ ਸਪਲਾਈ ਕਰ ਸਕਦੇ ਹਨ ਜਿਹਨਾਂ ਨੂੰ ਸਪਲਾਈ ਕਰਨ ਤੋਂ ਅਮਰੀਕਾ/ਨੇਟੋ ਬਲਾਕ ਨੇ ਇਨਕਾਰ ਕੀਤਾ ਹੈ।

ਸ਼ੌਰਟ ਟਰਮ (ਅਲਪਕਾਲ) ਵਿਚ ਅਮਰੀਕਾ ਲੜਾਈ ਦਾ ਮੁੱਖ ਜੇਤੂ ਹੈ, ਜਿਸ ਤੋਂ ਬਾਈਡਨ ਪ੍ਰਸ਼ਾਸਨ ਵਲੋਂ ਲੜਾਈ ਨੂੰ ਲਮਕਾਉਣ ਅਤੇ ਵਧਾਉਣ ਦੇ ਦ੍ਰਿੜ੍ਹ ਇਰਾਦੇ ਦੀ ਸਮਝ ਲਗਦੀ ਹੈ। ਇਸ ਨੂੰ ਲੜਾਈ ਤੋਂ ਯੁੱਧ ਖੇਤਰ ਨਾਲ ਸੰਬੰਧਿਤ ਕੋਈ ਸਿੱਧਾ ਨੁਕਸਾਨ ਨਹੀਂ ਹੋਇਆ, ਜਦੋਂ ਕਿ ਰੂਸ ਨੂੰ ਲਗਾਤਾਰ ਫੌਜੀ ਨੁਕਸਾਨ ਝੱਲਣੇ ਪੈ ਰਹੇ ਹਨ। ਅਮਰੀਕਾ ਦਾ ਆਰਥਿਕ ਨੁਕਸਾਨ ਸਿਰਫ਼ 2022 ਵਿਚ ਕੁਝ ਅਸਥਾਈ ਤੌਰ 'ਤੇ ਵਧੀ ਮਹਿੰਗਾਈ ਤੱਕ ਸੀਮਤ ਰਿਹਾ ਹੈ, ਅਤੇ ਇਸ ਦਾ ਘਾਟਾ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਨਾਲ ਫੌਜੀ ਕੇਨਜ਼ੀਅਨ ਨੂੰ ਮਿਲੇ ਹੁਲਾਰੇ ਨਾਲ ਹੋਏ ਲਾਭਾਂ ਨਾਲ ਪੂਰਾ ਹੋ ਗਿਆ ਹੈ। ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਅਮਰੀਕਾ ਨੇ ਯੂਰਪ ਨੂੰ ਊਰਜਾ ਸਪਲਾਈ ਕਰਨ ਲਈ ਰੂਸ ਦੀ ਜਗ੍ਹਾ ਲੈ ਲਈ ਹੈ। ਇਸ ਨਾਲ ਅਮਰੀਕਾ ਦੇ ਊਰਜਾ ਨਿਰਯਾਤ ਵਧੇ ਹਨ ਅਤੇ ਇਸ ਦੇ ਖਾੜੀ ਤੱਟ ਦੇ ਸੂਬਿਆਂ (ਗਲਫ ਕੋਸਟ ਸਟੇਟਸ) ਦੀਆਂ ਆਰਥਿਕਤਾਵਾਂ ਨੂੰ ਲਾਭ ਪਹੁੰਚਿਆ ਹੈ। ਭੂ-ਰਾਜਨੀਤਿਕ (ਜੀਓਪੁਲੀਟੀਕਲ) ਤੌਰ ਉੱਤੇ, ਇਸ ਨੇ ਯੂਰਪ ਨੂੰ ਰੂਸ ਤੋਂ ਵੱਖ ਕਰਕੇ ਅਮਰੀਕੀ ਊਰਜਾ ਉੱਤੇ ਨਿਰਭਰ ਬਣਾ ਦਿੱਤਾ ਹੈ, ਜੋ ਅਮਰੀਕਾ ਦੇ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਦੇ ਫਿੱਟ ਬੈਠਦਾ ਹੈ। ਇਸ ਦੇ ਨਾਲ ਹੀ ਯੂਰਪ ਅਤੇ ਚੀਨ ਵਿਚਕਾਰ ਆਰਥਿਕ ਤਣਾਅ ਵਧਾਉਣਾ ਵੀ ਉਸ ਪ੍ਰੋਜੈਕਟ ਦੀ ਸੇਵਾ ਕਰਦਾ ਹੈ, ਜਿਸ ਕਾਰਨ ਯੂਰਪ ਨੂੰ ਵਪਾਰ ਅਤੇ ਨਿਵੇਸ਼ ਨੁਕਸਾਨਾਂ ਤੋਂ ਵੱਡੇ ਖਰਚੇ ਝੱਲਣੇ ਪੈਂਦੇ ਹਨ।

ਲੰਬੇ ਸਮੇਂ ਵਿਚ, ਭੂ-ਰਣਨੀਤਕ (ਜੀਓਸਟਰੈਟੀਜਕ) ਕਾਰਨਾਂ ਕਰਕੇ ਅਮਰੀਕਾ ਦਾ ਵਹੀ ਖਾਤਾ ਖਰਾਬ ਲੱਗਦਾ ਹੈ। ਪਹਿਲਾ, ਨੇਟੋ ਅਤੇ ਅਮਰੀਕਾ ਨਾਲ ਜੁੜੇ ਸ਼ਾਂਤ ਮਹਾਂਸਾਗਰ ਨਾਲ ਲਗਦੇ ਦੇਸ਼ਾਂ (ਪੈਸਿਫਿਕ ਕੰਟਰੀਜ਼) ਨੂੰ ਛੱਡ ਕੇ, ਦੁਨੀਆ ਦੇ ਜ਼ਿਆਦਾਤਰ ਹਿੱਸੇ ਨੂੰ ਰੂਸ ਦੇ ਸੁਰੱਖਿਆ ਦਾਅਵਿਆਂ ਵਿਚ ਕੁਝ ਦਮ ਲਗਦਾ ਹੈ। ਦੂਜਾ, ਅਤੇ ਸਭ ਤੋਂ ਮਹੱਤਵਪੂਰਨ, ਅਮਰੀਕਾ ਚੀਨ-ਰੂਸ ਵਿਚਕਾਰ ਇੱਕ ਵਿਸ਼ਾਲ ਰਣਨੀਤਕ ਗਠਜੋੜ ਨੂੰ ਮਜ਼ਬੂਤ ਕਰਨ ਵਿਚ ਕਾਮਯਾਬ ਹੋਇਆ ਹੈ ਜੋ ਇਸ ਦੀ ਤਾਕਤ ਨੂੰ ਪੱਕੇ ਤੌਰ ਉੱਤੇ ਘਟਾਉਣ ਅਤੇ ਅਮਰੀਕਾ ਦੀ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਨੂੰ ਕਮਜ਼ੋਰ ਕਰਨ ਵਾਲਾ ਹੈ। ਬਦਕਿਸਮਤੀ ਨਾਲ, ਲੰਬੇ ਸਮੇਂ ਦੇ ਇਨ੍ਹਾਂ ਮਾੜੇ ਪ੍ਰਭਾਵਾਂ ਦਾ ਲੜਾਈ ਉੱਤੇ ਬਹੁਤ ਘੱਟ ਅਸਰ ਹੈ ਕਿਉਂਕਿ ਉਹ ਜ਼ਿਆਦਾਤਰ ਤੌਰ 'ਤੇ ਅਟੱਲ ਹਨ, ਜਦੋਂ ਕਿ ਸ਼ੌਰਟ ਟਰਮ (ਅਲਪਕਾਲ) ਦੇ ਲਾਭ ਲਗਾਤਾਰ ਹਾਸਲ ਹੋ ਰਹੇ ਹਨ। ਇਹ ਸਥਿਤੀ ਅਮਰੀਕਾ ਦੀ ਸਥਾਪਤੀ ਨੂੰ ਯੁੱਧ ਜਾਰੀ ਰੱਖਣ ਲਈ ਪ੍ਰੇਰਨਾ ਦਿੰਦੀ ਹੈ।

ਯੂਕਰੇਨ ਵਿਚ, ਲੋਕਤੰਤਰ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਯੁੱਧ ਦੇ ਅੰਦਰੂਨੀ ਵਿਰੋਧ ਨੂੰ ਦਬਾਇਆ ਜਾ ਰਿਹਾ ਹੈ। ਕੌਮਵਾਦੀ ਅੱਤਵਾਦੀ (ਨੈਸ਼ਨਲਿਸਟ ਐਕਸਟਰੀਮਿਸਟ) ਫੌਜ ਨੂੰ ਕੰਟਰੋਲ ਕਰਦੇ ਹਨ ਅਤੇ ਮੁੱਖ ਰਾਜਨੀਤਿਕ ਤਾਕਤ ਹਨ, ਜਦੋਂ ਕਿ ਰਾਸ਼ਟਰਪਤੀ ਵੋਲੋਦੀਮਿਰ ਜ਼ੇਲੈਂਸਕੀ ਸਿਰਫ਼ ਨਾਂ ਦਾ ਮੁਖੀ ਹੈ। ਇਸ ਦਾ ਮਤਲਬ ਹੈ ਕਿ ਯੂਕਰੇਨ ਵੀ ਲੜਾਈ ਵਿਚ ਫਸਿਆ ਹੋਇਆ ਹੈ, ਕਿਉਂਕਿ ਕੌਮਵਾਦੀ (ਨੈਸ਼ਨਲਿਸਟ) ਸਮਝੌਤੇ ਲਈ ਤਿਆਰ ਨਹੀਂ ਹਨ।

ਰੂਸ ਹੌਲੀ-ਹੌਲੀ ਹਥਿਆਰਾਂ ਦੀ ਜਿੱਤ ਵੱਲ ਵਧ ਰਿਹਾ ਹੈ, ਨਾਲ ਹੀ ਨਿਊਕਲੀਅਰ ਘਟਨਾ ਹੋਣ ਦਾ ਖਤਰਾ ਹਮੇਸ਼ਾਂ ਮੌਜੂਦ ਹੈ। ਇਹ ਯੂਕਰੇਨ ਦੀ ਨੇਟੋ ਮੈਂਬਰਸ਼ਿਪ ਨੂੰ ਆਪਣੀ ਹੋਂਦ ਦੀ ਸੁਰੱਖਿਆ ਲਈ ਧਮਕੀ ਮੰਨਦਾ ਹੈ, ਅਤੇ ਯੁੱਧ ਨੇ ਇਸ ਦੇ ਡਰਾਂ ਨੂੰ ਕਾਫ਼ੀ ਹੱਦ ਤੱਕ ਸਹੀ ਸਾਬਤ ਕਰ ਦਿੱਤਾ ਹੈ। ਇਸ ਨੇ ਆਪਣੇ ਯੁੱਧ ਦੇ ਲਾਭਾਂ ਲਈ ਬਹੁਤ ਖੂਨ ਵਹਾਇਆ ਹੈ ਅਤੇ ਖਜ਼ਾਨਾ ਖਰਚ ਕੀਤਾ ਹੈ, ਜਿਨ੍ਹਾਂ ਨੂੰ ਇਹ ਨਹੀਂ ਛੱਡੇਗਾ।

ਉੱਪਰ ਦੇ ਮੁਲਾਂਕਣ ਤੋਂ ਲੱਗਦਾ ਹੈ ਕਿ ਸ਼ਾਂਤੀ ਦੀ ਸੰਭਾਵਨਾ ਅਤੇ ਅਸਾਰ ਬਹੁਤ ਘੱਟ ਹਨ, ਅਤੇ ਲੜਾਈ ਸੰਭਵ ਤੌਰ ਉੱਤੇ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਜਾਂ ਤਾਂ ਯੁੱਧ-ਖੇਤਰ ਦਾ ਨਤੀਜਾ ਪੱਕੇ ਤੌਰ ਉੱਤੇ ਤੈਅ ਨਹੀਂ ਹੋ ਜਾਂਦਾ ਜਾਂ ਪੱਛਮੀ ਜਨਤਕ ਰਾਏ ਨਹੀਂ ਬਦਲ ਜਾਂਦੀ। ਇਹ ਜੰਗ ਕਦੇ ਵੀ ਨਹੀਂ ਹੋਣੀ ਚਾਹੀਦੀ ਸੀ। ਅਮਰੀਕਾ ਨੇ ਯੂਕਰੇਨ ਨੂੰ ਉਨ੍ਹਾਂ ਸਥਿਤੀਆਂ ਨੂੰ ਅਪਣਾਉਣ ਲਈ ਹਰੀ ਝੰਡੀ ਦਿੱਤੀ ਜੋ ਲੜਾਈ ਵੱਲ ਲੈ ਕੇ ਜਾਣ ਵਾਲੀਆਂ ਸਨ, ਅਤੇ ਫਿਰ ਉਸ ਨੇ ਸ਼ੁਰੂ ਹੋ ਰਹੀ ਲੜਾਈ ਨੂੰ ਰੋਕਣ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ। ਅਮਰੀਕਾ ਹੁਣ ਵੀ ਯੂਕਰੇਨ ਨੂੰ ਤਬਾਹ ਹੋਏ ਹਥਿਆਰਾਂ ਦੀ ਮੁੜ ਸਪਲਾਈ ਕਰਕੇ, ਵਾਧੂ ਉੱਨਤ ਹਥਿਆਰ ਦੇ ਕੇ, ਤਕਨੀਕੀ ਸਹਾਇਤਾ ਅਤੇ ਫੌਜੀ ਖੁਫੀਆ ਜਾਣਕਾਰੀ ਪ੍ਰਦਾਨ ਕਰਕੇ ਲੜਨ ਲਈ ਸਮਰੱਥ ਬਣਾ ਰਿਹਾ ਹੈ।

ਸੰਨ 2014 ਦੇ ਫੈਸਲਾਕੁਨ ਮੇਡਨ ਰਾਜਪਲਟੇ ਨੇ ਲੜਾਈ ਦੇ ਅਮਲ ਨੂੰ ਸ਼ੁਰੂ ਕੀਤਾ। ਮਿੰਸਕ ਸ਼ਾਂਤੀ ਪ੍ਰਕਿਰਿਆ ਨੇ ਇੱਕ ਬਚਾਅ ਦਾ ਰਾਹ ਪੇਸ਼ ਕੀਤਾ ਸੀ, ਪਰ ਹੁਣ ਇਹ ਖੁਲਾਸਾ ਹੋ ਚੁੱਕਾ ਹੈ ਕਿ ਅਮਰੀਕਾ ਅਤੇ ਨੇਟੋ ਨੂੰ ਤਣਾਅ ਘਟਾਉਣ ਦੇ ਇਸ ਅਮਲ ਵਿਚ ਕੋਈ ਦਿਲਚਸਪੀ ਨਹੀਂ ਸੀ। ਇਸ ਦੀ ਥਾਂ ਫਰਾਂਸ ਅਤੇ ਜਰਮਨੀ ਨੇ ਪ੍ਰਕਿਰਿਆ ਵਿਚ ਰੁਕਾਵਟਾਂ ਪਾਈਆਂ ਤਾਂ ਜੋ ਅਮਰੀਕਾ ਨੂੰ ਯੂਕਰੇਨ ਨੂੰ ਹਥਿਆਰਬੰਦ ਕਰਨ ਲਈ ਸਮਾਂ ਮਿਲ ਜਾਵੇ, ਜਿਸ ਦਾ ਟੀਚਾ ਡੋਨਬਾਸ ਖੇਤਰ ਦੇ ਵੱਖਵਾਦੀਆਂ ਨੂੰ ਹਰਾਉਣਾ ਸੀ। ਨਵੰਬਰ 2021 ਵਿਚ ਰੂਸ ਵੱਲੋਂ ਫੌਜ ਅਤੇ ਨੇਟੋ-ਰਹਿਤ ਯੂਕਰੇਨ ਉੱਤੇ ਕੇਂਦਰਿਤ ਯੂਕਰੇਨ ਨਾਲ ਸੰਧੀ ਦੇ ਸਮਝੌਤੇ (ਯੂਕਰੇਨ ਟ੍ਰੀਟੀ ਸੈਟਲਮੈਂਟ) ਦਾ ਪ੍ਰਸਤਾਵ ਸ਼ਾਂਤੀਪੂਰਨ ਹੱਲ ਲਈ ਆਖਰੀ ਮੌਕਾ ਸੀ, ਪਰ ਉਸ ਪ੍ਰਸਤਾਵ ਨੂੰ ਬਾਈਡਨ ਪ੍ਰਸ਼ਾਸਨ ਵੱਲੋਂ ਨਿਰਾਦਰ ਨਾਲ ਰੱਦ ਕਰ ਦਿੱਤਾ ਗਿਆ। ਮਾਰਚ 2022 ਵਿਚ ਇਸਤੰਬੋਲ ਵਿਚ ਰੂਸ ਅਤੇ ਯੂਕਰੇਨ ਵਿਚਕਾਰ ਸ਼ਾਂਤੀ ਗੱਲਬਾਤ ਦੌਰਾਨ ਯੁੱਧ ਨੂੰ ਤੁਰੰਤ ਖਤਮ ਕਰਨ ਦਾ ਮੌਕਾ ਪੈਦਾ ਹੋਇਆ ਸੀ, ਪਰ ਉਸ ਨੂੰ ਵੀ ਨੇਟੋ ਵੱਲੋਂ ਰੋਕ ਦਿੱਤਾ ਗਿਆ, ਜਿਸ ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਮਰੀਕਾ ਦੇ ਪ੍ਰਤੀਨਿਧ ਸਨ।

ਜੰਗ ਨੇ ਰਵੱਈਏ ਨਹੀਂ ਬਦਲੇ, ਪਰ ਗੱਲਬਾਤ ਦੀਆਂ ਸੰਭਾਵਨਾਵਾਂ ਘੱਟ ਅਤੇ ਵਿਗੜ ਗਈਆਂ ਹਨ। 2014 ਦੇ ਮੇਡਨ ਰਾਜਪਲਟੇ ਤੋਂ ਪਹਿਲਾਂ, ਇੱਕ ਮੋਡਸ ਵਿਵੇਂਡੀ (ਸਹਿ-ਹੋਂਦ) ਸੰਭਵ ਸੀ, ਜਿਸ ਵਿਚ ਯੂਕਰੇਨ ਆਪਣੀਆਂ 1922 ਵਾਲੀਆਂ ਸਰਹੱਦਾਂ ਬਰਕਰਾਰ ਰੱਖਦਾ ਅਤੇ 2010 ਦੀ ਖਾਰਕਿਵ ਦੀ ਸੰਧੀ ਅਨੁਸਾਰ ਰੂਸ ਕੋਲ ਸੇਵਾਸਤੋਪੋਲ ਨੇਵਲ ਬੇਸ ਦੀ ਲੀਜ਼ ਰਹਿੰਦੀ। 2014 ਦੇ ਰਾਜਪਲਟੇ ਨੇ ਉਸ ਨੂੰ ਪੱਕੇ ਤੌਰ ਉੱਤੇ ਟੇਬਲ ਤੋਂ ਲਾਂਭੇ ਕਰ ਦਿੱਤਾ। ਰੂਸ ਨੇ ਕ੍ਰੀਮੀਆ ਵਾਪਸ ਲੈ ਲਿਆ ਜੋ ਖਰੁਸ਼ਚੇਵ ਨੇ 1954 ਵਿਚ ਯੂਕਰੇਨ ਨੂੰ ਤੋਹਫ਼ੇ ਵਜੋਂ ਦਿੱਤਾ ਸੀ। 1922 ਵਿਚ ਯੂਕਰੇਨ ਵਿਚ ਸ਼ਾਮਲ ਕੀਤੇ ਗਏ ਡੋਨਬਾਸ ਦੇ ਪ੍ਰਾਂਤਾਂ ਨੂੰ ਰੂਸ ਵਲੋਂ ਜਿੱਤ ਲਏ ਜਾਣ ਨਾਲ 2022 ਦੀ ਜੰਗ ਨੇ ਸਥਿਤੀ ਨੂੰ ਹੋਰ ਬਦਲ ਦਿੱਤਾ ਹੈ।

2014 ਤੋਂ ਪਹਿਲਾਂ, ਯੂਕਰੇਨ ਅਸਾਨੀ ਨਾਲ ਰੂਸ ਨਾਲ ਇੱਕ ਸਮਝੌਤਾ ਕਰ ਸਕਦਾ ਸੀ। ਹੁਣ, ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਉਹ ਸੰਭਾਵਨਾ ਕਾਫ਼ੀ ਹੱਦ ਤੱਕ ਖਤਮ ਹੋ ਗਈ ਹੈ। ਅੰਦਰੂਨੀ ਤੌਰ ਉੱਤੇ, ਯੂਕਰੇਨ ਦੇ ਅੱਤਵਾਦੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਰਾਜਨੀਤਿਕ ਅਤੇ ਫੌਜੀ ਤੌਰ 'ਤੇ ਪੂਰਨ ਕੰਟਰੋਲ ਹਾਸਲ ਕਰ ਲਿਆ ਹੈ, ਇਸ ਲਈ ਘਰੇਲੂ ਪੱਧਰ 'ਤੇ ਯੁੱਧ ਦੇ ਖਿਲਾਫ ਰਾਜਨੀਤਿਕ ਵਿਰੋਧ ਅਸੰਭਵ ਹੋ ਗਿਆ ਹੈ। ਉਹ ਅੱਤਵਾਦੀ ਆਖਰੀ ਯੂਕਰੇਨੀ ਤੱਕ ਲੜਨ ਲਈ ਤਿਆਰ ਹਨ। ਬਾਹਰੀ ਤੌਰ ਉੱਤੇ, ਯੂਕਰੇਨ ਦੇ ਕੌਮਵਾਦੀ (ਨੈਸ਼ਨਲਿਸਟ) ਅਮਰੀਕਾ ਦੇ ਅਹਿਸਾਨਾਂ ਹੇਠ ਦੱਬੇ ਹੋਏ ਹਨ, ਕਿਉਂਕਿ ਉਨ੍ਹਾਂ ਦੀ ਫੌਜੀ ਅਤੇ ਰਾਜਨੀਤਿਕ ਸਥਿਤੀ ਅਮਰੀਕਾ ਵਲੋਂ ਮਿਲ ਰਹੇ ਲਗਾਤਾਰ ਸਮਰਥਨ ਦੇ ਬਿਨਾਂ ਢਹਿ ਢੇਰੀ ਹੋ ਜਾਵੇਗੀ। ਉਹ ਨਿਰਭਰਤਾ ਅਮਰੀਕਾ ਨੂੰ ਪ੍ਰਭਾਵ ਪਾਉਣ ਲਈ ਵੱਡੀ ਤਾਕਤ ਦਿੰਦੀ ਹੈ, ਅਤੇ ਅਮਰੀਕਾ ਚਾਹੁੰਦਾ ਹੈ ਕਿ ਜੰਗ ਜਾਰੀ ਰਹੇ, ਕਿਉਂਕਿ ਇਸ ਨੂੰ ਇਸ ਦਾ ਬਹੁਤ ਘੱਟ ਖਰਚਾ ਪੈਂਦਾ ਹੈ ਅਤੇ ਇਹ ਰੂਸ ਦੇ ਕੀਤੇ ਜਾ ਰਹੇ ਨੁਕਸਾਨ ਵਿਚ ਲਾਭ ਵੇਖਦਾ ਹੈ।

ਅਸਲ ਵਿਚ, ਯੂਕਰੇਨ ਦੇ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਯੂਕਰੇਨ ਨੂੰ ਅਮਰੀਕਾ ਦੇ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਵਿਚ ਇੱਕ 'ਬਲੀ ਦਾ ਬੱਕਰਾ' ਬਣਾ ਦਿੱਤਾ ਹੈ। ਇਹ ਭੂਮਿਕਾ ਹੁਣ ਸਾਧਾਰਨ ਯੂਕਰੇਨੀਆਂ ਨੂੰ ਰੂਸ ਵਿਰੁੱਧ ਉਸ ਨੂੰ ਹੰਭਾ ਦੇਣ ਦੀ ਜੰਗ (ਵਾਰ ਆਫ ਅਟ੍ਰੀਸ਼ਨ) ਲੜਨ ਲਈ ਮਜਬੂਰ ਕਰ ਰਹੀ ਹੈ, ਜਿਸ ਉੱਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ। ਜੰਗ ਉਦੋਂ ਹੀ ਖਤਮ ਹੋਵੇਗੀ ਜਦੋਂ ਰੂਸ ਯੁੱਧ ਖੇਤਰ ਵਿਚ ਜਿੱਤ ਜਾਵੇਗਾ, ਜਾਂ ਜੰਗ ਨਿਊਕਲੀਅਰ ਹੋ ਜਾਵੇਗੀ, ਜਾਂ ਅਮਰੀਕਾ ਦੇ ਨੀਤੀ ਘਾੜੇ ਜੰਗ ਦੇ ਲਾਭਾਂ ਬਾਰੇ ਮੁੜ ਵਿਚਾਰ ਕਰਨਗੇ। ਬਦਕਿਸਮਤੀ ਨਾਲ, ਨਿਊਕਨਜ਼ਰਵੇਟਿਵਾਂ ਨੂੰ ਵਿਚਾਰਧਾਰਕ ਤੌਰ 'ਤੇ ਸਮਝੌਤਾ ਕਰਨ ਜਾਂ ਪਿੱਛੇ ਹਟਣ ਵਿਚ ਮੁਸ਼ਕਿਲ ਆਉਂਦੀ ਹੈ, ਕਿਉਂਕਿ ਇਹ ਅਮਰੀਕਾ ਦੀ ਸਰਦਾਰੀ ਦਾ ਅਸਿੱਧਾ ਸਮਰਪਣ ਮੰਨਿਆ ਜਾਵੇਗਾ। ਨਤੀਜੇ ਵਜੋਂ, ਜੇ ਨਿਊਕਨਜ਼ਰਵੇਟਿਵ ਪੁਜ਼ੀਸ਼ਨ ਕਾਇਮ ਰਹਿੰਦੀ ਹੈ, ਤਾਂ ਇਹ ਅਮਰੀਕਾ ਨੂੰ ਲੜਾਈ ਜਾਰੀ ਰੱਖਣ ਲਈ ਬੰਨ੍ਹ ਦੇਵੇਗੀ। ਇਸ ਦਾ ਮਤਲਬ ਹੈ ਕਿ ਜੰਗ ਨੂੰ ਖਤਮ ਕਰਨ ਲਈ ਪੱਛਮੀ ਜਨਤਕ ਰਾਏ ਨੂੰ ਬਦਲਣਾ ਜ਼ਰੂਰੀ ਹੈ ਤਾਂ ਜੋ ਅਮਰੀਕਾ ਨੂੰ ਰੂਸ ਨਾਲ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਸਕੇ।

**ਸਿੱਟਾ**

ਇਸ ਲੇਖ ਵਿਚ, ਮੈਂ ਯੂਕਰੇਨ ਦੀ ਜੰਗ ਦੇ ਡੂੰਘੇ ਕਾਰਨਾਂ ਨੂੰ ਘੋਖਿਆ ਹੈ ਅਤੇ ਦਲੀਲ ਦਿੱਤੀ ਹੈ ਕਿ ਜੰਗ ਦੇ ਅੰਦਰੂਨੀ ਅਤੇ ਬਾਹਰੀ ਦੋਵੇਂ ਕਾਰਨ ਹਨ। ਅੰਦਰੂਨੀ ਕਾਰਨਾਂ ਦੀਆਂ ਜੜ੍ਹਾਂ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਤਰੀਕੇ ਨਾਲ ਜੁੜੀਆਂ ਹੋਈਆਂ ਹਨ। ਬਾਹਰੀ ਕਾਰਨ ਇਸ ਗੱਲ ਨਾਲ ਸੰਬੰਧਿਤ ਹਨ ਕਿ ਸਯੁੰਕਤ ਰਾਜ ਅਮਰੀਕਾ ਨੇ ਵਿਸ਼ਵ ਪੱਧਰ ਉੱਤੇ ਆਪਣੀ ਸਰਦਾਰੀ ਕਾਇਮ ਕਰਨ ਦੇ ਨਿਓਕਨਜ਼ਰਵੇਟਿਵ ਅਜੰਡੇ ਨੂੰ ਅੱਗੇ ਵਧਾਉਣ ਲਈ ਉੱਤਰ ਸੋਵੀਅਤ ਵਿਵਸਥਾ ਵਿਚ ਪੈਦਾ ਹੋਈਆਂ ਦਰਾੜਾਂ ਦਾ ਕਿਸ ਤਰ੍ਹਾਂ ਫਾਇਦਾ ਉਠਾਇਆ।

ਇਸ ਜੰਗ ਨੇ ਯੂਕਰੇਨ ਨੂੰ ਤਬਾਹ ਕਰ ਕੇ ਯੂਕਰੇਨ ਦੀ ਆਰਥਿਕ ਬੁਨਿਆਦ ਨੂੰ ਢਾਹ ਲਾਈ ਹੈ, ਵੱਡੇ ਪੱਧਰ 'ਤੇ ਆਬਾਦੀ ਦੇ ਪਲਾਇਣ ਨੂੰ ਸ਼ੁਰੂ ਕੀਤਾ ਹੈ, ਹਜ਼ਾਰਾਂ ਮੌਤਾਂ ਦਾ ਕਾਰਨ ਬਣੀ ਹੈ ਅਤੇ ਰਾਜਨੀਤਿਕ ਅਤੇ ਫੌਜੀ ਸੱਤਾ 'ਤੇ ਫਾਸ਼ੀਵਾਦੀ ਕੌਮਵਾਦੀਆਂ (ਫਾਸ਼ਿਸਟ ਨੈਸ਼ਨਲਿਸਟਾਂ) ਦੀ ਪਕੜ ਨੂੰ ਮਜ਼ਬੂਤ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਦੀ ਮਦਦ ਨਾਲ ਯੂਕਰੇਨੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਯੂਕਰੇਨ ਦੀ ਰਾਜਨੀਤੀ 'ਤੇ ਕਬਜ਼ਾ ਕਰ ਲਿਆ ਹੈ ਅਤੇ ਉੱਤਰ-ਸੋਵੀਅਤ ਯੂਕਰੇਨ ਦੀ ਰਾਜਨੀਤਕ ਅਤੇ ਵਸੋਂ ਨਾਲ ਸਬੰਧਿਤ ਗੁੰਝਲਦਾਰ ਹਕੀਕਤ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ ਹੈ। ਇਸ ਤਰ੍ਹਾਂ ਕਰਦਿਆਂ, ਉਨ੍ਹਾਂ ਨੇ ਅਮਰੀਕਾ ਦੇ ਵਿਸ਼ਵ ਸਰਦਾਰੀ ਕਾਇਮ ਕਰਨ ਵਾਲੇ ਪ੍ਰੋਜੈਕਟ ਵਿਚ ਯੂਕਰੇਨ ਨੂੰ ਇੱਕ ਬਲੀ ਦਾ ਬੱਕਰਾ ਬਣਾ ਦਿੱਤਾ ਹੈ, ਜਿਸ ਦੇ ਵੱਡੇ ਤਬਾਹਕਾਰੀ ਨਤੀਜੇ ਨਿਕਲੇ ਹਨ ਜੋ ਹਾਲੇ ਹੋਰ ਬਦਤਰ ਹੋ ਸਕਦੇ ਹਨ। ਯੂਰਪ ਨੇ ਵੀ ਆਪਣੇ ਲਈ ਵੱਡੀ ਕੀਮਤ 'ਤੇ ਇਸ ਮੂਰਖਤਾ ਨੂੰ ਸਮਰਥਨ ਦਿੱਤਾ ਹੈ। *******

***ਇਸ ਲੇਖ ਵਿਚ ਵਰਤੀ ਜਾਣਕਾਰੀ ਦੇ ਸ੍ਰੋਤਾਂ ਬਾਰੇ ਜਾਣਨ ਲਈ ਅਨੁਵਾਦਕ ਨਾਲ sukhwanthundal123@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਇਮਾਨ ਪ੍ਰਸਤ ਕੌਮ ਦੇ ਬੇ-ਇਮਾਨ ਰਹਿਬਰ

**ਸੰਪੂਰਨ ਸਿੰਘ**
**ਫੋਨ: 281-635-7466**

ਪਿਛਲੇ ਸਾਲ ਦਾ ਦਸੰਬਰ ਮਹੀਨਾ ਤੇ ਖਾਸ ਕਰਕੇ ਉਸਦੇ ਆਖ਼ਰੀ ਦੋ ਹਫ਼ਤੇ ਬੀਤੇ, ਆਪਾਂ ਸਭ ਨੇ ਦੇਖੇ, ਸੁਣੇ ਤੇ ਕਈਆਂ ਨੇ ਕਈ ਕਾਰਨਾਂ ਕਰਕੇ ਬੜੀ ਸ਼ਿੱਦਤ ਨਾਲ ਮਹਿਸੂਸ ਵੀ ਕੀਤੇ। ਇਨ੍ਹਾਂ ਦਿਨਾਂ ਅੰਦਰ ਅਸੀਂ ਤਿੰਨ ਸਦੀਆਂ ਪਹਿਲਾ, ਜ਼ਬਾਨੀ ਸੌਂਹਾਂ ਉੱਪਰ ਅਧਾਰਤ ਇਕ ਸਮਝੌਤੇ ਤਹਿਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਵਾਪਰੇ ਭਿਆਨਕ ਤੇ ਅਣਕਿਆਸੇ ਵਰਤਾਰਿਆਂ ਦਾ ਜ਼ਿਕਰ ਸੁਣਿਆ। ਖ਼ਾਲਸਾ ਫ਼ੌਜ ਦਾ ਬਹੁਤ ਵੱਡਾ ਜਾਨੀ ਨੁਕਸਾਨ ਹੋਇਆ, ਗੁਰੂ ਪਰਿਵਾਰ ਤਿੰਨ ਹਿੱਸਿਆਂ ਵਿਚ ਅਜਿਹਾ ਵੰਡਿਆ ਗਿਆ ਕਿ ਮੁੜ ਮੇਲ ਨਸੀਬ ਨਾ ਹੋਇਆ। ਚਮਕੌਰ ਦੀ ਗੜੀ ਅੰਦਰੋਂ ਲੜੀ ਗਈ ਸੈਨਾ ਦੇ ਪੱਖ ਤੋਂ ਅਤਿਅੰਤ ਅਸਾਵੀਂ ਜੰਗ ਦੀ ਦਾਸਤਾਨ ਵੀ ਆਪਾਂ ਸੁਣੀ। ਇਹ ਵੀ ਸੁਣਿਆ ਕਿ ਕਿਵੇਂ ਇਕ ਰਹਿਬਰ ਜੋ ਆਪਣੇ ਸਾਥੀ ਯੋਧਿਆਂ ਨੂੰ ਜੰਗ ਵਿਚ ਲੜਨ ਤੇ ਸ਼ਹੀਦ ਹੋਣ ਲਈ ਭੇਜਣ ਦੇ ਨਾਲ-ਨਾਲ ਆਪਣੇ ਅੱਲੜ੍ਹ ਉਮਰ ਦੇ ਪੁੱਤਰ ਨੂੰ ਵੀ ਜੰਗ ਵਿਚ ਜਾਣ ਦੀ ਇਜਾਜ਼ਤ ਦੇ ਕੇ ਗੌਰਵ ਮਹਿਸੂਸ ਕਰਦਾ ਹੈ ਤੇ ਪੁੱਤਰ ਦੀ ਸ਼ਹਾਦਤ ਮੌਕੇ ਬੁਲੰਦ ਅਵਾਜ਼ ਵਿਚ ਜੈਕਾਰਾ ਬੁਲਾਉਂਦਾ ਹੈ। ਛੋਟੇ ਪੁੱਤਰ ਜੁਝਾਰ ਸਿੰਘ ਨੇ ਜਦ ਭਰਾ ਅਜੀਤ ਸਿੰਘ ਦੀ ਸ਼ਹਾਦਤ ਉਪਰੰਤ ਆਪਣੇ ਆਪ ਨੂੰ ਜੰਗ ਲਈ ਪੇਸ਼ ਕੀਤਾ ਤਾਂ ਗੁਰੂ ਪਿਤਾ ਨੇ ਫਿਰ ਪ੍ਰਵਾਨਗੀ ਦਿੱਤੀ ਤਾਂ ਬਾਕੀ ਸਿੱਖ ਮਨਾਂ ਅੰਦਰ ਬੜੀ ਬੇਚੈਨੀ ਭਰੀ ਚਿੰਤਾ ਉਤਪੰਨ ਹੋਈ ਕਿ ਗੁਰੂ ਸਾਹਿਬ ਕਰ ਕੀ ਰਹੇ ਹਨ? ਜਦ ਉਨ੍ਹਾਂ ਸਭ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਇਸ ਨੂੰ ਬਚਾਉਣਾ ਚਾਹੀਦਾ ਹੈ, ਉਸਦੀ ਛੋਟੀ ਉਮਰ ਦਾ ਵਾਸਤਾ ਵੀ ਪਾਇਆ, ਤਾਂ ਗੁਰੂ ਸਾਹਿਬ ਨੇ ਸਪਸ਼ਟ ਲਫਜ਼ਾਂ ਵਿਚ ਇਹ ਕਹਿ ਕਿ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਲ਼ਈ ਉਨ੍ਹਾਂ ਦੇ ਸਿੱਖ ਤੇ ਪੁੱਤਰ ਬਰਾਬਰ ਹਨ। ਆਪਾਂ ਸਰਹੰਦ ਸ਼ਹਿਰ ਅੰਦਰ ਹੋਈਆਂ ਦੁਨੀਆ ਦੇ ਇਤਿਹਾਸ ਦੀਆਂ ਸਭ ਤੋਂ ਵੱਧ ਅਲੌਕਿਕ ਸ਼ਹਾਦਤਾਂ ਦੀ ਪੀੜ ਤੇ ਅੱਥਰੂ ਭਿੱਜਿਆ ਬਿਰਤਾਂਤ ਵੀ ਸੁਣਿਆ, ਕਿ ਕਿਵੇਂ ਸੱਤ ਤੇ ਨੌਂ ਸਾਲ ਦੇ ਮਾਸੂਮ ਬੱਚਿਆਂ ਨੇ, ਬਾਵਜੂਦ ਹਰੇਕ ਤਰ੍ਹਾਂ ਦੇ ਲਾਲਚ ਤੇ ਬਹਿਕਾਵੇ ਦੇ ਵੀ, ਦੀਨ 'ਤੇ ਪਹਿਰਾ ਦਿੰਦਿਆਂ ਈਨ ਨੂੰ ਵੰਗਾਰਦਿਆਂ ਆਪਣੀਆਂ ਸ਼ਹਾਦਤਾਂ ਦਿੱਤੀਆਂ। ਅਸੀਂ ਗੁਰੂ ਪਤਨੀ ਤੇ ਗੁਰੂ ਮਾਤਾ, ਮਾਤਾ ਗੁਜਰੀ ਦਾ ਸਿਦਕ, ਸਿਰੜ ਤੇ ਜੋਤੀ ਜੋਤ ਸਮਾਉਣ ਦਾ ਰੂਹ ਨੂੰ ਪੀੜ-ਪੀੜ ਕਰਨ ਵਾਲਾ ਬਿਰਤਾਂਤ ਸੁਣਿਆ ਤੇ ਮਹਿਸੂਸ ਕੀਤਾ।

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਸਿੱਖ ਕੌਮ, ਇਨ੍ਹਾਂ ਇਤਿਹਾਸਕ ਪੰਨਿਆਂ ਨੂੰ ਬਾਰ-ਬਾਰ ਕਿਓਂ ਫਰੋਲਦੀ ਹੈ, ਕਿਓਂ ਇਨ੍ਹਾਂ ਤਿੰਨ ਸਦੀਆਂ ਪਹਿਲਾਂ ਦੀਆਂ ਲਹੂ ਭਿੱਜੀਆਂ ਘਟਨਾਵਾਂ ਨੂੰ ਆਪਣੇ ਚੇਤੇ ਦੇ ਧੁਰ ਅੰਦਰ ਜਿਉਂਦਾ ਰੱਖਣਾ ਚਾਹੁੰਦੀ ਹੈ? ਜਵਾਬ, ਸਪੱਸ਼ਟ ਹੈ ਕਿ ਕੌਮ ਇਨ੍ਹਾਂ ਦਿਨਾਂ ਵਿਚ ਆਪਣੇ ਅੰਦਰ ਉਸ ਪੀੜ ਦਾ ਅਹਿਸਾਸ ਕਰਕੇ ਆਪਣੇ ਗੁਰੂ ਤੇ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨਾ ਚਾਹੁੰਦੀ ਹੈ। ਸਿਖ ਕੌਮ ਉਨ੍ਹਾਂ ਕੁਰਬਾਨੀਆਂ ਨੂੰ ਆਪਣੇ ਚੇਤੇ ਵਿਚ ਸਦੀਵੀਂ ਤੌਰ 'ਤੇ ਜ਼ਿੰਦਾ ਰੱਖ ਕੇ ਉਨ੍ਹਾਂ ਉੱਪਰ ਮਾਣ ਤੇ ਗੌਰਵ ਦੇ ਇਸ ਅਹਿਸਾਸ ਨੂੰ ਸਦੀਵੀ ਬਣਾਈ ਰੱਖਣਾ ਚਾਹੁੰਦੀ ਹੈ। ਕੌਮ ਉਨ੍ਹਾਂ ਸ਼ਹੀਦਾਂ ਦੀ ਸੂਰਬੀਰਤਾ ਤੇ ਉਨ੍ਹਾਂ ਦੀਆਂ ਸ਼ਹਾਦਤਾਂ ਨੂੰ ਆਪਣੇ ਭਵਿੱਖ ਲਈ, ਆਪਣੇ ਤੇ ਆਪਣੀਆਂ ਨਸਲਾਂ ਵਾਸਤੇ ਇੱਕ ਪ੍ਰਬਲ ਤੇ ਸਦੀਵੀ ਪ੍ਰੇਰਨਾ ਸ੍ਰੋਤ ਵਜੋਂ ਸਾਂਭ ਕੇ ਰੱਖਣਾ ਚਾਹੁੰਦੀ ਹੈ।

ਸਾਡੇ ਲਈ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਇਸ ਸਮੁੱਚੇ ਪੀੜ ਭਰੇ ਘਟਨਾਕ੍ਰਮ ਵਿਚੋਂ ਗੁਜ਼ਰਦਿਆਂ ਕੀ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਲਈ ਕੋਈ ਸਥਾਈ ਮਾਪਦੰਡ ਵੀ ਸਥਾਪਤ ਕੀਤੇ ਜੋ ਭਵਿਖ ਵਿਚ ਕੌਮ ਨੂੰ ਰੌਸ਼ਨੀ ਪ੍ਰਦਾਨ ਕਰ ਸਕਣ? ਕਿਉਂਕਿ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਮਹਾਂਪੁਰਸ਼ਾਂ ਦੇ ਬਲੀਦਾਨ ਹਮੇਸ਼ਾ ਹੀ ਸਬੰਧਤ ਕੌਮਾਂ ਲਈ ਚਾਨਣ-ਮੁਨਾਰਾ ਬਣੇ ਰਹੇ, ਜਿਵੇਂ ਗੁਰੂ ਅਰਜਨ ਪਾਤਸ਼ਾਹ, ਗੁਰੂ ਤੇਗ਼ ਬਹਾਦਰ ਸਾਹਿਬ ਜੀ, ਜੀਸਸ ਕ੍ਰਾਈਸਟ, ਸੁਕਰਾਤ, ਮਨਸੂਰ ਆਦਿ, ਤੇ ਮੌਜੂਦਾ ਸਮੇਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਮੌਤ ਦੇ ਘਾਟ ਉਤਾਰੇ ਗਏ ਪਰ ਸਬੰਧਤ ਕੌਮਾਂ ਲਈ ਉਹ ਮਰਨ ਉਪਰੰਤ ਵੀ ਇਕ ਮਾਰਗ-ਦਰਸ਼ਕ ਵਾਂਗੂ ਅੱਜ ਵੀ ਰੌਸ਼ਨੀ ਪ੍ਰਦਾਨ ਕਰ ਰਹੇ ਹਨ।

ਸਹਿਜ ਨਾਲ ਵਿਚਾਰਿਆ ਤੇ ਮੇਰੀ ਸਮਝ ਮੁਤਾਬਕ ਇਸ ਸਾਰੇ ਘਟਨਾਕ੍ਰਮ ਵਿਚੋਂ ਸਾਡੇ ਲਈ ਤਿੰਨ ਬਹੁਤ ਹੀ ਸਪਸ਼ਟ ਸੰਦੇਸ਼ ਦੇਖੇ ਜਾ ਸਕਦੇ ਹਨ। ਪਹਿਲਾ ਹੈ ਕਿ ਵਿਰੋਧੀ ਧਿਰ ਦੇ ਕਿਸੇ ਵੀ ਜ਼ਬਾਨੀ ਭਰੋਸੇ ਉੱਪਰ ਵਿਸ਼ਵਾਸ ਨਹੀਂ ਕਰਨਾ, ਤੇ ਖਾਸ ਕਰਕੇ ਇਨ੍ਹਾਂ ਕੌਮਾਂ ਦੇ ਕਿਰਦਾਰਾਂ ਤੋਂ ਸੁਚੇਤ ਰਹਿਣਾ। ਜਿਵੇਂ ਮੁਗ਼ਲ ਤੇ ਪਹਾੜੀ ਫ਼ੌਜਾਂ ਦੇ ਮੁਖੀਆਂ ਨੇ ਕਿਲਾ ਖਾਲੀ ਕਰਵਾਉਣ ਤੇ ਜੰਗ ਖਤਮ ਕਰਨ ਲਈ ਧਾਰਮਿਕ ਗ੍ਰੰਥਾਂ ਤੇ ਧਾਰਮਿਕ ਮੂਰਤੀਆਂ ਦੀਆਂ ਸੌਂਹਾਂ ਖਾਧੀਆਂ ਪਰ ਨਿਯਤ ਤੇ ਨੀਤੀ ਅੰਦਰ ਛਿਪੇ ਫ਼ਰੇਬ ਕਾਰਨ, ਵਿਸ਼ਵਾਸਘਾਤ ਕਰਦਿਆਂ ਗੁਰੂ ਸਾਹਿਬ ਤੇ ਉਨ੍ਹਾਂ ਦੀਆਂ ਫੌਜਾਂ ਉਪਰ ਹਮਲਾ ਕਰ ਦਿਤਾ।

ਇਸ ਪੱਖ ਨੂੰ ਵਿਚਾਰਦਿਆਂ, ਆਪਾਂ ਆਪਣੀ ਇਸ ਗੱਲ-ਬਾਤ ਦਾ ਦਾਇਰਾ ਸਿਰਫ ਉੱਥੋਂ ਤੱਕ ਹੀ ਸੀਮਤ ਰੱਖਾਂਗੇ ਜਿਥੋਂ ਅਸੀ ਆਜ਼ਾਦੀ ਲਈ ਆਪਣੀ ਕਿਸਮਤ ਭਾਰਤ ਦੀ ਬਹੁਗਿਣਤੀ ਜਮਾਤ ਨਾਲ ਜੋੜਨ ਦਾ ਫੈਸਲਾ ਕੀਤਾ।

1929 ਵਿਚ ਲਾਹੌਰ ਸ਼ਹਿਰ ਵਿਚ ਸਰਬ ਹਿੰਦ ਕਾਂਗਰਸ ਦਾ ਇਜਲਾਸ ਹੋਣਾ ਸੀ, ਉਸ ਤੋਂ ਇੱਕ ਦਿਨ ਪਹਿਲਾਂ ਬਾਬਾ ਖੜਕ ਸਿੰਘ ਦੀ ਅਗਵਾਈ ਵਿਚ ਪੰਜ ਲੱਖ ਸਿੰਘ ਸਿੰਘਣੀਆਂ ਵੱਲੋਂ ਇੱਕ ਬਹੁਤ ਪ੍ਰਭਾਵਸ਼ਾਲੀ ਜਲੂਸ ਕੱਢਿਆ ਗਿਆ, ਜਿਸ ਬਾਬਤ ਠਮਿਏਸ (ੋਨਦੋਨ) ਨੇ ਲਿਖਿਆ ਸੀ "ਉ ਮੋਸਟ ਮਿਪਰਏਸਸਵਿਏ ਸਪਏਚਟਅਬਲਏੋ ਹੁਮਅਨ ਚੋਨਗਰਏਗਅਟੋਨਿ ਟਹਅਟ ਪੁਟ ਟਹਏ ਛੋਨਗਰਏਸਸ ਸਹੋੋ ਨਿਟੋ ਸਹਅਮਏ ਅਨਦ ਸਹਅਦਏ ਤੇ ਇਹ ਇਕੱਠ ਹਿੰਦੂ ਲੀਡਰਾਂ ਦੇ ਮਨਾਂ ਅੰਦਰ ਪਏ ਤੇ ਛਿਪੇ ਫਰੇਬ ਨੂੰ ਭਾਂਪਦਿਆਂ, ਸਿੱਖਾਂ ਨੂੰ ਸੁਚੇਤ ਕਰਦਿਆਂ ਉਨ੍ਹਾਂ ਦੀ ਆਪਣੀ ਵੱਖਰੀ ਹੋਂਦ ਹਸਤੀ ਦੀ ਸਥਾਪਨਾ ਸਬੰਧੀ ਸੀ।

ਦੂਸਰੇ ਦਿਨ, ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ ਅਤੇ ਜਵਾਹਰ ਲਾਲ ਨਹਿਰੂ, ਜੋ ਉਸ ਸਮੇਂ ਲਾਹੌਰ ਵਿਚ ਸਨ, ਬਾਬਾ ਖੜਕ ਸਿੰਘ ਦੇ ਘਰ ਗਏ ਤੇ ਉਨ੍ਹਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਵਾਅਦਾ ਕੀਤਾ, ਤੇ ਜਿਸਦੀ ਪੁਸ਼ਟੀ, ਦਿੱਲੀ ਅੰਦਰ, ਗੁਰਦੁਆਰਾ ਸੀਸਗੰਜ ਵਿਚ ਬੋਲਦਿਆਂ, ਮਹਾਤਮਾ ਗਾਂਧੀ ਨੇ ਬੜੀ ਸਪੱਸ਼ਟਤਾ ਤੇ ਭਰੋਸੇ ਨਾਲ ਵਿਸ਼ਵਾਸ ਦਿਵਾਇਆ ਤੇ ਫਿਰ ਕਲਕੱਤੇ ਵਿਚ ਬੋਲਦਿਆਂ, ਉਕਤ ਬਿਆਨ ਦੀ ਪੁਸ਼ਟੀ ਕੀਤੀ ਤੇ ਕਿਹਾ ਕਿ ਭਾਰਤ ਦੀ ਆਜ਼ਾਦੀ ਉਪਰੰਤ ਕੋਈ ਵੀ ਸੰਵਿਧਾਨ, ਅਜਿਹਾ ਨਹੀਂ ਬਣੇਗਾ ਜੋ ਸਿੱਖਾਂ ਨੂੰ ਪ੍ਰਵਾਨ ਨਾ ਹੋਵੇ। ਤੇ ਫਿਰ ਬੜੀ ਵੱਡੀ ਗੱਲ ਕਹੀ ਕਿ ਜੇ ਸਰਕਾਰ ਵਿਸ਼ਵਾਸਘਾਤ ਕਰਦੀ ਹੈ ਤਾਂ ਉਹ ਆਪਣੀ ਮੌਤ ਆਪ ਸਹੇੜੇਗੀ। ਇਹ ਵੀ ਕਿਹਾ ਕਿ ਸਿੱਖਾਂ ਪਾਸ ਹੱਕ ਹੋਵੇਗਾ ਕਿ ਉਹ ਆਪਣੇ ਹੱਥ ਵਿਚ ਤਲਵਾਰ ਫੜ ਕੇ ਆਪਣੇ ਹੱਕਾਂ ਲਈ ਬਗਾਵਤ ਕਰਨ। ਪਰਮਾਤਮਾ ਤੇ ਮਨੁੱਖ-ਜਾਤੀ ਉਨ੍ਹਾਂ ਦੀ ਸਹਾਇਤਾ ਕਰਨਗੇ। ਇਹ ਵਾਅਦਾ, ਸਿਰਫ਼ ਜ਼ਬਾਨੀ ਬੋਲਾਂ ਉਪਰ ਕੀਤੇ ਭਰੋਸੇ 'ਤੇ ਅਧਾਰਿਤ ਸੀ।

ਸਿੱਖ ਲੀਡਰਸ਼ਿਪ ਇਥੇ ਵੀ ਭੁੱਲ ਗਈ ਕਿ ਗੁਰੂ ਵੱਲੋਂ, ਅਜਿਹੀ ਸਥਿਤੀ ਵਿਚ ਸਾਡੇ ਲਈ ਸੁਨੇਹਾ ਹੈ ਕਿ ਫੈਸਲੇ ਦੀ ਘੜੀ ਵਿਚ ਦੂਜੀ ਧਿਰ ਦੇ ਕਿਸੇ ਵੀ ਜ਼ਬਾਨੀ ਭਰੋਸੇ ਉੱਪਰ ਵਿਸ਼ਵਾਸ ਨਹੀਂ ਕਰਨਾ। ਤੇ ਨਤੀਜੇ ਵਜੋਂ ਡਾ. ਇਕਬਾਲ ਦੇ ਕਹਿਣ ਮੁਤਾਬਕ 'ਲਮਹੋਂ ਨੇ ਖਤਾਅ ਕੀ, ਸਦੀਓਂ ਨੇ ਸਜ਼ਾ ਪਾਈ'। ਆਜ਼ਾਦੀ ਤੋਂ ਬਾਅਦ ਨੀਯਤ ਤੇ ਨੀਤੀ ਵਿਚਲੇ ਛਿਪੇ ਫਰੇਬ ਤੋਂ ਪਰਦਾ ਉਠਾਉਂਦਿਆਂ, ਪੰਡਿਤ ਨਹਿਰੂ ਨੂੰ ਜਦ ਸਿੱਖ ਸੀਡਰ, ਮਾਸਟਰ ਤਾਰਾ ਸਿੰਘ ਨੇ ਆਜ਼ਾਦੀ ਤੋਂ ਪਹਿਲਾਂ ਦੇ ਕੀਤੇ ਵਾਅਦੇ ਤੇ ਦਿੱਤੇ ਭਰੋਸੇ ਬਾਰੇ ਯਾਦ ਕਰਵਾਇਆ ਤਾਂ, ਮੌਕੇ ਦੇ ਪ੍ਰਧਾਨ ਮੰਤਰੀ ਨਹਿਰੂ ਨੇ ਕੀਤੇ ਵਾਅਦੇ ਤੋਂ ਮੁਕਰਦਿਆਂ ਬੜੀ ਬੇਹਯਾਈ ਨਾਲ ਕਹਿ ਦਿੱਤਾ ਸੀ ਕਿ 'ਮਾਸਟਰ ਜੀ ਤਬ ਬਾਤ ਔਰ ਥੀ, ਅਬ ਬਾਤ ਔਰ ਹੈ'।

ਆਜ਼ਾਦੀ ਤੋਂ ਬਾਅਦ ਅੱਜ ਤੱਕ, ਭਾਰਤੀ ਹਕੂਮਤਾਂ ਵਲੋਂ ਕੀਤੀਆਂ ਬੇਵਫ਼ਾਈਆਂ ਦੀ ਇੱਕ ਬੇਹੱਦ ਲੰਬੀ ਲਿਸਟ ਹੈ। ਜਿਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਗੁਰੂ ਸਾਹਿਬ ਵੱਲੋਂ ਸਥਾਪਿਤ ਮਾਰਗ-ਦਰਸ਼ਨ ਤੋਂ ਅਸੀਂ ਕਿਸੇ ਵੀ ਤਰ੍ਹਾਂ ਦੀ ਕੋਈ ਸੇਧ ਹਾਸਲ ਨਹੀਂ ਕੀਤੀ। ਤੇ ਨਤੀਜੇ ਵਜੋਂ ਸਿੱਖ ਲੀਡਰਸ਼ਿਪ ਵਲੋਂ ਕੌਮ ਦੀ ਤਕਦੀਰ ਨੂੰ ਬਦ ਤੋਂ ਬਦਤਰ ਬਣਨ ਤੋਂ ਰੋਕਣ ਲਈ ਕਿਸੇ ਵੀ ਤਰ੍ਹਾਂ ਦੇ ਸੂਝ ਭਰੇ ਯਤਨ ਕੀਤੇ ਹੋਣ ਸਬੰਧੀ ਕੋਈ ਗਵਾਹੀ ਨਹੀਂ ਮਿਲਦੀ। ਕਾਰਨ ਸਪਸ਼ਟ ਹੈ ਕਿ ਰਾਜਸੀ ਸੱਤਾ ਦਾ ਸੁੱਖ, ਤੁਹਾਡੀ ਸੋਚ ਦੇ ਦਾਇਰੇ ਤੇ ਨਜ਼ਰੀਏ ਨੂੰ ਤੁਹਾਡੇ ਨਿੱਜ ਤੱਕ ਸੀਮਤ ਕਰ ਦੇਂਦਾ ਹੈ।

ਦੂਸਰਾ ਸੰਦੇਸ਼, ਚਮਕੌਰ ਦੀ ਗੜੀ ਵਿਚਲੀ ਜੰਗ ਦੌਰਾਨ ਅਨੇਕਾਂ ਸਿੰਘਾਂ ਦੇ ਨਾਲ-ਨਾਲ ਦੋ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਰੂਪ ਵਿਚ ਸਾਹਮਣੇ ਆਇਆ। ਸਾਰੇ ਹੀ ਰਹਿਨੁਮਾਵਾਂ ਨੂੰ ਵੀ ਇਹ ਪ੍ਰੇਰਨਾ ਹੈ ਤੇ ਸੰਦੇਸ਼ ਵੀ ਕਿ ਕਿਸੇ ਵੀ ਜਾਤੀ ਜਾਂ ਜਮਾਤੀ ਇਮਤਿਹਾਨ ਦੀ ਘੜੀ ਵਿਚ ਜੇ ਕਿਤੇ ਕਿਸੇ ਵੱਡੀ ਕੁਰਬਾਨੀ ਦੀ ਘੜੀ ਸਾਹਮਣੇ ਆਵੇ ਤਾਂ ਪਹਿਲ ਕਰਨਾ ਆਗੂ ਦੀ ਜ਼ਿੰਮੇਵਾਰੀ ਵੀ ਬਣਦੀ ਹੈ ਤੇ ਧਰਮ ਵੀ।

ਸਿੱਖ ਕੌਮ ਦੇ ਸਨਮੁੱਖ ਇਕ ਵੱਡਾ ਸਵਾਲ ਹੈ ਕਿ ਕੀ ਅੱਜ ਦੀ ਸਿੱਖ ਲੀਡਰਸ਼ਿਪ, ਕਿਸੇ ਵੀ ਤਰ੍ਹਾਂ ਗੁਰੂ ਵੱਲੋਂ ਸਥਾਪਿਤ ਇਨ੍ਹਾਂ ਮਾਪਦੰਡਾਂ ਦੀ ਧਾਰਨੀ ਹੈ? ਪਿਛਲੇ ਤਕਰੀਬਨ 80 ਜਾਲ ਦੇ ਇਤਿਹਾਸ ਵਿਚ ਕੋਈ ਇੱਕ ਵੀ ਸਿੱਖ ਰਹਿਨੁਮਾ ਅਜਿਹਾ ਨਜ਼ਰ ਨਹੀਂ ਆਇਆ ਜਿਸਨੇ ਗੁਰੂ ਸਾਹਿਬ ਦੇ ਨਕਸ਼ੇ ਕਦਮਾਂ 'ਤੇ ਪਹਿਰਾ ਦਿੰਦਿਆਂ ਆਪਣੇ ਕਿਸੇ ਪੁੱਤਰ ਜਾਂ ਰਿਸ਼ਤੇਦਾਰ ਨੂੰ ਪੰਥ ਲਈ ਕੁਰਬਾਨ ਹੋਣ ਲਈ ਤੋਰਿਆ ਹੋਵੇ। ਸਿਰਫ ਆਮ ਪੰਥ-ਪ੍ਰਸਤ ਸਿੱਖਾਂ ਦੇ ਸਿਵੇ ਹੀ ਬਲਦੇ ਦੇਖਦੇ ਰਹੇ ਤੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹੇ। ਇਸ ਲਈ ਜਵਾਬ ਤਾਂ ਸਪੱਸ਼ਟ ਲਫ਼ਜ਼ਾਂ ਵਿਚ ਨਾਂਹ ਵਿਚ ਹੀ ਮਿਲੇਗਾ। ਕਾਰਨ ਕੀ ਹੋ ਸਕਦਾ ਹੈ, ਦਾ ਜਵਾਬ ਮੈਂ ਇੱਕ ਮਹਾਂਪੁਰਸ਼ ਅਚਾਰੀਆ ਰਜਨੀਸ਼, ਓਸ਼ੋ ਵਲੋਂ ਕਹੇ ਗਏ ਇੱਕ ਬਚਨ ਦੀ ਰੌਸ਼ਨੀ ਵਿਚ ਲੱਭਣ ਦੀ ਕੋਸ਼ਿਸ਼ ਕਰਾਂਗਾ। ਉਸਦਾ ਕਥਨ ਹੈ ਕਿ ਹਰੇਕ ਧਰਮ ਦੇ ਬਾਨੀਆਂ ਵਲੋਂ ਬਖਸ਼ੀ ਜਾਂ ਦਿਖਾਈ ਆਤਮਕ ਲੋਅ ਦੀ ਰੌਸ਼ਨੀ ਵਿਚ ਉਸ ਧਰਮ ਦੇ ਅਨੁਯਾਈ ਦੋ ਜਾਂ ਵੱਧ ਤੋਂ ਵੱਧ ਤਿੰਨ ਪੀੜ੍ਹੀਆਂ ਤੱਕ ਹੀ ਚੱਲਦੇ ਹਨ। ਬਾਅਦ ਵਿਚ ਤਾਂ ਹਰੇਕ ਧਰਮ ਪਰੰਪਰਾ ਹੀ ਬਣ ਜਾਂਦਾ ਹੈ। ਤੇ ਉਸ ਧਰਮ ਨੂੰ ਮੰਨਣ ਵਾਲੇ ਉਸ ਧਰਮ ਅੰਦਰਲੀ ਲੋਅ ਨੂੰ ਤਾਂ ਭੁੱਲ ਹੀ ਜਾਂਦੇ ਹਨ ਸਿਰਫ ਪਰੰਪਰਾਵਾਂ ਦੇ ਚਿੰਨ੍ਹ ਹੀ ਬਾਕੀ ਰਹਿ ਜਾਂਦੇ ਹਨ।

ਇਸ ਤੋਂ ਇਲਾਵਾ ਵੀ, ਤਾਕਤ, ਭਾਵੇਂ ਜਿਸਮਾਨੀ ਹੋਵੇ, ਸਿਆਸੀ ਪਦਵੀਆਂ ਦੀ ਹੋਵੇ, ਜਾਂ ਇਥੋਂ ਤਕ ਕਿ ਧਾਰਮਿਕ ਰੁਤਬਿਆਂ ਜਾਂ ਪਦਵੀਆਂ ਦੀ, ਕਿਤੇ ਨਾ ਕਿਤੇ ਉਸਦੀ ਦੁਰਵਰਤੋਂ ਸ਼ੁਰੂ ਹੋ ਹੀ ਜਾਂਦੀ ਹੈ, ਤੇ ਸਥਾਪਤ ਸਿਧਾਂਤ ਵਿਸਰਨੇ ਜਾਂ ਵਿਸਾਰਨੇ ਸ਼ੁਰੂ ਹੋ ਜਾਂਦੇ ਹਨ। ਚੌਥੇ ਗੁਰੂ ਪਾਤਸ਼ਾਹ ਗੁਰੂ ਰਾਮਦਾਸ ਜੀ ਵੱਲੋਂ ਮਸੰਦ ਪਰੰਪਰਾ ਸ਼ੁਰੂ ਕੀਤੀ ਗਈ ਸੀ। ਨਿਹਾਇਤ ਧਾਰਮਿਕ ਬਿਰਤੀ ਵਾਲੀਆਂ ਸਤਿਕਾਰਤ ਸ਼ਖ਼ਸੀਅਤਾਂ ਨੂੰ ਮਸੰਦ ਬਣਾਇਆ ਜਾਂਦਾ ਸੀ। ਪਰ ਸਮਾਂ ਬੀਤਣ ਨਾਲ ਉਨ੍ਹਾਂ ਵਿਚੋਂ ਵੀ ਕਈਆਂ ਅੰਦਰ ਕਈ ਕਿਸਮ ਦੀਆਂ ਕੁਰੀਤੀਆਂ ਪਾਈਆਂ ਗਈਆਂ। ਇਹੀ ਕਾਰਨ ਸੀ ਕਿ ਦਸਮ ਪਾਤਸ਼ਾਹ ਨੂੰ ਸਖ਼ਤੀ ਵਰਤਣੀ ਪਈ ਤੇ ਕਈਆਂ ਨੂੰ ਜੰਡਾਂ ਨਾਲ ਨੂੜ ਕੇ ਸਾੜਿਆ ਗਿਆ। ਤੇ ਫਿਰ ਇੰਜ ਹੀ, ਵੀਹਵੀਂ ਸਦੀ ਦੇ ਸ਼ੁਰੂ ਵਿਚ ਮਹੰਤਾਂ ਦੇ ਖਾਤਮੇ ਲਈ ਕਈ ਸੰਘਰਸ਼ ਵਿੱਢੇ ਗਏ।

ਤੇ ਉਹੋ ਜਿਹਾ ਵਰਤਾਰਾ ਹੀ ਮੌਜੂਦਾ ਸਮੇਂ ਦੇ ਬਹੁਤਾਤ ਵਿਚ ਧਾਰਮਿਕ (ਬਾਬਾਵਾਦ ਤੇ ਡੇਰਾਵਾਦ) ਤੇ ਸਿਆਸੀ ਰਹਿਨੁਮਾਵਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਸਿੱਖ ਲੀਡਰਸ਼ਿਪ ਦਾ ਮਾਨਸਿਕ, ਸਿਆਸੀ, ਇਖਲਾਕੀ ਤੇ ਧਾਰਮਿਕ ਦੀਵਾਲੀਆਪਨ, ਆਪਣੀ ਚਰਮ ਸੀਮਾ ਨੂੰ ਪਾਰ ਕਰਦਾ ਪ੍ਰਤੀਤ ਹੋ ਰਿਹਾ ਹੈ। ਸਿੱਖ ਆਗੂਆਂ ਵਲੋਂ ਲੰਬੇ ਅਰਸੇ ਤੱਕ ਮਾਣੇ ਰਾਜਸੀ ਸੁੱਖ ਨੇ ਉਨ੍ਹਾਂ ਅੰਦਰੋਂ ਉਹ ਲੋਅ (ਗੁਰੂ ਵੱਲੋਂ ਸਥਾਪਿਤ ਮਾਪਦੰਡ) ਬਿਲਕੁਲ ਹੀ ਅਲੋਪ ਕਰ ਦਿੱਤੀ।

ਮੇਰਾ ਮੰਨਣਾ ਹੈ ਕਿ ਸਿਆਸੀ ਚੋਗ਼ਾ ਖਾ ਕੇ ਕੋਈ ਵੀ ਸਿਆਸੀ ਆਗੂ ਮਰਜ਼ੀ ਨਾਲ ਆਪਣੇ ਪਰਾਂ ਦੀ ਉਡਣ ਸ਼ਕਤੀ ਦੇ ਸਮਰੱਥ ਨਹੀਂ ਰਹਿੰਦਾ। ਰਾਜਸੀ ਸੱਤਾ ਦਾ ਨਸ਼ਾ, ਸਬੰਧਤ ਵਿਅਕਤੀ ਨੂੰ ਇਖਲਾਕੀ ਅਤੇ ਆਤਮਿਕ ਤੌਰ 'ਤੇ ਇੰਨਾ ਖੋਖਲਾ ਤੇ ਨਪੁੰਸਕ ਬਣਾ ਦਿੰਦਾ ਹੈ ਕਿ ਉਹ ਭੁੱਲ ਹੀ ਜਾਂਦਾ ਹੈ ਕਿ ਉਸਦੇ ਵਜੂਦ ਤੇ ਉਸਦੀ ਸ਼ਖ਼ਸੀਅਤ ਦਾ ਮੂਲ ਆਧਾਰ ਤੇ ਸੋਮਾ ਕੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਸਮੇਂ ਦੇ ਸਿੱਖ ਸਰਦਾਰਾਂ ਤੇ ਮੌਜੂਦਾ ਸਮੇਂ ਦੇ ਸਿਆਸੀ ਲੀਡਰਾਂ ਵਲੋਂ ਮਾਣੇ ਰਾਜਸੀ ਸੁੱਖ ਨੇ, ਇਨ੍ਹਾਂ ਨੂੰ ਗੁਰੂ ਦੇ ਸਿਧਾਂਤ ਤੇ ਫ਼ਲਸਫ਼ੇ ਤੋਂ ਤੋੜਿਆ ਤਾਂ ਹੈ ਹੀ, ਪਰ ਨਾਲ-ਨਾਲ ਖੁਆਰੀਆਂ ਦੇ ਦੁਸ਼ਵਾਰੀਆਂ ਵਿਚ ਦੀ ਗੁਜ਼ਰਨਾ ਪਿਆ।

ਪਿਛਲੇ 10-15 ਸਾਲਾਂ ਦੇ ਸਿਆਸੀ ਗਲਿਆਰਿਆਂ ਦੇ ਵਰਤਾਰਿਆਂ ਨੇ, ਸਿੱਖੀ ਦੇ ਇਤਿਹਾਸਕ ਗੌਰਵ ਉਪਰ ਇੱਕ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਜਿਵੇਂ ਪੰਥਕ ਸਿਆਸੀ ਜਮਾਤ ਵਲੋਂ ਸਿੱਖ ਪੰਥ ਦੀਆਂ ਸਥਾਪਤ ਪੰਥਕ ਪਰੰਪਰਾਵਾਂ ਨਾਲ ਆਪਣੇ ਸਿਆਸੀ ਹਿਤਾਂ ਦੇ ਮੁਫ਼ਾਦ ਲਈ ਖਿਲਵਾੜ ਕੀਤਾ ਗਿਆ ਤੇ ਉਸਨੇ ਪੰਥਕ ਹਲਕਿਆਂ ਵਿਚ ਫ਼ਿਕਰ ਪੈਦਾ ਕੀਤਾ ਹੈ, ਕਿ ਕਿਵੇਂ ਇਹ ਵਰਤਾਰਾ ਆਉਣ ਵਾਲੇ ਸਮੇਂ ਵਿਚ ਸਿੱਖਾਂ ਵਾਸਤੇ ਘਾਤਕ ਸਾਬਤ ਹੋ ਸਕਦਾ ਹੈ। ਇਹ ਵੀ ਦੇਖਣ ਵਿਚ ਆ ਰਿਹਾ ਹੈ ਤੇ ਫ਼ਿਕਰ ਵਾਲਾ ਵਿਸ਼ਾ ਵੀ ਹੈ ਕਿ ਕੇਂਦਰੀ ਹਕੂਮਤਾਂ ਵਲੋਂ ਕਿਵੇਂ ਵੱਖ-ਵੱਖ ਸਮਿਆਂ ਵਿਚ ਤੇ ਵੱਖ-ਵੱਖ ਤਰੀਕਿਆਂ ਨਾਲ ਉਨ੍ਹਾਂ ਦੀ ਕਿਰਦਾਰਕੁਸ਼ੀ ਦੇ ਰਾਹ ਤੇ ਰੂਪ ਉਲੀਕੇ ਜਾ ਰਹੇ ਹਨ। ਗੁਰੂ ਨਾਨਕ ਪਾਤਸ਼ਾਹ ਜੀ ਦਾ ਸ਼ਬਦ ਹੈ

ਹਰਣਾਂ ਬਾਜਾਂ ਤੈ ਸਿਕਦਾਰਾਂ, ਏਨਾ ਪੜਿਆ ਨਾਉ॥
ਫਾਂਧੀ ਲੱਗੀ ਜਾਤਿ ਫਹਾਇਨਿ, ਅਗੈ ਨਾਹੀ ਥਾਉ॥

ਤੇ ਇਸ ਸ਼ਬਦ ਦੀ ਰੌਸ਼ਨੀ ਵਿਚ ਦੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਕਿਵੇਂ ਸਿਆਸੀ ਤੇ ਸਰਕਾਰੀ ਦਬਾਅ ਨੇ ਮਨਜਿੰਦਰ ਸਿੰਘ ਸਿਰਸਾ ਨੂੰ ਮਜਬੂਰ ਕੀਤਾ ਕਿ ਉਹ ਪੰਥਕ ਜਮਾਤ ਨੂੰ ਅਲਵਿਦਾ ਕਹਿ ਕੇ ਉਨ੍ਹਾਂ ਦੀ ਸਿਆਸੀ ਵਿਚਾਰਧਾਰਾ ਨੂੰ ਅਪਨਾਏ ਤੇ ਪਰਨਾਏ। ਤੇ ਫਿਰ ਸਿਖਾਏ ਹੋਏ ਹਿਰਨਾਂ ਤੇ ਬਾਜਾਂ ਵਾਂਗ ਆਪਣੇ ਸਾਥੀਆਂ ਨੂੰ ਵੀ ਉਸੇ ਪਿੰਜਰੇ ਵਿਚ ਲੈ ਆਏ ਜਿਸ ਵਿਚ ਪਹਿਲਾਂ ਉਸਨੂੰ ਪਾਇਆ ਹੁੰਦਾ ਹੈ। ਸੱਤਾ ਦਾ ਲੋਭ ਵਿਅਕਤੀ ਨੂੰ ਬੇਇਮਾਨ ਵੀ ਬਣਾ ਦਿੰਦਾ ਹੈ ਤੇ ਬੇਈਮਾਨ ਵੀ। ਜਿਸ ਤਰ੍ਹਾਂ ਤੇਜ਼ ਤਰਾਰ ਤੇ ਸੱਤਾ ਦੀ ਭੁੱਖ ਨਾਲ ਬਾਵਲੇ ਹੋਏ ਸਿੱਖ ਆਗੂ ਭਾਜਪਾ ਦੀਆਂ ਬਰੂਹਾਂ ਉੱਤੇ ਨਤਮਸਤਕ ਤੇ ਸਮਰਪਿਤ ਹੁੰਦੇ ਹਨ ਉਸਤੋਂ ਸਪਸ਼ਟ ਹੈ ਕਿ ਉਨ੍ਹਾਂ ਨੇ ਆਪਣੀ ਆਤਮਾ (ਪੰਥਕ ਜਜ਼ਬਾ) ਤਾਂ ਭਾਜਪਾ ਦੀ ਝੋਲੀ ਪਾ ਦਿੱਤੀ ਤੇ ਮਖੌਟਾ ਆਪਣਾ ਸਿੱਖੀ ਭੇਖ ਜਾਂ ਦਿੱਖ ਵਾਲਾ ਬਰਕਰਾਰ ਰੱਖਿਆ।

ਤੀਜੀ ਪ੍ਰੇਰਨਾ ਚਾਰ ਸਾਹਿਬਜ਼ਾਦਿਆਂ ਤੇ ਖਾਸ ਕਰਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਵਰਤਾਰੇ ਦੇ ਅਮਲ ਵਿਚੋਂ ਸਾਹਮਣੇ ਆਈ। ਉਹ ਸੱਤ ਤੇ ਨੌਂ ਸਾਲ ਦੇ ਮਾਸੂਮ ਬੱਚੇ ਸੀ, ਜਿਨ੍ਹਾਂ ਨੂੰ ਪਹਿਲਾਂ ਪਿਆਰ ਨਾਲ, ਫਿਰ ਹਰ ਤਰ੍ਹਾਂ ਦੇ ਲਾਲਚ ਤੇ ਹਰ ਤਰ੍ਹਾਂ ਦੀ ਸਖ਼ਤੀ ਨਾਲ ਡਰਾਉਣ, ਧਮਕਾਉਣ ਤੇ ਵਰਗਲਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣਾ ਦੀਨ ਛੱਡ ਕੇ ਈਨ ਮੰਨ ਲੈਣ, ਪਰ ਸਾਹਿਬਜ਼ਾਦੇ ਅਡੋਲ ਰਹੇ। ਨੀਂਹਾਂ ਵਿਚ ਜਿਉਂਦੇ ਚਿਣੇ ਜਾਣ ਦੇ ਫੈਸਲੇ ਤੋਂ ਵੀ ਉਹ ਬੇਖ਼ੌਫ ਰਹੇ। ਨੀਂਹਾਂ ਵਿਚ ਚਿਣੇ ਜਾਣ ਵਾਲੇ ਕਸ਼ਟ ਭਰੇ ਵਰਤਾਰੇ ਵਿਚ ਵੀ ਅਡੋਲ ਰਹੇ। ਕਿਉਂਕਿ ਉਨ੍ਹਾਂ ਨੂੰ ਦੀਨ ਪਿਆਰਾ ਸੀ, ਉਨ੍ਹਾਂ ਨੇ ਸਦਾ ਲਈ ਸਿੱਖ ਕੌਮ ਅੰਦਰ ਇਹ ਸਿਧਾਂਤ ਸਥਾਪਤ ਕਰ ਦਿੱਤਾ ਕਿ ਦੁਨੀਆ ਦੀ ਕੋਈ ਵੀ ਕੀਮਤ ਤੁਹਾਡੇ ਧਾਰਮਿਕ ਅਕੀਦੇ ਦੇ ਬਰਾਬਰ ਨਹੀਂ ਹੋ ਸਕਦੀ। ਕੋਈ ਵੀ ਕੀਮਤ ਦੀਨ ਤੋਂ ਈਨ ਵੱਲ ਲਿਜਾ ਸਕਣ ਦੇ ਤੁਲ ਨਹੀਂ ਹੋ ਸਕਦੀ।

ਮੇਰੀ ਸਮਝ ਮੁਤਾਬਕ ਇਹ ਪੱਖ ਸਿੱਧੇ ਰੂਪ ਵਿਚ ਸਿੱਖ ਕੌਮ, ਭਾਵ, ਹਰੇਕ ਸਿੱਖ ਨਾਲ ਸਬੰਧਤ ਹੈ। ਤੇ ਇਹ ਪੱਖ ਅੱਜ ਤੱਕ ਜਿਊਂਦਾ ਵੀ ਹੈ, ਤੇ ਇਹੀ ਪੱਖ ਹੈ ਜਿਸਦੀ ਬਦੌਲਤ ਸਿੱਖਾਂ ਦੀ ਪੱਗ, ਤੇ ਪੱਗ ਨਾਲ ਜੁੜਿਆ ਗੌਰਵ, ਅੱਜ ਤੱਕ ਵੀ ਸਲਾਮਤ ਹੈ।

ਸਿੱਖਾਂ ਵਲੋਂ ਪੁਰਾਤਨ ਸਮੇਂ ਵਿਚ ਕੀਤੀਆਂ ਕੁਰਬਾਨੀਆਂ ਦੇ ਸਬੰਧ ਵਿਚ ਕਈ ਵਾਰੀ ਇਸ ਤਰ੍ਹਾਂ ਦੇ ਸ਼ੰਕੇ ਵੀ ਉਭਾਰੇ ਗਏ ਕਿ ਪੁਰਾਤਨ ਇਤਿਹਾਸਕ ਕੁਰਬਾਨੀਆਂ ਨੂੰ ਬਹੁਤ ਵੱਡਾ ਕਰ ਕੇ ਪੇਸ਼ ਕੀਤਾ ਗਿਆ ਹੈ ਜੋ ਕਿ ਸੰਭਵ ਨਹੀਂ। ਪਰ ਇਸ ਦਾਅਵੇ ਨੂੰ ਸਪਸ਼ਟ ਸ਼ਬਦਾਂ ਵਿਚ ਸਾਬਤ ਕੀਤਾ ਜਾ ਸਕਦਾ ਹੈ ਕਿ ਇਹ ਸੰਭਵ ਸੀ ਤੇ ਸੰਭਵ ਹੈ। ਇਸ ਸਬੰਧੀ ਪ੍ਰਤੱਖ ਪ੍ਰਮਾਣ ਹਨ ਕਿ ਵੀਹਵੀਂ ਸਦੀ ਦੇ ਆਖ਼ਰੀ ਵੀਹ ਵਰ੍ਹੇ, ਜਿਹੜੇ ਸਿੱਖ ਕੌਮ ਲਈ ਬਹੁਤ ਵੱਡੇ ਤੇ ਪੀੜ ਭਰੇ ਇਮਤਿਹਾਨ ਸਾਬਤ ਹੋਏ।

ਸਿੱਖ ਕੌਮ ਦੇ ਯੋਧਿਆਂ ਵੱਲੋਂ ਸੈਂਕੜੇ ਹੀ ਮੌਕਿਆਂ ਉਪਰ ਕੀਤੇ ਗਏ ਸੂਰਮਤਾਈਆਂ ਭਰਪੂਰ ਅਜਿਹੇ ਕ੍ਰਿਸ਼ਮੇ ਸਾਹਮਣੇ ਆਏ ਜਿਨ੍ਹਾਂ ਨੂੰ ਸੁਣਨ ਵਾਲੇ ਤਾਂ ਹੈਰਾਨ ਹੀ ਸਨ ਪਰ ਅੱਖੀਂ ਦੇਖਣ ਵਾਲੇ ਅਚੰਭਤ ਵੀ ਹੋਏ ਕਿ ਇਸ ਤਰ੍ਹਾਂ ਦੇ ਸਿਰੜ ਤੇ ਸਿਦਕ ਸੰਭਵ ਕਿਵੇਂ ਹੋ ਸਕਦੇ ਹਨ? ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੇ ਵਰਤਾਰੇ, ਚਮਕੌਰ ਸਾਹਿਬ ਦੀ ਗੜ੍ਹੀ ਵਿਚਲੀ ਜੰਗ ਦਾ ਹੀ ਰੂਪ ਨਜ਼ਰ ਆਏ। ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਸਿੰਘਾਂ ਦੀਆਂ ਸ਼ਹਾਦਤਾਂ, ਦਸਮ ਪਾਤਸ਼ਾਹ ਦੇ ਸਮੇਂ ਦੇ ਇਤਿਹਾਸ ਦਾ ਹੀ ਪੰਨਾ ਨਜ਼ਰ ਆਉਂਦੀਆਂ ਹਨ। ਬਿਅੰਤ ਸਿੰਘ, ਸਤਵੰਤ ਸਿੰਘ ਤੇ ਦਿਲਾਵਰ ਸਿੰਘ ਅਤੇ ਅਨੇਕਾਂ ਹੀ ਹੋਰ ਸਿਰਲੱਥ ਸੂਰਬੀਰਾਂ ਦੀਆਂ ਸ਼ਹਾਦਤਾਂ ਹਰ ਤਰ੍ਹਾਂ ਨਾਲ ਪੁਰਾਤਨ ਸਿੰਘਾਂ ਦੀਆਂ ਸ਼ਹਾਦਤਾਂ ਦਾ ਹੀ ਰੂਪ ਨਜ਼ਰ ਆਉਂਦੀਆਂ ਹਨ।

ਪੰਜਾਬ ਦੀ ਭਾਰਤ ਵਿਚ ਇਕ ਵੱਖਰੀ ਪਛਾਣ ਹੈ। ਪੰਜਾਬ ਭਾਰਤ ਦੇ ਇਤਿਹਾਸ ਦੇ ਸਦੀਆਂ ਤੋਂ ਬਦਲਦੇ ਆ ਰਹੇ ਰੰਗਾਂ ਦਾ ਗਵਾਹ ਹੈ। ਪੰਜਾਬ ਆਪਣੀ ਬਹਾਦਰੀ, ਦ੍ਰਿੜ੍ਹਤਾ ਤੇ ਆਪਣੇ ਕਿਰਦਾਰ ਦੀ ਵਿਲੱਖਣ ਪਛਾਣ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਸਥਾਪਤ ਪੁਰਾਤਨ ਧਾਰਨਾਵਾਂ ਦੀ ਗਵਾਹੀ ਇਕ ਵਾਰ ਫਿਰ ਕਿਸਾਨ ਮੋਰਚੇ ਦੇ ਰੂਪ ਵਿਚ ਦਿੱਤੀ ਗਈ। ਤੇ ਜਿਹੜਾ ਸੰਘਰਸ਼ ਸਿਰਫ ਫਸਲਾਂ ਨੂੰ ਲੈ ਕੇ ਸ਼ੁਰੂ ਕੀਤਾ ਗਿਆ ਸੀ ਉਹ ਨਸਲਾਂ ਦੀ ਹੋਂਦ ਤੇ ਸਲਾਮਤੀ ਦੇ ਪਹਿਰੇਦਾਰਾਂ ਦੇ ਰੂਪ ਵਿਚ ਇੱਕ ਵੱਡੇ ਤੇ ਅਣਕਿਆਸੇ ਵਰਤਾਰੇ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ, ਜਿਹੜਾ ਪੰਥ ਦੇ ਵਾਲੀ ਵੱਲੋਂ ਬਖਸ਼ੀ ਪੰਥਕ ਚੇਤਨਾ ਦਾ ਹੀ ਪ੍ਰਤੀਕ ਸੀ।

ਛੋਟੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਦਾ ਰੂਹਾਨੀ ਤੇਜ਼ ਤੇ ਪ੍ਰਤਾਪ ਜੋ ਕੌਮ ਦੇ ਵਾਰਸਾਂ ਅੰਦਰ ਕਿਤੇ ਨਾ ਕਿਤੇ ਬੀਜ ਰੂਪ ਵਿਚ ਪਿਆ ਹੈ ਤੇ ਯੋਗ ਵਾਤਾਵਰਣ ਮਿਲਦਿਆਂ ਹੀ ਕ੍ਰਿਸ਼ਮਈ ਜਲੌਅ ਦੇ ਰੂਪ ਵਿਚ ਪਰਗਟ ਹੁੰਦਾ ਹੈ, ਉਦਾਹਰਨ ਵਜੋਂ 'ਕਿਸਾਨੀ ਮੋਰਚੇ ਸਮੇਂ ਮਾਲਵੇ ਦੇ ਇਲਾਕੇ ਦਾ ਇੱਕ 12-13 ਸਾਲ ਦਾ ਅੱਲ੍ਹੜ ਉਮਰ ਦਾ ਮੁੰਡਾ ਜੋ ਘਰੋਂ ਪੜ੍ਹਨ ਗਿਆ ਸੀ ਤੇ ਰਸਤੇ ਵਿਚ ਮੋਰਚੇ ਲਈ ਦਿੱਲੀ ਜਾਣ ਵਾਲੀ ਟਰਾਲੀ ਦੇਖੀ ਤਾਂ ਉਸ ਵਿਚ ਬਸਤੇ ਸਮੇਤ ਸਵਾਰ ਹੋ ਕੇ ਦਿੱਲੀ ਪਹੁੰਚ ਗਿਆ। ਉੱਥੇ ਮੀਡੀਆ ਵਾਲੀ ਲੜਕੀ ਨੇ ਕਈ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਉਮਰ ਦੇ ਤਜਰਬੇ ਜਾਂ ਪੜ੍ਹਾਈ ਦੀ ਸਮਝ ਵਿਚੋਂ ਨਹੀਂ ਸਗੋਂ ਨਿਰੋਲ ਤੇ ਪਵਿੱਤਰ ਰੂਹ ਦੀ ਆਵਾਜ਼ ਸਨ। ਇੱਕ ਸਵਾਲ ਸੀ ਕਿ ਤੈਨੂੰ ਇੱਥੇ ਡਰ ਨਹੀਂ ਲੱਗਦਾ ਤਾਂ ਜਵਾਬ ਸੀ ਕਿ "ਉਹ (ਡਰ) ਕੀ ਹੁੰਦੈ, ਅਸੀਂ ਸਾਹਿਬਜ਼ਾਦਿਆਂ ਦੇ ਵਾਰਸ ਹਾਂ ਤੇ ਜੇ ਉਹ ਇਕ ਜ਼ਾਲਮ ਹੁਕਮਰਾਨ ਤੋਂ ਨਹੀਂ ਡਰੇ ਤਾਂ ਅਸੀਂ ਕਿਸ ਗੱਲ ਦਾ ਡਰ ਮਨ ਵਿਚ ਰੱਖੀਏ,"।

ਕੌਮ ਜ਼ੁਲਮ ਦੇ ਵਿਰੁੱਧ ਅੱਜ ਵੀ ਉਸੇ ਤਰ੍ਹਾਂ ਖੜ੍ਹੀ ਹੈ ਜਿਵੇਂ ਪੁਰਾਤਨ ਸਮਿਆਂ ਵਿਚ ਸੀ। ਇਹੀ ਕਾਰਨ ਸੀ ਕਿ ਜਦੋਂ ਸਿਮਰਨਜੀਤ ਸਿੰਘ ਮਾਨ ਦੀ ਪਾਰਲੀਮੈਂਟ ਦੀ ਚੋਣ ਸਮੇਂ ਦੀਪ ਸਿੱਧੂ ਨੇ ਇੱਕ ਹੱਥ ਝਾੜੂ ਤੇ ਇੱਕ ਹੱਥ ਸ਼ਮਸ਼ੀਰ ਫੜ ਕੇ ਸਰੋਤਿਆਂ ਨੂੰ ਵੰਗਾਰਿਆ ਸੀ ਕਿ ਕੀ ਸਿੱਖ ਇਤਿਹਾਸ ਦੀ ਸਿਰਜਣਾ ਤਲਵਾਰ ਦੀ ਧਾਰ 'ਚੋਂ ਹੋਈ ਹੈ ਜਾਂ ਝਾੜੂ ਦੀਆਂ ਤੀਲਾ ਵਿਚੋਂ? ਤਾਂ ਇੱਕਦਮ ਪੂਰੇ ਹਲਕੇ ਦੀ ਪੰਥ ਪ੍ਰਸਤ ਧਿਰ ਨੇ ਇੱਕ ਅਣਕਿਆਸੀ ਜਿੱਤ ਪ੍ਰਾਪਤ ਕਰਵਾਈ ਸੀ। ਤੇ ਕੌਮ ਅੰਦਰ ਇਹੀ ਜਲੌਅ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਖਾਲਸਾ ਦੀ ਪਾਰਲੀਮਾਨੀ ਚੋਣ ਵਿਚ ਪਰਗਟ ਹੋਇਆ ਦੇਖਿਆ ਗਿਆ ਸੀ ਜਿਥੇ ਕੌਮ ਨੇ ਫਿਰ ਆਪਣੀ ਪੰਥ ਪ੍ਰਸਤੀ ਦਾ ਇੱਕ ਅਣਕਿਆਸਿਆ ਬਿਰਤਾਂਤ ਸਿਰਜਿਆ ਸੀ।



# ਫ਼ਿਲਮ ਲੋਕ



## ਸ਼ਾਨਦਾਰ ਐਕਟਿੰਗ ਦੀ ਪਰੰਪਰਾ ਨੂੰ ਅੱਗੇ ਵਧਾ ਰਹੀ ਹੈ-ਆਲੀਆ ਭੱਟ



ਆਲੀਆ ਭੱਟ 'ਗਲੀ ਬੁਆਏ' (2019) ਅਤੇ 'ਰਾਕੀ ਔਰ ਰਾਨੀ ਕੀ ਪ੍ਰੇਮ ਕਹਾਨੀ' (2023) ਤੋਂ ਬਾਅਦ ਇਕ ਵਾਰ ਫਿਰ ਰਣਬੀਰ ਸਿੰਘ ਨਾਲ ਫ਼ਿਲਮ 'ਪ੍ਰਲਯ' ਵਿਚ ਨਜ਼ਰ ਆਉਣ ਵਾਲੀ ਹੈ। ਜੇਕਰ ਖ਼ਬਰਾਂ ਦੀ ਮੰਨੀਏ ਤਾਂ ਰਣਵੀਰ ਸਿੰਘ ਫ਼ਿਲਮ 'ਧੁਰੰਧਰ' (2025) ਦੀ ਸੁਪਰ ਸਫਲਤਾ ਤੋਂ ਬਾਅਦ ਹੁਣ ਜਲਦੀ ਹੀ ਆਪਣੀ ਅਗਲੀ ਫ਼ਿਲਮ 'ਪ੍ਰਲਯ' ਦੀ ਸ਼ੂਟਿੰਗ ਸ਼ੁਰੂ ਕਰਨ ਵਾਲੇ ਹਨ ਜਿਸ ਨੂੰ ਜੈ ਮਹਿਤਾ ਬਣਾ ਰਹੇ ਹਨ।

ਸੂਤਰਾਂ ਦੇ ਹਵਾਲੇ ਨਾਲ ਖ਼ਬਰ ਆ ਰਹੀ ਹੈ ਕਿ 'ਪ੍ਰਲਯ' ਦੀ ਕਹਾਣੀ ਵਿਚ ਮਹਿਲਾ ਪ੍ਰਧਾਨ ਹੀਰੋਈਨ ਇਕ ਲਵ ਇੰਟਰੇਸਟ ਦੇ ਤੌਰ 'ਤੇ ਹੋਣ ਦੇ ਬਾਵਜੂਦ ਇਹ ਕਿਰਦਾਰ ਬੇਹਦ ਅਹਿਮ ਹੈ। ਇਸ ਕਿਰਦਾਰ ਨੂੰ ਨਿਰਮਾਤਾ ਸਿਰਫ਼ ਇਕ ਲਵ ਇੰਟਰੇਸਟ ਦੇ ਤੌਰ 'ਤੇ ਪੇਸ਼ ਕਰਨਾ ਨਹੀਂ ਚਾਹੁੰਦੇ ਬਲਕਿ ਇਸ ਕਿਰਦਾਰ ਨੂੰ ਨਿਭਾਉਂਦੇ ਹੋਏ ਆਲੀਆ ਭੱਟ ਇਕ ਢਹਿੰਦੀ ਹੋਈ ਦੁਨੀਆ ਵਿਚ ਫ਼ਿਲਮ ਦੇ ਹੀਰੋ ਦੇ ਵਿਚਾਰਾਂ ਨੂੰ ਚੁਣੌਤੀ ਦਿੰਦੀ ਨਜ਼ਰ ਆਏਗੀ। ਇਥ 'ਪ੍ਰਲਯ' ਤੋਂ ਇਲਾਵਾ ਆਲੀਆ ਭੱਟ ਕੋਲ 'ਅਲਫਾ', 'ਬ੍ਰਹਮਾਸਤਰ-ਭਾਗ , 2' ਅਤੇ 'ਲਵ ਐਂਡ ਵਾਰ' ਜਿਹੀਆਂ ਫ਼ਿਲਮਾਂ ਹਨ, ਉਥੇ ਰਣਵੀਰ ਸਿੰਘ 19 ਮਾਰਚ 2026 ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਲਈ ਤਿਆਰ 'ਧਰੁੰਦਰ ਭਾਗ-2' ਵਿਚ ਨਜ਼ਰ ਆਉਣਗੇ।

ਆਲੀਆ ਦੀ ਤੁਲਨਾ ਅਕਸਰ ਕਾਜੋਲ ਨਾਲ ਕੀਤੀ ਜਾਂਦੀ ਹੈ ਪਰ ਆਲੀਆ ਨੇ ਕਾਜੋਲ ਦੀ ਤੁਲਨਾ ਤੋਂ ਕਿਤੇ ਵਧ ਅਲੱਗ-ਅਲੱਗ ਕਿਰਦਾਰ ਨਿਭਾਏ ਹਨ। ਕਾਜੋਲ ਜ਼ਿਆਦਾ ਰੁਮਾਂਟਿਕ, ਡ੍ਰਾਮੈਟਿਕ ਜਾਂ ਪਰਿਵਾਰਕ ਡਰਾਮਾ ਫ਼ਿਲਮਾਂ ਵਿਚ ਨਜ਼ਰ ਆਈ ਜਦੋਂ ਕਿ ਆਲੀਆ ਨੇ ਜੀਵਨੀ ਆਧਾਰਤ ਅਤੇ ਸਮਾਜਿਕ ਡਰਾਮਾ ਤੱਕ ਹਰ ਤਰ੍ਹਾਂ ਦੀਆਂ ਫ਼ਿਲਮਾਂ ਵਿਚ ਹੱਥ ਅਜਮਾਉਂਦੇ ਹੋਏ ਖ਼ੁਦ ਨੂੰ ਸਾਬਿਤ ਕੀਤਾ ਹੈ।ਕਾਜੋਲ ਦੇ ਇਮੋਸ਼ਨਲ ਦ੍ਰਿਸ਼ਾਂ ਵਿਚ ਦਰਸ਼ਕਾਂ ਨੂੰ ਰੁਆ ਦੇਣ ਵਾਲੀ ਇਕ ਗਹਿਰਾਈ ਹੋਇਆ ਕਰਦੀ ਸੀ। ਕਾਜੋਲ ਦੀ ਤਰ੍ਹਾਂ ਆਲੀਆ ਵੀ ਭਾਵਨਾਵਾਂ ਨੂੰ ਸਿਲਵਰ ਸਕ੍ਰੀਨ 'ਤੇ ਕਾਫੀ ਦਮਦਾਰ ਤਰੀਕੇ ਨਾਲ ਪੇਸ਼ ਕਰਦੀ ਹੈ ਪਰ ਉਸ ਦੀ ਸ਼ੈਲੀ ਥੋੜ੍ਹੀ ਮਾਡਰਨ ਅਤੇ ਸੂਖ਼ਮ ਹੈ ਜੋ ਅੱਜ ਦੀ ਪੀੜ੍ਹੀ ਦੇ ਦਰਸ਼ਕਾਂ ਨੂੰ ਵਧੇਰੇ ਪਸੰਦ ਆਉਂਦੀ ਹੈ। ਕਾਜੋਲ ਦੀ ਸਕ੍ਰੀਨ 'ਤੇ ਉਸਦੀ ਐਨਰਜੀ ਉਸ ਦੀ ਬੋਲਡਨੈੱਸ ਨਾਲ ਆਉਂਦੀ ਸੀ ਜਦੋਂ ਕਿ ਆਲੀਆ ਦੀ ਸਕ੍ਰੀਨ 'ਤੇ ਉਸ ਦੀ ਸਾਦਗੀ ਅਤੇ ਕਿਰਦਾਰ ਵਿਚ ਡੁੱਬਣ ਦੀ ਕਾਬਲੀਅਤ ਨਾਲ ਬਣਦੀ ਹੈ।

ਕਾਜੋਲ ਦੇ ਪ੍ਰਸੰਸਕਾਂ ਦਾ ਮੰਨਣਾ ਹੈ ਕਿ ਆਲੀਆ ਕੋਲ ਉਹ ਕਰਿਸ਼ਮਾ ਅਤੇ ਜਾਦੂ ਨਹੀਂ ਹੈ ਜੋ ਕਾਜੋਲ ਵਿਚ ਸੀ। ਉਸ ਦੇ ਪ੍ਰਸ਼ੰਸਕਾਂ ਦੇ ਦਿਲ-ਦਿਮਾਗ਼ 'ਤੇ 'ਦਿਲਵਾਲੇ ਦੁਲਹਨੀਆ', 'ਕੁਛ-ਕੁਛ ਹੋਤਾ ਹੈ' ਜਾਂ 'ਕਭੀ ਖ਼ੁਸ਼ੀ ਕਭੀ ਗ਼ਮ' ਵਾਲਾ ਕਾਜੋਲ ਦਾ ਅਸਰ ਅੱਜ ਵੀ ਬਰਕਰਾਰ ਹੈ। ਕਾਜੋਲ ਦੇ ਕੁਝ ਪ੍ਰਸੰਸਕਾਂ ਦਾ ਮੰਨਣਾ ਹੈ ਕਿ ਆਲੀਆ ਦੀ ਸਫ਼ਲਤਾ ਉਨ੍ਹਾਂ ਦੀ ਫ਼ਿਲਮੀ ਪਿੱਠਭੂਮੀ ਅਤੇ ਮੌਜੂਦਾ ਦੌਰ ਵਿਚ ਪ੍ਰਮੋਸ਼ਨ ਦੀ ਵਜ੍ਹਾ ਕਰਕੇ ਹੈ ਨਹੀਂ ਤਾਂ ਉਹ ਕਾਜੋਲ ਦੇ ਸਾਹਮਣੇ ਕਿਤੇ ਨਹੀਂ ਟਿਕ ਸਕਦੀ ਸੀ ਜਦਕਿ ਆਲੀਆ ਦੇ ਪ੍ਰਸੰਸਕਾਂ ਨੂੰ ਲੱਗਦਾ ਹੈ ਕਿ ਉਹ ਕਾਜੋਲ ਨਾਲੋਂ ਕਿਤੇ ਅੱਗੇ ਹੈ। ਉਹ ਉਸ ਦੀ ਮਿਹਨਤ, ਬਹੁਪੱਖੀ ਕਲਾਕਾਰ ਦੇ ਗੁਣ ਅਤੇ ਲਗਾਤਾਰ ਚੰਗੀਆਂ ਫ਼ਿਲਮਾਂ ਦੇਣ ਦੀ ਤਾਰੀਫ਼ ਕਰਦੇ ਹਨ।

ਕੁਝ ਲੋਕ ਤਾਂ ਇਨ੍ਹਾਂ ਦੋਵਾਂ ਹੀਰੋਈਨਾਂ ਦੀ ਤੁਲਨਾ ਨੂੰ ਹੀ ਗ਼ਲਤ ਮੰਨਦੇ ਹਨ। ਉਨ੍ਹਾਂ ਲਈ ਕਾਜੋਲ ਆਪਣੇ ਸਮੇਂ ਦੀ ਰਾਣੀ ਸੀ ਅਤੇ ਆਲੀਆ ਅੱਜ ਦੀ ਸੁਪਰਸਟਾਰ ਹੈ। ਦੋਵਾਂ ਦਾ ਟੈਲੇਂਟ ਆਪਣੇ-ਆਪਣੇ ਦੌਰ ਦੇ ਹਿਸਾਬ ਨਾਲ ਬੇਮਿਸਾਲ ਹੈ। ਕਾਜੋਲ ਨੇ ਆਪਣੇ ਸਮੇਂ ਵਿਚ ਜੋ ਕੀਤਾ, ਉਹ ਉਸ ਦੌਰ ਦੇ ਸਿਨੇਮਾ ਦੇ ਹਿਸਾਬ ਨਾਲ ਸ਼ਾਨਦਾਰ ਸੀ। ਉਨ੍ਹਾਂ ਦੀਆਂ ਫ਼ਿਲਮਾਂ ਭਾਵਨਾਵਾਂ ਅਤੇ ਲੋਕ ਅਪੀਲ 'ਤੇ ਟਿਕੀਆਂ ਸਨ ਜਦਕਿ ਆਲੀਆ ਅੱਜ ਦੇ ਸਿਨੇਮਾ ਦੀਆਂ ਜ਼ਰੂਰਤਾਂ, ਸ਼ਖ਼ਸੀਅਤ ਦੇ ਵੱਖ-ਵੱਖ ਰੂਪ, ਗਲੋਬਲ ਅਪੀਲ ਅਤੇ ਕਹਾਣੀ ਦੇ ਹਿਸਾਬ ਨਾਲ ਕਿਰਦਾਰਾਂ ਨੂੰ ਪੂਰਾ ਕਰਦੀ ਹੈ। ਕਾਜੋਲ ਅਤੇ ਆਲੀਆ ਦੇ ਪ੍ਰਸੰਸਕਾਂ ਨੂੰ ਆਪਣੇ-ਆਪਣੇ ਤਰਕ ਨਜ਼ਰ ਆਉਂਦੇ ਹਨ। ਇਸ ਲਈ ਕੌਣ ਕਿਸ ਦੇ ਮੁਕਾਬਲੇ ਵਧੀਆ ਹੈ, ਇਹ ਕਹਿਣਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ ਪਰ ਸੱਚਾਈ ਇਹ ਹੈ ਕਿ ਕਾਜੋਲ ਦਾ ਦੌਰ ਖ਼ਤਮ ਹੋ ਚੁੱਕਾ ਹੈ ਅਤੇ ਹੁਣ ਆਲੀਆ ਭੱਟ ਚੰਗੀ ਐਕਟਿੰਗ ਦੀ ਪਰੰਪਰਾ ਨੂੰ ਸ਼ਾਨਦਾਰ ਤਰੀਕੇ ਨਾਲ ਅੱਗੇ ਲੈ ਕੇ ਜਾ ਰਹੀ ਹੈ।



## 'ਸ਼ਿਵਾਨੀ ਸ਼ਿਵਾਜੀ ਰਾਏ' ਦੇ ਕਿਰਦਾਰ ਵਿਚ ਰਾਣੀ ਮੁਖਰਜੀ

ਹੀਰੋਈਨ ਰਾਣੀ ਮੁਖਰਜੀ ਨੇ 1997 ਵਿਚ ਰਿਲੀਜ਼ ਫ਼ਿਲਮ 'ਰਾਜਾ ਕੀ ਆਏਗੀ ਬਾਰਾਤ' ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਵੇਲੇ ਤੋਂ ਲੈ ਕੇ ਅੱਜ ਤੱਕ ਉਹ ਇਸ ਇੰਡਸਟਰੀ ਵਿਚ ਇਕ ਲੰਬਾ ਸਫਰ ਤੈਅ ਕਰ ਚੁੱਕੀ ਹੈ। 1990 ਦੇ ਦਹਾਕੇ ਦੇ ਆਖ਼ਰੀ ਸਾਲ ਰਾਣੀ ਮੁਖਰਜੀ ਦੇ ਕਰੀਅਰ ਲਈ ਬੇਹੱਦ ਹੈਰਤਅੰਗੇਜ਼ ਸਾਬਤ ਹੋਏ। ਉਸ ਦੌਰ ਵਿਚ ਰਿਲੀਜ਼ ਰਾਣੀ ਦੀਆਂ ਫ਼ਿਲਮਾਂ ਨੇ ਉਸ ਦੇ ਕਰੀਅਰ ਦੀ ਦਿਸ਼ਾ ਤੈਅ ਕਰਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ। 2000 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿਚ ਰਾਣੀ ਨੇ ਆਪਣੀ ਐਕਟਿੰਗ ਦੀ ਪਹਿਚਾਣ ਦੀ ਤਲਾਸ਼ ਪੂਰੀ ਕਰਦੇ ਹੋਏ 'ਸਾਥੀਆ' (2002) ਵਰਗੀ ਫ਼ਿਲਮ ਰਾਹੀਂ ਆਪਣੇ ਕਰੀਅਰ ਨੂੰ ਮਹੱਤਵਪੂਰਨ ਮੋੜ ਦਿੱਤਾ। ਫ਼ਿਲਮ ਵਿਚ ਰਾਣੀ ਨੇ ਡਾਕਟਰ ਸੁਹਾਨੀ ਸ਼ਰਮਾ ਦਾ ਜੋ ਕਿਰਦਾਰ ਨਿਭਾਇਆ, ਉਸ ਲਈ ਉਸ ਦੀ ਬੇਹੱਦ ਪ੍ਰਸੰਸਾ ਹੋਈ। ਰਾਣੀ ਨੇ ਖ਼ੁਦ ਨੂੰ ਸਟਾਰ ਦੀ ਬਜਾਏ ਇਕ ਇਮਾਨਦਾਰ ਅਜ ਕੁਦਰਤੀ ਅਦਾਕਾਰੀ ਵਾਲੀ ਹੀਰੋਈਨ ਦੇ ਤੌਰ 'ਤੇ ਸਥਾਪਿਤ ਕੀਤਾ। 'ਹਮ ਤੁਮ' (2024) ਅਤੇ 'ਬਲੈਕ' (2005) ਵਰਗੀਆਂ ਫਿਲਮਾਂ ਨੇ ਐਕਟਿੰਗ ਬਾਰੇ ਰਾਣੀ ਦੇ ਵਿਸ਼ਵਾਸ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਸੰਜੇ ਲੀਲਾ ਸੰਸਾਲੀ ਦੀ ਫਿਲਮ 'ਬਲੈਕ' (2005) ਵਿਚ ਰਾਣੀ ਦੇ ਕਿਰਦਾਰ ਨੂੰ ਦੇਖ ਕੇ ਲੱਗਿਆ ਸੀ ਕਿ ਜੇਕਰ ਚਿਹਰੇ ਦੀ ਦਿੱਖ ਠੀਕ ਹੋਵੇ ਤਾਂ ਮਨੋ ਭਾਵ ਵੀ ਸ਼ਬਦਾਂ ਨਾਲ ਵਧੇਰੇ ਬੋਲ ਸਕਦਾ ਹੈ। ਵਿਆਹ ਅਤੇ ਮਾਂ ਬਣ ਜਾਣ ਤੋਂ ਬਾਅਦ ਰਾਣੀ ਮੁਖਰਜੀ ਦਾ ਕਰੀਅਰ ਨਾ ਰੁਕਿਆ ਅਤੇ ਨਾ ਹੀ ਡਗਮਗਾਇਆ, ਬਲਕਿ ਪਹਿਲਾਂ ਦੇ ਮੁਕਾਬਲੇ ਕਿਤੇ ਬਿਹਤਰ ਦੌੜਨ ਲੱਗਾ। ਇਸ ਦੌਰ ਦੀਆਂ ਫ਼ਿਲਮਾਂ ਬਿਚ 'ਮਰਦਾਨੀ' (2014), 'ਹਿਚਕੀ (2018) ਅਤੇ 'ਮਰਦਾਨੀ 2' (2019) ਰਾਹੀਂ ਰਾਣੀ ਨੇ ਸਾਬਤ ਕੀਤਾ ਕਿ ਉਹ ਆਪਣੀ ਦੀ ਐਕਟਿੰਗ ਨਾਲ ਬਿਨਾਂ ਕਿਸੇ ਮਰਦ ਐਕਟਰ ਤੋਂ ਵੀ ਫ਼ਿਲਮ ਨੂੰ ਹਿਟ ਕਰਵਾ ਸਕਦੀ ਹੈ।

ਫ਼ਿਲਮ 'ਮਰਦਾਨੀ 3' ਵਿਚ ਰਾਣੀ ਮੁਖਰਜੀ ਇਕ ਵਾਰ ਫਿਰ 'ਸੁਪਰਕਾਪ ਸ਼ਿਵਾਨੀ ਸ਼ਿਵਾਜੀ ਰਾਏ' ਦੇ ਕਿਰਦਾਰ ਵਿਚ ਨਜ਼ਰ ਆਉਣ ਵਾਲੀ ਹੈ। ਫਿਲਮ ਦਾ ਨਿਰਦੇਸ਼ਨ ਅਭਿਰਾਜ ਮੀਨਾਵਾਲਾ ਨੇ ਕੀਤਾ ਹੈ, ਜਦਕਿ ਇਸ ਨੂੰ ਯਸ਼ਰਾਜ ਫ਼ਿਲਮਜ਼ ਦੇ ਬੈਨਰ ਹੇਠ ਆਦਿੱਤਿਆ ਚੋਪੜਾ ਨੇ ਪ੍ਰੋਡਿਊਸ ਕੀਤਾ ਹੈ। ਇਸ ਬੜੇ ਇੰਤਜ਼ਾਰ ਵਾਲੀ ਫ਼ਿਲਮ ਦਾ ਪ੍ਰਸੰਸਕ ਲੰਬੇ ਸਮੇਂ ਤੋਂ ਇਤਜ਼ਾਰ ਕਰ ਰਹੇ ਹਨ। ਰਾਣੀ ਦੀ ਇਹ ਫ਼ਿਲਮ ਪਿਛਲੇ ਹਫ਼ਤੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਈ ਹੈ। ਰਾਣੀ ਦੇ ਪ੍ਰਸੰਸਕਾਂ ਲਈ ਇਕ ਖੁਸ਼ਖਬਰੀ ਇਹ ਵੀ ਹੈ ਕਿ ਉਸ ਨੂੰ ਸ਼ਾਹਰੁਖ਼ ਖ਼ਾਨ ਨਾਲ ਫ਼ਿਲਮ 'ਕਿੰਗ' ਵਿਚ ਇਕ ਬੇਹੱਦ ਅਹਿਮ ਕਿਰਦਾਰ ਲਈ ਫਾਈਨਲ ਕੀਤਾ ਗਿਆ ਹੈ।

## ਵਿਆਹ ਦੀ ਯੋਜਨਾ ਬਣਾਉਣ ਵਿਚ ਜੁਟੀ-ਸ਼ਰਧਾ ਕਪੂਰ

'ਇਸਤਰੀ-2 ਵਰਗੀ ਸੁਪਰਹਿੱਟ ਫ਼ਿਲਮ ਨਾਲ ਇਕਦਮ ਸੁਪਰ ਸਟਾਰਡਮ 'ਤੇ ਪਹੁੰਚ ਚੁੱਕੀ ਹੀਰੋਈਨ ਸ਼ਰਧਾ ਕਪੂਰ ਦੇ ਪ੍ਰਸੰਸਕ ਉਸ ਦੀਆਂ ਅਗਲੀਆਂ ਫ਼ਿਲਮਾਂ ਦਾ ਇੰਤਜ਼ਾਰ ਕਰ ਰਹੇ ਹਨ। ਪ੍ਰਸੰਸਕਾਂ ਲਈ ਹੁਣ ਇਕ ਚੰਗੀ ਖਬਰ ਆ ਰਹੀ ਹੈ ਕਿ ਇਕ -ਲੰਬੇ ਸਮੇਂ ਤੋਂ ਬਾਅਦ ਸ਼ਰਧਾ ਕਪੂਰ ਫ਼ਿਲਮ 'ਈਥਾ' ਅਤੇ 'ਨਾਗਿਨ' ਰਾਹੀਂ ਵੱਡੇ ਪਰਦੇ 'ਤੇ ਵਾਪਸੀ ਕਰਨ ਜਾ ਰਹੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਫ਼ਿਲਮ 'ਨਾਗਿਨ' ਵਿਚ ਇਕ ਇੱਛਾਧਾਰੀ 'ਨਾਗਿਨ' ਦੇ ਕਿਰਦਾਰ ਵਿਚ ਉਹ ਯਕੀਨਨ ਹੀ ਦਰਸ਼ਕਾਂ ਨੂੰ ਰੁਮਾਂਚਿਤ ਕਰੇਗੀ।ਮਸ਼ਹੂਰ ਲਾਵਣੀ ਡਾਂਸਰ ਅਤੇ ਤਮਾਸ਼ਾ ਕਲਾਕਾਰ ਵਿਠਾਬਾਈ ਭਾਊ ਨਾਰਾਇਣ ਗਾਂਵਕਰ ਦੀ ਜੀਵਨੀ 'ਤੇ ਆਧਾਰਿਤ ਫ਼ਿਲਮ 'ਈਥਾ' ਦੀ ਸ਼ੂਟਿੰਗ ਮਾਰਚ ਤੱਕ ਪੂਰੀ ਹੋ ਜਾਵੇਗੀ। ਇਸ ਦੇ ਖ਼ਤਮ ਹੁੰਦਿਆਂ ਹੀ ਇਸੇ ਸਾਲ ਅਪ੍ਰੈਲ ਵਿਚ ਸ਼ਰਧਾ ਕਪੂਰ ਫ਼ਿਲਮ 'ਨਾਗਿਨ' ਦੀ ਸ਼ੂਟਿੰਗ ਕਰ ਦੇਵੇਗੀ। ਫ਼ਿਲਮ 'ਇਸਤਰੀ-2' (2024) ਤੋਂ ਬਾਅਦ ਸ਼ਰਧਾ ਆਪਣੀ ਫ਼ਿਲਮਾਂ ਦੀ ਚੋਣ ਬਹੁਤ ਸੋਚ-ਸਮਝ ਕੇ ਕਰ ਰਹੀ ਹੈ। 'ਈਥਾ' ਅਤੇ 'ਨਾਗਿਨ' ਤੋਂ ਇਲਾਵਾ ਸ਼ਰਧਾ ਕਪੂਰ 'ਇਸਤਰੀ 3' ਅਤੇ 'ਭੇੜੀਆ 2'ਵਿਚ ਵੀ ਆਪਣੀ ਭੂਮਿਕਾ ਦੁਹਰਾਉਂਦੀ ਨਜ਼ਰ ਆਵੇਗੀ। ਸ਼ਰਧਾ ਨੇ ਹਾਲ ਹੀ ਵਿਚ 'ਜ਼ੁਟੋਪਿਆ-2' ਦੇ ਹਿੰਦੀ ਭਾਗ ਵਿਚ ਜੂਡੀ ਹਾਪਸ ਨੂੰ ਆਪਣੀ ਆਵਾਜ਼ ਦਿੱਤੀ ਸੀ। ਖ਼ਬਰਾਂ ਅਨੁਸਾਰ ਉਹ ਦਰਸ਼ਕਾ ਵਲੋਂ ਪਸੰਦ ਕੀਤੀ ਗਈ ਫ਼ਿਲਮ 'ਤੁਮਬਾਡ' ਦੀ ਪਹਿਲੀ ਕੜੀ ' ਫ਼ਿਲਮ 'ਪਹਾੜਪੰਗਿਰਾ' ਵਿਚ ਵੀ ਨਜ਼ਰ ਆਵੇਗੀ। ਖਬਰਾਂ ਆ ਰਹੀਆਂ ਹਨ ਕਿ ਸ਼ਰਧਾ ਕਪੂਰ, ਰਾਹੁਲ ਮੋਦੀ ਨਾਲ ਵਿਆਹ ਦੀ ਪਲਾਨਿੰਗ ਕਰ ਰਹੀ ਹੈ ਅਤੇ ਬਹੁਤ ਜਲਦ ਉਹ ਮੋਦੀ ਪਰਿਵਾਰ ਦੀ ਬਹੂ ਬਣਨ ਵਾਲੀ ਹੈ। ਇਕ ਲੰਬੇ ਸਮੇਂ ਤੋਂ ਸ਼ਰਧਾ ਅਤੇ ਰਾਹੁਲ ਮੋਦੀ ਇਕ-ਦੂਜੇ ਨੂੰ ਡੇਟ ਕਰ ਰਹੇ ਹਨ। ਹਾਲਾਂਕਿ ਦੋਵਾਂ ਨੇ ਹੁਣ ਤੱਕ ਆਪਣੇ ਰਿਸ਼ਤੇ ਦੀ ਪੁਸ਼ਟੀ ਨਹੀਂ ਕੀਤੀ ਹੈ।



## ਨਰਗਿਸ ਫ਼ਾਖਰੀ – ਨੌਂ ਦਿਨ ਸਿਰਫ਼ ਪਾਣੀ

45 ਸਾਲ ਦੀ ਉਮਰ 'ਚ ਦੁਲਹਨ ਬਣਨਾ ਨਰਗਿਸ ਫ਼ਾਖਰੀ ਦਾ ਫੈਸਲਾ ਉਸ ਅਨੁਸਾਰ ਸਹੀ ਸੀ ਤੇ ਇਕ ਸਾਲ ਹੋ ਗਿਆ ਉਸ ਦਾ ਟੋਨੀ ਬੇਗ ਨਾਲ ਵਿਆਹ ਹੋਏ, ਤਾਂ ਉਸ ਨੇ ਵਿਆਹ ਦੀ ਸਾਲਗਿਰਾਹ 'ਤੇ ਇਹ ਗੱਲਾਂ ਆਪਣੀ ਖਾਸ ਸਹੇਲੀ ਨਾਲ ਸਾਂਝੀਆਂ ਕੀਤੀਆਂ। ਸਤਾਰਾਂ ਸਾਲ ਦੀ ਉਮਰ ਵਿਚ ਕਾਮਯਾਬ ਮਾਡਲ ਬਣਨ ਵਾਲੀ ਨਰਗਿਸ ਫਾਖਰੀ ਨੇ ਕਿਹਾ ਕਿ ਉਸ ਕੋਲ ਭਾਰਤ ਦੀ ਚਾਹੇ ਨਾਗਰਿਕਤਾ ਨਹੀਂ, ਪਰ ਭਾਰਤ ਨਾਲ ਉਸ ਦਾ ਸਭ ਤੋਂ ਜ਼ਿਆਦਾ ਪਿਆਰ ਹੈ। ਨਰਗਿਸ ਕੋਲ ਅਮਰੀਕਾ ਤੇ ਪਾਕਿਸਤਾਨ ਦੀ ਨਾਗਰਿਕਤਾ ਹੈ। ਨਰਗਿਸ ਆਪਣੇ-ਆਪ ਨੂੰ ਧਾਰਮਿਕ ਨਹੀਂ ਅਧਿਆਤਮਿਕ ਮੰਨਦੀ ਹੈ। ਪਾਕਿਸਤਾਨੀ ਹੋਣ ਦੇ ਬਾਵਜੂਦ ਉਸ ਨੇ ਆਪਣੇ-ਆਪ 'ਤੇ ਇਸਲਾਮ ਧਰਮ ਹਾਵੀ ਨਹੀਂ ਹੋਣ ਦਿੱਤਾ । ਨਰਗਿਸ ਤਾਂ ਹਨੂੰਮਾਨ ਚਾਲੀਸਾ ਵੀ ਪੜ੍ਹਦੀ ਹੈ ਤੇ ਗਾਇਤਰੀ ਮੰਤਰ ਵੀ ਸੁਣਦੀ ਹੈ। ਨਰਗਿਸ ਨੇ ਇਹ ਜ਼ਰੂਰ ਕਿਹਾ ਹੈ ਕਿ ਭਾਰਤ 'ਚ ਕਾਫੀ ਆਜ਼ਾਦੀ ਹੈ, ਜਦਕਿ ਪਾਕਿਸਤਾਨ 'ਚ ਉਸ ਨੇ ਲਾਲ ਕੱਪੜੇ ਪਹਿਨ ਕੇ ਇਕ ਵਿਗਿਆਪਨ ਕੀਤਾ ਤਾਂ ਖ਼ੂਬ ਰੌਲਾ ਪਿਆ ਸੀ। ਇਹ ਭਾਰਤ 'ਚ ਹੁੰਦਾ ਤਾਂ ਕੁਝ ਨਹੀਂ ਸੀ ਹੋਣਾ, ਉਹ ਆਖਦੀ ਹੈ। ਆਪਣੀ ਫਿਟਨੈੱਸ ਨੂੰ ਲੈ ਕੇ ਫਾਖਰੀ ਨੇ ਦੱਸਿਆ ਕਿ ਉਹ ਸਾਲ 'ਚ ਤਿੰਨ ਵਰਤ ਰੱਖਦੀ ਹੈ। ਲਗਾਤਾਰ ਨੌਂ ਦਿਨ ਉਹ ਕੁਝ ਨਹੀਂ ਖਾਂਦੀ, ਸਿਰਫ਼ ਪਾਣੀ ਹੀ ਪੀਂਦੀ ਹੈ। ਉਸ ਦਾ ਮੰਨਣਾ ਹੈ ਕਿ ਇਸ ਵਰਤ ਨਾਲ, ਸਿਰਫ਼ ਪਾਣੀ ਪੀਣ ਨਾਲ ਉਸ ਦੇ ਚਿਹਰੇ 'ਤੇ ਚਮਕ ਆ ਜਾਂਦੀ ਹੈ। ਰੋਜ਼ਾਨਾ ਅੱਠ ਘੰਟੇ ਦੀ ਨੀਂਦ ਵੀ ਉਹ ਲੈਂਦੀ ਹੈ ਤੇ ਸਿਹਤ ਦੇ ਮਾਮਲੇ 'ਚ ਨਰਗਿਸ ਫਾਖਰੀ ਕਾਫੀ ਚੌਕੰਨੀ ਹੈ। ਪੰਦਰਾਂ ਸਾਲ ਪਹਿਲਾਂ 'ਰਾਕਸਟਾਰ' ਫ਼ਿਲਮ ਨਾਲ ਨਾਇਕਾ ਬਣੀ ਨਰਗਿਸ ਫਾਖਰੀ ਨੇ ਕਿਹਾ ਕਿ 'ਪਲੇ ਬੁਆਏ' ਮੈਗਜ਼ੀਨ ਨੇ ਉਸ ਨੂੰ ਨਗਨ ਫੋਟੋਆਂ ਲਈ ਕਿਹਾ ਤਾਂ ਉਸ ਨੇ ਇਸ ਦੇ ਪੱਤਰਕਾਰ ਦੀ ਖ਼ੂਬ ਝਾੜ-ਝੰਬ ਕੀਤੀ ਸੀ। ਇਥੋਂ ਤੱਕ ਕਿ ਇਕ ਨਿਰਦੇਸ਼ਕ ਨੇ ਜਦ ਉਸ ਨੂੰ ਸਮਝੌਤੇ ਲਈ ਕਿਹਾ ਤਾਂ ਉਸ ਨੇ ਨਿਰਦੇਸ਼ਕ ਦਾ ਸਿਰ ਪਾੜ ਦੇਣ ਦੀ ਗੱਲ ਕਹੀ। ਉਦੋਂ ਇੰਡਸਟਰੀ 'ਚ ਇਹ ਗੱਲ ਫੈਲ ਗਈ ਕਿ ਨਰਗਿਸ ਨਾਲ ਐਸਾ-ਵੈਸਾ ਕਰਨ ਬਾਬਤ ਕੋਈ ਨਾ ਸੋਚੇ। ਨਰਗਿਸ ਨੇ ਤਾਜ਼ਾ ਯੋਜਨਾ ਇਹ ਬਣਾਈ ਹੈ ਕਿ ਉਹ ਨਿਊਜ਼ੀਲੈਂਡ 'ਚ ਪੱਕੇ ਤੌਰ 'ਤੇ ਰਹੇਗੀ ਤੇ ਉਥੇ ਹੀ ਉਹ 'ਆਪਣਾ ਫਾਰਮ ਹਾਉਸ ਲਵੇਗੀ। ਪੰਦਰਾਂ ਸਾਲ ਦੀ ਉਮਰ 'ਚ ਉਸ ਨੇ ਪਹਿਲੀ ਕਮਾਈ ਕੀਤੀ ਸੀ, ਜਦਕਿ ਉਸ ਨੂੰ ਪੈਸਿਆਂ ਦੀ ਲੋੜ ਸੀ ਤਾਂ ਉਸ ਨੇ ਆਪਣੀ ਗੁਆਂਢਣ ਦਾ ਘਰ ਸਾਫ਼ ਕਰਕੇ ਪੰਦਰਾਂ ਡਾਲਰ ਕਮਾਏ ਸਨ । ਗ਼ਰੀਬੀ ਨਰਗਿਸ ਨੇ ਬਹੁਤ ਹੰਢਾਈ ਹੈ ਤੇ ਅੱਜ ਉਸ ਕੋਲ ਜ਼ਿੰਦਗੀ ਬਤੀਤ ਕਰਨ ਜੋਗੇ ਪੈਸੇ ਹਨ, ਪਤੀ ਟੋਨੀ ਬੇਗ ਹੈ ਤੇ ਬਹੁਤ ਸਾਰੀਆਂ ਬਿਮਾਰੀਆਂ ਤੋਂ ਉਹ ਮੁਕਤ ਹੈ। ਚਿੰਤਾ ਵੱਡੀ ਇਹ ਹੈ ਕਿ ਉਸ ਦੀ ਭੈਣ ਆਲੀਆ ਇਸ਼ਕ 'ਚ ਪਲੰਬਰ ਦਾ ਕਤਲ ਕਰਕੇ ਜੇਲ੍ਹ 'ਚ ਹੈ ਤੇ ਉਸ ਨੂੰ ਰਿਹਾਅ ਕਰਵਾਉਣਾ ਉਸ ਦਾ ਉਦੇਸ਼ ਹੈ ।



## ‘ਹਿਸਟੋਰੀਕਲ ਸਿੱਖ ਸ਼ਰਾਈਨਜ਼’ ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ ‘ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English trAnslAtion)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ ‘ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**



## Reliable *Trucks & Trailer Repair Shop*

**7401 Brookville Road Indianapolis, IN 46239**

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**